






Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 25, June 18, 2011 | 20451 N Plum Grove Rd. Palatine, IL 60074 | Ph:847-359-0746, Fax:847-705-9388



*ਅੰਮ੍ਰਿਤਸਰ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਲਾਮਤੀ ਲਈ ਕੀਤੀ ਜਾ ਰਹੀ ਅਰਦਾਸ ਦਾ ਦ੍ਰਿਸ਼।*

## ਪ੍ਰੋ. ਭੁੱਲਰ ਦੀ ਸਲਾਮਤੀ ਲਈ ਅਰਦਾਸ ਸਮਾਗਮ

### ਸ਼੍ਰੋਮਣੀ ਕਮੇਟੀ ਸੰਸਾਰ ਪੱਧਰੀ ਮੁਹਿੰਮ ਵਿੱਢੇਗੀ

**ਅੰਮ੍ਰਿਤਸਰ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਤੁੜਵਾਉਣ ਅਤੇ ਉਸ ਦੀ ਸਿਹਤਯਾਬੀ ਲਈ 11 ਜੂਨ ਨੂੰ ਪੰਜਾਬ ਭਰ 'ਚ ਅਰਦਾਸ ਸਮਾਗਮ ਕੀਤੇ ਗਏ। ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ। ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਖੇ ਵੀ ਸਿੱਖ ਭਾਈਚਾਰੇ ਵੱਲੋਂ ਰੈਲੀ ਕੀਤੀ ਗਈ ਜਿਥੇ ਉਸ ਦੀ ਪਤਨੀ ਨਵਨੀਤ ਕੌਰ ਨੇ ਕੈਨੇਡਾ ਤੇ ਹੋਰ ਮੁਲਕਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਭਾਰਤ ਸਰਕਾਰ 'ਤੇ ਦਬਾਅ ਪਾਉਣ। ਇਸੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਦਲ ਖਾਲਸਾ, ਸਿੱਖ ਯੂਥ ਆਫ ਪੰਜਾਬ ਅਤੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਵਲੋਂ ਦਸਤਖ਼ਤ ਮੁਹਿੰਮ ਚਲਾਈ ਗਈ।

ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੋ. ਭੁੱਲਰ ਦੇ ਹੱਕ ਵਿਚ ਸੰਸਾਰ ਪੱਧਰੀ ਲੋਕ ਲਹਿਰ ਖੜ੍ਹੀ ਕਰਨ ਦਾ ਐਲਾਨ ਕੀਤਾ ਗਿਆ ਹੈ। ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਚੰਡੀਗੜ੍ਹ ਵਿਚ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਪਿੱਛੋਂ ਐਲਾਨ ਕੀਤਾ ਕਿ ਇਸ ਬਾਰੇ ਪੰਜਾਬ ਦੇ ਰਾਜਪਾਲ ਨੂੰ ਮੈਮੋਰੰਡਮ ਦਿੱਤਾ ਜਾਏਗਾ। ਰਾਸ਼ਟਰਪਤੀ ਤੋਂ ਮੁਲਾਕਾਤ ਲਈ ਵੀ ਸਮਾਂ ਮੰਗਿਆ ਜਾ ਰਿਹਾ ਹੈ। ਮੁੜ ਅਪੀਲ ਲਈ ਨਾਮੀ ਵਕੀਲਾਂ ਦੀ ਸਹਾਇਤਾ ਲਈ ਜਾ ਰਹੀ ਹੈ।

*(ਬਾਕੀ ਸਫਾ 6 'ਤੇ)*

## ਕੇਂਦਰ ਸਰਕਾਰ ਨੇ ਅੰਨਾ ਹਜ਼ਾਰੇ ਖ਼ਿਲਾਫ਼ ਵੀ ਮੋਰਚਾ ਖੋਲ੍ਹਿਆ

**ਦੇਹਰਾਦੂਨ, ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭ੍ਰਿਸ਼ਟਾਚਾਰ ਅਤੇ ਕਾਲੇ ਧਨ ਖਿਲਾਫ ਵੱਡੇ ਪੱਧਰ 'ਤੇ ਛਿੜੀ ਮੁਹਿੰਮ ਕਾਰਨ ਬੇਹੱਦ ਕਸੂਤੀ ਫਸੀ ਕੇਂਦਰ ਸਰਕਾਰ ਨੇ ਇਸ ਸੰਕਟ ਵਿਚੋਂ ਨਿਕਲਣ ਲਈ ਕਈ ਪਾਸਿਓਂ ਮੋਰਚਾ ਬੰਨ੍ਹਣ ਦਾ ਹੀਲਾ ਕੀਤਾ ਹੈ। ਇਸ ਨੇ ਮੁਹਿੰਮ ਚਲਾਉਣ ਵਾਲਿਆਂ ਖਿਲਾਫ ਆਪਣਾ ਰੁਖ਼ ਹੋਰ ਸਖ਼ਤ ਕਰਦਿਆਂ ਪਹਿਲਾਂ ਯੋਗ ਗੁਰੂ ਬਾਬਾ ਰਾਮਦੇਵ ਨੂੰ ਤਾਂ ਨਵੀਂ ਦਿੱਲੀ ਵਿਚੋਂ ਖਦੇੜ ਹੀ ਦਿੱਤਾ ਸੀ, ਹੁਣ ਸਮਾਜ ਸੇਵਕ ਅੰਨਾ ਹਜ਼ਾਰੇ ਵੱਲੋਂ ਕੇਂਦਰ ਸਰਕਾਰ ਦੀ ਤਿੱਖੀ ਨੁਕਤਾਚੀਨੀ ਤੋਂ ਬਾਅਦ ਉਸ ਖ਼ਿਲਾਫ਼ ਵੀ ਮੋਰਚਾ ਖੋਲ੍ਹ ਲਿਆ ਹੈ। ਇਸ ਦੇ ਨਾਲ ਹੀ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਲੋਕਪਾਲ ਬਿੱਲ ਸੰਸਦ ਦੇ ਮੌਨਸੂਨ ਸੈਸ਼ਨ ਵਿਚ ਪੇਸ਼ ਕਰਨ ਦਾ ਐਲਾਨ ਵੀ ਕਰ ਦਿੱਤਾ ਹੈ।

ਯਾਦ ਰਹੇ ਅੰਨਾ ਹਜ਼ਾਰੇ ਨੇ ਲੋਕਪਾਲ ਬਿੱਲ ਲਈ ਸਰਕਾਰ ਨੂੰ 15 ਅਗਸਤ ਤੱਕ ਦਾ ਅਲਟੀਮੇਟਮ ਦਿੱਤਾ ਹੋਇਆ ਹੈ। ਉਧਰ, ਹਾਲਤ ਜ਼ਿਆਦਾ ਵਿਗੜਨ ਕਾਰਨ ਸਵਾਮੀ ਰਾਮਦੇਵ ਨੇ ਨੌਂ ਦਿਨਾਂ ਤੋਂ ਜਾਰੀ ਮਰਨ ਵਰਤ ਖ਼ਤਮ ਕਰ ਦਿੱਤਾ ਹੈ। ਉਂਜ ਉਨ੍ਹਾਂ ਭ੍ਰਿਸ਼ਟਾਚਾਰ ਖ਼ਿਲਾਫ਼ ਆਪਣੀ ਮੁਹਿੰਮ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੂੰ ਹਸਪਤਾਲ ਤੋਂ ਵੀ ਛੁੱਟੀ ਮਿਲ ਗਈ ਹੈ।

### ਬਾਬਾ ਰਾਮਦੇਵ ਨੇ ਮਰਨ ਵਰਤ ਤੋੜਿਆ

ਅਧਿਆਤਮਕ ਗੁਰੂ ਅਤੇ 'ਆਰਟ ਆਫ ਲਿਵਿੰਗ' ਦੇ ਬਾਨੀ ਸ੍ਰੀ ਸ੍ਰੀ ਰਵੀਸ਼ੰਕਰ ਨੇ ਦੇਹਰਾਦੂਨ ਦੀ ਹਿਮਾਲਿਅਨ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਵਿਚ ਸਵਾਮੀ ਰਾਮਦੇਵ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਮਰਨ ਵਰਤ ਖ਼ਤਮ ਕਰਨ ਲਈ ਮਨਾ ਲਿਆ। ਸਵਾਮੀ ਰਾਮਦੇਵ ਨੂੰ ਬੀਤੇ ਸ਼ੁੱਕਰਵਾਰ ਨੂੰ ਭੁੱਖ ਹੜਤਾਲ ਦੇ ਸੱਤਵੇਂ ਦਿਨ ਹਾਲਤ ਵਿਗੜਨ ਕਾਰਨ ਇਸ ਇੰਸਟੀਚਿਊਟ ਵਿਚ ਦਾਖ਼ਲ ਕਰਵਾਇਆ ਗਿਆ ਸੀ। ਮੰਗਲਵਾਰ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਐਲਾਨ ਕੀਤਾ ਕਿ ਉਹ ਆਪਣੀ ਮੁਹੰਮ ਜਾਰੀ ਰੱਖਣਗੇ। ਮਰਨ ਵਰਤ ਤੋੜਨ ਬਾਰੇ ਪੁੱਛਣ 'ਤੇ ਉਹ ਖ਼ਾਮੋਸ਼ ਹੀ ਰਹੇ ਅਤੇ ਸਿਹਤ ਬਹੁਤੀ ਠੀਕ ਨਾ ਹੋਣ ਦਾ ਬਹਾਨਾ ਲਾ ਕੇ ਉਹ ਕੁਝ ਹੋਰ ਅਹਿਮ ਸਵਾਲਾਂ ਤੋਂ ਵੀ ਟਾਲਾ ਵੱਟ ਗਏ। ਇਸ ਮੌਕੇ ਉਨ੍ਹਾਂ ਸਵਾਮੀ ਨਿਗਮਾਨੰਦ ਨੂੰ ਸ਼ਰਧਾਂਜਲੀ ਭੇਂਟ ਕੀਤੀ ਜੋ ਢਾਈ ਮਹੀਨੇ ਦੀ ਭੁੱਖ ਹੜਤਾਲ ਤੋਂ ਬਾਅਦ ਮੰਗਲਵਾਰ ਨੂੰ ਹਸਪਤਾਲ ਵਿਚ ਫੌਤ ਹੋ ਗਏ। ਉਹ ਗੰਗਾ ਦੀ ਸਫਾਈ ਲਈ ਮੁਹਿੰਮ ਚਲਾ ਰਹੇ ਸਨ।



*ਬਾਬਾ ਰਾਮਦੇਵ ਨੂੰ ਜੂਸ ਪਿਲਾ ਕੇ ਮਰਨ ਵਰਤ ਤੁੜਾ ਰਹੇ ਰਵੀ ਸ਼ੰਕਰ*

ਬਾਬਾ ਰਾਮਦੇਵ ਦੀ ਹਾਲਤ ਮਰਨ ਵਰਤ ਦੇ 5ਵੇਂ ਦਿਨ ਹੀ ਖਰਾਬ ਹੋਣ ਤੋਂ ਡਾਕਟਰ ਵੀ ਹੈਰਾਨ ਰਹਿ ਗਏ। 7ਵੇਂ ਦਿਨ ਉਨ੍ਹਾਂ ਨੂੰ ਆਈ.ਸੀ.ਯੂ ਵਿਚ ਦਾਖਲ ਕਰਨਾ ਪੈ ਗਿਆ। ਕੁਝ ਲੋਕਾਂ ਨੇ ਤਾਂ ਉਨ੍ਹਾਂ ਦੀ ਯੋਗ ਸਾਧਨਾ ਬਾਰੇ ਸਵਾਲ ਕਰਨੇ ਵੀ ਆਰੰਭ ਕਰ ਦਿੱਤੇ ਹਨ। ਨਵੀਂ ਦਿੱਲੀ ਤੋਂ ਖਦੇੜੇ

*(ਬਾਕੀ ਸਫਾ 6 'ਤੇ)*







# Dhillon Truck Stop
## Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

# ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



M&M AND ASSOCIATES

Each office is independently owned and operated.

Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

1472 'B' Street, Ste. D, Livingston, CA 95334

# Imperial Truck & Trailer Repair

2142 W. Yosemite Ave., Manteca, CA 95337

All Kinds of Welding Work & General Repair.




Now Truck Parts Available

Oil Change $189.99 Only

Brake $89.00 With Labor
Wheel Seal $89.00 With Labor

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

**Wheel Balancing**

24 Hours Road Service & Towing

*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush

## Tire Service

We carry all major brand tires-new and used at very attractive prices.

Call-Jasvir Singh, Ph:209-239-8111
Cell:916-470-5520, Fax: 209-239-4969

ਜਨਮ ਦਿਨ ਮੁਬਾਰਕ! ਜਨਮ ਦਿਨ ਮੁਬਾਰਕ!! ਜਨਮ ਦਿਨ ਮੁਬਾਰਕ!!! ਜਨਮ ਦਿਨ ਮੁਬਾਰਕ!!!! ਜਨਮ ਦਿਨ ਮੁਬਾਰਕ!

Happy Birthday Happy Birthday Happy Birthday

# 102ਵਾਂ ਜਨਮ ਦਿਨ ਮੁਬਾਰਕ

# ਪਰਬਤ ਵਾਂਗ ਅਡੋਲ ਸਾਡੀ ਮਾਂ ਸੰਸਾਰ ਕੌਰ

ਬੀਜੀ ਦੀ ਜ਼ਿੰਦਗੀ ਦਾ ਸਫਰ 20 ਜੂਨ 1909 ਨੂੰ ਜਿਲਾ ਲਾਇਲਪੁਰ (ਹੁਣ ਫੈਸਲਾਬਾਦ, ਪਾਕਿਸਤਾਨ) ਦੇ ਪਿੰਡ ਚੱਕ ਨੰਬਰ 65 ਵਿਚ ਮਾਤਾ ਜਵਾਲੀ ਕੌਰ ਅਤੇ ਪਿਤਾ ਸ. ਮੀਹਾ ਸਿੰਘ ਦੇ ਘਰ ਹੋਇਆ। ਉਨ੍ਹਾਂ ਦਾ ਵਿਆਹ ਲਾਇਲਪੁਰ ਜਿਲੇ ਦੇ ਹੀ ਪਿੰਡ ਚੱਕ ਨੰਬਰ 32 ਵਿਚ ਸਾਡੇ ਪਿਤਾ ਕਾਮਰੇਡ ਬਘੇਲ ਸਿੰਘ ਹੁਰਾਂ ਨਾਲ ਹੋਇਆ। ਪਾਕਿਸਤਾਨ ਬਣਨ ਤੋਂ ਪਹਿਲਾਂ ਉਹ ਆਜ਼ਾਦੀ ਦੀ ਲਹਿਰ ਵਿਚ ਕਾਫੀ ਸਰਗਰਮ ਰਹੇ। 1947 ਦੀ ਵੰਡ ਵੇਲੇ ਉਨ੍ਹਾਂ ਉਧਰੋਂ ਉਜੜ ਕੇ ਆਏ ਹਿੰਦੂਆਂ-ਸਿੱਖਾਂ ਨੂੰ ਵਸਾਉਣ ਅਤੇ ਇਧਰੋਂ ਉਜੜ ਰਹੇ ਮੁਸਲਮਾਨਾਂ ਨੂੰ ਬਚਾਉਣ ਲਈ ਵੀ ਰਜ ਕੇ ਵਾਹ ਲਾਈ। ਬਾਅਦ ਵਿਚ ਕੁਝ ਮੁਸਲਮਾਨ ਹਮਸਾਏ ਉਨ੍ਹਾਂ ਨੂੰ ਉਧਰੋਂ ਉਚੇਚਾ ਆ ਕੇ ਮਿਲੇ ਵੀ।

1947 ਦੇ ਉਜਾੜਿਆਂ ਵੇਲੇ ਉਹ ਉਜੜ ਕੇ ਜਿਲਾ ਜਲੰਧਰ ਦੇ ਪਿੰਡ ਹਵੀਰੋਵਾਲ ਆ ਟਿਕੇ। ਸਾਡੇ ਪਾਪਾ ਜੀ ਕਮਿਊਨਿਸਟ ਪਾਰਟੀ ਦੇ ਬਹੁਤ ਹੀ ਸਰਗਰਮ ਵਰਕਰ ਸਨ। ਕਮਿਊਨਿਸਟ ਵਿਚਾਰਧਾਰਾ ਦੇ ਅਸਰ ਹੇਠ ਹੀ ਉਨ੍ਹਾਂ ਆਪਣੀ ਦੂਜੀ ਬੇਟੀ ਦਾ ਨਾਂ ਇਨਕਲਾਬੀ ਰਖਿਆ।

ਸਾਡੇ ਸ਼ਰਨਾਰਥੀ ਪਰਿਵਾਰ ਨੇ ਅਜੇ ਮਾੜਾ ਜਿਹਾ ਸਾਹ ਲਿਆ ਹੀ ਸੀ ਕਿ ਪਾਪਾ ਜੀ ਨੂੰ ਕਮਿਊਨਿਸਟ ਪਾਰਟੀ ਦੇ ਲਾਲ ਧੜੇ ਦਾ ਮੈਂਬਰ ਹੋਣ ਕਰ ਕੇ ਨੌਜਵਾਨਾਂ ਅਤੇ ਕਾਲਜ ਵਿਦਿਆਰਥੀਆਂ ਨੂੰ ਗੁਮਰਾਹ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕਰ ਕੇ ਅੰਬਾਲਾ ਜੇਲ੍ਹ ਵਿਚ ਬੰਦ ਕਰ ਦਿਤਾ ਗਿਆ। ਉਹ ਢਾਈ ਸਾਲ ਜੇਲ੍ਹ ਵਿਚ ਰਹੇ ਅਤੇ ਰਿਹਾ ਹੋਣ ਤੋਂ ਬਾਅਦ ਵੀ ਕਾਫੀ ਸਮਾਂ ਉਨ੍ਹਾਂ ਨੂੰ ਘਰ ਵਿਚ ਹੀ ਨਜ਼ਰਬੰਦ ਰਖਿਆ ਗਿਆ। ਕੁਝ ਸਮੇਂ ਬਾਅਦ ਉਹ ਬੰਗਿਆਂ ਨੇੜਲੇ ਪਿੰਡ ਗੁਣਾਚੌਰ ਆ ਵਸੇ।




ਪਾਪਾ ਜੀ ਪਿੰਡ ਅਤੇ ਆਪਣੇ ਇਲਾਕੇ ਵਿਚ ਸਭਨਾਂ ਨੂੰ ਆਪਣੇ ਬੱਚਿਆਂ ਅਤੇ ਖਾਸ ਕਰ ਲੜਕੀਆਂ ਨੂੰ ਪੜ੍ਹਾਉਣ ਲਈ ਪ੍ਰੇਰਣਾ ਦਿੰਦੇ ਰਹਿੰਦੇ। ਪਿੰਡ ਦੇ ਸਕੂਲ ਅਤੇ ਫਿਰ ਉਚੇਰੀ ਪੜ੍ਹਾਈ ਲਈ ਲੜਕੀਆਂ ਨੂੰ ਕੋ-ਐਜੂਕੇਸ਼ਨ ਵਾਲੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਪੜ੍ਹਾਉਣ ਲਈ ਪ੍ਰੇਰਦੇ ਕਿਉਂਕਿ ਬਹੁਤੇ ਮਾਪੇ ਆਪਣੀਆਂ ਲੜਕੀਆਂ ਨੂੰ ਮੁੰਡਿਆਂ-ਕੁੜੀਆਂ ਦੇ ਸਾਂਝੇ ਸਕੂਲ/ਕਾਲਜ ਵਿਚ ਭੇਜਣ ਤੋਂ ਝਿਜਕਦੇ ਸਨ। ਪਾਪਾ ਜੀ ਹਮੇਸ਼ਾ ਸਭ ਨੂੰ ਕਹਿੰਦੇ ਕਿ ਮੁੰਡੇ ਅਤੇ ਕੁੜੀ 'ਚ ਕੋਈ ਫਰਕ ਨਹੀਂ, ਕੁੜੀਆਂ ਨੂੰ ਵੀ ਬਰਾਬਰ ਦਾ ਹੱਕ ਦਿੱਤਾ ਜਾਵੇ। ਉਨ੍ਹਾਂ ਆਪਣੇ ਪੁੱਤਾਂ-ਧੀਆਂ ਨੂੰ ਵੀ ਚੰਗੀ ਸਿੱਖਿਆ ਦਿਤੀ ਅਤੇ ਡਾਕਟਰ, ਅਧਿਆਪਕ ਬਣਨ ਦੇ ਲਾਇਕ ਬਣਾਇਆ।



*ਤਸਵੀਰ 'ਚ (ਖੱਬਿਓਂ-ਬੈਠੇ) ਪਾਪਾ ਜੀ ਸ. ਬਘੇਲ ਸਿੰਘ, ਪੁਸ਼ਪਿੰਦਰ, ਅਰਸ਼ੀ ਪ੍ਰੀਤਮ, ਰਾਜਮਹਿੰਦਰ, ਬੀਜੀ ਸੰਸਾਰ ਕੌਰ, (ਖੜ੍ਹੇ) ਜਸਬੀਰ, ਇਨਕਲਾਬੀ ਤੇ ਦਲਜੀਤ*

ਪਾਪਾ ਜੀ ਦਾ ਬਹੁਤਾ ਸਮਾਂ ਪਾਰਟੀ ਦੇ ਕੰਮਾਂ ਅਤੇ ਲੋਕ ਸੇਵਾ ਵਿਚ ਹੀ ਲੰਘਦਾ ਸੀ, ਇਸ ਲਈ ਪਰਿਵਾਰ ਦੀ ਸਾਰੀ ਜਿੰਮੇਵਾਰੀ ਬੀਜੀ ਦੇ ਸਿਰ ਹੀ ਸੀ, ਜੋ ਉਨ੍ਹਾਂ ਇਕ ਜਿੰਮੇਵਾਰ ਮਾਂ ਵਜੋਂ ਨਿਭਾਈ ਵੀ। ਫਿਰ ਅਚਾਨਕ 6 ਫਰਵਰੀ, 1965 ਨੂੰ ਪਾਪਾ ਜੀ ਸਦੀਵੀ ਵਿਛੋੜਾ ਦੇ ਗਏ। ਇਹ ਸਾਡੇ ਪਰਿਵਾਰ ਲਈ ਬਹੁਤ ਵਡਾ ਸਦਮਾ ਸੀ। ਗਰੀਬ ਪਰਿਵਾਰ, ਬੱਚਿਆਂ ਨੂੰ ਪਾਲਣ ਤੇ ਪੜ੍ਹਾਉਣ ਦੀ ਜਿੰਮੇਵਾਰੀ, ਪਰ ਸਾਡੀ ਮਾਂ ਨੇ ਇਕੱਲਿਆਂ ਮਾਂ ਅਤੇ ਬਾਪ ਦੋਵਾਂ ਦਾ ਭਾਰ ਆਪਣੇ ਮੋਢਿਆਂ 'ਤੇ ਚੁਕ ਲਿਆ। ਦਿਨ ਰਾਤ ਅਣਥਕ ਮਿਹਨਤ ਕੀਤੀ, ਬਹੁਤ ਮੁਸੀਬਤਾਂ ਅਤੇ ਔਕੜਾਂ ਭਰੀ ਜ਼ਿੰਦਗੀ ਨਾਲ ਜੂਝਦੇ ਰਹੇ। ਸਾਰੇ ਬੱਚੇ ਮਾਂ ਦੀ ਠੰਡੀ-ਨਿੱਘੀ ਛਾਂ ਹੇਠ ਪਲਦੇ ਰਹੇ। ਸਬੱਬ ਬਣਿਆ ਅਤੇ ਸਾਡੇ ਵਿਚੋਂ ਜਸਵੀਰ 1969 ਵਿਚ ਵਿਆਹ ਹੋਣ ਪਿਛੋਂ ਅਮਰੀਕਾ ਆ ਗਈ ਅਤੇ ਫਿਰ ਕੁਝ ਹੀ ਸਾਲਾਂ ਵਿਚ ਅਸੀਂ ਸਾਰੇ ਭੈਣ-ਭਰਾ ਅਤੇ ਬੀਜੀ ਵੀ ਅਮਰੀਕਾ ਅਤੇ ਕੈਨੇਡਾ ਪਹੁੰਚ ਗਏ। ਮਾਂ ਦੀਆਂ ਅਸੀਸਾਂ ਅਤੇ ਅਰਦਾਸਾਂ ਹਮੇਸ਼ਾਂ ਸਾਡੇ ਨਾਲ ਰਹੀਆਂ। ਬੀਜੀ ਨੇ ਆਪਣੇ ਬੱਚੇ ਤਾਂ ਪਾਲੇ ਹੀ ਪਾਲੇ, ਨਾਲ ਹੀ ਉਨ੍ਹਾਂ ਦੂਜੀ, ਤੀਜੀ ਅਤੇ ਚੌਥੀ ਪੀੜ੍ਹੀ ਦੇ ਬੱਚਿਆਂ ਨੂੰ ਵੀ ਹਮੇਸ਼ਾਂ ਆਪਣੀ ਨਿੱਘੀ ਛਾਂ ਦਿਤੀ। ਬੀਜੀ ਹੁਣ 20 ਜੂਨ ਨੂੰ 102 ਵਰ੍ਹਿਆਂ ਦੇ ਹੋ ਜਾਣਗੇ। ਅਸੀਂ ਸਾਰੇ ਆਪਣੀ ਇਸ ਸਾਦੀ ਪਰ ਬਹੁਤ ਸੁਚੱਜੀ ਮਾਂ ਲਈ ਵਾਹਿਗੁਰੂ ਅਗੇ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਦੀ ਰਹਿੰਦੀ ਜ਼ਿੰਦਗੀ ਖੁਸ਼ੀਆਂ ਖੇੜਿਆਂ ਭਰੀ ਰਹੇ ਅਤੇ ਉਹ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹਿਣ।

**ਦਲਜੀਤ, ਇਨਕਲਾਬੀ, ਜਸਵੀਰ (ਧੀਆਂ), ਅਰਸ਼ੀ ਪ੍ਰੀਤਮ, ਰਾਜ ਮਹਿੰਦਰ (ਬੇਟੇ)**
**ਸਰਘੀ, ਅੰਮ੍ਰਿਤ (ਦੋਹਤੀਆਂ), ਪੁਸ਼ਪਿੰਦਰ, ਕਿੱਟੂ ਅਤੇ ਬਿਟੂ (ਦੋਹਤੇ), ਹਰਪ੍ਰੀਤ, ਰੀਮਾ, ਜਸਜੀਤ (ਪੋਤੀਆਂ)**
**ਉਂਕਾਰਜੀਤ, ਟੀਜੇ, ਰਵਨੀਤ, ਨਵਨੀਤ (ਪੋਤੇ)**
**ਜੀਆ, ਹਰਲੀਨ, ਅਵਲੀਨ (ਪੜਪੋਤੀਆਂ), ਕਬੀਰ, ਰੌਣਕ, ਜਗਬੀਰ (ਪੜਪੋਤੇ)**
**ਸਨੋਵਰ, ਮੀਆ, ਮਾਇਰਾ (ਪੜਦੋਹਤੀਆਂ), ਜੱਸੀ, ਕਬੀਰ, ਕੇਸਨ, ਜੇਸਨ, ਜੈ ਅਤੇ ਡੈਰਨ (ਪੜਦੋਹਤੇ)**
**ਟ੍ਰਿਸਟਨ (ਨੱਕੜਦੋਹਤਾ)**

**ਇਨਕਲਾਬੀ 281-376-1855, ਜਸਵੀਰ 708-275-3884**

ਜਨਮ ਦਿਨ ਮੁਬਾਰਕ! ਜਨਮ ਦਿਨ ਮੁਬਾਰਕ!! ਜਨਮ ਦਿਨ ਮੁਬਾਰਕ!!! ਜਨਮ ਦਿਨ ਮੁਬਾਰਕ!!!! ਜਨਮ ਦਿਨ ਮੁਬਾਰਕ!

# ਬਾਦਲ ਸਰਕਾਰ ਨੂੰ ਘੇਰਨ ਦੀ ਤਿਆਰੀ ਰਹਿ ਗਈ ਧਰੀ ਧਰਾਈ

## ਕਾਂਗਰਸ ਵੱਲੋਂ ਇਕ ਰੋਜ਼ਾ ਇਜਲਾਸ ਲੋਕਤੰਤਰ ਦਾ ਕਤਲ ਕਰਾਰ

**ਪੰਜਾਬ ਵਿਧਾਨ ਸਭਾ ਸਮਾਗਮ**

**ਚੰਡੀਗੜ੍ਹ:** ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਨੇ ਸਿਆਸੀ ਝਟਕਾ ਦਿੰਦਿਆਂ ਕਾਂਗਰਸ ਤੋਂ ਆਪਣੀ ਅਲੋਚਨਾ ਦਾ 'ਸੁਨਹਿਰੀ' ਮੌਕਾ ਖੋਹ ਲਿਆ ਹੈ। ਗਠਜੋੜ ਦੀ ਸਰਕਾਰ 13 ਜੂਨ ਨੂੰ ਵਿਧਾਨ ਸਭਾ ਦਾ ਸਿਰਫ਼ ਇਕ-ਰੋਜ਼ਾ ਵਿਸ਼ੇਸ਼ ਇਜਲਾਸ ਬੁਲਾ ਕੇ ਦਸੰਬਰ ਤੱਕ ਸੁਰਖਰੂ ਹੋ ਗਈ ਹੈ ਕਿਉਂਕਿ ਵਿਧਾਨ ਸਭਾ ਦੇ ਇਜਲਾਸ 'ਚ ਛੇ ਮਹੀਨਿਆਂ ਦਾ ਵਕਫ਼ਾ ਜ਼ਰੂਰੀ ਹੈ। ਕਾਂਗਰਸ ਨੇ ਇਸ ਵਿਸ਼ੇਸ਼ ਇਜਲਾਸ ਦਾ ਬਾਈਕਾਟ ਕਰਦਿਆਂ ਇਸ ਨੂੰ ਲੋਕਤੰਤਰ ਦਾ ਘਾਣ ਕਰਾਰ ਦਿੱਤਾ ਹੈ ਪਰ ਅਕਾਲੀ-ਭਾਜਪਾ ਆਗੂ ਅੰਦਰੋ-ਅੰਦਰੀ ਆਪਣੇ ਇਸ ਮਾਅਰਕੇ 'ਤੇ ਖੁਸ਼ ਹਨ ਕਿਉਂਕਿ ਹੁਣ ਵਿਧਾਨ ਸਭਾ ਦਾ ਇਜਲਾਸ ਦਸੰਬਰ ਤੋਂ ਪਹਿਲਾਂ ਨਹੀਂ ਬੁਲਾਇਆ ਜਾ ਸਕਦਾ। ਚੋਣਾਂ ਨੇੜੇ ਹੋਣ ਕਾਰਨ ਕਾਂਗਰਸ ਸਰਕਾਰ ਨੂੰ ਚਾਰੇ ਪਾਸਿਓਂ ਘੇਰਨ ਦੀ ਤਿਆਰੀ 'ਚ ਬੈਠੀ ਸੀ ਪਰ ਉਸ ਦੀਆਂ ਤਿਆਰੀਆਂ ਧਰੀਆਂ-ਧਰਾਈਆਂ ਰਹਿ ਗਈਆਂ।

ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ ਨੇ ਵਿਧਾਨ ਸਭਾ ਦਾ ਇਜਲਾਸ ਸੰਖੇਪ ਰੱਖਣ 'ਤੇ ਹਾਕਮ ਧਿਰ ਦੀ ਤਿੱਖੀ ਨੁਕਤਾਚੀਨੀ ਕੀਤੀ ਅਤੇ ਸਿਰਫ਼ ਇਕ ਦਿਨ ਦਾ ਇਜਲਾਸ ਬੁਲਾਉਣ ਨੂੰ ਲੋਕਤੰਤਰ ਦਾ ਕਤਲ ਕਰਾਰ ਦਿੱਤਾ। ਉਨ੍ਹਾਂ ਡਿਪਟੀ ਸਪੀਕਰ ਦੀ ਚੋਣ ਲਈ ਵਿਰੋਧੀ ਧਿਰ ਦੀ ਸਲਾਹ ਨਾ ਲੈਣ ਦਾ ਵੀ ਨੋਟਿਸ ਲਿਆ ਅਤੇ ਕਿਹਾ ਕਿ ਇਹ ਨਾਮਜ਼ਦਗੀ ਸਿਰਫ ਭਾਜਪਾ ਨੂੰ ਖੁਸ਼ ਕਰਨ ਵਾਸਤੇ ਕੀਤੀ ਗਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਿਰਫ ਇਕ ਬੰਦੇ ਨੂੰ ਕਾਰ ਅਤੇ ਝੰਡੀ ਦੇਣ ਲਈ ਸਦਨ ਦਾ ਇਜਲਾਸ ਬੁਲਾਇਆ ਗਿਆ।

ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ 13 ਜੂਨ ਨੂੰ ਵਿਧਾਨ ਸਭਾ ਦਾ ਇਕ ਦਿਨ ਲਈ ਵਿਸ਼ੇਸ਼ ਇਜਲਾਸ ਬੁਲਾ ਕੇ ਜਲੰਧਰ (ਦੱਖਣੀ) ਵਿਧਾਨ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਭਗਤ ਚੁੰਨੀ ਲਾਲ ਨੂੰ ਸਰਬਸੰਮਤੀ ਨਾਲ ਵਿਧਾਨ ਸਭਾ ਦਾ ਡਿਪਟੀ ਸਪੀਕਰ ਚੁਣ ਲਿਆ ਹੈ। ਵਿਰੋਧੀ ਧਿਰ ਕਾਂਗਰਸ ਨੇ ਚੋਣ ਅਮਲ ਦਾ ਬਾਈਕਾਟ ਕਰ ਕੇ ਸਰਕਾਰ ਵਿਰੁਧ ਖੁੱਲ੍ਹ ਕੇ ਨਾਅਰੇਬਾਜ਼ੀ ਕੀਤੀ। ਡਿਪਟੀ ਸਪੀਕਰ ਦਾ ਅਹੁਦਾ ਸ੍ਰੀ ਸੱਤਪਾਲ ਗੋਸਾਈਂ ਦੇ ਮੰਤਰੀ ਬਣ ਜਾਣ ਨਾਲ ਖਾਲੀ ਹੋ ਗਿਆ ਸੀ।

ਵਿਧਾਨ ਸਭਾ ਦੇ ਸਪੀਕਰ ਨਿਰਮਲ ਸਿੰਘ ਕਾਹਲੋਂ ਜਿਉਂ ਹੀ ਐਲਾਨ ਕਰਨ ਲੱਗੇ ਕਿ ਸਪੀਕਰ ਦੀ ਚੋਣ ਤੋਂ ਬਾਅਦ ਸਦਨ ਅਣਮਿਥੇ ਸਮੇਂ ਲਈ ਉਠ ਜਾਵੇਗਾ ਤਾਂ ਵਿਰੋਧੀ ਧਿਰ ਦੀ ਨੇਤਾ ਬੀਬੀ ਭੱਠਲ ਨੇ ਕਿਹਾ ਕਿ ਇੰਜ ਕਰ ਕੇ ਵਿਰੋਧੀ ਧਿਰ ਦਾ ਹੱਕ ਮਾਰਿਆ ਜਾ ਰਿਹਾ ਹੈ। ਵਿਧਾਨ ਸਭਾ ਇਕੋ-ਇਕ ਅਜਿਹਾ ਪਲੇਟਫਾਰਮ ਹੈ ਜਿੱਥੇ ਲੋਕ ਮਸਲੇ ਉਠਾ ਕੇ ਸਰਕਾਰ ਦਾ ਧਿਆਨ ਖਿੱਚਿਆ ਜਾ ਸਕਦਾ ਹੈ। ਸਰਕਾਰ ਵੱਲੋਂ ਮੈਂਬਰਾਂ ਨੂੰ ਸਦਨ ਦੀ ਕਾਰਵਾਈ ਬਾਰੇ ਭੇਜੇ ਸੰਦੇਸ਼ ਮੁਤਾਬਕ ਇਜਲਾਸ ਹੰਗਾਮੀ ਹਾਲਤ ਵਿਚ ਬੁਲਾਇਆ ਗਿਆ ਹੈ ਪਰ ਸਿਰਫ ਡਿਪਟੀ ਸਪੀਕਰ ਦੀ ਚੋਣ ਕਰਨਾ ਤਾਂ ਕੋਈ ਹੰਗਾਮੀ ਹਾਲਤ ਨਹੀਂ ਕਿਉਂਕਿ ਇਸ ਦੇ ਲਈ ਸਤੰਬਰ ਮਹੀਨੇ 'ਚ ਹੋਣ ਵਾਲੇ ਇਜਲਾਸ ਤੱਕ ਦਾ ਇੰਤਜ਼ਾਰ ਕੀਤਾ ਜਾ ਸਕਦਾ ਸੀ।

ਬੀਬੀ ਭੱਠਲ ਨੇ ਦੋਸ਼ ਲਾਇਆ ਕਿ ਸਿਰਫ਼ ਲਾਭ ਦੇਣ ਲਈ ਹੀ ਇਜਲਾਸ ਬੁਲਾਉਣਾ ਅਤੇ ਸਰਕਾਰੀ ਖ਼ਜ਼ਾਨੇ 'ਤੇ ਬੋਝ ਪਾਉਣਾ ਲੋਕਤੰਤਰ ਵਿਰੋਧੀ ਕਾਰਵਾਈ ਹੈ। ਵਿਰੋਧੀ ਧਿਰ ਲੋਕਾਂ ਨਾਲ ਜੁੜੇ ਅਨੇਕਾਂ ਮਸਲਿਆਂ 'ਤੇ ਚਰਚਾ ਚਾਹੁੰਦੀ ਹੈ ਪਰ ਸਰਕਾਰ ਭੱਜ ਰਹੀ ਹੈ। ਇਜਲਾਸ ਵਿਚ ਕੋਈ ਪ੍ਰਸ਼ਨ ਕਾਲ ਅਤੇ ਕੋਈ ਸਿਫਰ ਕਾਲ ਨਹੀਂ; ਸਿਰਫ਼ ਡਿਪਟੀ ਸਪੀਕਰ ਦੀ ਚੋਣ ਹੀ ਹੋਈ ਹੈ। ਬੀਬੀ ਭੱਠਲ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨੂੰ ਜਿਣਸਾਂ ਦੇ ਚੰਗੇ ਭਾਅ ਦੇ ਰਹੀ ਹੈ ਪਰ ਰਾਜ ਸਰਕਾਰ ਕੁਝ ਵੀ ਨਹੀਂ ਕਰ ਰਹੀ। ਉਨ੍ਹਾਂ ਭਲਾਈ ਸਕੀਮਾਂ ਦਾ ਵੀ ਸਿਆਸੀਕਰਨ ਕੀਤੇ ਜਾਣ ਦੇ ਦੋਸ਼ ਲਾਏ।

ਵਿਰੋਧੀ ਧਿਰ ਵੱਲੋਂ ਬਾਈਕਾਟ ਦੇ ਐਲਾਨ ਤੋਂ ਬਾਅਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਵਿਰੋਧੀ ਧਿਰ ਦੀ ਨੇਤਾ ਵੱਲੋਂ ਜੋ ਗੱਲਾਂ ਕੀਤੀਆਂ ਗਈਆਂ ਹਨ, ਉਹ ਗਲਤ ਹਨ। ਕੇਂਦਰ ਸਰਕਾਰ ਦੀਆਂ ਗਲਤੀਆਂ ਦਾ ਦੋਸ਼ ਰਾਜ ਸਰਕਾਰ ਸਿਰ ਮੜ੍ਹਨਾ ਠੀਕ ਨਹੀਂ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਆਗੂਆਂ ਕੋਲ ਸ਼੍ਰੋਮਣੀ ਅਕਾਲ ਦਲ-ਭਾਜਪਾ ਸਰਕਾਰ ਦੀ ਮੁੱਦਿਆਂ ਆਧਾਰਿਤ ਸਿਆਸਤ ਦਾ ਸਾਹਮਣਾ ਕਰਨ ਦਾ ਹੌਸਲਾ ਨਹੀਂ ਹੈ ਅਤੇ ਉਹ ਮੀਡੀਆ ਵਿਚ ਮਸ਼ਹੂਰੀ ਬਟੋਰਨ ਲਈ ਇਜਲਾਸ ਦੇ ਬਾਈਕਾਟ ਦਾ ਸਹਾਰਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ, ਕਾਂਗਰਸ ਪਾਰਟੀ ਜਿੰਨੇ ਚਾਹੇ ਪੰਜਾਬ ਵਿਧਾਨ ਸਭਾ ਦੇ ਇਜਲਾਸ ਬੁਲਾਉਣ ਲਈ ਤਿਆਰ ਹੈ ਪਰ ਇਸ ਗੱਲ ਦੀ ਕੀ ਗਰੰਟੀ ਹੈ ਕਿ ਕਾਂਗਰਸ ਪਾਰਟੀ ਉਨ੍ਹਾਂ ਦਾ ਬਾਈਕਾਟ ਨਹੀਂ ਕਰੇਗੀ?



*ਇਜਲਾਸ ਦੇ ਬਾਈਕਾਟ ਤੋਂ ਬਾਅਦ ਪੰਜਾਬ ਵਿਧਾਨ ਸਭਾ ਦੇ ਬਾਹਰ ਰੋਸ ਵਿਖਾਵਾ ਕਰ ਰਹੇ ਕਾਂਗਰਸੀ ਵਿਧਾਇਕ*

## ਅਮਰੀਕਾ ਨੇ ਤਾਲਿਬਾਨ ਆਗੂ ਨਾਲ ਸੰਪਰਕ ਸਾਧਿਆ

**ਇਸਲਾਮਾਬਾਦ:** ਅਫਗਾਨਿਸਤਾਨ 'ਚ ਟਕਰਾਅ ਦੇ ਖਾਤਮੇ ਲਈ ਅਮਰੀਕਾ ਨੇ ਅਫਗਾਨ ਤਾਲਿਬਾਨ ਆਗੂ ਮੁੱਲ੍ਹਾ ਮੁਹੰਮਦ ਉਮਰ ਨਾਲ ਸੰਪਰਕ ਕੀਤਾ ਹੈ। ਇਹ ਖੁਲਾਸਾ ਮੀਡੀਆ ਰਿਪੋਰਟ 'ਚ ਕੀਤਾ ਗਿਆ ਹੈ।

ਅਫਗਾਨ ਤਾਲਿਬਾਨ ਦੇ ਸਾਬਕਾ ਤਰਜਮਾਨ ਅਬਦੁਲ ਹਕੀਕ ਉਰਫ ਮੁਹੰਮਦ ਹਨੀਫ ਨੇ ਵਾਸ਼ਿੰਗਟਨ ਦੀ ਮੁੱਲ੍ਹਾ ਉਮਰ ਤੱਕ ਪੁੱਜਣ 'ਚ ਮਦਦ ਕੀਤੀ। 'ਐਕਸਪ੍ਰੈਸ ਟ੍ਰਿਬਿਊਨ' ਅਖ਼ਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਇਹ ਰਿਪੋਰਟ ਦਿੱਤੀ ਹੈ। ਹਕੀਕ ਨੂੰ ਅਮਰੀਕੀ ਤੇ ਅਫਗਾਨ ਖ਼ੁਫ਼ੀਆ ਏਜੰਟਾਂ ਨੇ ਜੂਨ 2007 'ਚ ਅਫਗਾਨਿਸਤਾਨ 'ਚੋਂ ਫੜਿਆ ਸੀ। ਅਕਤੂਬਰ 2005 'ਚ ਪਾਕਿਸਤਾਨ 'ਚ ਮੁੱਖ ਤਰਜਮਾਨ ਅਬਦੁਲ ਲਤੀਫ਼ ਹਕੀਮੀ ਦੀ ਗ੍ਰਿਫਤਾਰੀ ਮਗਰੋਂ ਨਿਯੁਕਤ ਹਕੀਕ, ਅਫਗਾਨ ਤਾਲਿਬਾਨ ਦਾ ਉਹ ਵੱਡਾ ਆਗੂ ਰਿਹਾ ਹੈ।


ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਤੁਰਤ ਲੋੜ



ਪੱਕੇ ਲੋਡ - ਸਟਾਕਟਨ ਤੋਂ ਪੋਰਟਲੈਂਡ
ਸਟਾਕਟਨ ਤੋਂ ਸਿਆਟਲ ਅਤੇ ਵਾਪਸ ਸਟਾਕਟਨ
ਸਿਰਫ ਟਰੱਕ ਚਾਹੀਦੇ ਹਨ, ਟਰੇਲਰ ਨਹੀਂ
ਵਧੀਆ ਰੇਟ ਦਿੱਤੇ ਜਾਣਗੇ

ਫੌਰਨ ਫੋਨ ਕਰੋ: ਗੁਰਮੀਤ ਸਿੰਘ
ਫੋਨ: 209-234-1118

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ



Attorny At Law

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Law Offices Of Jaspreet Singh

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

Akal Immigration
In Association with
Max Berger Law Corporation



Canadian Immigration





Max Berger B.F.A. LL.B.
Immigration Lawyer since 1983

Narinder Paul Singh B.Sc.
(Kashmir University -1971)

ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ
ਕੈਨੇਡਾ ਦੀ ਇਮੀਗਰੇਸ਼ਨ ਮਿਲ ਸਕਦੀ ਹੈ

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas, Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

ਫੋਨ:(905) 795-1516

Need Agents in the USA

Nanak Plaza 1380- Cardiff Blvd. #: 2 Mississauga (On.) L5S1P9 Canada
E-mail: info@akalimmigration.com Website: www.akalimmigration.com

# ਗਦਰ ਕਾਨਫਰੰਸ ਤੇ ਮੇਲੇ ਲਈ ਤਿਆਰੀ ਮੁਕੰਮਲ

**ਸੈਕਰਾਮੈਂਟੋ:** ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਅਮਰੀਕਾ ਵਲੋਂ 2 ਜੁਲਾਈ ਨੂੰ ਕਰਵਾਈ ਜਾ ਰਹੀ ਗਦਰ ਮੈਮੋਰੀਅਲ ਕਾਨਫਰੰਸ ਦੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਹਨ। ਇਸ ਕਾਨਫਰੰਸ ਅਤੇ ਅਭਿਆਚਾਰਕ ਮੇਲੇ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦੇਣ ਲਈ ਪ੍ਰੋ. ਹਰਪਾਲ ਸਿੰਘ ਟ੍ਰਿਪਲ ਏ, ਸੁਖਵਿੰਦਰ ਸਿੰਘ ਕੰਬੋਜ, ਜਥੇਦਾਰ ਬਲਬੀਰ ਸਿੰਘ ਅਤੇ ਸਰਪੰਚ ਕੁਲਦੀਪ ਸਿੰਘ ਯੂਬਾ ਸਿਟੀ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਤੋਂ ਬਾਅਦ ਇਕ ਬਿਆਨ ਵਿਚ ਸੰਸਥਾ ਦੇ ਜਨਰਲ ਸਕੱਤਰ ਜਗਜੀਤ ਸਿੰਘ ਕੰਦੋਲਾ ਤੇ ਚੇਅਰਮੈਨ ਜਰਨੈਲ ਸਿੰਘ ਮੁੰਡੇਰ ਨੇ ਦਸਿਆ ਕਿ ਪ੍ਰੋਗਰਾਮ ਸਵੇਰੇ 11 ਵਜੇ ਸ਼ੁਰੂ ਹੋਵੇਗਾ ਅਤੇ ਸ਼ਾਮ 6 ਵਜੇ ਤਕ ਚਲੇਗਾ। ਪ੍ਰੋਗਰਾਮ ਦੇ ਸ਼ੁਰੂ ਵਿਚ ਕਲਾਕਾਰ ਦੇਸ਼ ਭਗਤੀ ਦੀ ਵਿਰਾਸਤ ਬਾਰੇ ਕਵਿਤਾ, ਸੂਫੀ ਕਲਾਮ, ਪਾਸ਼, ਸ਼ਿਵ ਅਤੇ ਸੰਤ ਰਾਮ ਉਦਾਸੀ ਦੇ ਗੀਤ ਪੇਸ਼ ਕਰਨਗੇ। ਸੁਲਤਾਨ ਅਖਤਰ, ਪੰਮੀ ਮਾਨ, ਪ੍ਰਿੰਸਿਪਲ ਹਰਜਿੰਦਰ ਮੱਟੂ, ਰਾਜ ਬਰਾੜ, ਨੀਲਾਮ ਸੈਣੀ, ਤਾਰਾ ਸਾਗਰ, ਹਰਜਿੰਦਰ ਕੰਗ, ਜਿਓਤੀ ਸਿੰਘ, ਕੁਲਦੀਪ ਸਿੰਘ ਢੀਡਸਾ ਅਤੇ ਤ੍ਰਿਪਤ ਭੱਟੀ ਆਪਣਾ ਕਲਾਮ ਪੇਸ਼ ਕਰਨਗੇ।

ਇਸ ਪ੍ਰੋਗਰਾਮ ਵਿਚ ਸਾਹਿਤ ਸਭਾ ਬੇ ਏਰੀਆ, ਸਟਾਕਟਨ, ਯੂਬਾ ਸਿਟੀ, ਸੈਕਰਾਮੈਂਟੋ, ਫਰਿਜ਼ਨੋ ਵੀ ਸ਼ਾਮਿਲ ਹੋ ਰਹੀਆਂ ਹਨ! ਕਾਨਫਰੰਸ ਦਾ ਉਦਘਾਟਨ ਡਾ. ਗੁਰੂਮੇਲ ਸਿੰਘ ਸਿਧੂ ਕਰਨਗੇ। ਇਸ ਤੋ ਬਾਦ ਪੇਪਰ ਪੜ੍ਹੇ ਜਾਣਗੇ ਜਿਨ੍ਹਾਂ ਉਤੇ ਵਖ ਵਖ ਬੁਲਾਰੇ ਬਹਿਸ ਕਰਨਗੇ। ਪ੍ਰਸਿਧ ਨਾਟਕਕਾਰ ਸ਼੍ਰੀ ਸੁਰਿੰਦਰ ਸਿੰਘ ਧਨੋਆ ਆਪਣੇ ਨਿਰਦੇਸ਼ਨ ਹੇਠ ਨਾਟਕ "ਪੱਤਣਾਂ 'ਤੇ ਰੋਣ ਖੜੀਆਂ" ਪੇਸ਼ ਕਰਨਗੇ। ਪੰਜਾਬੀ ਕੂਲ ਵਿਰਸਾ, ਸਟਾਕਟਨ ਵਲੋਂ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ। ਚਾਹ ਪਾਣੀ, ਲੰਗਰ ਤੇ ਸਨੈਕ ਆਦਿ ਦਾ ਮੁਫ਼ਤ ਪ੍ਰਬੰਧ ਹੋਵੇਗਾ। ਕੋਈ ਪਾਰਕਿੰਗ ਫੀਸ ਨਹੀਂ ਹੋਵੇਗੀ।

## ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ ਦਾ ਝਗੜਾ ਹੱਲ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦਾ ਪ੍ਰਬੰਧਕੀ ਝਗੜਾ ਉਦੋਂ ਹੱਲ ਹੋ ਗਿਆ ਜਦੋਂ ਕੁਈਨਜ਼ ਕਾਊਂਟੀ ਅਦਾਲਤ ਨੇ ਪਿਛਲੇ ਪ੍ਰਧਾਨ ਸ. ਜਰਨੈਲ ਸਿੰਘ ਗਿਲਜ਼ੀਆਂ ਦੀ ਪਟੀਸ਼ਨ ਖਾਰਜ ਕਰਦਿਆਂ ਸ. ਗੁਰਮੇਜ ਸਿੰਘ ਹਰਿਆਣਾ ਨੂੰ ਪ੍ਰਧਾਨ ਐਲਾਨ ਦਿਤਾ। ਜ਼ਿਕਰਯੋਗ ਹੈ ਕਿ ਇਸ ਸੰਸਥਾ ਦੀ ਚੋਣ ਕਮੇਟੀ ਨੇ ਸ. ਗੁਰਮੇਜ ਸਿੰਘ ਨੂੰ ਪਹਿਲੀ ਜਨਵਰੀ 2011 ਤੋਂ ਪ੍ਰਧਾਨ ਨਾਮਜ਼ਦ ਕੀਤਾ ਸੀ ਪਰ ਸ. ਜਰਨੈਲ ਸਿੰਘ ਗਿਲਜ਼ੀਆਂ ਨੇ ਅਦਾਲਤ ਵਿਚ ਪਟੀਸ਼ਨ ਪਾ ਕੇ ਚੋਣ ਕਮੇਟੀ ਭੰਗ ਕਰਨ ਅਤੇ ਗੁਰੂਘਰ ਦੀ ਮੈਂਬਰਸ਼ਿਪ ਭਰਤੀ ਕਰ ਕੇ ਪ੍ਰਬੰਧਕੀ ਕਮੇਟੀ ਦੀ ਚੋਣ ਦੀ ਮੰਗ ਕਰ ਲਈ ਸੀ ਜਿਸ 'ਤੇ ਅਦਾਲਤ ਨੇ ਸਟੇਅ ਦੇ ਦਿੱਤਾ ਸੀ। ਅਦਾਲਤ ਨੇ ਆਪਣੇ ਤਾਜ਼ਾ ਹੁਕਮਾਂ ਵਿਚ ਚੋਣ ਕਮੇਟੀ ਨੂੰ ਵੀ ਜਿਉਂ ਦੀ ਤਿਉਂ ਬਰਕਰਾਰ ਰੱਖਿਆ ਹੈ ਅਤੇ ਪਹਿਲਾਂ ਵਾਂਗ ਹੀ ਪ੍ਰਬੰਧਕ ਕਮੇਟੀ ਦੇ ਗਠਨ ਦੇ ਉਸ ਦੇ ਹੱਕ ਬਹਾਲ ਰੱਖੇ ਹਨ।

ਵਿਰੋਧੀ ਧਿਰ ਨੇ ਸ. ਗਿਲਜ਼ੀਆਂ ਦੀ ਇਸ ਕਾਰਵਾਈ ਦਾ ਵਿਰੋਧ ਕਰਦਿਆਂ ਦੋਸ਼ ਲਾਇਆ ਸੀ ਕਿ ਉਹ ਕੀਤੇ ਵਾਅਦੇ ਤੋਂ ਮੁਕਰ ਕੇ ਸਿਰਫ ਆਪਣੀ ਪ੍ਰਧਾਨਗੀ ਦੀ ਮਿਆਦ ਵਧਾਉਣ ਲਈ ਇਹ ਹੀਲਾ-ਵਸੀਲਾ ਕਰ ਰਹੇ ਸਨ ਅਤੇ ਇਸੇ ਕਰ ਕੇ ਉਨ੍ਹਾਂ ਗੁਰੂ ਮਹਾਰਾਜ ਅੱਗੇ ਪ੍ਰਣ ਲੈ ਕੇ ਵੀ 31 ਦਸੰਬਰ 2010 ਨੂੰ ਆਪਣੀ ਮਿਆਦ ਪੁਗਣ 'ਤੇ ਪ੍ਰਧਾਨਗੀ ਨਹੀਂ ਛਡੀ।

ਇਸੇ ਦੌਰਾਨ ਲੰਘੇ ਐਤਵਾਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਚੋਣ ਕਮੇਟੀ ਦੇ ਮੈਂਬਰਾਂ ਨੇ ਸ. ਗੁਰਮੇਜ ਸਿੰਘ ਨੂੰ ਪ੍ਰਧਾਨ ਵਜੋਂ ਬਾਕਾਇਦਾ ਮਾਨਤਾ ਦੇ ਕੇ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਅਤੇ ਆਪਣਾ ਵਾਅਦਾ ਪੂਰਾ ਕੀਤਾ। ਬੋਰਡ ਆਫ ਟਰਸਟ ਨੇ ਵੀ ਸਿਰੋਪਾਓ ਦੇ ਕੇ ਸ. ਗੁਰਮੇਜ ਸਿੰਘ ਨੂੰ ਗੁਰੂ ਘਰ ਦਾ ਪ੍ਰਬੰਧ ਸੌਂਪ ਦਿੱਤਾ। ਸਿਰੋਪਾਓ ਕ੍ਰਮਵਾਰ ਸ. ਪਰਮਜੀਤ ਸਿੰਘ (ਸਕੱਤਰ ਚੋਣ ਕਮੇਟੀ) ਅਤੇ ਸ. ਰਣਜੀਤ ਸਿੰਘ (ਚੇਅਰਮੈਨ ਬੋਰਡ ਆਫ ਟਰਸਟ) ਨੇ ਦਿੱਤੇ।

## ਭਾਰਤੀ ਨੂੰ ਬਾਂਦਰ ਕਹਿਣ ਵਾਲੇ ਅਮਰੀਕੀ ਆਗੂ ਨੇ ਮੁਆਫ਼ੀ ਮੰਗੀ

**ਵਾਸ਼ਿੰਗਟਨ:** ਪੰਜ ਸਾਲ ਪਹਿਲਾਂ ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਨੂੰ ਬਾਂਦਰ ਕਹਿਣ ਵਾਲੇ ਰਿਪਬਲੀਕਨ ਲੀਡਰ ਜਾਰਜ ਅਲੇਨ ਨੇ ਮੁਆਫ਼ੀ ਮੰਗ ਲਈ ਹੈਅਲੇਨ ਨੂੰ 2006 ਵਿਚ ਸੈਨੇਟ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਸੀ। ਅਮਰੀਕੀ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਅਲੇਨ ਮੁਆਫ਼ੀ ਮੰਗ ਕੇ ਵਰਜੀਨੀਆ ਸੈਨੇਟ ਸੀਟ ਜਿੱਤਣਾ ਚਾਹੁੰਦਾ ਹੈ।

ਇਥੇ ਚੋਣਾਂ 2012 ਨੂੰ ਹੋ ਰਹੀਆਂ ਹਨ। ਇਸ ਸੀਟ 'ਤੇ ਇਸ ਸਮੇਂ ਮੌਜੂਦ ਡੈਮੋਕਰੇਟਿਕ ਪਾਰਟੀ ਦੇ ਸੈਨੇਟਰ ਜਿਮ ਵੈਬ ਨੇ ਐਲਾਨ ਕੀਤਾ ਹੈ ਕਿ ਉਹ ਮੁੜ ਚੋਣ ਨਹੀਂ ਲੜਨਗੇ। ਅਲੇਨ ਦਾ ਕਹਿਣਾ ਹੈ ਕਿ ਗਲਤੀਆਂ ਤੋਂ ਪ੍ਰੇਸ਼ਾਨ ਨਹੀਂ ਹੁੰਦੇ ਸਗੋਂ ਇਨ੍ਹਾਂ ਤੋਂ ਕੁਝ ਸਿੱਖਦੇ ਹੋ ਤੇ ਆਪਣੇ ਵਿਚ ਸੁਧਾਰ ਕਰਦੇ ਹੋ। ਉਨ੍ਹਾਂ ਕਿਹਾ ਕਿ ਪਿਛਲੇ ਚੋਣ ਮੁਹਿੰਮ ਦੌਰਾਨ ਉਸ ਨੌਜਵਾਨ ਖਿਲਾਫ਼ ਨਹੀਂ ਬੋਲਣਾ ਚਾਹੀਦਾ ਸੀ ਜੋ ਉਸ ਖਿਲਾਫ਼ ਪ੍ਰਚਾਰ ਕਰ ਰਿਹਾ ਸੀ। ਉਸ ਵਕਤ ਉਹ ਗਲਤ ਸੀ। ਜ਼ਿਕਰਯੋਗ ਹੈ ਕਿ ਅਲੇਨ ਨੇ ਡੈਮੋਕਰੇਟਿਕ ਵਿਰੋਧੀ ਮੁਹਿੰਮ ਦੇ ਨੌਜਵਾਨ ਐਸ.ਆਰ.ਸਿਧਾਰਥ ਨੂੰ ਬਾਂਦਰ ਕਿਹਾ ਸੀ।


WANTED
Waiter/Manager for Indian Restaurant in California.
ਬੇਕਰਸਫੀਲਡ ਵਿੱਚ ਇੰਡੀਅਨ ਰੈਸਟੋਰੈਂਟ ਲਈ ਵੇਟਰ / ਮੈਨੇਜ਼ਰ ਦੀ ਲੋੜ ਹੈ ।
Call : 661-364-0341

ਟਰੱਕ ਡਰਾਈਵਰਾਂ ਦੀ ਲੋੜ ਹੈ



Good Pay
Weekend Home
ਸੰਪਰਕ ਕਰੋ ਫੋਨ 317-837-4279
317-408-3211



Amandeep Singh
Ph:916-712-2735
DRE#01357217

Buy a Home With Zero Cash! No Money Down!
For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#5074



$169,000
ANATOLIA - $645 Payment
Quite street!. Bright living & family room. Perfect home. Private Shaded backyard. Cozy fireplace. Beautiful
FREE INFO: 1-888-450-6603
ID # 4230



$165,000
NATOMAS - $630 Payment
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
FREE INFO: 1-888-450-6603
ID # 4231



$148,000
ANTELOPE - $562 Payment
Great Investment! Wonderful Area. Best schools. Walking distance to parks. Family home. Private back yard.
FREE INFO: 1-888-450-6603
ID # 4232



$109,000
CALVINE - $416 Payment
Location–Lively. Comfortable. Safe Neighborhood. Don't Miss. What A Deal.Easy access to Hwy 99 and College
FREE INFO: 1-888-450-6603,
ID # 4233




$155,000
VINTAGE - $591 Payment
Great Opportunity. First time home buyer. Walking distance to school, park, and shopping. Clean. Safe Area.
FREE INFO: 1-888-450-6603
ID # 4234



$189,900
Natomas - $721 Payment
Bank Owned. New Home. Excellent School District. Family room. Bright living room. Cozy den. Granite Counters
FREE INFO: 1-888-450-6603
ID # 4235



$119,000
SACRAMENTO - $454 Payment
Safe Neighborhood. Desirable Location. Private Yard. Open Layout. Family Beautiful Home
FREE INFO: 1-888-450-6603,
ID # 4236



$229,000
ANATOLIA - $874 Payment
New community. Good Schools. Walking distance to park. One Bed and one bath down stairs. Fire Place. Shaded Backyard.
FREE INFO: 1-888-450-6603
ID # 4237



$240,000
ELK GROVE - $916 Payment
Great School District. Cul de sac Location. Wooden and Tile Floor. Maintained landscaped. Upgrade kitchen. 4 Bed.
FREE INFO: 1-888-450-6603
ID # 4238



$229,000
ROCKLIN - $874 Payment
Beautiful home on a corner lot. Open floor plan with large family room. Upgraded kitchen. First time buyer delight.
FREE INFO: 1-888-450-6603
ID # 4239



$210,000
ELK GROVE - $802 Payment
Lovely home. 4 bedroom. Great schools. Private yard. Perfect for family. Quite Street.Wonderful Area. Desirable.
FREE INFO: 1-888-450-6603
ID #4240




For Short Sale I received over $4,500
FREE cash back money when we did our short sale. Both my first, second loans, utility bills and property taxes were forgiven by the lenders. Mike and family
Get Free list of Homes at www.statewideteam.net

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਂਦਰ ਸਰਕਾਰ ਨੇ ਅੰਨਾ ਹਜ਼ਾਰੇ ਖ਼ਿਲਾਫ਼ ਵੀ ਮੋਰਚਾ ਖੋਲ੍ਹਿਆ

ਜਾਣ ਤੋਂ ਬਾਅਦ ਉਨ੍ਹਾਂ ਜੋ ਕੁਝ ਦੇਹਰਾਦੂਨ ਜਾ ਕੇ ਕੀਤਾ, ਉਸ ਤੋਂ ਉਨ੍ਹਾਂ ਦੇ ਇਕ ਯੋਗੀ ਵਜੋਂ ਸਬਰ ਅਤੇ ਹਠ ਕਾਇਮ ਨਾ ਰੱਖ ਸਕਣ ਬਾਰੇ ਵੀ ਸਵਾਲ ਉਠਾਏ ਜਾ ਰਹੇ ਹਨ। ਚੇਤੇ ਰਹੇ ਕਿ ਬਾਬੇ ਨੇ 50 ਦਿਨ ਤੱਕ ਮਰਨ ਵਰਤ ਚਲਾਉਣ ਦੀ ਗੱਲ ਕਹੀ ਸੀ। ਜਿਸ ਵੇਲੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ, ਉਨ੍ਹਾਂ ਦੀ ਹਾਲਤ ਨੀਮ-ਬੇਹੋਸ਼ੀ ਵਾਲੀ ਸੀ। ਇਸੇ ਦੌਰਾਨ ਬਾਬਾ ਰਾਮਦੇਵ ਦੇ ਨਜ਼ਦੀਕੀ ਬਾਲਕ੍ਰਿਸ਼ਨ ਨੇ ਵੀ ਹਸਪਤਾਲ ਵਿਚ ਆਪਣੀ ਭੁੱਖ ਹੜਤਾਲ ਖ਼ਤਮ ਕਰ ਦਿੱਤੀ।

ਉਧਰ, ਅੰਨਾ ਹਜ਼ਾਰੇ ਨੇ ਬਾਬਾ ਰਾਮਦੇਵ ਖ਼ਿਲਾਫ਼ ਕਾਰਵਾਈ ਅਤੇ ਲੋਕਪਾਲ ਬਿੱਲ ਦੇ ਮਾਮਲੇ ਵਿਚ ਖੇਡੀ ਜਾ ਰਹੀ ਸਿਆਸਤ ਵਿਰੁਧ ਰੋਸ ਪ੍ਰਗਟ ਕਰਨ ਲਈ ਨਵੀਂ ਦਿੱਲੀ ਵਿਚ ਰਾਜ ਘਾਟ ਵਿਖੇ ਇਕ ਦਿਨ ਲਈ ਭੁੱਖ ਹੜਤਾਲ ਕੀਤੀ। ਉਨ੍ਹਾਂ ਨੇ ਕਿਹਾ ਕਿ ਜੇਕਰ ਸਰਕਾਰ ਨੇ 15 ਅਗਸਤ ਤਕ ਲੋਕਪਾਲ ਬਿੱਲ ਪਾਸ ਨਾ ਕੀਤਾ ਤਾਂ ਉਹ 16 ਅਗਸਤ ਤੋਂ ਜੰਤਰ ਮੰਤਰ ਵਿਖੇ ਫਿਰ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਕਰਨਗੇ। ਨਾਲ ਹੀ ਉਨ੍ਹਾਂ ਯੂ.ਪੀ.ਏ. ਦੀ ਮੁਖੀ ਸੋਨੀਆ ਗਾਂਧੀ ਅਤੇ ਪ੍ਰਧਾਨ ਮੰਤਰੀ ਨੂੰ ਵੱਖ-ਵੱਖ ਚਿੱਠੀਆਂ ਲਿਖ ਕੇ ਉਨ੍ਹਾਂ ਦਾ ਧਿਆਨ ਦਿਵਾਇਆ ਕਿ ਕਾਂਗਰਸੀ ਆਗੂ ਉਸ ਨੂੰ ਬਦਨਾਮ ਕਰਨ ਲਈ ਕੂਫਰ ਤੋਲ ਰਹੇ ਹਨ। ਸ੍ਰੀਮਤੀ ਗਾਂਧੀ ਨੂੰ ਭੇਜੀ ਤਿੰਨ ਸਫ਼ਿਆਂ ਦੀ ਚਿੱਠੀ ਵਿਚ ਉਨ੍ਹਾਂ ਕਿਹਾ ਕਿ ਕਦੇ ਕੋਈ ਕਾਂਗਰਸੀ ਆਗੂ ਉਨ੍ਹਾਂ ਨੂੰ ਭਾਜਪਾ ਦਾ, ਅਤੇ ਕਦੇ ਆਰ.ਐਸ.ਐਸ. ਦਾ ਮੁਖੌਟਾ ਦੱਸ ਰਿਹਾ ਹੈ। ਜੇਕਰ ਕਿਸੇ ਕੋਲ ਇਸ ਬਾਰੇ ਕੋਈ ਸਬੂਤ ਹੈ ਤਾਂ ਸਾਹਮਣੇ ਲਿਆਉਣ।

ਅੰਨਾ ਹਜ਼ਾਰੇ ਦੀ ਅਗਵਾਈ ਵਾਲੀ 'ਸਿਵਲ ਸੁਸਾਇਟੀ' ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਚਿੱਠੀ ਭੇਜ ਕੇ ਪੁੱਛਿਆ ਹੈ ਕਿ 'ਈਮਾਨਦਾਰ' ਪ੍ਰਧਾਨ ਮੰਤਰੀ ਨੂੰ ਲੋਕਪਾਲ ਦੀ ਜਾਂਚ ਤੋਂ ਡਰ ਕਿਉਂ ਲੱਗ ਰਿਹਾ ਹੈ? ਚਿੱਠੀ ਵਿਚ ਦੋਸ਼ ਲਾਇਆ ਗਿਆ ਹੈ ਕਿ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਦਾਇਰਾ ਤੰਗ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਚਿੱਠੀ ਮੁਤਾਬਕ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਦਾਇਰੇ ਵਿਚ ਸ਼ਾਮਲ ਨਾ ਕਰਨਾ ਉਲਟਾ ਕਦਮ ਹੀ ਹੋਵੇਗਾ। ਅਰਵਿੰਦ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨੂੰ ਲੋਕਪਾਲ ਦੇ ਘੇਰੇ ਤੋਂ ਬਾਹਰ ਰੱਖਣ ਦੇ ਸਰਕਾਰ ਦੇ ਸਟੈਂਡ ਨੂੰ 'ਭੇਤਪੂਰਨ' ਕਰਾਰ ਦਿੱਤਾ ਹੈ।

ਕਾਂਗਰਸ ਨੇ ਤੇਵਰ ਤਿੱਖੇ ਕੀਤੇ: ਸਮਾਜ ਸੇਵਕ ਅੰਨਾ ਹਜ਼ਾਰੇ ਅਤੇ ਉਸ ਦੇ ਸਮਰਥਕਾਂ ਵੱਲੋਂ ਕਾਂਗਰਸ ਦੀ ਆਲੋਚਨਾ ਕੀਤੇ ਜਾਣ ਮਗਰੋਂ ਕਾਂਗਰਸ ਨੇ ਜੁਆਬੀ ਹੱਲਾ ਬੋਲਿਆ ਹੈ। ਪਾਰਟੀ ਦੇ ਬੁਲਾਰੇ ਮਨੀਸ਼ ਤਿਵਾੜੀ ਨੇ ਅੰਨਾ ਹਜ਼ਾਰੇ ਉਪਰ ਦੋਸ਼ ਲਾਇਆ ਕਿ ਉਹ ਲੋਕਾਂ ਵੱਲੋਂ ਚੁਣਿਆ ਹੋਇਆ ਨੁਮਾਇੰਦਾ ਨਹੀਂ ਅਤੇ ਉਹ ਤਾਨਾਸ਼ਾਹਾਂ ਵਾਂਗ ਵਿਚਰ ਰਿਹਾ ਹੈ। ਉਹ ਦੇਸ਼ ਨੂੰ ਅਸਥਿਰ ਕਰਨ ਵਾਲੀਆਂ ਤਾਕਤਾਂ ਦੀ ਬੋਲੀ ਬੋਲ ਰਿਹਾ ਹੈ। ਉਨ੍ਹਾਂ ਭਾਜਪਾ ਜਾਂ ਆਰ.ਐਸ.ਐਸ. ਦਾ ਨਾਂ ਲਏ ਬਗੈਰ ਕਿਹਾ ਕਿ ਜਿਹੜੇ ਲੋਕਾਂ ਨੂੰ ਚੋਣਾਂ ਦੌਰਾਨ ਹਾਰ ਦਾ ਸਾਹਮਣਾ ਕਰਨਾ ਪਿਆ, ਉਹ ਹੁਣ ਅਜਿਹੇ ਲੋਕਾਂ ਨੂੰ ਅੱਗੇ ਲਾ ਕੇ ਸੱਤਾ ਹਥਿਆਉਣ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ।

## ਕਾਲੇ ਧਨ ਖ਼ਿਲਾਫ਼ ਲੜਾਈ ਪੁੱਠੀ ਪੈਣ ਲੱਗੀ

**ਨਵੀਂ ਦਿੱਲੀ:** ਬਾਬਾ ਰਾਮਦੇਵ ਤੋਂ ਬਾਅਦ ਹੁਣ 'ਆਸਥਾ' ਚੈਨਲ ਦਾ ਵਿੱਤੀ ਸਲਾਹਕਾਰ, ਸਾਬਕਾ ਅਤੇ ਮੌਜੂਦਾ ਅਧਿਕਾਰੀ ਸਰਕਾਰ ਦੇ ਨਿਸ਼ਾਨੇ 'ਤੇ ਆ ਗਏ ਹਨ। ਚੈਨਲ ਨੂੰ ਵੈਦਿਕ ਬਰਾਡਕਾਸਟਿੰਗ ਲਿਮਟਿਡ ਚਲਾਉਂਦੀ ਹੈ ਅਤੇ ਬਾਲਕ੍ਰਿਸ਼ਨ ਇਸ ਦੇ ਡਾਇਰੈਕਟਰਾਂ ਵਿਚੋਂ ਇਕ ਹੈ। ਇਸ ਕੰਪਨੀ ਦਾ 2009-2010 ਵਿਚ ਸਾਲਾਨਾ ਕਾਰੋਬਾਰ 19.26 ਕਰੋੜ ਰੁਪਏ ਦਾ ਸੀ।

ਸਰਕਾਰ ਜਿਥੇ ਹੁਣ ਤਕ ਸਿਰਫ ਬਾਲਕ੍ਰਿਸ਼ਨ ਵੱਲ ਧਿਆਨ ਕੇਂਦਰਤ ਕਰ ਰਹੀ ਸੀ, ਹੁਣ ਉਹ ਬਾਬਾ ਰਾਮਦੇਵ ਦੇ ਹੋਰ ਨੇੜਲਿਆਂ ਉਪਰ ਵੀ ਸ਼ਿਕੰਜਾ ਕੱਸ ਰਹੀ ਹੈ। ਇਨ੍ਹਾਂ ਵਿਚੋਂ ਇਕ ਨਾਮ ਸੰਤੋਸ਼ ਕੁਮਾਰ ਜੈਨ ਦਾ ਹੈ। ਜੈਨ ਵੀ ਆਸਥਾ ਚੈਨਲ ਦਾ ਡਾਇਰੈਕਟਰ ਹੈ। ਸਾਬਕਾ ਡਾਇਰੈਕਟਰ ਹਿਰੇਨ ਦੋਸ਼ੀ ਦਾ ਨਾਮ ਵੀ ਸਾਹਮਣੇ ਆ ਰਿਹਾ ਹੈ। ਉਹ ਕਿਸੇ ਵੇਲੇ ਬਾਬਾ ਰਾਮਦੇਵ ਦੇ ਖਾਤਿਆਂ ਦਾ ਧਿਆਨ ਰੱਖਦਾ ਸੀ। ਯੋਗ ਗੁਰੂ ਦੇ ਵਿੱਤੀ ਸਲਾਹਕਾਰ ਤੇ ਸਹਾਰਾ ਗਰੁੱਪ ਦੇ ਸਾਬਕਾ ਕਾਰਜਕਾਰੀ ਅਫਸਰ ਏ.ਪੀ. ਸ੍ਰੀਵਾਸਤਵ ਤੋਂ ਵੀ ਪੁੱਛ-ਪੜਤਾਲ ਕੀਤੀ ਜਾ ਰਹੀ ਹੈ।

## ਰਾਮਦੇਵ ਨੇ ਆਪਣੇ 1100 ਕਰੋੜ ਦੇ ਕਾਰੋਬਾਰ ਦੇ ਵੇਰਵੇ ਜਨਤਕ ਕੀਤੇ

**ਹਰਿਦੁਆਰ:** ਯੋਗ ਗੁਰੂ ਸਵਾਮੀ ਰਾਮਦੇਵ ਨੇ ਆਪਣੀ 1100 ਕਰੋੜ ਰੁਪਏ ਦੀ ਜਾਇਦਾਦ ਦੇ ਵੇਰਵੇ ਜਨਤਕ ਕਰ ਦਿੱਤੇ ਹਨ ਅਤੇ ਦਾਅਵਾ ਕੀਤਾ ਹੈ ਕਿ ਸਾਰਾ ਕੁਝ ਕਾਨੂੰਨ ਅਨੁਸਾਰ ਚਲਾਇਆ ਜਾ ਰਿਹਾ ਹੈ।

ਬਾਬਾ ਰਾਮਦੇਵ ਦੇ ਸਹਾਇਕ ਬਾਲਕ੍ਰਿਸ਼ਨ ਨੇ ਦੱਸਿਆ ਕਿ ਬਾਬਾ ਵਲੋਂ 426.19 ਕਰੋੜ ਦੀ ਪੂੰਜੀ ਵਾਲੇ ਚਾਰ ਟਰੱਸਟ ਚਲਾਏ ਜਾ ਰਹੇ ਹਨ। ਇਨ੍ਹਾਂ ਸਭ ਉਤੇ 751.02 ਕਰੋੜ ਰੁਪਏ ਖਰਚ ਕੀਤਾ ਗਿਆ। ਸਾਰੀਆਂ ਕੰਪਨੀਆਂ ਦਾ ਆਡਿਟ ਹੁੰਦਾ ਹੈ। ਆਡਿਟ ਹੋਣ ਪਿੱਛੋਂ ਹੀ ਸਰਕਾਰੀ ਨਿਯਮਾਂ ਮੁਤਾਬਕ ਹਰ ਦੋ ਸਾਲ ਬਾਅਦ ਟਰੱਸਟਾਂ ਦਾ ਨਵੀਨੀਕਰਨ ਕੀਤਾ ਜਾਂਦਾ ਹੈ। ਪੈਸਾ ਕਿਥੋਂ ਆਇਆ ਅਤੇ ਕਿਥੇ ਗਿਆ, ਕਿਸ ਨੇ ਦਿੱਤਾ ਅਤੇ ਕਿਥੇ ਖਰਚਿਆ? ਇਨ੍ਹਾਂ ਸਾਰੀਆਂ ਗੱਲਾਂ ਦਾ ਰਿਕਾਰਡ ਰੱਖਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਟਰੱਸਟਾਂ ਦੇ ਟੈਕਸ ਵੇਰਵੇ ਅਤੇ ਬੈਲੇਂਸ ਸ਼ੀਟ ਵੀ ਵੈਬਸਾਈਟ 'ਤੇ ਪਾ ਦਿੱਤੀ ਗਈ ਹੈ। ਦਿਵਿਆ ਯੋਗ ਮੰਦਿਰ ਦੀ 249.63 ਕਰੋੜ ਰੁਪਏ ਦੀ ਪੂੰਜੀ ਹੈ। ਪਾਤੰਜਲੀ ਯੋਗ ਪੀਠ ਦੀ 164.80 ਕਰੋੜ, ਭਾਰਤ ਸਵੈਅਭਿਮਾਨ ਦੀ 9.97 ਕਰੋੜ ਅਤੇ ਅਚਾਰੀਆਕੁਲ ਸਿਖਸ਼ਾ ਸੰਸਥਾਨ ਦੀ 1.79 ਕਰੋੜ ਰੁਪਏ ਦੀ ਪੂੰਜੀ ਹੈ।

## ਪ੍ਰੋ. ਭੁੱਲਰ ਲਈ ਅਰਦਾਸ

ਇਸ ਮੌਕੇ ਪ੍ਰੋ. ਭੁੱਲਰ ਦੀ ਮਾਤਾ ਉਪਕਾਰ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਸਮੁੱਚੀ ਕੌਮ ਦਾ ਧੰਨਵਾਦ ਕੀਤਾ। ਦਲ ਖ਼ਾਲਸਾ ਵੱਲੋਂ ਚਲਾਈ ਦਸਤਖ਼ਤੀ ਮੁਹਿੰਮ ਵਿਚ ਤਕਰੀਬਨ 6886 ਲੋਕਾਂ ਨੇ ਦਸਤਖ਼ਤ ਕਰਕੇ ਪ੍ਰੋ. ਭੁੱਲਰ ਦੀ ਰਿਹਾਈ ਲਈ ਰਾਸ਼ਟਰਪਤੀ ਨੂੰ ਅਪੀਲ ਕੀਤੀ।

*(ਹੋਰ ਖ਼ਬਰਾਂ ਸਫਾ 10 'ਤੇ ਪੜ੍ਹੋ)*

## ਪੰਜਾਬ ਕਾਂਗਰਸ ਅੰਦਰਲਾ ਘਮਸਾਣ ਜਾਰੀ

# ਖਹਿਰਾ ਤੇ ਸਿਬੀਆ ਕੈਪਟਨ ਅਮਰਿੰਦਰ ਖ਼ਿਲਾਫ਼ ਡਟੇ

**ਚੰਡੀਗੜ੍ਹ:** ਹਾਈਕਮਾਨ ਦੀਆਂ ਲੱਖ ਝਿੜਕਾਂ ਦੇ ਬਾਵਜੂਦ ਪੰਜਾਬ ਕਾਂਗਰਸ ਅੰਦਰਲਾ ਘਮਸਾਣ ਜਾਰੀ ਹੈ। ਇਸ ਗੱਲ ਦਾ ਖੁਲਾਸਾ ਪੰਜਾਬ ਕਾਂਗਰਸ ਦੇ ਵਿਧਾਇਕ ਦਲ ਦੀ 13 ਜੂਨ ਨੂੰ ਹੋਈ ਮੀਟਿੰਗ 'ਚ ਉਸ ਵੇਲੇ ਹੋਇਆ ਜਦੋਂ ਦੋ ਵਿਧਾਇਕਾਂ ਸੁਖਪਾਲ ਸਿੰਘ ਖਹਿਰਾ ਤੇ ਸੁਰਿੰਦਰ ਪਾਲ ਸਿੰਘ ਸਿਬੀਆ ਨੇ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਬਿਆਨਬਾਜ਼ੀ ਨੂੰ ਮੰਦਭਾਗਾ ਕਰਾਰ ਦਿੰਦਿਆਂ ਵਿਧਾਇਕ ਦਲ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਵਿਧਾਇਕਾਂ ਦਾ ਮਾਣ ਸਤਿਕਾਰ ਬਹਾਲ ਕਰਨ ਲਈ ਮੋਹਰੀ ਭੂਮਿਕਾ ਨਿਭਾਉਣ ਦੀ ਬੇਨਤੀ ਕੀਤੀ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪ੍ਰਦੇਸ਼ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੰਗਰੂਰ ਤੋਂ ਕਾਂਗਰਸ ਵਿਧਾਇਕ ਸੁਰਿੰਦਰਪਾਲ ਸਿੰਘ ਸਿਬੀਆ ਤੇ ਭੁਲੱਥ ਤੋਂ ਪਾਰਟੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਜਾਰੀ ਕਾਰਨ ਦੱਸੋ ਨੋਟਿਸ ਵਾਪਸ ਲੈਣ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਵੱਲੋਂ ਬਿਨਾਂ ਕਿਸੇ ਸ਼ਰਤ ਮੁਆਫੀ ਮੰਗ ਲਈ ਗਈ ਹੈ। ਇਸ ਬਿਆਨ ਦਾ ਦੋਵਾਂ ਵਿਧਾਇਕਾਂ ਨੇ ਤਿੱਖਾ ਨੋਟਿਸ ਲੈਂਦਿਆਂ ਉਕਤ ਬਿਆਨ ਨੂੰ ਆਪਣੀ ਤੌਹੀਨ ਕਰਾਰ ਦਿੱਤਾ ਤੇ ਕਿਹਾ ਕਿ ਉਨ੍ਹਾਂ ਨਾ ਕੋਈ ਮੁਆਫੀ ਮੰਗੀ ਹੈ ਤੇ ਨਾ ਹੀ ਕਿਸੇ ਨੇ ਮੁਆਫੀ ਮੰਗਣ ਲਈ ਕਿਹਾ ਸੀ।

ਸੂਤਰਾਂ ਮੁਤਾਬਕ ਦੋਹਾਂ ਵਿਧਾਇਕਾਂ ਨੇ ਸਾਬਕਾ ਮੰਤਰੀ ਲਾਲ ਸਿੰਘ ਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਵੱਲੋਂ ਨਿਭਾਈ ਜਾ ਰਹੀ ਭੂਮਿਕਾ 'ਤੇ ਕਈ ਤਰ੍ਹਾਂ ਦੇ ਸਵਾਲ ਉਠਾਏ। ਸ. ਸਿਬੀਆ ਨੇ ਤਾਂ ਅਰਵਿੰਦ ਖੰਨਾ 'ਤੇ ਵਾਰ ਵਾਰ ਹਮਲੇ ਕੀਤੇ ਤੇ ਕਿਹਾ ਕਿ ਇਹ ਆਗੂ ਉਸ ਵਿਰੁਧ ਹੀ ਸਾਜ਼ਿਸ਼ਾਂ ਨਹੀਂ ਘੜ ਰਿਹਾ ਸਗੋਂ ਕਾਂਗਰਸ ਪਾਰਟੀ ਨੂੰ ਵੀ ਵੱਡੀ ਢਾਹ ਲਗਾ ਰਿਹਾ ਹੈ। ਸੂਤਰਾਂ ਮੁਤਾਬਕ ਸ. ਖਹਿਰਾ ਤੇ ਸਿਬੀਆ ਨੇ ਕਿਹਾ ਕਿ ਪਾਰਟੀ ਵੱਲੋਂ ਜਿਹੜਾ ਕਾਰਨ ਦੱਸੋ ਨੋਟਿਸ ਦਿੱਤਾ ਗਿਆ ਸੀ ਉਸ ਦਾ ਜਵਾਬ ਦੇ ਦਿੱਤਾ ਗਿਆ ਹੈ ਪਰ ਇਸ ਵਿਚ ਮੁਆਫੀ ਸ਼ਬਦ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਵਿਧਾਇਕਾਂ ਨੇ ਕਿਹਾ ਕਿ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਵੱਲੋਂ ਮੁਆਫੀ ਮੰਗ ਲੈਣ ਦਾ ਜੋ ਬਿਆਨ ਦਿੱਤਾ ਹੈ ਉਹ ਪੂਰੀ ਤਰ੍ਹਾਂ ਝੂਠਾ ਹੈ। ਪ੍ਰਦੇਸ਼ ਕਾਂਗਰਸ ਪ੍ਰਧਾਨ ਵੱਲੋਂ ਕੀਤੀ ਬਿਆਨਬਾਜ਼ੀ ਨਾਲ ਉਨ੍ਹਾਂ ਦੇ ਮਾਣ ਸਤਿਕਾਰ ਨੂੰ ਠੇਸ ਪਹੁੰਚੀ ਹੈ। ਇਨ੍ਹਾਂ ਵਿਧਾਇਕਾਂ ਨੇ ਬੀਬੀ ਭੱਠਲ ਨੂੰ ਕਿਹਾ ਕਿ ਵਿਧਾਇਕ ਦਲ ਦੀ ਨੇਤਾ ਹੋਣ ਕਰਕੇ ਉਹ ਵਿਧਾਇਕਾਂ ਦਾ ਮਾਣ ਸਤਿਕਾਰ ਕਾਇਮ ਰੱਖਣ ਲਈ ਮੋਹਰੀ ਭੂਮਿਕਾ ਨਿਭਾਉਣ।

ਇਨ੍ਹਾਂ ਵਿਧਾਇਕਾਂ ਦਾ ਕਹਿਣਾ ਸੀ ਕਿ ਇਕ ਸਾਜ਼ਿਸ਼ ਤਹਿਤ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਦੋਹਾਂ ਵਿਧਾਇਕਾਂ ਤੋਂ ਜ਼ਿਲ੍ਹਾ ਪ੍ਰਧਾਨਗੀਆਂ ਦੇ ਅਹੁਦੇ ਖੋਹ ਲਏ ਗਏ ਹਨ ਤੇ ਕੋਈ ਹੋਰ ਅਹੁਦਾ ਵੀ ਨਹੀਂ ਦਿੱਤਾ ਗਿਆ। ਇਸ ਮੀਟਿੰਗ ਵਿਚ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੇ ਸਹਾਇਕ ਸਾਬਕਾ ਮੰਤਰੀ ਲਾਲ ਸਿੰਘ ਤੇ ਰਾਣਾ ਗੁਰਮੀਤ ਸਿੰਘ ਸੋਢੀ ਹਾਜ਼ਰ ਨਹੀਂ ਸਨ। ਵਿਧਾਇਕ ਦਲ ਦੀ ਮੀਟਿੰਗ ਵਿਧਾਨ ਸਭਾ ਵਿਚ ਬੀਬੀ ਭੱਠਲ ਦੀ ਪ੍ਰਧਾਨਗੀ ਹੇਠ ਹੋਈ।

# ਸੱਜਣ ਕੁਮਾਰ ਵਿਰੁਧ ਕੇਸ ਦਾ ਨਿਬੇੜਾ 3 ਮਹੀਨੇ 'ਚ ਹੋਣ ਦੇ ਆਸਾਰ

**ਬਠਿੰਡਾ:** ਦਿੱਲੀ ਵਿਚ 1984 ਵਿੱਚ ਹੋਈ ਸਿੱਖ ਨਸਲਕੁਸ਼ੀ ਦੇ ਪੀੜਤਾਂ ਦੇ ਰਿਸ਼ਤੇਦਾਰਾਂ ਦੇ ਮਨਾਂ ਵਿਚ ਹੁਣ ਇਨਸਾਫ਼ ਦੀ ਆਸ ਜਾਗਣ ਲੱਗੀ ਹੈ ਕਿਉਂਕਿ ਸਾਬਕਾ ਸੰਸਦ ਮੈਂਬਰ ਤੇ ਸੀਨੀਅਰ ਕਾਂਗਰਸੀ ਆਗੂ ਸੱਜਣ ਕੁਮਾਰ ਵਿਰੁਧ ਕਤਲ ਕੇਸ ਦੀ ਸੁਣਵਾਈ ਤਿੰਨ ਮਹੀਨੇ ਵਿਚ ਮੁਕੰਮਲ ਹੋਣ ਦੀ ਸੰਭਾਵਨਾ ਬਣ ਗਈ ਹੈ। ਇਹ ਸ਼ਾਇਦ ਪਹਿਲਾਂ ਅਜਿਹਾ ਕੇਸ ਹੋਵੇਗਾ ਜਿਸ ਵਿਚ ਅਦਾਲਤ ਇਹ ਫੈਸਲਾ ਕਰੇਗੀ ਕਿ ਕੀ ਸੀਨੀਅਰ ਸਿਆਸੀ ਆਗੂ ਸਿੱਖ ਨਸਲਕੁਸ਼ੀ ਵਿਚ ਸ਼ਾਮਲ ਸੀ ਜਾਂ ਨਹੀਂ। ਇਸ ਕੇਸ ਵਿਚ ਪੀੜਤਾਂ ਵੱਲੋਂ ਪੇਸ਼ ਹੋ ਰਹੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਵਧੀਕ ਸੈਸ਼ਨ ਜੱਜ ਕੜਕੜਡੂਮਾ ਦਿੱਲੀ ਦੀ ਅਦਾਲਤ ਵਿਚ ਸੱਜਣ ਕੁਮਾਰ ਵਿਰੁਧ ਇਸਤਗਾਸਾ ਪੱਖ ਦੀਆਂ ਗਵਾਹੀਆਂ ਮੁਕੰਮਲ ਹੋ ਗਈਆਂ ਹਨ।

ਸ. ਫੂਲਕਾ ਨੇ ਦੱਸਿਆ ਕਿ ਹੁਣ ਛੁੱਟੀਆਂ ਮਗਰੋਂ 6 ਜੁਲਾਈ ਨੂੰ ਫੌਜਦਾਰੀ ਜ਼ਾਬਤੇ ਦੀ ਧਾਰਾ 313 ਅਧੀਨ ਸੱਜਣ ਕੁਮਾਰ ਤੇ ਹੋਰਾਂ ਦੇ ਬਿਆਨ ਕਲਮਬੰਦ ਹੋਣਗੇ। ਸੱਜਣ ਕੁਮਾਰ ਤੇ ਹੋਰਾਂ ਵਿਰੁਧ ਇਹ ਕੇਸ 2005 ਵਿਚ ਨਾਨਾਵਤੀ ਕਮਿਸ਼ਨ ਦੀ ਸਿਫਾਰਸ਼ ਦੇ ਆਧਾਰ 'ਤੇ ਦਰਜ ਹੋਇਆ ਸੀ। ਇਹ ਕੇਸ ਦਿੱਲੀ ਛਾਉਣੀ ਪੁਲਿਸ ਥਾਣੇ ਅਧੀਨ ਪੈਂਦੇ ਇਲਾਕੇ ਰਾਜ ਨਗਰ ਵਿਚ ਪੰਜ ਵਿਅਕਤੀਆਂ ਦੇ ਕਤਲ ਨਾਲ ਸਬੰਧਤ ਹੈ। ਆਪਣੇ ਜੱਦੀ ਪਿੰਡ ਭਦੌੜ ਪੁੱਜੇ ਸ. ਫੂਲਕਾ ਨੇ ਕਿਹਾ ਕਿ ਇਸ ਕੇਸ ਦੀ ਸੁਣਵਾਈ ਤਿੰਨ ਮਹੀਨੇ ਵਿਚ ਮੁਕੰਮਲ ਹੋਣ ਦੀ ਸੰਭਾਵਨਾ ਹੈ ਤੇ ਉਨ੍ਹਾਂ ਨੂੰ ਪੂਰੀ ਉਮੀਦ ਹੈ ਕਿ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਪਹਿਲੀ ਵਾਰ ਇਨਸਾਫ਼ ਮਿਲੇਗਾ। ਉਨ੍ਹਾਂ ਕਿਹਾ ਕਿ ਮੁਲਜ਼ਮ ਦੇ ਬਿਆਨ ਕਲਮਬੰਦ ਹੋਣ ਮਗਰੋਂ ਬਚਾਅ ਪੱਖ ਵੱਲੋਂ ਆਪਣੇ ਪੱਖ ਦੇ ਸਬੂਤ ਅਦਾਲਤ ਵਿਚ ਰੱਖੇ ਜਾਣਗੇ ਤੇ ਇਸ ਮਗਰੋਂ ਕੇਸ ਵਿਚ ਆਖ਼ਰੀ ਜਿਰ੍ਹਾ ਹੋਵੇਗੀ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਵਿਰੁਧ ਸਿੱਖ ਨਸਲਕੁਸ਼ੀ ਮਗਰੋਂ 21 ਸਾਲ ਪਹਿਲਾਂ ਕੇਸ ਦਰਜ ਹੋਇਆ ਸੀ। ਸੱਜਣ ਕੁਮਾਰ ਵਿਰੁਧ ਦੋਸ਼ ਲੱਗਾ ਸੀ ਕਿ ਉਹ 1 ਨਵੰਬਰ 1984 ਨੂੰ ਰਾਜ ਨਗਰ ਇਲਾਕੇ ਵਿਚ ਗਿਆ ਤੇ ਉਸ ਨੇ ਆਪਣੇ ਹਮਾਇਤੀਆਂ ਨੂੰ ਸਿੱਖਾਂ ਦੇ ਕਤਲਾਂ ਲਈ ਉਕਸਾਇਆ। ਇਸ ਤੋਂ ਅਗਲੇ ਦਿਨ ਦੋ ਨਵੰਬਰ ਨੂੰ ਸੱਜਣ ਕੁਮਾਰ ਨੇ ਮੀਟਿੰਗ ਦੌਰਾਨ ਪੁਲਿਸ ਜੀਪ ਵਿਚ ਖੜ੍ਹ ਕੇ ਲੋਕਾਂ ਨੂੰ ਮੁੜ ਸਿੱਖਾਂ ਦੇ ਕਤਲਾਂ ਲਈ ਭੜਕਾਇਆ। ਮੀਟਿੰਗ ਦੌਰਾਨ ਸੱਜਣ ਕੁਮਾਰ ਨੇ ਆਪਣੇ ਹਮਾਇਤੀਆਂ ਨੂੰ ਕਿਹਾ ਸੀ, "ਇਕ ਭੀ ਸਿੱਖ ਬਚਨਾ ਨਹੀਂ ਚਾਹੀਏ, ਜੋ ਹਿੰਦੂ ਸਿੱਖੋਂ ਕੋ ਪਨਾਹ ਦੇਤੇ ਹੈਂ, ਉਨ ਕੇ ਭੀ ਘਰ ਜਲਾ ਡਾਲੋ।" ਇਹ ਗੱਲ ਸੁਣ ਕੇ ਭੀੜ ਭੜਕ ਗਈ ਤੇ ਉਸ ਨੇ ਹਿੰਦੂਆਂ ਦੇ ਘਰਾਂ ਨੂੰ ਵੀ ਫੂਕਣਾ ਸ਼ੁਰੂ ਕਰ ਦਿੱਤਾ। ਸ. ਫੂਲਕਾ ਨੇ ਦਾਅਵਾ ਕੀਤਾ ਕਿ ਇਸ ਕੇਸ ਦੇ ਪੜਤਾਲੀਆ ਅਫਸਰਾਂ ਸੀ.ਬੀ.ਆਈ. ਦੇ ਡੀ.ਐਸ.ਪੀ. ਪਾਂਗਰਕਰ ਤੇ ਇੰਸਪੈਕਟਰ ਅਨਿਲ ਯਾਦਵ ਨੇ ਅਦਾਲਤ ਵਿਚ ਬਿਆਨ ਦਿੱਤਾ ਕਿ ਦਿੱਲੀ ਪੁਲਿਸ ਨੇ ਜਾਣ ਬੁੱਝ ਕੇ ਜਾਂਚ ਨੂੰ ਅਜਿਹੀ ਦਿਸ਼ਾ ਦਿੱਤੀ ਜਿਸ ਨਾਲ ਸੱਜਣ ਕੁਮਾਰ ਤੇ ਹੋਰ ਆਗੂਆਂ ਨੂੰ ਬਚਾਇਆ ਜਾ ਸਕੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਖਿਲਾਫ ਕੂੜ ਪ੍ਰਚਾਰ ਤੋਂ ਸੰਗਤਾਂ ਸਾਵਧਾਨ ਰਹਿਣ

## *ਕੀ ਹੈ ਇਨ੍ਹਾਂ ਅਖੌਤੀ ਸੁਧਾਰਕਾਂ ਦਾ ਪਿਛੋਕੜ-ਸੰਗਤਾਂ ਧਿਆਨ ਦੇਣ*

ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧ ਕਮੇਟੀ ਵਲੋਂ ਪਿਛਲੇ ਸਮੇਂ ਵਿਚ ਕੀਤੇ ਗਏ ਉਸਾਰੂ ਕੰਮਾਂ ਤੋਂ ਖਾਰ ਖਾਣ ਵਾਲੇ ਅਤੇ ਚੌਧਰ ਦੀ ਭੁੱਖ ਪੂਰੀ ਨਾ ਹੋਣ ਵਾਲੇ ਕੁਝ ਇਕ ਵਿਅਕਤੀਆਂ ਵਲੋਂ ਬਣਾਈ ਗਈ ਅਖੌਤੀ ਗੁਰਦੁਆਰਾ ਸੁਧਾਰ ਕਮੇਟੀ ਪਿਛਲੇ ਕੁਝ ਸਮੇਂ ਤੋਂ ਗੁਰਦੁਆਰਾ ਪ੍ਰਬੰਧਕਾਂ ਵਿਰੁਧ ਕੂੜ ਪ੍ਰਚਾਰ ਕਰੀ ਜਾ ਰਹੀ ਹੈ। ਅਸੀਂ ਸਿੱਖ ਸੰਗਤਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਇਹ ਗੁਰਦੁਆਰਾ ਸੁਧਾਰਕ ਆਖਰ ਹੈ ਕੌਣ? ਇਨ੍ਹਾਂ ਦਾ ਪਿਛੋਕੜ ਕੀ ਹੈ? ਗੁਰੂ ਘਰ ਦੇ ਪ੍ਰਬੰਧਕਾਂ ਵਿਰੁਧ ਇਨ੍ਹਾਂ ਦੀ ਮੌਜੂਦਾ ਮੁਹਿੰਮ ਦਾ ਮਨੋਰਥ ਕੀ ਹੈ? ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਦੀ ਕਿਸੇ ਵੀ ਗੱਲ ਉਤੇ ਯਕੀਨ ਕਰਨ ਤੋਂ ਪਹਿਲਾਂ ਸੱਚ ਜਾਣ ਲਿਆ ਜਾਵੇ।

ਇਸ ਅਖੌਤੀ ਗੁਰਦੁਆਰਾ ਸੁਧਾਰ ਕਮੇਟੀ ਦਾ ਇਕ "ਵੱਡਾ ਲੀਡਰ" ਡਾ. ਤਰਲੋਚਨ ਸਿੰਘ ਨਾਹਲ ਹੈ। ਬੇਏਰੀਆ ਅਤੇ ਕੈਲੀਫੋਰਨੀਆ ਦੀਆਂ ਸੰਗਤਾਂ ਵਿਚੋਂ ਕੌਣ ਹੈ ਜੋ ਇਸ ਨੂੰ ਨਹੀਂ ਜਾਣਦਾ। ਹੁਣ ਇਹ ਸ਼ਖਸ ਇਸ ਕਮੇਟੀ ਰਾਹੀਂ ਗੁਰੂ ਘਰ ਦੇ ਪ੍ਰਬੰਧ ਉਤੇ ਕਾਬਜ ਹੋਣ ਲਈ ਤਰਲੋ ਮੱਛੀ ਹੋਇਆ ਫਿਰਦਾ ਹੈ। ਜ਼ਰਾ ਕੁ ਇਸ ਦੇ ਪਿਛੋਕੜ ਵੱਲ ਨਿਗ੍ਹਾ ਮਾਰੋ।

1999 ਵਿਚ ਕੁਇੰਬੀ ਰੋਡ 'ਤੇ ਸਥਿਤ ਪੁਰਾਣੇ ਗੁਰੂ ਘਰ ਵਿਚ ਲੰਗਰ ਛਕਣ ਵਾਲੀ ਥਾਂ ਬਹੁਤੀ ਠੀਕ ਨਾ ਹੋਣ ਕਰਕੇ ਬਰਸਾਤਾਂ ਮੌਕੇ ਉਥੇ ਅਕਸਰ ਹੀ ਪਾਣੀ ਖੜ੍ਹਾ ਰਹਿੰਦਾ ਸੀ ਅਤੇ ਚਿੱਕੜ ਹੋ ਜਾਂਦਾ ਸੀ। ਇਸ ਸ਼ਖਸ ਨੇ ਗੁਰੂ ਘਰ ਦੀ ਕਮੇਟੀ ਦਾ ਮੈਂਬਰ ਹੋਣ ਦੇ ਬਾਵਜੂਦ ਕੁਰਸੀਆਂ, ਟੇਬਲ ਵੱਢਾਉਣ ਵਿਚ ਮੋਹਰੀ ਰੋਲ ਅਦਾ ਕਰਕੇ, ਸੰਗਤ ਨੂੰ ਚਿੱਕੜ ਵਿਚ ਬੈਠ ਕੇ ਲੰਗਰ ਛਕਣ ਲਈ ਮਜਬੂਰ ਕੀਤਾ, ਗੁਰੂ ਘਰ ਦੇ ਬਜ਼ੁਰਗ ਕਮੇਟੀ ਮੈਂਬਰਾਂ ਪਿਆਰਾ ਸਿੰਘ ਉਭੀ ਅਤੇ ਕਾਬਲ ਸਿੰਘ ਧਨੋਤਾ ਨਾਲ ਹੱਥੋਪਾਈ ਹੁੰਦਿਆਂ ਉਨ੍ਹਾਂ ਨੂੰ ਧੱਕੇ ਮਾਰੇ। ਇਥੇ ਹੀ ਬੱਸ ਨਹੀਂ, ਜਦੋਂ ਗੁਰੂ ਘਰ ਦੀ ਮੌਜੂਦਾ 40 ਏਕੜ ਜ਼ਮੀਨ ਦੀ ਖਰੀਦ ਪਿਛੋਂ ਇਸ ਨੂੰ ਪੱਧਰੀ ਕਰਨ ਦਾ ਕੰਮ ਅਰੰਭ ਕੀਤਾ ਗਿਆ ਅਤੇ ਗੁਰੂ ਘਰ ਦੀ ਇਮਾਰਤ ਬਣਾਉਣ ਲਈ ਪਰਮਿਟ ਵਗੈਰਾ ਲੈਣੇ ਸ਼ੁਰੂ ਕੀਤੇ ਗਏ ਤਾਂ ਇਸ ਸ਼ਖਸ ਨੇ ਆਪਣੇ ਵਲੋਂ ਪੂਰਾ ਅੜਿੱਕਾ ਪਾਉਣ ਦੀ ਕੋਸ਼ਿਸ਼ ਕੀਤੀ। ਨਵੇਂ ਗੁਰੂ ਘਰ ਲਈ ਰਕਮ ਇਕੱਠੀ ਕਰਨ ਵਾਸਤੇ ਪੁਰਾਣੀ ਜਗ੍ਹਾ ਵੇਚਣ ਦੀ ਗੱਲ ਤੁਰੀ ਤਾਂ ਇਸ ਸ਼ਖਸ ਨੇ ਪੂਰਾ ਰੱਟਾ ਪਾਇਆ ਕਿ ਇਹ ਜ਼ਮੀਨ ਨਹੀਂ ਵੇਚਣ ਦੇਣੀ, "ਅਖੇ ਗੁਰੂ ਘਰ ਵਿਕਦੇ ਨਹੀਂ ਹੁੰਦੇ।" ਅਸੀਂ ਸੰਗਤਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਅਗਰ ਉਹ ਜ਼ਮੀਨ ਨਾ ਵੇਚੀ ਜਾਂਦੀ ਤਾਂ ਮੌਜੂਦਾ ਥਾਂ 'ਤੇ ਨਵੀਂ ਇਮਾਰਤ ਬਣਾਉਣ ਲਈ ਬਹੁਤ ਮੁਸ਼ਕਿਲ ਹੁੰਦੀ। ਇਸ ਉਪਰੰਤ ਡਾ. ਨਾਹਲ ਪ੍ਰਬੰਧਕ ਕਮੇਟੀ ਵਿਚੋਂ ਬਾਹਰ ਨਿਕਲ ਗਿਆ ਅਤੇ ਕਰੀਬ 12 ਸਾਲ ਗੁਰਦੁਆਰਾ ਸੈਨ ਹੋਜ਼ੇ ਆਉਣ ਤੋਂ ਗੁਰੇਜ ਕਰਦਾ ਰਿਹਾ। ਫਿਰ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਵਿਚ ਦਖਲਅੰਦਾਜ਼ੀ ਸ਼ੁਰੂ ਕਰ ਦਿੱਤੀ, ਜਿਥੇ ਕਦੇ ਕਿਸੇ ਧੜੇ ਤੇ ਕਦੇ ਕਿਸੇ ਧੜੇ ਰਾਹੀਂ ਚੋਣ ਜਿੱਤਣ ਦੇ ਸੁਪਨੇ ਲੈਂਦਾ ਰਿਹਾ। ਅਜਿਹੀ ਸੋਚ ਰੱਖਣ ਵਾਲੇ ਲੋਕ ਭਲਾ ਗੁਰੂ ਘਰ ਦਾ ਕੀ ਸੁਧਾਰ ਕਰ ਸਕਦੇ ਹਨ?

ਹੁਣ ਪਿਛਲੇ ਤਿੰਨ-ਚਾਰ ਸਾਲ ਤੋਂ ਗੁਰੂ ਘਰ ਦੀ ਇਮਾਰਤ ਬਣਨੀ ਸ਼ੁਰੂ ਹੋਈ ਤਾਂ ਇਸ ਸ਼ਖਸ ਨੇ ਕਦੇ ਵੀ ਕਿਸੇ ਕੰਮ ਵਿਚ ਕੋਈ ਖਾਸ ਹਿੱਸਾ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪ੍ਰਬੰਧਕਾਂ ਨੇ ਕਈ ਵਾਰ ਢਾਲ ਇਕੱਠੀ ਕਰਨ ਲਈ ਨਾਲ ਜਾਣ ਵਾਸਤੇ ਬੇਨਤੀ ਕੀਤੀ ਪਰ ਡਾ. ਨਾਹਲ ਨੇ ਕਦੀ ਕੋਈ ਲੜ ਸਿਰਾ ਨਹੀਂ ਫੜ੍ਹਾਇਆ। ਪਿਛਲੇ ਤਿੰਨ ਹਫਤਿਆਂ ਤੋਂ ਗੁਰੂ ਘਰ ਦੀ ਮੈਂਬਰਸ਼ਿਪ ਬਣ ਰਹੀ ਹੈ ਤਾਂ ਡਾ. ਨਾਹਲ ਅਜਿਹੇ ਕਈ ਸਿੱਖ ਪਰਿਵਾਰਾਂ ਨਾਲ ਝਗੜਾ ਕਰ ਚੁਕਾ ਹੈ ਜਿਨ੍ਹਾਂ ਦੇ ਨਾਂ ਨਾਲ ਸਿੰਘ ਜਾਂ ਕੌਰ ਨਹੀਂ ਲਗਦਾ ਅਤੇ ਕਹਿੰਦਾ ਹੈ ਕਿ ਉਹ ਹਿੰਦੂ ਹਨ।

ਹਰਕੇਸ਼ ਸੈਣੀ, ਪ੍ਰੇਮ ਭਾਟੀਆ, ਜਗਦੇਵ ਕਲਸੀ, ਜਗਰਾਜ ਸੰਧੂ, ਨਵੀਨ ਵਿਰਦੀ, ਆਦਿ ਕਈ ਅਜਿਹੇ ਸੇਵਾਦਾਰ ਹਨ ਜੋ ਗੁਰੂ ਘਰ ਹਮੇਸ਼ਾ ਸੇਵਾ ਕਰਦੇ ਹਨ ਅਤੇ ਗੁਰੂ ਘਰ ਦੇ ਅਨਿਨ ਸ਼ਰਧਾਲੂ ਵੀ ਹਨ। ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਜਿਸ ਦੀਵਾਨ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਜ਼ਮੀਨ ਖਰੀਦੀ ਸੀ, ਉਸ ਦੇ ਪਰਿਵਾਰ ਨਾਲ ਸਬੰਧਤ ਇਕ ਲੜਕੀ ਜਿਸ ਦੇ ਨਾਮ ਨਾਲ ਕੌਰ ਨਹੀਂ ਸੀ, ਨਾਲ ਡਾ. ਨਾਹਲ ਨੇ ਝਗੜਾ ਕੀਤਾ ਕਿ ਉਹ ਗੁਰੂ ਘਰ ਦੀ ਮੈਂਬਰ ਨਹੀਂ ਬਣ ਸਕਦੀ। ਜਦੋਂ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਇਸ ਲੜਕੀ ਦੀ ਮੈਂਬਰਸ਼ਿਪ 'ਤੇ ਜੇ ਇਤਰਾਜ਼ ਹੈ ਤਾਂ ਮੈਂਬਰਸ਼ਿਪ ਫਾਰਮ ਉਤੇ ਲਿਖ ਦਿਓ ਤਾਂ ਡਾ. ਨਾਹਲ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਅਜਿਹੇ ਬਹੁਤ ਸਾਰੇ ਸ਼ਰਧਾਲੂ ਪਰਿਵਾਰਾਂ ਨੇ ਗੁਰੂ ਘਰ ਦੀ ਨਵੀਂ ਇਮਾਰਤ ਲਈ ਦਿਲ ਖੋਲ੍ਹ ਕੇ ਮਾਇਆ ਦੇ ਕੇ ਆਪਣਾ ਹਿੱਸਾ ਪਾਇਆ ਹੈ। ਹੱਦ ਇਹ ਹੈ ਕਿ ਡਾ. ਨਾਹਲ ਨੇ ਹੁਣ ਇਕ ਵਕੀਲ ਰਾਹੀਂ ਸੰਗਤ ਦੇ ਸਾਰੇ ਨਿਜੀ ਰਿਕਾਰਡ ਦੀਆਂ ਨਕਲਾਂ ਮੰਗੀਆਂ ਹਨ ਅਤੇ ਨਾ ਦੇਣ 'ਤੇ ਗੁਰੂ ਘਰ ਨੂੰ ਕਚਹਿਰੀ ਵਿਚ ਘੜਿਸਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਪ੍ਰਬੰਧਕ ਕਮੇਟੀ ਦਾ ਫੈਸਲਾ ਹੈ ਕਿ ਸੰਗਤ ਦਾ ਨਿਜੀ ਰਿਕਾਰਡ ਕਿਸੇ ਨੂੰ ਵੀ ਨਹੀਂ ਦਿੱਤਾ ਜਾਏਗਾ।

ਸਾਧ ਸੰਗਤ ਜੀ, ਗੁਰੂ ਗ੍ਰੰਥ ਸਾਹਿਬ ਸਮੁੱਚੀ ਮਾਨਵਤਾ ਦੇ ਏਕੇ ਦੀ ਗੱਲ ਕਰਦਾ ਹੈ। ਇਹ ਸਿਰਫ ਸਿੱਖ ਧਰਮ ਦੀ ਹੀ ਨਹੀਂ ਸਰਬਤ ਦੇ ਭਲੇ ਦੀ ਗੱਲ ਕਰਦਾ ਹੈ। ਇਸੇ ਕਰਕੇ ਗੁਰੂ ਸਾਹਿਬਾਨ ਨੇ ਬਿਨਾ ਕਿਸੇ ਭਿੰਨਭੇਦ ਦੇ ਹਿੰਦੂ, ਮੁਸਲਮਾਨ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ। ਕੀ ਡਾ. ਨਾਹਲ ਵਾਲਾ ਭਿੰਨਭੇਦ ਗੁਰੂ ਤੋਂ ਬੇਮੁਖ ਹੋਣ ਵਾਲੀ ਗੱਲ ਨਹੀਂ ਹੋਵੇਗੀ?

ਗੁਰੂ ਪਿਆਰੀ ਸਾਧ ਸੰਗਤ ਜੀ, ਕਈ ਮੈਂਬਰਾਂ ਨੇ ਤਾਂ ਆਪਣੇ ਅੰਮ੍ਰਿਤਧਾਰੀ ਹੋਣ ਦੀ ਵੀ ਪ੍ਰਵਾਹ ਨਾ ਕਰਦੇ ਹੋਏ ਅਖਬਾਰਾਂ ਵਿਚ ਕੂੜ ਲਿਖਣਾ ਸ਼ੁਰੂ ਕਰ ਦਿੱਤਾ ਹੈ, ਜਿਵੇਂ ਕਿ ਕੁਲਵੰਤ ਸਿੰਘ ਨਾਂ ਦੇ ਇਕ ਵਿਅਕਤੀ ਨੇ ਇੱਕ ਪੰਜਾਬੀ ਅਖਬਾਰ ਵਿਚ ਬਿਆਨ ਛਪਵਾਇਆ ਹੈ ਕਿ ਭੁਪਿੰਦਰ ਸਿੰਘ ਢਿੱਲੋਂ ਨੇ ਆਪਣੇ ਆਪ ਨੂੰ 5 ਸਾਲ ਲਈ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਪੱਕਾ ਕਰ ਲਿਆ ਹੈ ਜੋ ਕਿ ਸਰਾਸਰ ਝੂਠ ਹੈ। ਭਾਈ ਭੁਪਿੰਦਰ ਸਿੰਘ ਢਿੱਲੋਂ ਅਗਲੇ ਸਾਲ ਕਮੇਟੀ ਤੋਂ ਸੇਵਾ ਮੁਕਤ ਹੋ ਰਹੇ ਹਨ ਅਤੇ ਇਸ ਬਾਰੇ ਅਖਬਾਰਾਂ ਵਿਚ ਕਈ ਵਾਰ ਛਪ ਵੀ ਚੁਕਾ ਹੈ। ਗੁਰਦੁਆਰਾ ਸਾਹਿਬ ਦੀ ਵੈਬਸਾਈਟ ਤੇ ਸਾਰੇ 21 ਕਮੇਟੀ ਮੈਂਬਰਾਂ ਦੇ ਸੇਵਾ ਮੁਕਤ ਹੋਣ ਦੀ ਜਾਣਕਾਰੀ ਪਾਈ ਗਈ ਹੈ। ਸੰਗਤ ਜਦੋਂ ਚਾਹੇ ਚੈਕ ਕਰ ਸਕਦੀ ਹੈ। ਯਾਦ ਰਹੇ, ਇਹ ਉਹੀ ਇਨਸਾਨ ਹੈ ਜਿਸ ਨੇ ਪਿਛਲੇ ਸਾਲ ਅਕਾਲ ਤਖਤ ਦੇ ਜਥੇਦਾਰ ਦੇ ਸੈਨ ਹੋਜ਼ੇ ਗੁਰੂ ਘਰ ਆਉਣ 'ਤੇ ਉਨ੍ਹਾਂ ਦੀ ਪੱਗ ਲਾਹੁਣ ਦੀ ਮਾਵੀ ਪਰਿਵਾਰ ਨੂੰ ਧਮਕੀ ਦਿੱਤੀ ਸੀ। ਮਾਵੀ ਪਰਿਵਾਰ ਇਸ ਗੱਲ ਤੋਂ ਬਹੁਤ ਪ੍ਰੇਸ਼ਾਨ ਸੀ ਕਿਉਂਕਿ ਉਨ੍ਹਾਂ ਦੇ ਘਰ ਜਥੇਦਾਰ ਸਾਹਿਬ ਠਹਿਰੇ ਹੋਏ ਸਨ ਅਤੇ ਉਨ੍ਹਾਂ ਨੂੰ ਗੁਰੂ ਘਰ ਲਿਆਉਣ ਦੀ ਇੱਛਾ ਰੱਖਦੇ ਸਨ।

### *ਬਾਈਲਾਅਜ਼ ਦੀਆਂ ਸੋਧਾਂ*

1993 ਵਿਚ ਡਾ. ਤਰਲੋਚਨ ਸਿੰਘ ਨਾਹਲ ਦੀ ਅਗਵਾਈ ਹੇਠ ਉਸ ਸਮੇਂ ਦੀ ਪ੍ਰਬੰਧਕ ਕਮੇਟੀ ਵਲੋਂ ਪਹਿਲੀ ਵਾਰ ਬਾਈਲਾਅਜ਼ ਵਿਚ ਸੋਧਾਂ ਕੀਤੀਆਂ ਗਈਆਂ ਸਨ। ਡਾ. ਤਰਲੋਚਨ ਸਿੰਘ ਨਾਹਲ ਦੇ ਹੱਥ ਲਿਖਤ ਨੋਟ ਗੁਰਦੁਆਰਾ ਸਾਹਿਬ 'ਚ ਮੌਜੂਦ ਹਨ। ਪ੍ਰਬੰਧਕ ਕਮੇਟੀ ਨੇ 1993 'ਚ ਬਾਈਲਾਅਜ਼ ਨੂੰ ਸੋਧਣ ਵਾਲੇ ਤਰੀਕੇ ਨੂੰ ਅਪਨਾਉਂਦਿਆਂ ਅਤੇ ਬਾਈਲਾਅਜ਼ ਦੇ ਅਨੁਸਾਰ 13 ਮਾਰਚ ਨੂੰ ਜਨਰਲ ਬਾਡੀ ਦੀ ਮੀਟਿੰਗ ਦੀ ਅਨਾਊਂਸਮੈਂਟ ਕੀਤੀ ਸੀ ਅਤੇ 18 ਮਾਰਚ ਨੂੰ ਨੋਟਿਸ ਲਾ ਦਿੱਤਾ ਸੀ।

### *17 ਅਪਰੈਲ ਨੂੰ ਹੋਈ ਮੀਟਿੰਗ ਵਿਚ ਜਨਰਲ ਬਾਡੀ ਨੇ ਜਿਨ੍ਹਾਂ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਉਨ੍ਹਾਂ ਵਿਚ ਮੁੱਖ ਇਸ ਪ੍ਰਕਾਰ ਹਨ:*

ਹਰ ਸਾਲ ਚਾਰ ਪ੍ਰਬੰਧਕ ਕਮੇਟੀ ਮੈਂਬਰ ਸੇਵਾ ਮੁਕਤ ਹੋਣਗੇ ਅਤੇ ਜਨਰਲ ਬਾਡੀ ਚਾਰ ਨਵੇਂ ਮੈਂਬਰ ਸਿਲੈਕਟ/ਇਲੈਕਟ ਕਰੇਗੀ। ਪ੍ਰਬੰਧਕ ਕਮੇਟੀ ਹਰ ਸਾਲ ਬਹੁਮਤ ਨਾਲ ਤਿੰਨ ਮੈਂਬਰਾਂ ਦਾ ਪੈਨਲ ਬਣਾਵੇਗੀ ਜੋ 4 ਮੈਂਬਰਾਂ ਦੀ ਤਲਾਸ਼ ਕਰੇਗੀ ਅਤੇ ਜਨਰਲ ਬਾਡੀ ਸਾਹਮਣੇ ਨਾਮੀਨੇਸ਼ਨ ਕਰੇਗੀ। ਸੰਗਤ ਵਿਚੋਂ ਹੋਰ ਵੀ ਕਮੇਟੀ ਮੈਂਬਰ ਬਣਨ ਲਈ ਨਾਮੀਨੇਸ਼ਨ ਦੇ ਸਕਦੇ ਹਨ। ਜਨਰਲ ਬਾਡੀ ਹੀ ਉਨ੍ਹਾਂ ਨੂੰ ਸਿਲੈਕਟ ਜਾਂ ਇਲੈਕਟ ਕਰਨ ਦਾ ਫੈਸਲਾ ਕਰ ਸਕਦੀ ਹੈ। ਜਨਰਲ ਬਾਡੀ ਦੀ ਮੀਟਿੰਗ ਦਾ ਕੌਰਮ 151 ਤੋਂ ਵਧਾ ਕੇ 350 ਕਰ ਦਿੱਤਾ ਗਿਆ ਹੈ ਅਤੇ ਜਨਰਲ ਬਾਡੀ ਦੀ ਮੀਟਿੰਗ ਸੱਦਣ ਲਈ ਪ੍ਰਧਾਨ ਜਾਂ ਮੀਤ ਪ੍ਰਧਾਨ, ਜਨਰਲ ਸਕੱਤਰ ਜਾਂ ਸਟੇਜ ਸਕੱਤਰ, ਖਜ਼ਾਨਚੀ 'ਚੋਂ ਤਿੰਨ ਦੀ ਸਹਿਮਤੀ ਹੋਣੀ ਜ਼ਰੂਰੀ ਹੈ।

### *ਪ੍ਰਬੰਧਕ ਕਮੇਟੀ ਦੇ ਮੈਂਬਰ ਹੇਠ ਲਿਖੇ ਅਨੁਸਾਰ ਸੇਵਾ ਮੁਕਤ ਹੋ ਰਹੇ ਹਨ:*

ਸਾਲ 2011:ਕੁਲਵੰਤ ਸਿੰਘ ਸਿੱਧੂ, ਮੁਹਿੰਦਰ ਸਿੰਘ ਤੱਖਰ, ਮਿਲਾਪ ਸਿੰਘ ਓਭੀ, ਮਹਿੰਗਾ ਸਿੰਘ ਰਾਜਾਸਾਂਸੀ।

ਸਾਲ 2012:ਭੁਪਿੰਦਰ (ਬੌਬ) ਸਿੰਘ ਢਿੱਲੋਂ, ਸੁਰਿੰਦਰ ਸਿੰਘ ਪੁਰੇਵਾਲ, ਸੁਰਜੀਤ ਸਿੰਘ ਬੈਂਸ, ਸੋਹਨ ਸਿੰਘ ਧਨੋਤਾ।

ਸਾਲ 2013:ਨੀਤੂ ਸਿੰਘ ਕਾਹਲੋਂ, ਹਰਦੇਵ ਸਿੰਘ ਤੱਖਰ, ਗੁਰਿੰਦਰਪਾਲ ਸਿੰਘ, ਹਰਭਜਨ ਸਿੰਘ ਜੌਹਲ।

ਸਾਲ 2014:ਪ੍ਰੀਤਮ ਸਿੰਘ ਗਰੇਵਾਲ, ਸਰਵਜੋਤ ਸਿੰਘ ਸਵੱਦੀ, ਰਜਿੰਦਰ ਸਿੰਘ ਮੰਘਰ, ਬਹਾਦਰ ਸਿੰਘ ਦਿਉਲ।

ਸਾਲ 2015:ਸੁਖਦੇਵ ਸਿੰਘ ਬੈਨੀਵਾਲ, ਨਰਿੰਦਰਪਾਲ ਸਿੰਘ, ਗੁਰਦੇਵ ਸਿੰਘ ਕਲਸੀ, ਕਿਰਪਾਲ ਸਿੰਘ ਅਟਵਾਲ, ਨਰਿੰਦਰ ਕੌਰ ਮਹੇੜੂ।

**ਗੁਰੂ ਘਰ ਦਾ ਆਡਿਟ:** ਗੁਰਦੁਆਰਾ ਸਾਹਿਬ ਵਲੋਂ ਬਾਹਰਲੀ (ਆਜ਼ਾਦ) ਇੱਕ ਕੰਪਨੀ ਰਾਹੀਂ ਸਾਲ 2009 ਅਤੇ ਸਾਲ 2010 ਦਾ ਆਡਿਟ ਕਰਵਾ ਦਿੱਤਾ ਗਿਆ ਹੈ ਜੋ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ (**sikhgurudwarasj.org**) 'ਤੇ ਲੱਗਾ ਹੋਇਆ ਹੈ ਅਤੇ ਗੁਰਦੁਆਰਾ ਸਾਹਿਬ ਦੇ ਦਫਤਰ ਵਿਚ ਵੀ ਉਪਲਬਧ ਹੈ।

### *ਗੁਰਦੁਆਰਾ ਸਾਹਿਬ 'ਚ ਵਿਆਹ ਕਰਵਾਉਣ ਦੀ ਭੇਟਾ*

ਮੇਨ ਦੀਵਾਨ ਹਾਲ-$1400, ਨੌਰਥ ਦੀਵਾਨ ਹਾਲ-$1000, ਦਰਸ਼ਨੀ ਡਿਓਢੀ-$600

ਨੋਟ:ਉਪਰ ਲਿਖੀ ਭੇਟਾ 'ਚ ਕੀਰਤਨ ਭੇਟਾ ($101), ਲਾਵਾਂ ਭੇਟਾ ($51), ਪ੍ਰਸ਼ਾਦ ਭੇਟਾ ($101), ਬਾਥ ਰੂਮ ਸਫਾਈ ਭੇਟਾ ($200) ਪਾਈ ਹੋਈ ਹੈ।

### ਸੰਗਤ ਨੂੰ ਬੇਨਤੀ

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਨੂੰ ਬੇਨਤੀ ਹੈ ਕਿ ਹੁਣ ਗੁਰੂ ਘਰ ਦੀ ਸ਼ਾਨਦਾਰ ਇਮਾਰਤ ਤਿਆਰ ਹੋ ਗਈ ਹੈ, ਹੁਣ ਲੋੜ ਹੈ ਇਸ ਦੀ ਠੀਕ ਤਰੀਕੇ ਨਾਲ ਸਾਂਭ ਸੰਭਾਲ ਕੀਤੀ ਜਾਵੇ। ਬਹੁਤ ਸਾਰੇ ਸੇਵਾਦਾਰਾਂ ਦੀ ਲੋੜ ਹੈ ਜੋ ਵੱਖੋ-ਵੱਖਰੇ ਕੰਮਾਂ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਤਾਂ ਜੋ ਰਹਿੰਦੇ ਕੰਮਾਂ ਨੂੰ ਮੁਕੰਮਲ ਕੀਤਾ ਜਾ ਸਕੇ। ਗੁਰੂ ਘਰ ਨੂੰ ਮਾਇਆ ਦੀ ਲੋੜ ਹੈ ਤਾਂ ਕਿ ਤਕਰੀਬਕ 300,000 ਡਾਲਰ ਦੇ ਰਹਿੰਦੇ ਬਿੱਲ ਦਿੱਤੇ ਜਾ ਸਕਣ। ਜਿਵੇਂ ਕਿ ਆਪ ਜੀ ਨੂੰ ਪਹਿਲਾਂ ਵੀ ਕਈ ਵਾਰ ਬੇਨਤੀ ਕੀਤੀ ਗਈ ਹੈ ਅਤੇ ਹੁਣ ਵੀ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਇਹ ਇੱਕ ਬਹੁਤ ਵੱਡਾ ਪ੍ਰਾਜੈਕਟ ਹੈ, ਆਪਾਂ ਸਾਰੇ ਰਲ ਮਿਲ ਕੇ ਸੇਵਾ ਕਰੀਏ ਅਤੇ ਆਪੋ ਆਪਣੇ ਵਿਤ ਅਨੁਸਾਰ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ।

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

**3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com**

# ਦਿੱਲੀ ਪੁਲਿਸ ਵੱਲੋਂ ਹਵਾਰਾ ਤੇ ਭਿਉਰਾ ਦੇ ਰਿਸ਼ਤੇਦਾਰਾਂ ਨਾਲ ਬਦਸਲੂਕੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋ ਦੋਸ਼ੀਆਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਉਰਾ ਦੇ ਵਕੀਲਾਂ ਦਾ ਦਿੱਲੀ ਪੁਲੀਸ ਨਾਲ ਭਰੀ ਅਦਾਲਤ ਵਿਚ ਤਕਰਾਰ ਹੋਇਆ। ਦਿੱਲੀ ਪੁਲੀਸ ਨੇ ਮੁਲਜ਼ਮਾਂ ਦੀ ਰਿਸ਼ਤੇਦਾਰਾਂ ਨਾਲ ਮੁਲਾਕਾਤ ਨੂੰ ਲੈ ਕੇ ਰਿਸ਼ਤੇਦਾਰਾਂ ਨਾਲ ਬਦਸਲੂਕੀ ਵੀ ਕੀਤੀ।

ਯੂ.ਟੀ. ਚੰਡੀਗੜ੍ਹ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਬੀਰ ਸਿੰਘ ਨੇ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਦਿੱਲੀ ਪੁਲੀਸ ਦੇ ਡਿਪਟੀ ਕਮਿਸ਼ਨਰ (ਡੀ.ਸੀ.ਪੀ.) ਐਮ.ਐਸ. ਰਾਠੀ ਨੂੰ ਅਨੁਸ਼ਾਸਨ ਵਿਚ ਰਹਿਣ ਦੀ ਤਾੜਨਾ ਕੀਤੀ। ਅਦਾਲਤ ਦੀ ਸੁਣਵਾਈ ਪਿੱਛੋਂ ਬੁੜੈਲ ਜੇਲ੍ਹ ਕੇਸ ਦੇ ਮੁਲਜ਼ਮ ਜਗਤਾਰ ਸਿੰਘ ਹਵਾਰਾ ਦੇ ਰਿਸ਼ਤੇਦਾਰਾਂ ਨੇ ਦਿੱਲੀ ਪੁਲੀਸ ਦੀ ਬਦਸਲੂਕੀ ਉਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਰਿਸ਼ਤੇਦਾਰ ਤਿਹਾੜ ਜੇਲ੍ਹ ਵਿਚ ਵੀ ਸੁਰੱਖਿਅਤ ਨਹੀਂ ਹਨ। ਬਚਾਅ ਪੱਖ ਦੇ ਵਕੀਲ ਅਰਵਿੰਦ ਠਾਕੁਰ ਨੇ ਕਿਹਾ ਕਿ ਮੁਲਾਕਾਤ ਦੌਰਾਨ ਹਵਾਰਾ ਤੇ ਭਿਉਰਾ ਨੇ ਦੱਸਿਆ ਕਿ ਉਨ੍ਹਾਂ ਦੀ ਸਿਹਤ ਠੀਕ ਨਹੀਂ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਇਲਾਜ ਦੀ ਸਹੂਲਤ ਨਹੀਂ ਦਿੱਤੀ ਜਾ ਰਹੀ।

### ਤਿਹਾੜ ਜੇਲ੍ਹ 'ਚ ਨਹੀਂ ਮਿਲ ਰਹੀ ਇਲਾਜ ਦੀ ਸਹੂਲਤ


ਜਗਤਾਰ ਸਿੰਘ ਹਵਾਰਾ


ਪਰਮਜੀਤ ਸਿੰਘ ਭਿਉਰਾ

ਮਿਲੀ ਜਾਣਕਾਰੀ ਅਨੁਸਾਰ 8 ਜੂਨ ਨੂੰ ਦਿੱਲੀ ਪੁਲੀਸ ਵੱਲੋਂ ਜੇਲ੍ਹ ਬਰੇਕ ਕੇਸ ਵਿਚ ਦੋਵੇਂ ਮੁਲਜ਼ਮਾਂ ਨੂੰ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਪੇਸ਼ੀ ਦੌਰਾਨ ਬਚਾਅ ਪੱਖ ਦੇ ਵਕੀਲਾਂ ਦਾ ਦਿੱਲੀ ਪੁਲਿਸ ਨਾਲ ਉਸ ਸਮੇਂ ਤਕਰਾਰ ਸ਼ੁਰੂ ਹੋ ਗਿਆ ਜਦੋਂ ਅਦਾਲਤ ਦੇ ਕਮਰੇ ਦੇ ਬਾਹਰ ਡੀ.ਸੀ.ਪੀ. ਨੇ ਤਲਾਸ਼ੀ ਲਈ ਰੋਕਣਾ ਸ਼ੁਰੂ ਕਰ ਦਿੱਤਾ। ਇਸ ਤੋਂ ਅੱਗੇ ਦੋਹਾਂ ਧਿਰਾਂ ਦਰਮਿਆਨ ਭਰੀ ਅਦਾਲਤ ਵਿਚ ਉਦੋਂ ਤਕਰਾਰ ਹੋਇਆ ਜਦੋਂ ਡੀ.ਸੀ.ਪੀ. ਨੇ ਮੁਲਜ਼ਮਾਂ ਨਾਲ ਵਕੀਲਾਂ ਨੂੰ ਗੱਲਬਾਤ ਤੋਂ ਰੋਕਦਿਆਂ ਉਨ੍ਹਾਂ ਤੋਂ ਪ੍ਰੈਕਟਿਸ ਲਾਇਸੈਂਸ ਮੰਗ ਲਏ। ਬਚਾਅ ਪੱਖ ਦੇ ਵਕੀਲਾਂ ਅਮਰ ਸਿੰਘ ਚਾਹਲ ਤੇ ਅਰਵਿੰਦ ਠਾਕੁਰ ਨੇ ਇਸ ਦਾ ਵਿਰੋਧ ਕਰਦਿਆਂ ਜੱਜ ਜਸਬੀਰ ਸਿੰਘ ਕੋਲ ਸ਼ਿਕਾਇਤ ਕੀਤੀ।

ਕੇਸ ਦੀ ਸੁਣਵਾਈ ਕਰ ਰਹੇ ਜੱਜ ਨੇ ਦਿੱਲੀ ਪੁਲੀਸ ਦੇ ਡੀ.ਸੀ.ਪੀ. ਨੂੰ ਭਵਿੱਖ ਵਿਚ ਅਦਾਲਤ ਦੇ ਕਮਰੇ ਵਿਚ ਜ਼ਾਬਤੇ ਵਿਚ ਰਹਿਣ ਦੀ ਚਿਤਾਵਨੀ ਦੇ ਕੇ ਛੱਡ ਦਿੱਤਾ ਹੈ। ਅਦਾਲਤ ਵੱਲੋਂ ਕੇਸ ਦੀ ਅਗਲੀ ਸੁਣਵਾਈ ਲਈ 4 ਅਗਸਤ ਦੀ ਤਾਰੀਖ਼ ਮੁਕੱਰਰ ਕੀਤੀ ਗਈ ਹੈ। ਇਸੇ ਦੌਰਾਨ ਬਚਾਅ ਪੱਖ ਦੇ ਵਕੀਲ ਅਰਵਿੰਦ ਠਾਕੁਰ ਨੇ ਕਿਹਾ ਹੈ ਕਿ ਉਹ ਦਿੱਲੀ ਪੁਲੀਸ ਦੇ ਮੁਖੀ ਤੇ ਕੇਂਦਰੀ ਗ੍ਰਹਿ ਵਿਭਾਗ ਕੋਲ ਡੀ.ਸੀ.ਪੀ. ਰਾਠੀ ਦੇ ਮਾੜੇ ਵਿਹਾਰ ਦੀ ਸ਼ਕਾਇਤ ਕਰਨਗੇ। ਉਸ ਨੇ ਦੱਸਿਆ ਕਿ ਕੇਸ ਦੇ ਮੁਲਜ਼ਮਾਂ ਨੇ ਅਦਾਲਤ ਦੇ ਕਮਰੇ ਵਿਚਲੀ ਮੁਲਾਕਾਤ ਦੌਰਾਨ ਦੋਸ਼ ਲਾਇਆ ਹੈ ਕਿ ਉਨ੍ਹਾਂ ਨਾਲ ਤਿਹਾੜ ਜੇਲ੍ਹ 'ਚ ਵਿਤਕਰਾ ਕੀਤਾ ਜਾ ਰਿਹਾ ਹੈ।

ਉਸ ਨੇ ਦੱਸਿਆ ਕਿ ਹਵਾਰਾ ਨੇ ਕਿਹਾ ਕਿ ਉਸ ਦੀ ਬਿਮਾਰੀ ਦਾ ਇਲਾਜ ਨਹੀਂ ਕਰਾਇਆ ਜਾ ਰਿਹਾ। ਉਨ੍ਹਾਂ ਮੁਤਾਬਕ ਹਵਾਰਾ ਦਾ ਕਹਿਣਾ ਸੀ ਕਿ ਉਸ ਦਾ ਚੰਡੀਗੜ੍ਹ ਵਿਚ ਕੁਝ ਸਮਾਂ ਪਹਿਲਾਂ ਅਪਰੇਸ਼ਨ ਹੋਇਆ ਸੀ। ਇਸ ਇਲਾਜ ਦੀ ਫਾਈਲ ਚੰਡੀਗੜ੍ਹ ਪ੍ਰਸ਼ਾਸਨ ਕੋਲ ਹੈ। ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਦਿੱਲੀ ਪੁਲੀਸ ਨੂੰ ਬਿਮਾਰੀ ਦਾ ਰਿਕਾਰਡ ਨਾ ਭੇਜੇ ਜਾਣ ਕਰਕੇ ਉਸ ਨੂੰ ਇਲਾਜ ਤੋਂ ਨਾ ਕੀਤੀ ਜਾ ਰਹੀ ਹੈ। ਦੋਵੇਂ ਮੁਲਜ਼ਮਾਂ ਨੂੰ ਬੇਅੰਤ ਸਿੰਘ ਕਤਲ ਕੇਸ ਵਿਚ ਸਜ਼ਾ ਸੁਣਾਈ ਜਾ ਚੁੱਕੀ ਹੈ ਜਦੋਂਕਿ ਬੁੜੈਲ ਜੇਲ੍ਹ ਕੇਸ ਦੀ ਸੁਣਵਾਈ ਅਜੇ ਜਾਰੀ ਹੈ। ਬੇਅੰਤ ਸਿੰਘ ਕੇਸ ਦੇ ਫੈਸਲੇ ਤਕ ਦੋਵੇਂ ਮੁਲਜ਼ਮ ਮਾਡਲ ਜੇਲ੍ਹ ਬੁੜੈਲ ਵਿਚ ਦੂਜੇ ਸੱਤ ਸਾਥੀਆਂ ਸਮੇਤ ਬੰਦ ਰਹੇ ਪਰ ਪਿਛੇ ਜਿਹੇ ਉਨ੍ਹਾਂ ਨੂੰ ਤਿਹਾੜ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ।

## ਸਾਕਾ ਨੀਲਾ ਤਾਰਾ ਦੀ ਯਾਦਗਾਰ ਬਾਰੇ ਪੰਜ ਮੈਂਬਰੀ ਕਮੇਟੀ ਕਾਇਮ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ ਬਣਾਈ ਜਾਣ ਵਾਲੀ ਯਾਦਗਾਰ ਦੀ ਰੂਪ-ਰੇਖਾ ਤਿਆਰ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਪੰਜ ਮੈਂਬਰੀ ਕਮੇਟੀ ਕਾਇਮ ਕਰ ਦਿੱਤੀ ਹੈ ਜੋ ਦੋ ਮਹੀਨਿਆਂ ਵਿਚ ਆਪਣੀ ਰਿਪੋਰਟ ਦੇਵੇਗੀ। ਇਸ ਰਿਪੋਰਟ ਦੇ ਆਧਾਰ 'ਤੇ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਪੰਜ ਮੈਂਬਰੀ ਕਮੇਟੀ ਵਿਚ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਪ੍ਰੋ-ਉਪ ਕੁਲਪਤੀ ਪ੍ਰਿਥੀਪਾਲ ਸਿੰਘ ਕਪੂਰ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਤੇ ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ ਨੂੰ ਸ਼ਾਮਲ ਕੀਤਾ ਗਿਆ ਹੈ। ਕਮੇਟੀ ਦੋ ਮਹੀਨਿਆਂ ਦੌਰਾਨ ਸ਼ਹੀਦੀ ਯਾਦਗਾਰ ਦੀ ਥਾਂ, ਅਕਾਰ ਤੇ ਰੂਪ ਆਦਿ ਬਾਰੇ ਆਪਣੀ ਰਿਪੋਰਟ ਤਿਆਰ ਕਰੇਗੀ ਤੇ ਸ਼੍ਰੋਮਣੀ ਕਮੇਟੀ ਨੂੰ ਸੌਂਪੇਗੀ। ਇਸ ਨੂੰ ਆਧਾਰ ਬਣਾ ਕੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਬਾਰੇ ਅਗਲੀ ਕਾਰਵਾਈ ਅਰੰਭ ਹੋਵੇਗੀ।

ਦੱਸਣਯੋਗ ਹੈ ਕਿ ਸਾਕਾ ਨੀਲਾ ਤਾਰਾ ਦੀ 27ਵੀਂ ਵਰ੍ਹੇਗੰਢ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਦੋ ਦਿਨਾਂ ਵਿਚ ਪੰਜ ਮੈਂਬਰੀ ਕਮੇਟੀ ਦਾ ਗਠਨ ਕਰਨ ਦਾ ਐਲਾਨ ਕੀਤਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਪ੍ਰੋ. ਦਵਿੰਦਰ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਦੀ ਮੁਆਫੀ ਲਈ ਅਰੰਭੇ ਯਤਨਾਂ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਬਣਾਈ ਪੰਜ ਮੈਂਬਰੀ ਕਮੇਟੀ ਨੇ ਦਿੱਲੀ ਵਿਖੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲਾਂ ਨਾਲ ਸੰਪਰਕ ਕਰਕੇ ਇਕ ਰਹਿਮ ਅਪੀਲ ਦਾ ਖਰੜਾ ਤਿਆਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਹ ਕਮੇਟੀ ਕੁਝ ਹੋਰ ਕਾਨੂੰਨੀ ਮਾਹਰਾਂ ਨਾਲ ਰਾਇ ਕਰ ਰਹੀ ਹੈ ਕਿ ਇਹ ਰਹਿਮ ਅਪੀਲ ਸ਼੍ਰੋਮਣੀ ਕਮੇਟੀ ਜਾਂ ਪ੍ਰੋ. ਭੁੱਲਰ ਦੀ ਮਾਤਾ ਵਿਚੋਂ ਕਿਸ ਵੱਲੋਂ ਦਾਇਰ ਕੀਤੀ ਜਾਵੇ। ਇਹ ਵੀ ਰਾਏ ਕੀਤੀ ਜਾ ਰਹੀ ਹੈ ਕਿ ਇਹ ਅਪੀਲ ਰਾਸ਼ਟਰਪਤੀ ਕੋਲ ਦਾਇਰ ਕੀਤੀ ਜਾਵੇ ਜਾਂ ਸੁਪਰੀਮ ਕੋਰਟ ਵਿਚ।

ਉਨ੍ਹਾਂ ਦੱਸਿਆ ਕਿ ਕਾਨੂੰਨੀ ਰਾਏ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਰਾਸ਼ਟਰਪਤੀ ਨੂੰ ਰਹਿਮ ਅਪੀਲ ਖਾਰਜ ਕਰਨ ਦੇ ਆਪਣੇ ਪਹਿਲੇ ਫ਼ੈਸਲੇ ਦੀ ਨਜ਼ਰਸਾਨੀ ਲਈ ਅਪੀਲ ਕੀਤੀ ਜਾ ਸਕਦੀ ਹੈ। ਇਸੇ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁਪਰੀਮ ਕੋਰਟ ਵਿਚ ਦਾਇਰ ਇਕ ਪਟੀਸ਼ਨ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਰਾਹ ਵਿਚ ਕਿਸੇ ਤਰ੍ਹਾਂ ਦਾ ਅੜਿੱਕਾ ਨਹੀਂ ਬਣੇਗੀ ਸਗੋਂ ਦਿੱਲੀ ਕਮੇਟੀ ਨੂੰ ਲੋੜ ਅਨੁਸਾਰ ਸਹਿਯੋਗ ਦੇਵੇਗੀ।


## ਸਰਬਜੀਤ ਸਿੰਘ ਦੀ ਮੁਆਫ਼ੀ ਖ਼ਿਲਾਫ਼ ਪਟੀਸ਼ਨ ਦਾਇਰ

**ਇਸਲਾਮਾਬਾਦ:** ਲਾਹੌਰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਗਈ ਹੈ ਕਿ ਬੰਬ ਧਮਾਕਿਆਂ ਸਬੰਧੀ ਸਜ਼ਾ-ਏ-ਮੌਤ ਦਾ ਸਾਹਮਣਾ ਕਰ ਰਹੇ ਭਾਰਤੀ ਸ਼ਹਿਰੀ ਸਰਬਜੀਤ ਸਿੰਘ ਨੂੰ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਵੱਲੋਂ ਮੁਆਫ਼ੀ ਨਾ ਦਿੱਤੀ ਜਾਵੇ। ਇਹ ਪਟੀਸ਼ਨ ਰਾਣਾ ਇਲਾਮੁਦੀਨ ਗਾਜ਼ੀ ਨਾਮੀ ਵਿਅਕਤੀ ਨੇ ਦਾਇਰ ਕੀਤੀ ਹੈ। ਪਟੀਸ਼ਨਰ ਨੇ ਦਾਅਵਾ ਕੀਤਾ ਕਿ ਜੇ ਦੋਸ਼ੀ ਨੂੰ ਸੰਵਿਧਾਨ ਦੀ ਧਾਰਾ 45 ਤਹਿਤ ਰਾਸ਼ਟਰਪਤੀ ਵੱਲੋਂ ਮੁਆਫ਼ੀ ਦਿੱਤੀ ਜਾਂਦੀ ਹੈ ਤਾਂ ਇਹ ਕੁਰਾਨ ਤੇ ਸੁੰਨ੍ਹਾ (ਇਸਲਾਮੀ ਰਹਿਤ ਮਰਿਆਦਾ) ਦੀ ਖ਼ਿਲਾਫ਼ਵਰਜ਼ੀ ਹੋਵੇਗੀ

ਉਨ੍ਹਾਂ ਕਿਹਾ ਕਿ ਇਸਲਾਮ ਮੁਤਾਬਕ ਕਿਸੇ ਕਾਤਲ ਨੂੰ ਸਿਰਫ਼ ਮਕਤੂਲ ਦੇ ਵਾਰਸ ਜਾਂ ਪਰਿਵਾਰਕ ਮੈਂਬਰ ਹੀ ਮੁਆਫ਼ ਕਰਨ ਦੇ ਹੱਕਦਾਰ ਹਨ। ਪਟੀਸ਼ਨਰ ਨੇ ਕਿਹਾ ਕਿ ਇਸਲਾਮ ਦੀਆਂ ਸਿੱਖਿਆਵਾਂ ਮੰਗ ਕਰਦੀਆਂ ਹਨ ਕਿ ਸੰਵਿਧਾਨ ਦੀ ਧਾਰਾ 45 ਨੂੰ ਕੁਰਾਨ ਤੇ ਸੁੰਨ੍ਹਾ ਵਿਰੋਧੀ ਕਰਾਰ ਦੇ ਕੇ ਸੰਵਿਧਾਨ ਵਿਚੋਂ ਖ਼ਾਰਜ ਕਰ ਦਿੱਤਾ ਜਾਵੇ। ਪਟੀਸ਼ਨਰ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਦੌਰੇ ਉੱਤੇ ਆਈ ਹੋਈ ਸਰਬਜੀਤ ਸਿੰਘ ਦੀ ਭੈਣ ਦਲਬੀਰ ਕੌਰ ਵੱਲੋਂ ਆਪਣੇ ਭਰਾ ਨੂੰ ਮੁਆਫ਼ੀ ਦਿਵਾਉਣ ਲਈ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੀ ਹਮਦਰਦੀ ਹਾਸਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਟੀਸ਼ਨ ਵਿਚ ਰਾਸ਼ਟਰਪਤੀ, ਪੰਜਾਬ ਦੇ ਗ੍ਰਹਿ ਵਿਕਾਸ ਤੇ ਕੋਟਲਖਪਤ ਜੇਲ੍ਹ ਜਿੱਥੇ ਸਰਬਜੀਤ ਬੰਦ ਹੈ, ਦੇ ਸੁਪਰਡੈਂਟ ਨੂੰ ਵੀ ਧਿਰ ਬਣਾਇਆ ਗਿਆ ਹੈ। ਗੌਰਤਲਬ ਹੈ ਕਿ ਪਾਕਿਸਤਾਨ ਵਿਚ 1990 ਵਿਚ ਹੋਏ ਚਾਰ ਬੰਬ ਧਮਾਕਿਆਂ ਵਿਚ ਸ਼ਮੂਲੀਅਤ ਦੇ ਦੋਸ਼ ਹੇਠ ਸਜ਼ਾ-ਏ-ਮੌਤ ਸੁਣਾਈ ਗਈ ਸੀ। ਇਨ੍ਹਾਂ ਧਮਾਕਿਆਂ ਵਿਚ 14 ਵਿਅਕਤੀ ਮਾਰੇ ਗਏ ਸਨ।

## ਕੈਲੀਫੋਰਨੀਆ ਦੀਆਂ ਜੇਲ੍ਹਾਂ 'ਚ ਸਿੱਖ ਕੈਦੀ ਰੱਖ ਸਕਣਗੇ ਦਾੜ੍ਹੀ

**ਵਾਸ਼ਿੰਗਟਨ:** ਕੈਲੇਫੋਰਨੀਆ ਨੇ ਰਾਜ ਦੇ ਕੈਦੀਆਂ ਨੂੰ ਆਪਣੇ ਅਕੀਦੇ ਤਹਿਤ ਦਾੜ੍ਹੀ ਰੱਖਣ ਦੀ ਖੁੱਲ੍ਹ ਦੇ ਦਿੱਤੀ ਹੈ। ਸਿੱਖ ਕੁਲੀਸ਼ਨ ਨਾਂ ਦੀ ਜਥੇਬੰਦੀ ਨੇ ਨੇ ਇਕ ਸਿੱਖ ਕੈਦੀ ਸੁਖਜਿੰਦਰ ਸਿੰਘ ਬਸਰਾ ਵੱਲੋਂ ਕੈਲੇਫੋਰਨੀਆ ਸੁਧਾਰ ਤੇ ਪੁਨਰ-ਵਸੇਬਾ ਵਿਭਾਗ (ਸੀ.ਡੀ.ਸੀ.ਆਰ.) ਕੋਲ ਦਾਅਵਾ ਦਾਖਲ ਕੀਤਾ ਸੀ ਜਿਸ ਤੋਂ ਬਾਅਦ ਨੇਮਾਂ 'ਚ ਇਹ ਤਬਦੀਲੀ ਕੀਤੀ ਜਾ ਰਹੀ ਹੈ।




ਜਥੇਬੰਦੀ ਮੁਤਾਬਕ ਸਮਝੌਤੇ ਤਹਿਤ ਦਾੜ੍ਹੀ ਕਟਵਾਉਣ ਤੋਂ ਇਨਕਾਰ ਕਰਨ ਬਦਲੇ ਸ੍ਰੀ ਬਸਰਾ ਦਾ ਹੁਣ ਅਨੁਸ਼ਾਸਨੀ ਰਿਕਾਰਡ ਠੀਕ ਕੀਤਾ ਜਾਵੇਗਾ। ਉਂਜ ਸਾਊ ਵਿਹਾਰ ਕਰਨ ਵਾਲੇ ਬਸਰਾ 'ਤੇ ਦਾੜ੍ਹੀ ਕਟਵਾਉਣ ਤੋਂ ਇਨਕਾਰ ਕਰਨ 'ਤੇ ਕਈ ਵਾਰ ਅਨੁਸ਼ਾਸਨੀ ਪਾਬੰਦੀਆਂ ਲਗਾਈਆਂ ਗਈਆਂ ਸਨ। ਸਮਝੌਤੇ ਤਹਿਤ ਨਾ ਕੇਵਲ ਸਿੱਖਾਂ ਸਗੋਂ ਹੋਰ ਧਰਮਾਂ ਜਿਨ੍ਹਾਂ ਤਹਿਤ ਕੇਸ ਕਟਵਾਉਣ ਦੀ ਮਨਾਹੀ ਹੈ, ਦੇ ਪੈਰੋਕਾਰ ਵੀ ਦਾੜ੍ਹੀ ਰੱਖ ਸਕਣਗੇ। ਸੀ.ਡੀ.ਸੀ.ਆਰ. ਕੈਦੀਆਂ ਦੇ ਅੱਧਾ ਇੰਚ ਤੋਂ ਵੱਧ ਦਾੜ੍ਹੀ ਰੱਖਣ ਬਾਰੇ ਨੇਮ ਨੂੰ ਰੱਦ ਕਰੇਗਾ।

ਅਮਰੀਕੀ ਸ਼ਹਿਰੀ ਆਜ਼ਾਦੀਆਂ ਬਾਰੇ ਯੂਨੀਅਨ (ਏ.ਸੀ.ਐਲ.ਯੂ.) ਦੇ ਧਰਮ ਦੇ ਅਕੀਦੇ ਦੀ ਸੁਤੰਤਰਤਾ ਬਾਰੇ ਪ੍ਰੋਗਰਾਮ ਦੇ ਡਾਇਰੈਕਟਰ ਡੈਨੀਅਲ ਮੈਕ ਨੇ ਕਿਹਾ ਕਿ "ਬਸਰਾ ਸ਼ਾਂਤਮਈ ਆਪਣੇ ਧਰਮ ਦੀ ਪਾਲਣਾ ਕਰ ਰਿਹਾ ਸੀ ਤੇ ਜੇਲ੍ਹ ਦੀ ਵਸੋਂ ਦੀ ਸਿਹਤ ਜਾਂ ਸੁਰੱਖਿਆ ਲਈ ਕਿਸੇ ਤਰ੍ਹਾਂ ਦਾ ਕੋਈ ਖ਼ਤਰਾ ਪੈਦਾ ਨਹੀਂ ਕਰ ਰਿਹਾ ਸੀ।

ਸਿੱਖ ਕੁਲੀਸ਼ਨ ਦੀ ਲੀਗਲ ਡਾਇਰੈਕਟਰ ਹਰਸਿਮਰਨ ਕੌਰ ਨੇ ਕਿਹਾ ਕਿ "ਉਹ ਖ਼ੁਸ਼ ਹਨ ਕਿ ਸੀ.ਡੀ.ਸੀ.ਆਰ. ਨੇ ਜੇਲ੍ਹ ਦੀ ਚਾਰ-ਦੀਵਾਰੀ ਅੰਦਰ ਵੀ ਧਾਰਮਿਕ ਕਿਰਿਆ ਦੀ ਬੁਨਿਆਦੀ ਅਹਿਮੀਅਤ ਨੂੰ ਸਵੀਕਾਰ ਕੀਤਾ ਹੈ। ਇਹ ਜਿੱਤ ਧਾਰਮਿਕ ਆਜ਼ਾਦੀ ਦੇ ਉਸ ਅਸੂਲ ਨੂੰ ਰੇਖਾਂਕਤ ਕਰਦਾ ਹੈ ਜਿਸ 'ਤੇ ਇਸ ਦੇਸ਼ ਦੀ ਨੀਂਹ ਟਿਕੀ ਹੋਈ ਹੈ। ਸਰਕਾਰੀ ਦਖਲ ਤੋਂ ਪਰੇ ਕਿਸੇ ਦੇ ਧਰਮ ਦੀ ਪਾਲਣਾ ਦਾ ਹੱਕ ਸਿੱਖਾਂ ਜਿਹੀਆਂ ਧਾਰਮਿਕ ਘੱਟਗਿਣਤੀਆਂ ਸਮੇਤ ਹਰ ਇਕ 'ਤੇ ਲਾਗੂ ਹੁੰਦਾ ਹੈ।

# ਬਾਦਲ ਸਰਕਾਰ 'ਪ੍ਰੇਮੀ ਜੋੜਿਆਂ' ਦੇ ਹੱਕ ਵਿਚ ਡਟੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਰਾਜ ਵਿਚ ਇੱਜ਼ਤ ਲਈ ਕਤਲ ਦੀਆਂ ਘਟਨਾਵਾਂ ਰੋਕਣ ਲਈ ਸਖ਼ਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਨ੍ਹਾਂ ਨਵੇਂ ਦਿਸ਼ਾ-ਨਿਰਦੇਸ਼ ਦੀ ਸਖ਼ਤੀ ਨਾਲ ਪਾਲਣਾ ਲਈ ਰਾਜ ਦੇ ਸਮੂਹ ਜ਼ਿਲ੍ਹਾ ਮੈਜਿਸਟਰੇਟਾਂ, ਪੁਲੀਸ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਲਿਖਿਆ ਗਿਆ ਹੈ।

ਅੰਤਰਜਾਤੀ ਵਿਆਹ ਕਰਵਾਉਣ ਵਾਲੇ ਜੋੜਿਆਂ ਨੂੰ ਧਮਕੀ ਦੇਣ ਵਾਲੇ ਤੇ ਕਾਨੂੰਨ ਵਿਵਸਥਾ ਦੀ ਸਥਿਤੀ ਵਿਗਾੜਨ ਵਾਲੇ ਮਾਤਾ-ਪਿਤਾ/ਰਿਸ਼ਤੇਦਾਰਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਨਿਰਦੇਸ਼ ਦਿੱਤੇ ਗਏ ਹਨ ਤਾਂ ਜੋ ਨਵੇਂ ਵਿਆਹੇ ਜੋੜਿਆਂ ਨੂੰ ਜੇ ਜੀਵਨ ਤੇ ਸੰਪਤੀ ਸਬੰਧੀ ਖ਼ਤਰਾ ਮਹਿਸੂਸ ਹੋਵੇ ਤਾਂ ਉਨ੍ਹਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਜਾ ਸਕੇ। ਇਹ ਸੁਰੱਖਿਆ ਉਦੋਂ ਤੱਕ ਜਾਰੀ ਰੱਖੀ ਜਾਵੇ ਜਦੋਂ ਤੱਕ ਉਹ ਖ਼ੁਦ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਮਹਿਸੂਸ ਨਾ ਕਰਨ।

### ■ ਇੱਜ਼ਤ ਲਈ ਕਤਲ ਰੋਕਣ ਲਈ ਸਖ਼ਤ ਹਦਾਇਤਾਂ ਜਾਰੀ



ਸਰਕਾਰੀ ਬੁਲਾਰੇ ਨੇ ਦੱਸਿਆ ਕਿ ਅਜਿਹੇ ਜੋੜਿਆਂ ਨੂੰ ਉਨ੍ਹਾਂ ਦੇ ਵਿਆਹ ਤੋਂ 6 ਹਫਤਿਆਂ ਤੱਕ ਉਨ੍ਹਾਂ ਦੇ ਸੁਰੱਖਿਅਤ ਜੀਵਨ ਤੇ ਆਜ਼ਾਦੀ ਨਾਲ ਰਹਿਣ ਤੇ ਖਾਣ-ਪੀਣ ਦੀ ਵਿਵਸਥਾ ਮੁਹੱਈਆ ਕਰਵਾਉਣ ਲਈ ਸੁਰੱਖਿਆ ਕੇਂਦਰ ਵੀ ਕਾਇਮ ਕੀਤੇ ਗਏ ਹਨ। ਅਜਿਹੇ ਜੋੜਿਆਂ ਨੂੰ ਜ਼ਿਲ੍ਹਾ ਰਜਿਸਟਰਾਰ ਦੀ ਅਦਾਲਤ ਵਿਚ ਬਿਨੈ-ਪੱਤਰ ਦੇਣ 'ਤੇ ਸੁਰੱਖਿਆ ਮੁਹੱਈਆ ਕਰਵਾਈ ਜਾ ਸਕਦੀ ਹੈ ਤੇ ਉਚਿਤ ਸੁਰੱਖਿਆ ਮੁਹੱਈਆ ਕਰਵਾਉਣਾ ਸਬੰਧਤ ਕਮਿਸ਼ਨਰ/ਐਸ.ਪੀ./ਐਸ.ਐਸ.ਪੀ. ਯਕੀਨੀ ਬਣਾਉਣਗੇ। ਤਾਜ਼ਾ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਜਿਹੇ ਜੋੜਿਆਂ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਸ਼ਾਂਤੀ ਨਾਲ ਜੀਵਨ ਜੀਣ ਦੇਣ ਲਈ ਪੁਲੀਸ ਕਮਿਸ਼ਨਰ/ਐਸ.ਐਸ.ਪੀ. ਦਫਤਰਾਂ ਵਿਚ ਵਿਸ਼ੇਸ਼ ਮਸ਼ਵਰਾ ਸੈੱਲ ਬਣਾਏ ਜਾਣਗੇ।

ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਵਿਚ ਇਹ ਵੀ ਕਿਹਾ ਗਿਆ ਹੈ ਕਿ ਪ੍ਰੇਮੀ ਜੋੜੇ ਦੇ ਜੀਵਨ ਜੀਉਣ ਤੇ ਸੁਤੰਤਰਤਾ ਦੇ ਅਧਿਕਾਰ ਦਾ ਸਨਮਾਨ ਕੀਤਾ ਜਾਵੇ ਤੇ ਇਹ ਯਕੀਨੀ ਬਣਾਇਆ ਜਾਵੇ ਕਿ ਇਸ ਬਾਰੇ ਕਿਸੇ ਨੂੰ ਕਿਸੇ ਵੱਲੋਂ ਕੋਈ ਧਮਕੀ ਨਾ ਦਿੱਤੀ ਜਾਵੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਸਮਾਜਿਕ ਤਣਾਅ ਪੈਦਾ ਹੋਣ ਦਾ ਖ਼ਤਰਾ ਬਣ ਜਾਂਦਾ ਹੈ। ਅਜਿਹੇ ਬਾਲਗ ਪ੍ਰੇਮੀ ਜੋੜਿਆਂ ਦੇ ਖ਼ਿਲਾਫ਼ ਧਾਰਾ 363/366/373 ਦੇ ਅਧੀਨ ਮਾਤਾ-ਪਿਤਾ, ਰਿਸ਼ਤੇਦਾਰਾਂ ਵੱਲੋਂ ਝੂਠੇ ਕੇਸ ਨਾ ਰਜਿਸਟਰ ਕੀਤੇ ਜਾਣ ਪਰ ਨਾਬਾਲਿਗ ਜੋੜਿਆਂ ਦੇ ਮਾਮਲੇ ਵਿਚ ਪੁਲੀਸ ਸਖ਼ਤੀ ਨਾਲ ਕਾਰਵਾਈ ਕਰੇ। ਇਹ ਵੀ ਹਦਾਇਤ ਕੀਤੀ ਗਈ ਹੈ ਕਿ ਅਜਿਹੇ ਜੋੜਿਆਂ ਨੂੰ ਅਲੱਗ ਕਰਨ ਤੇ ਉਨ੍ਹਾਂ ਖ਼ਿਲਾਫ਼ ਹਿੰਸਕ ਕਾਰਵਾਈ ਕਰਨ ਦੀਆਂ ਧਮਕੀਆਂ ਦੇਣ ਦੀ ਪ੍ਰਵਿਰਤੀ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇ। ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਨਾਗਰਿਕਾਂ ਦੇ ਜਿਊਣ ਦਾ ਸਨਮਾਨ ਕਰਨਾ ਜ਼ਰੂਰੀ ਹੈ ਪਰ ਨਾਲ ਹੀ ਸੁਚੱਜੇ ਵਿਕਾਸ ਤੇ ਸਮਾਜਿਕ ਸਥਿਰਤਾ ਲਈ ਨੈਤਿਕਤਾ, ਕਾਨੂੰਨ, ਨਿਆਂ ਤੇ ਸਚਾਈ ਨੂੰ ਵੀ ਕਿਸੇ ਹਾਲਤ ਵਿਚ ਨਜ਼ਰਅੰਦਾਜ਼ ਨਾ ਕੀਤਾ ਜਾਵੇ।

ਉਂਜ ਸਾਰੇ ਵਿਆਹਾਂ ਦੀ ਜ਼ਰੂਰੀ ਤੌਰ 'ਤੇ ਰਜਿਸਟਰੇਸ਼ਨ ਕਰਵਾਉਣ ਦਾ ਮਾਮਲਾ ਸਰਕਾਰ ਦੇ ਵਿਚਾਰਅਧੀਨ ਹੈ। ਇਹ ਜ਼ਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਿਵਲ ਰਿੱਟ ਪਟੀਸ਼ਨ ਆਸ਼ਾ ਬਨਾਮ ਹਰਿਆਣਾ ਸਰਕਾਰ ਤੇ ਹੋਰਾਂ ਹੋਰ ਅਣਖ਼ ਖ਼ਾਤਰ ਕਤਲ ਮਾਮਲਿਆਂ ਵਿਚ ਜਾਤੀ ਨਿਰਦੇਸ਼ਾਂ ਅਨੁਸਾਰ ਇਹ ਤਾਜ਼ਾ ਨਿਰਦੇਸ਼ ਜਾਰੀ ਕੀਤੇ ਹਨ।

FARMERS INSURANCE GROUP
Symbol of Superior Service
FARMERS®

Now at new location: 2774 Aborn Road , San Jose, CA 95121

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

*Auto *Home *Life *Business
*Workers Compensation

Call for consultation
Ph: 408-771-2438
*408-580-6063, 408-687-7566*
Fax: 408-273-6001
ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ

If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*



Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

Gurbans Gill 209-815-1869

ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ
19 ਜੂਨ 2011 ਦਿਨ ਐਤਵਾਰ
ਗੁਰਦੁਆਰਾ ਸਾਹਿਬ, ਫੇਅਰ ਫੀਲਡ
ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ, ਬੇਕਰਜ਼ਫੀਲਡ
ਗੁਰਦੁਆਰਾ ਸਾਹਿਬ ਪਲਾਂਜ ਰੋਡ, ਬੇਕਰਜ਼ਫੀਲਡ
ਗੁਰਦੁਆਰਾ ਸਾਹਿਬ ਵਿਲਸਨ ਰੋਡ, ਬੇਕਰਜ਼ਫੀਲਡ

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*

ਇੰਟਰਨੈਟ ਰੇਡੀਓ $ 140 ਵਾਲਾ ਹੁਣ $ 99 ਨੂੰ
(ਇਸ ਉਪਰ 15000 ਤੋਂ ਵੱਧ ਤੇ ਸਾਰੀ ਦੁਨੀਆਂ ਦੇ ਪੰਜਾਬੀ ਸਟੇਸ਼ਨ ਸੁਣ ਸਕਦੇ ਹੋ)
ਛੋਟੇ ਰੇਡੀਓ ਦੀ ਕੀਮਤ $ 25
ਵੱਡੇ ਰੇਡੀਓ ਦੀ ਕੀਮਤ $ 35

PUNJABI RADIO USA
ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
I-Phone ਤੇ Android Application
ਤੁਸੀਂ ਕਿਸੇ ਸਮੇਂ ਵੀ
ਮੁਫ਼ਤ ਡਾਊਨਲੋਡ
ਕਰ ਸਕਦੇ ਹੋ।

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਵਜੇ ਤੋਂ 9 ਵਜੇ ਤੱਕ ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸਵੇਰੇ 9.20 ਤੋਂ 10 ਵਜੇ ਤੱਕ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਸਵੇਰੇ 10 ਤੋਂ 11 ਵਜੇ ਤੱਕ ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ਨੀਵਾਰ)
- ਸਵੇਰੇ 11.30 ਤੋਂ ਦੁਪਹਿਰ 1 ਵਜੇ ਤੱਕ 'ਬੋਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ਨੀਵਾਰ)
- 1 ਵਜੇ ਤੋਂ 2 ਵਜੇ ਤੱਕ ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- 2 ਵਜੇ ਤੋਂ 3 ਵਜੇ ਤੱਕ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ, ਸ਼ੁੱਕਰਵਾਰ), ਕਵੀ ਦਰਬਾਰ (ਸ਼ਨੀਵਾਰ)
- ਸੋਮਵਾਰ ਨੂੰ Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਪ੍ਰਮਿੰਦਰ ਟਿਵਾਣਾ)
- ਬੁਧਵਾਰ ਨੂੰ ਵਿਦਿਆ ਵਿਚਾਰੀ ਤਾਂ ਪਰਉਪਕਾਰੀ
- ਵੀਰਵਾਰ ਨੂੰ Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਅਤੇ ਸਿਮਰ)
- 3 ਵਜੇ ਤੋਂ 4 ਵਜੇ ਤੱਕ (ਸੋਮਵਾਰ ਤੋਂ ਵੀਰਵਾਰ) ਪ੍ਰੋਗਰਾਮ 'ਗੀਤਾਂ ਦਾ ਗੁਲਦਸਤਾ' (ਨਵੇਂ ਪੰਜਾਬੀ ਗੀਤ), ਸ਼ੁੱਕਰਵਾਰ : ਦੇਸੋਂ ਪਰਦੇਸ (ਪਾਲ ਧਾਲੀਵਾਲ)
- ਸ਼ਨੀਵਾਰ : ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ (ਦਿਲਪ੍ਰੀਤ ਖ਼ਾਲਸਾ ਤੇ ਮਨਪ੍ਰੀਤ ਕਾਲਰਾ)
- 4 ਵਜੇ ਤੋਂ 6 ਵਜੇ ਤੱਕ ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ' (ਗੁਰਜਸਪਾਲ ਸਿੰਘ, ਰਾਜਕਰਨਬੀਰ ਸਿੰਘ, ਨਵਜੋਤ ਸਿੰਘ ਤੇ ਹਰਵਿੰਦਰ ਸਿੰਘ ਕੰਗ)
- ਐਤਵਾਰ : 'ਲਹਿਰੋਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 6 ਵਜੇ ਤੋਂ 7.55 ਤੱਕ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)

ਖ਼ਬਰਾਂ ਤਾਜ਼ੀਆਂ (ਛੇ ਵਾਰ ਹਰ ਰੋਜ਼)
09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
02.05 : ਯੂਐਸਏ ਤੋਂ ਇੰਦਰਮਾਨ ਸਿੰਘ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
10.05 : ਯੂਐਸਏ ਤੋਂ ਇੰਦਰਮਾਨ ਸਿੰਘ

- ਰਾਤ 8 ਤੋਂ 9 ਵਜੇ ਤੱਕ :
ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ)
ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ) • ਸ਼ਨੀਵਾਰ : ਇਕ ਖ਼ਾਸ ਮੁਲਾਕਾਤ (ਹਰਵਿੰਦਰ ਸਿੰਘ ਕੰਗ) • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਰਾਤ 9 ਤੋਂ 10 ਵਜੇ ਤੱਕ :
ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : 'ਖ਼ਬਰਾਂ ਦੀ ਭੰਨਤੋੜ' (ਨਵਜੋਤ ਸਿੰਘ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
ਵੀਰਵਾਰ : ਕੰਪਿਊਟਰ ਡਾਕਟਰ (ਹਰਵਿੰਦਰ ਸਿੰਘ ਕੰਗ, ਰਾਜਕਰਨਬੀਰ ਸਿੰਘ ਤੇ ਨਵਜੋਤ ਸਿੰਘ) • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ •
ਸ਼ਨੀਵਾਰ : 'ਖਿਆਲ ਆਪੋ ਆਪਣਾ' (ਪੰਜਾਬੀ ਰੇਡੀਓ ਟੀਮ) • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਦਿਲਪ੍ਰੀਤ ਸਿੰਘ ਖਾਲਸਾ)
- ਰਾਤ 10 ਤੋਂ 11 ਵਜੇ ਤੱਕ : ਡੀ ਜੇ ਹਿੱਟਸ (ਡੀ ਜੇ ਮੱਲ੍ਹੀ ਤੇ ਡੀ ਜੇ ਜੀਤ) • ਰਾਤ 10 ਤੋਂ 11, ਸਵੇਰੇ 4 ਵਜੇ ਤੱਕ : Repeat Programs ਤੇ ਗੀਤ

ਹੋਰ ਜਾਣਕਾਰੀ ਲਈ 408.722.7698
Listen LIVE
www.punjabiradiousa.com
Email: info@punjabiradiousa.com
3750 McKee Road, # B, San Jose CA 95127

# ਪ੍ਰੋ. ਭੁੱਲਰ ਦੀ ਸਿਹਤਯਾਬੀ ਲਈ ਅਰਦਾਸ


ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੀ ਅਰਦਾਸ ਵਿਚ ਪੁੱਜੀ ਦਵਿੰਦਰਪਾਲ ਸਿੰਘ ਭੁੱਲਰ ਦੀ ਮਾਂ ਉਪਕਾਰ ਕੌਰ।

## ਸਰਬੱਤ ਦੀ ਇਮਦਾਦ ਵੱਲ ਤੁਰਨ ਦਾ ਵੇਲਾ

*ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਤੁੜਵਾਉਣ ਲਈ ਚਲਾਈ ਮੁਹਿੰਮ ਪੂਰੀ ਤਰ੍ਹਾਂ ਭਖ਼ ਗਈ ਹੈ। ਇਹ ਮੁਹਿੰਮ ਚਲਾਉਣ ਵਿਚ ਪੰਥਕ ਜਥੇਬੰਦੀਆਂ ਭਾਵੇਂ ਬਹੁਤ ਪਛੜ ਗਈਆਂ ਹਨ ਪਰ ਹੁਣ ਜਿਸ ਤਰ੍ਹਾਂ ਦਾ ਪਿੜ ਬੱਝਿਆ ਹੈ, ਅਤੇ ਜੋ ਸਵਾਲ ਸਭ ਦੇ ਸਾਹਮਣੇ ਆਏ ਹਨ; ਉਨ੍ਹਾਂ ਤੋਂ ਆਸ ਬੱਝਦੀ ਹੈ ਕਿ ਇਹ ਮੁੱਦਾ ਜ਼ਰੂਰ ਕਿਸੇ ਤਣ-ਪੱਤਣ ਲੱਗ ਸਕਦਾ ਹੈ। ਹੁਣ ਤਾਂ ਇਸ ਮੁਹਿੰਮ ਨੂੰ ਭਾਰਤ ਵਿਚੋਂ ਫਾਂਸੀ ਦੀ ਸਜ਼ਾ ਖ਼ਤਮ ਕਰਵਾਉਣ ਪਾਸੇ ਮੋੜ ਕੇ ਦੇਸ਼ ਦੇ ਵਡੇਰੇ ਹਿੱਸੇ ਦੀ ਹਮਾਇਤ ਜੁਟਾਉਣ ਲਈ ਜਤਨ ਕਰਨੇ ਚਾਹੀਦੇ ਹਨ। ਸਿੱਖੀ ਦਾ ਆਧਾਰ 'ਸਰਬੱਤ ਦਾ ਭਲਾ' ਹੈ ਅਤੇ ਹੁਣ ਸਰਬੱਤ ਦੀ ਹਮਾਇਤ ਜੁਟਾਉਣ ਲਈ ਜਤਨ ਕਰਨੇ ਹਰ ਸਿੱਖ ਦਾ ਫਰਜ਼ ਵੀ ਬਣਦਾ ਹੈ। ਫਸੇ ਹੋਏ ਗੱਡੇ ਸਾਂਝੇ ਜਤਨਾਂ ਨਾਲ ਹੈ ਕੱਢੇ ਜਾ ਸਕਦੇ ਹਨ। ਹੁਣ ਇਸ ਮੁਹਿੰਮ ਨੂੰ ਜ਼ਰਬ ਦੇਣ ਲਈ ਹੀਲੇ-ਵਸੀਲੇ ਕਰਨੇ ਮੁੱਢਲਾ ਕਾਰਜ ਮਿਥਣਾ ਚਾਹੀਦਾ ਹੈ। -ਸੰਪਾਦਕ*

# ਫ਼ਾਂਸੀ ਤੁੜਵਾਉਣ ਲਈ ਪੰਜਾਬ ਭਰ 'ਚ ਅਰਦਾਸ ਸਮਾਗਮ

**ਅੰਮ੍ਰਿਤਸਰ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਦੀ ਮੁਆਫੀ ਤੇ ਸਿਹਤਯਾਬੀ ਲਈ 11 ਜੂਨ ਨੂੰ ਪੰਜਾਬ ਭਰ 'ਚ ਅਰਦਾਸ ਸਮਾਗਮ ਕੀਤੇ ਗਏ। ਸ਼੍ਰੋਮਣੀ ਕਮੇਟੀ ਨੇ ਸਮੁੱਚੀ ਸਿੱਖ ਕੌਮ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਤੇ ਅਰਦਾਸ ਕੀਤੀ। ਇਸੇ ਤਰ੍ਹਾਂ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਖੇ ਵੀ ਸਿੱਖ ਭਾਈਚਾਰੇ ਵੱਲੋਂ ਪ੍ਰੋ. ਭੁੱਲਰ ਦੀ ਸਜ਼ਾ ਮੁਆਫੀ ਦੇ ਹੱਕ ਵਿਚ ਭਰਵੀਂ ਰੈਲੀ ਕੀਤੀ ਗਈ ਜਿਥੇ ਉਸ ਦੀ ਪਤਨੀ ਬੀਬੀ ਨਵਨੀਤ ਕੌਰ ਨੇ ਕੈਨੇਡਾ ਤੇ ਹੋਰ ਮੁਲਕਾਂ ਦੀਆਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਭਾਰਤ ਸਰਕਾਰ 'ਤੇ ਦਬਾਅ ਪਾ ਕੇ ਉਸ ਦੇ ਪਤੀ ਦੀ ਜਾਨ ਬਚਾਉਣ ਲਈ ਮਦਦ ਕਰਨ। ਇਸ ਦੌਰਾਨ ਇਥੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸਿੱਖ ਜਥੇਬੰਦੀਆਂ ਦਲ ਖਾਲਸਾ, ਸਿੱਖ ਯੂਥ ਆਫ ਪੰਜਾਬ ਤੇ ਅਕਾਲੀ ਦਲ ਪੰਚ ਪ੍ਰਧਾਨੀ ਵਲੋਂ ਅਰੰਭੀ ਦਸਤਖ਼ਤ ਮੁਹਿੰਮ ਦੌਰਾਨ ਸਿਰਫ ਤਿੰਨ ਘੰਟਿਆਂ ਵਿਚ 6800 ਲੋਕਾਂ ਨੇ ਦਸਤਖ਼ਤ ਕਰ ਕੇ ਰਾਸ਼ਟਰਪਤੀ ਨੂੰ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਦੀ ਅਪੀਲ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪ੍ਰੋ. ਭੁੱਲਰ ਦੀ ਸਜ਼ਾ-ਮੁਆਫ਼ੀ, ਰਿਹਾਈ ਤੇ ਸਿਹਤਯਾਬੀ ਬਾਰੇ ਅਰਦਾਸ ਸਮਾਗਮ ਸਮੇਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪ੍ਰੋ. ਭੁੱਲਰ ਦੀ ਸਜ਼ਾ-ਮੁਆਫ਼ੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਮੁੱਚੀ ਕੌਮ ਵੱਲੋਂ ਕੀਤੀ ਗਈ ਅਰਦਾਸ ਅਜਾਈਂ ਨਹੀਂ ਜਾਏਗੀ। ਇਸ ਮੌਕੇ ਉਨ੍ਹਾਂ ਸਮੁੱਚੀ ਕੌਮ ਨੂੰ ਪ੍ਰੋ. ਭੁੱਲਰ ਦੀ ਰਿਹਾਈ ਲਈ ਇਕੱਠਿਆਂ ਹੋ ਕੇ ਹੰਭਲਾ ਮਾਰਨ ਲਈ ਕਿਹਾ।

ਇਸ ਮੌਕੇ ਪ੍ਰੋ. ਭੁੱਲਰ ਦੀ ਮਾਤਾ ਬੀਬੀ ਉਪਕਾਰ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਸੁਮੱਚੀ ਕੌਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਉਨ੍ਹਾਂ ਦੇ ਪੁੱਤਰ (ਪ੍ਰੋ. ਭੁੱਲਰ) ਦੀ ਰਿਹਾਈ ਲਈ ਸਮੁੱਚੀ ਸਿੱਖ ਕੌਮ ਇਕਜੁੱਟ ਹੋ ਕੇ ਅਰਦਾਸ ਕਰ ਰਹੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪ੍ਰੋ. ਭੁੱਲਰ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਯਤਨ ਕੀਤਾ ਜਾਵੇਗਾ ਤੇ ਕੋਈ ਕਸਰ ਨਹੀਂ ਛੱਡੀ ਜਾਵੇਗੀ।

## ਸ਼੍ਰੋਮਣੀ ਕਮੇਟੀ ਭੁੱਲਰ ਦੇ ਹੱਕ 'ਚ ਨਿੱਤਰੀ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਦੀ ਅਪੀਲ ਰੱਦ ਹੋਣ ਖ਼ਿਲਾਫ਼ ਵਿਸ਼ਵ ਵਿਆਪੀ ਲੋਕ ਲਹਿਰ ਖੜ੍ਹੀ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਹਿਰ ਨੂੰ ਪਿੰਡ ਪੰਚਾਇਤ ਤੋਂ ਲੈ ਕੇ ਕੌਮਾਂਤਰੀ ਪੱਧਰ ਤਕ ਇਕ ਲੜੀ 'ਚ ਪਰੋਇਆ ਜਾਵੇਗਾ।

**ਵਿਸ਼ਵਵਿਆਪੀ ਲਹਿਰ ਖੜ੍ਹੀ ਕਰਨ ਦਾ ਐਲਾਨ**

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਅੰਤ੍ਰਿਗ ਕਮੇਟੀ ਦੀ ਮੀਟਿੰਗ ਪਿੱਛੋਂ ਐਲਾਨ ਕੀਤਾ ਕਿ 20 ਜੂਨ ਨੂੰ ਪੰਜਾਬ ਦੇ ਰਾਜਪਾਲ ਨੂੰ ਮੈਮੋਰੰਡਮ ਦਿੱਤਾ ਜਾਏਗਾ। ਕਮੇਟੀ ਦੇ ਮੈਂਬਰ ਦੂਜੇ ਹਮਾਇਤੀਆਂ ਸਮੇਤ ਗੁਰਦੁਆਰਾ ਅੰਬ ਸਾਹਿਬ ਮੁਹਾਲੀ ਤੋਂ ਜਲੂਸ ਦੀ ਸ਼ਕਲ 'ਚ ਰਾਜ ਭਵਨ ਤਕ ਜਾਣਗੇ। ਉਨ੍ਹਾਂ ਕਿਹਾ ਕਿ ਦੇਸ਼ ਦੀ ਰਾਸ਼ਟਰਪਤੀ ਤੋਂ ਮੁਲਾਕਾਤ ਲਈ ਵੀ ਸਮਾਂ ਮੰਗਿਆ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਪ੍ਰੋ. ਭੁੱਲਰ ਦੀ ਰਾਸ਼ਟਰਪਤੀ ਵੱਲੋਂ ਫਾਂਸੀ ਦੀ ਸਜ਼ਾ ਮੁਆਫੀ ਦੀ ਅਪੀਲ ਰੱਦ ਕਰਨ ਦਾ ਕੇਸ ਕਮੇਟੀ ਨੇ ਆਪਣੇ ਹੱਥ ਵਿਚ ਲੈ ਲਿਆ ਹੈ ਤੇ ਮੁੜ ਰਹਿਮ ਦੀ ਅਪੀਲ ਦਾਇਰ ਕਰਨ ਲਈ ਦੇਸ਼ ਭਰ ਦੇ ਨਾਮਵਰ ਵਕੀਲਾਂ ਦੀ ਸਹਾਇਤਾ ਲਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਕੇਸ ਵਿਚ ਭੁੱਲਰ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ ਉਸ ਕੇਸ ਦਾ ਮੁੱਖ ਦੋਸ਼ੀ ਬਰੀ ਕਰ ਦਿੱਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਅਨੇਕਾਂ ਹੋਰ ਕਤਲਾਂ ਦੇ ਕੇਸਾਂ ਵਿਚ ਸ਼ਾਮਲ ਦੋਸ਼ੀਆਂ ਨੂੰ ਏਡੀ ਸਖ਼ਤ ਸਜ਼ਾ ਨਹੀਂ ਦਿੱਤੀ ਗਈ ਜਦੋਂਕਿ ਪ੍ਰੋ. ਭੁੱਲਰ ਕੇਸ ਵਿਚ 133 ਗਵਾਹਾਂ ਦੇ ਗਵਾਹੀ ਤੋਂ ਮੁੱਕਰ ਜਾਣ 'ਤੇ ਵੀ ਉਸ ਨੂੰ ਫਾਂਸੀ ਦੀ ਸਜ਼ਾ ਕਰ ਦਿੱਤੀ ਗਈ ਹੈ।

## ਬਾਦਲ ਲਈ ਭੁੱਲਰ ਖ਼ਤਰਨਾਕ ਅਤਿਵਾਦੀ: ਭਾਈ ਰਣਜੀਤ ਸਿੰਘ

**ਬਟਾਲਾ :** ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਕਿਹਾ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਦੀ ਰਾਸ਼ਟਰਪਤੀ ਵੱਲੋਂ ਫਾਂਸੀ ਦੀ ਸਜ਼ਾ ਮੁਆਫ਼ ਕਰਨ ਲਈ ਜਿਥੇ ਹੁਣ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਗਰਮੱਛ ਦੇ ਅੱਥਰੂ ਵਹਾਉਂਦਿਆਂ ਢੰਡੋਰਾ ਪਿੱਟਿਆ ਜਾ ਰਿਹਾ ਹੈ, ਉਥੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰੋ. ਭੁੱਲਰ ਨੂੰ ਖ਼ਤਰਨਾਕ ਅਤਿਵਾਦੀ ਗਰਦਾਨਦਿਆ ਸੀ।ਹੁਣ ਸ. ਬਾਦਲ ਵੋਟਾਂ ਨੇੜੇ ਹੋਣ ਕਾਰਨ ਭੁੱਲਰ ਦੀ ਰਿਹਾਈ ਦੀ ਦੁਹਾਈ ਪਾ ਰਿਹਾ ਹੈ।

ਭਾਈ ਰਣਜੀਤ ਸਿੰਘ ਨੇ ਕਿਹਾ ਕਿ ਪ੍ਰੋ. ਭੁੱਲਰ ਨੇ ਤਿਹਾੜ ਤੋਂ ਪੰਜਾਬ ਦੀ ਜੇਲ੍ਹ ਵਿਚ ਆਉਣ ਦੀ ਇੱਛਾ ਜ਼ਾਹਰ ਕੀਤੀ ਸੀ ਪਰ ਮੁੱਖ ਮੰਤਰੀ ਨੇ ਉਸ ਨੂੰ ਖ਼ਤਰਨਾਕ ਅਤਿਵਾਦੀ ਕਹਿ ਕੇ ਪੰਜਾਬ ਲਿਆਉਣ ਤੋਂ ਰੋਕ ਦਿੱਤਾ ਤੇ ਪੁਲਿਸ ਅਫ਼ਸਰ ਸੁਮੇਧ ਸੈਣੀ ਦੀ ਲਿਖਤੀ ਪ੍ਰਸ਼ੰਸਾ ਕੀਤੀ ਸੀ।

# ਟੋਰਾਂਟੋ 'ਚ ਪ੍ਰੋ. ਭੁੱਲਰ ਦੀ ਸਜ਼ਾ ਮੁਆਫ਼ੀ ਲਈ ਮੁਜ਼ਾਹਰਾ

ਟੋਰਾਂਟੋ: ਭਾਰਤ ਸਰਕਾਰ ਵੱਲੋਂ ਕੈਨੇਡਾ ਵਿਚ ਕਰਵਾਈ ਗਈ 'ਪਰਵਾਸੀ ਭਾਰਤੀ ਦਿਵਸ ਕਨਵੈਨਸ਼ਨ' (ਪੀ.ਡੀ.ਬੀ. ਕੈਨੇਡਾ 2011) ਦੌਰਾਨ 'ਸਿੱਖਜ਼ ਫਾਰ ਜਸਟਿਸ' ਨਾਮੀ ਜਥੇਬੰਦੀ ਦੇ ਸੱਦੇ ਉਤੇ ਹਜ਼ਾਰਾਂ ਕੈਨੇਡੀਅਨਾਂ ਨੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਸੁਣਾਈ ਗਈ ਸਜ਼ਾ-ਏ-ਮੌਤ ਖ਼ਿਲਾਫ਼ ਮੁਜ਼ਾਹਰਾ ਕੀਤਾ। ਮੁਜ਼ਾਹਰਾਕਾਰੀਆਂ ਵਿਚ ਸਿੱਖਾਂ ਦੇ ਇਲਾਵਾ ਮੁਸਲਮਾਨ ਤੇ ਈਸਾਈ ਭਾਈਚਾਰੇ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ।

**ਮੁਸਲਮਾਨ ਅਤੇ ਈਸਾਈ ਭਾਈਚਾਰੇ ਵੱਲੋਂ ਸ਼ਿਰਕਤ**

ਪਰਵਾਸੀ ਭਾਰਤੀ ਦਿਵਸ ਸਮਾਗਮ ਵਿਚ ਭਾਰਤੀ-ਕੈਨੇਡੀਅਨ ਬਿਜ਼ਨਸ ਲੀਡਰਾਂ ਦੀ ਕਾਨਫਰੰਸ ਦੌਰਾਨ ਭਾਰਤ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਵਾਯਲਾਰ ਰਵੀ, ਕਈ ਸੰਸਦ ਮੈਂਬਰਾਂ ਤੇ ਅਧਿਕਾਰੀਆਂ ਨੇ ਹਿੱਸਾ ਲੈਣਾ ਸੀ ਪਰ ਉਹ ਐਨ ਆਖ਼ਰੀ ਮੌਕੇ ਉੱਤੇ ਸਮਾਗਮ ਵਿਚ ਹਿੱਸਾ ਲੈਣ ਤੋਂ ਟਾਲਾ ਵੱਟ ਗਏ ਤੇ ਸਿਰਫ਼ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਹੀ ਸਮਾਗਮ ਵਿਚ ਪੁੱਜੇ। ਮੁਜ਼ਾਹਰੇ ਦੌਰਾਨ ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਮੰਨੂ ਨੇ ਦਾਅਵਾ ਕੀਤਾ ਕਿ ਪ੍ਰੋ. ਭੁੱਲਰ ਤੋਂ ਕੇਸ ਵਿਚ ਇਕਬਾਲੀਆ ਬਿਆਨ ਜਬਰੀ ਦਿਵਾਇਆ ਗਿਆ ਸੀ। ਇਸ ਮੌਕੇ ਪ੍ਰੋ. ਭੁੱਲਰ ਦੇ ਕੇਸ ਨੂੰ ਕੌਮਾਂਤਰੀ ਭਾਈਚਾਰੇ ਅੱਗੇ ਪੇਸ਼ ਕੀਤਾ ਗਿਆ। ਮੁਜ਼ਾਹਰੇ ਵਿਚ ਪ੍ਰੋ. ਭੁੱਲਰ ਦੀ ਪਤਨੀ ਤੇ ਅਮਰੀਕੀ ਨਾਗਰਿਕ ਬੀਬੀ ਨਵਨੀਤ ਕੌਰ ਨੇ ਵੀ ਸਰੀ (ਬ੍ਰਿਟਿਸ਼ ਕੋਲੰਬੀਆ) ਤੋਂ ਪੁੱਜ ਕੇ ਸ਼ਿਰਕਤ ਕੀਤੀ। ਇਸ ਕਨਵੈਨਸ਼ਨ ਦੌਰਾਨ ਓਟਾਰੀਓ ਦੇ ਪ੍ਰੀਮੀਅਰ ਡਾਲਟਨ ਮੈਕਗਿਨਟੀ ਨੇ ਵੀ ਭਾਰਤੀ ਕਾਰੋਬਾਰੀ ਤੇ ਸਿਆਸੀ ਆਗੂਆਂ ਨਾਲ ਗੱਲਬਾਤ ਕੀਤੀ। ਬੀਬੀ ਨਵਨੀਤ ਕੌਰ ਨੇ ਇਸ ਮੌਕੇ ਕਿਹਾ, "ਮੈਂ ਕੈਨੇਡੀਅਨ ਸਿਆਸਤਦਾਨਾਂ ਨੂੰ ਅਪੀਲ ਕਰਦੀ ਹਾਂ ਕਿ ਉਹ ਮੇਰੇ ਪਤੀ ਨੂੰ ਬਚਾਉਣ ਲਈ ਅੱਗੇ ਆਉਣ ਜੋ ਬੇਕਸੂਰ ਹਨ। ਮੈਂ ਪ੍ਰਧਾਨ ਮੰਤਰੀ (ਸਟੀਫਨ) ਮਰਮਰ, ਗਵਰਨਰ ਜਨਰਲ ਤੇ ਓਂਟਪੀਓ ਦੇ ਪ੍ਰੀਮੀਅਰ ਨੂੰ ਵੀ ਚਿੱਠੀ ਲਿਖੀ ਹੈ। ਮੇਰੇ ਪਤੀ ਨੂੰ ਉਸ ਕੇਸ ਵਿਚ ਗਲਤ ਢੰਗ ਨਾਲ ਫਸਾਇਆ ਗਿਆ ਹੈ।"

# ਸਿੱਖ ਜਥੇਬੰਦੀਆਂ ਵੱਲੋਂ ਦਸਤਖਤੀ ਮੁਹਿੰਮ ਸ਼ੁਰੂ

**ਅੰਮ੍ਰਿਤਸਰ:** ਫਾਂਸੀ ਦੀ ਸਜ਼ਾ ਭਾਰਤ ਅੰਦਰੋਂ ਮੁਕੰਮਲ ਤੌਰ 'ਤੇ ਖ਼ਤਮ ਕਰਨ ਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਦਲ ਖਾਲਸਾ ਨੇ 11 ਜੂਨ ਨੂੰ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਦਸਤਖਰੀ ਮੁਹਿੰਮ ਸ਼ੁਰੂ ਕੀਤੀ। ਸਿੱਖ ਯੂਥ ਆਫ ਪੰਜਾਬ ਤੇ ਅਕਾਲੀ ਦਲ ਪੰਚ ਪ੍ਰਧਾਨੀ ਦੇ ਸਹਿਯੋਗ ਨਾਲ ਤਕਰੀਬਨ ਤਿੰਨ ਘੰਟੇ ਚੱਲੀ ਇਸ ਮੁਹਿੰਮ ਵਿਚ ਨੌਜਵਾਨਾਂ, ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਨੇ ਦਸਤਖਤੀ ਮੁਹਿੰਮ ਵਿਚ ਹਿੱਸਾ ਲੈ ਕੇ ਪ੍ਰੋ. ਭੁੱਲਰ ਦੀ ਰਿਹਾਈ ਲਈ ਯੋਗਦਾਨ ਪਾਇਆ। ਇਸ ਮੌਕੇ ਸਾਰਿਆਂ ਨੂੰ ਮੁਹਿੰਮ ਲਈ ਪ੍ਰੇਰਿਆ ਵੀ ਗਿਆ।


ਪ੍ਰੋ. ਭੁੱਲਰ ਦੀ ਰਿਹਾਈ ਲਈ ਚਲਾਈ ਦਸਤਖਤੀ ਮੁਹਿੰਮ ਦਾ ਦ੍ਰਿਸ਼।

ਦਲ ਖਾਲਸਾ ਵੱਲੋਂ ਚਲਾਈ ਇਸ ਦਸਤਖਤੀ ਮੁਹਿੰਮ ਵਿਚ ਤਕਰੀਬਨ 6886 ਲੋਕਾਂ ਨੇ ਦਸਤਖਤ ਕਰਕੇ ਪ੍ਰੋ. ਭੁੱਲਰ ਦੀ ਰਿਹਾਈ ਲਈ ਰਾਸ਼ਟਰਪਤੀ ਨੂੰ ਅਪੀਲ ਕੀਤੀ। ਹੋਰਾਂ ਨੂੰ ਵੀ ਸੱਦਾ ਦਿੱਤਾ ਗਿਆ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਤੁੜਵਾਉਣ ਲਈ ਹਰ ਹੀਲਾ ਵਰਤਿਆ ਜਾਵੇ। ਆਪੋ-ਆਪਣੀ ਥਾਂ ਉਤੇ ਜੋ ਵੀ ਕੋਈ ਕੁਝ ਕਰ ਸਕਦਾ ਹੈ ਜ਼ਰੂਰ ਕਰਨ। ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਲਈ ਇਸ ਮੁਹਿੰਮ ਨੂੰ ਵੱਡੀ ਪੱਧਰ 'ਤੇ ਲਿਜਾਇਆ ਜਾਵੇ।

ਇਸ ਦਸਤਖਤੀ ਮੁਹਿੰਮ ਵਿਚ ਸ਼ਾਮਲ ਹੋਣ ਲਈ ਜਨਰਲ ਵੈਦਿਆ ਕਾਂਡ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ ਕਰਨ ਵਾਲੇ ਭਾਈ ਹਰਜਿੰਦਰ ਸਿੰਘ ਜਿੰਦਾ ਦੇ ਮਾਤਾ ਗੁਰਨਾਮ ਕੌਰ, ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਤਾ ਉਪਕਾਰ ਕੌਰ, ਭਾਈ ਦਲਜੀਤ ਸਿੰਘ ਬਿੱਟੂ ਦੀ ਪਤਨੀ ਬੀਬੀ ਅੰਮ੍ਰਿਤ ਕੌਰ ਵਿਸ਼ੇਸ਼ ਤੌਰ 'ਤੇ ਪੁੱਜੀਆਂ ਹੋਈਆਂ ਸਨ।

# 2-ਜੀ ਸਪੈਕਟ੍ਰਮ: ਕਾਂਗਰਸ ਗਰਮ, ਡੀ.ਐਮ.ਕੇ. ਨਰਮ

**ਨਵੀਂ ਦਿੱਲੀ:** 2-ਜੀ ਸਪੈਕਟ੍ਰਮ ਘੁਟਾਲਾ ਸਾਹਮਣੇ ਆਉਣ ਤੋਂ ਬਾਅਦ ਯੂ.ਪੀ.ਏ. ਦੀਆਂ ਭਾਈਵਾਲ ਪਾਰਟੀਆਂ ਡੀ.ਐਮ.ਕੇ. ਤੇ ਕਾਂਗਰਸ ਵਿਚਾਲੇ ਤਣਾਅ ਵਾਲਾ ਮਾਹੌਲ ਹੈ। ਜਿਥੇ ਕਾਂਗਰਸ ਨੇ ਤਾਮਿਲਨਾਡੂ ਤੇ ਪੁੱਡੂਚੇਰੀ ਵਿਧਾਨ ਸਭਾ ਚੋਣਾਂ 'ਚ ਹਾਰ ਦਾ ਭਾਂਡਾ ਡੀ.ਐਮ.ਕੇ. ਦੇ ਸਿਰ ਭੰਨ੍ਹਿਆ ਹੈ ਉਥੇ ਡੀ.ਐਮ.ਕੇ. ਨੇ ਦੋਸ਼ ਲਾਇਆ ਹੈ ਕਿ ਪਾਰਟੀ ਦੀ ਸੰਸਦ ਮੈਂਬਰ ਤੇ ਐਮ. ਕਰੁਨਿਧੀ ਦੀ ਧੀ ਕਾਨੀਮੋੜੀ ਨੂੰ ਜੇਲ੍ਹ ਭੇਜਣ ਲਈ ਕਾਂਗਰਸ ਜ਼ਿੰਮੇਵਾਰ ਹੈ।



*ਡੀ.ਐਮ.ਕੇ. ਮੁਖੀ ਐਮ ਕਰੁਨਾਨਿਧੀ ਦੀ ਧੀ ਕਾਨੀਮੋੜੀ ਪੇਸ਼ੀ ਭੁਗਤਣ ਜਾਂਦੀ ਹੋਈ।*

ਉਨ੍ਹਾਂ ਨੇ ਇਨ੍ਹਾਂ ਕਿਆਸਾਂ ਨੂੰ ਖ਼ਾਰਜ ਕੀਤਾ ਕਿ ਕਾਨੀਮੋੜੀ ਨੂੰ ਜੇਲ੍ਹ ਵਿਚ ਬੰਦ ਕੀਤੇ ਜਾਣ ਦੇ ਮੁੱਦੇ ਉਤੇ ਪਾਰਟੀ ਵੱਲੋਂ ਆਪਣੇ ਸਾਰੇ 6 ਮੰਤਰੀਆਂ ਨੂੰ ਯੂ.ਪੀ.ਏ. ਸਰਕਾਰ ਵਿਚੋਂ ਕੱਢਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦਿਲ 'ਚ ਕਾਂਗਰਸ ਖ਼ਿਲਾਫ਼ ਕੁਝ ਨਹੀਂ ਹੈ।ਤੇ ਨਾ ਹੀ 2-ਜੀ ਸਪੈਕਟ੍ਰਮ ਮੁੱਦੇ ਉਤੇ ਮਦਦ ਨਾ ਕਰਨ ਲਈ ਕਾਂਗਰਸ ਤੋਂ ਨਿਰਾਸ਼ ਹਨ। ਪਾਰਟੀ ਦੇ ਲੋਕ ਸਭਾ ਵਿਚ 18 ਮੈਂਬਰ ਹਨ ਤੇ ਇਹ ਯੂ.ਪੀ.ਏ. ਦੀ ਤੀਜੀ ਵੱਡੀ ਭਾਈਵਾਲ ਪਾਰਟੀ ਹੈ।

ਦੂਜੇ ਪਾਸੇ ਕਾਂਗਰਸ ਨੇ ਆਪਣੀ ਸੁਰ ਤਿੱਖੀ ਕਰਦਿਆਂ ਕਿਹਾ ਹੈ ਕਿ ਤਾਮਿਲਨਾਡੂ ਤੇ ਪੁੱਡੂਚੇਰੀ 'ਚ ਵਿਧਾਨ ਸਭਾ ਚੋਣਾਂ ਦੌਰਾਨ ਮਿਲੀ ਹਾਰ ਲਈ ਡੀ.ਐਮ.ਕੇ. ਜ਼ਿੰਮੇਵਾਰ ਹੈ। ਕਾਂਗਰਸ ਨੇ ਤਾਂ ਇੱਥੋਂ ਤਕ ਕਹਿ ਦਿੱਤਾ ਹੈ ਕਿ ਦੱਖਣੀ ਸੂਬਿਆਂ 'ਚ ਰਣਨੀਤੀ 'ਤੇ ਮੁੜ ਗੌਰ ਕਰਨ ਦੀ ਲੋੜ ਹੈ ਤਾਂ ਕਿ ਭਾਈਵਾਲਾਂ ਦੀਆਂ ਗਲਤੀਆਂ ਦਾ ਖਮਿਆਜ਼ਾ ਪਾਰਟੀ ਨੂੰ ਨਾ ਭੁਗਤਣਾ ਪਵੇ। ਕਾਂਗਰਸ ਪਾਰਟੀ ਵੱਲੋਂ ਇਹ ਸਖ਼ਤ ਟਿੱਪਣੀਆਂ ਪਾਰਟੀ ਦੇ ਰਸਾਲੇ 'ਕਾਂਗਰਸ ਸੰਦੇਸ਼' 'ਚ ਲਿਖੀ ਸੰਪਾਦਕੀ ਤੇ ਲੇਖ 'ਚ ਕੀਤੀਆਂ ਗਈਆਂ ਹਨ। ਸੰਪਾਦਕੀ 'ਚ ਕਾਂਗਰਸ ਨੇ ਸਪਸ਼ਟ ਲਿਖਿਆ ਹੈ ਕਿ ਤਾਮਿਲਨਾਡੂ ਤੇ ਪੁੱਡੂਚੇਰੀ ਵਿਧਾਨ ਸਭਾ 'ਚ 2-ਜੀ ਸਪੈਕਟ੍ਰਮ ਘੁਟਾਲੇ ਨੇ ਭੱਠਾ ਬਿਠਾਇਆ ਹੈ। ਇਸ ਰਸਾਲੇ 'ਚ ਇਕ ਹੋਰ ਲੇਖ 'ਚ ਕਿਹਾ ਗਿਆ ਹੈ ਕਿ ਕਾਂਗਰਸ ਨੂੰ ਦੱਖਣੀ ਸੂਬੇ 'ਚ ਆਪਣੀ ਰਣਨੀਤੀ 'ਤੇ ਗੌਰ ਕਰਨੀ ਚਾਹੀਦੀ ਹੈ। ਪਾਰਟੀ ਨੂੰ ਗੱਠਜੋੜ ਦੇ ਭਾਈਵਾਲਾਂ ਦੀਆਂ ਗਲਤੀਆਂ ਕਾਰਨ ਆਪਣੇ ਵੋਟ ਬੈਂਕ ਨੂੰ ਖੋਰਾ ਨਹੀਂ ਲੱਗਣ ਦੇਣਾ ਚਾਹੀਦਾ।

ਉਂਝ ਤਾਮਿਲਨਾਡੂ 'ਚ ਅੰਨਾ ਡੀ.ਐਮ.ਕੇ. ਦੀ ਸੁਪਰੀਮੋ ਜੈਲਿਲਤਾ ਕੋਲੋਂ ਹਾਰ ਕੇ ਸੱਤਾ ਤੋਂ ਲਾਂਭੇ ਹੋਣ ਤੋਂ ਬਾਅਦ ਡੀ.ਐਮ.ਕੇ ਨੇ ਕੇਂਦਰ 'ਚ ਕਾਂਗਰਸ ਦਾ ਪੱਲਾ ਨਾ ਛੱਡਣ ਦਾ ਫ਼ੈਸਲਾ ਲਿਆ ਹੈ।

ਇਸੇ ਕਰਕੇ ਬੇਯਕੀਨੀ ਵਾਲੀ ਹਾਲਤ ਨੂੰ ਖ਼ਤਮ ਕਰਦਿਆਂ ਡੀ.ਐਮ.ਕੇ. ਨੇ ਦਾਅਵਾ ਕੀਤਾ ਹੈ ਕਿ ਉਹ 2-ਜੀ ਸਪੈਕਟ੍ਰਮ ਘਪਲੇ ਦੇ ਮੁੱਦੇ ਉਤੇ ਕੇਂਦਰ ਦੀ ਯੂ.ਪੀ.ਏ. ਸਰਕਾਰ ਤੋਂ ਬਾਹਰ ਨਹੀਂ ਹੋਵੇਗੀ ਪਰ ਪਾਰਟੀ ਨੇ ਕਾਨੀਮੋੜੀ ਨੂੰ ਇਸ ਮਾਮਲੇ ਵਿਚ ਗ੍ਰਿਫ਼ਤਾਰ ਕਰਨ ਬਾਰੇ ਸੀ.ਬੀ.ਆਈ. ਉਤੇ 'ਦੂਹਰੇ ਮਿਆਰ' ਅਪਣਾਉਣ ਦਾ ਦੋਸ਼ ਲਾਇਆ।ਹੈ। ਡੀ.ਐਮ.ਕੇ. ਦੇ ਮੁਖੀ ਐਮ. ਕਰੁਣਾਨਿਧੀ ਨੇ ਕਿਹਾ ਕਿ ਉਹ ਕਾਂਗਰਸ ਦੇ ਬਿਲਕੁਲ ਖ਼ਿਲਾਫ਼ ਨਹੀਂ ਹਨ ਤੇ ਇਸ ਕੇਸ ਵਿਚ ਮਦਦ ਨਾ ਕਰਨ ਲਈ ਵੀ ਉਹ ਕਾਂਗਰਸ ਤੋਂ ਨਿਰਾਸ਼ ਨਹੀਂ ਹਨ। ਉਨ੍ਹਾਂ ਕਿਹਾ ਕਿ ਦੂਜੀਆਂ ਪਾਰਟੀਆਂ ਨਾਲ ਡੀ.ਐਮ.ਕੇ. ਦੇ ਰਿਸ਼ਤਿਆਂ ਬਾਰੇ ਫ਼ੈਸਲਾ ਕਰਨ ਲਈ ਪਾਰਟੀ ਦੀ ਜਨਰਲ ਕੌਂਸਲ ਦੀ ਮੀਟਿੰਗ ਅਗਲੇ ਮਹੀਨੇ ਹੋਵੇਗੀ ਕਿਉਂਕਿ ਅਜਿਹੇ ਅਹਿਮ ਮੁੱਦਿਆਂ ਉਤੇ ਜਨਰਲ ਕੌਂਸਲ ਹੀ ਫ਼ੈਸਲਾ ਲੈ ਸਕਦੀ ਹੈ।





ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

Call: Sohanpreet 'Sam' Chahal
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਬਲਵੰਤ ਸਿੰਘ ਰਾਜੋਆਣਾ ਜੇਲ੍ਹ 'ਚ ਸਿੰਘ ਸਜਿਆ

**ਪਟਿਆਲਾ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਤੇ ਕੇਂਦਰੀ ਜੇਲ੍ਹ ਪਟਿਆਲਾ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਅੰਮ੍ਰਿਤ ਛਕਣ ਦੀ ਖਾਹਿਸ਼ ਪੂਰੀ ਹੋ ਗਈ।ਹੈ। ਭਾਵੇਂ ਇਸ ਬਾਰੇ ਉਸ ਨੂੰ ਲੰਮੀ ਇੰਤਜ਼ਾਰ ਕਰਨੀ ਪਈ ਪਰ 12 ਜੂਨ ਨੂੰ ਉਹ ਅੰਮ੍ਰਿਤਧਾਰੀ ਸਿੰਘ ਸਜ ਗਿਆ। ਖਾਸ ਗੱਲ ਇਹ ਰਹੀ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ, ਗਿਆਨੀ ਗੁਰਬਚਨ ਸਿੰਘ, ਦਮਦਮੀ ਟਕਸਾਲ ਮੁਖੀ ਜਥੇਦਾਰ ਹਰਨਾਮ ਸਿੰਘ ਧੂੰਮਾ ਤੇ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਪੰਜ ਪਿਆਰਿਆਂ ਦੀ ਹਾਜ਼ਰੀ ਵਿਚ ਉਸ ਨੂੰ ਅੰਮ੍ਰਿਤਪਾਨ ਕਰਵਾਇਆ।

ਅੰਮ੍ਰਿਤ ਛਕਾਉਣ ਦੀ ਇਸ ਕਾਰਵਾਈ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਗਿਆ ਸੀ। ਸੂਤਰਾਂ ਅਨੁਸਾਰ ਸਿੰਘ ਸਾਹਿਬ ਤੇ ਉਕਤ ਸ਼ਖਸੀਅਤਾਂ 12 ਜੂਨ ਨੂੰ ਸਵੇਰੇ ਸਾਢੇ ਕੁ ਨੌਂ ਵਜੇ ਕੇਂਦਰੀ ਜੇਲ੍ਹ ਵਿਚ ਪੁੱਜੀਆਂ। ਇਨ੍ਹਾਂ ਨੇ ਜੇਲ੍ਹ ਦੇ ਅੰਦਰ ਹੀ ਸਥਿਤ ਗੁਰਦੁਆਰਾ ਸਾਹਿਬ ਵਿਚ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਅੰਮ੍ਰਿਤ ਛਕਾਇਆ। ਇਸ ਮੌਕ ਜੇਲ੍ਹ ਵਿਚਲੇ 10 ਹੋਰ ਬੰਦੀਆਂ ਨੇ ਵੀ ਆਪਣੀ ਇੱਛਾ ਅਨੁਸਾਰ ਅੰਮ੍ਰਿਤ ਛਕਿਆ। ਅੰਮ੍ਰਿਤ ਛਕਾਉਣ ਦੀ ਪ੍ਰਕਿਰਿਆ ਪੂਰੀ ਹੋਣ 'ਤੇ ਜੇਲ੍ਹ ਪ੍ਰਸ਼ਾਸਨ ਨੇ ਸਿੰਘ ਸਾਹਿਬਾਨਾਂ ਦੀ ਇਸ ਜੇਲ੍ਹ ਫੇਰੀ ਦਾ ਕਿਸੇ ਨੂੰ ਪਤਾ ਲੱਗਣ ਦੇ ਡਰੋਂ ਉਨ੍ਹਾ ਦੀਆਂ ਅੱਧੀ ਦਰਜਨ ਗੱਡੀਆਂ ਵੀ ਜੇਲ੍ਹ ਦੇ ਮੁੱਖ ਗੇਟ ਦੀ ਬਜਾਏ ਜੇਲ੍ਹ ਟ੍ਰੇਨਿੰਗ ਸਕੂਲ ਦੇ



*ਜੇਲ੍ਹ ਵਿਚ ਬਲਵੰਤ ਸਿੰਘ ਰਾਜੋਆਣਾ ਨੂੰ ਅੰਮ੍ਰਿਤ ਛਕਾਉਣ ਪੁੱਜੇ ਪੰਜ ਪਿਆਰੇ।*

ਪਿਛਲੇ ਗੇਟ ਰਾਹੀਂ ਹੀ ਬਾਹਰ ਕੱਢੀਆਂ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੇ ਕਥਿਤ ਕਤਲ ਮਾਮਲੇ 'ਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਵਿਸੇਸ਼ ਬੈਂਚ ਵੱਲੋਂ ਪਿਛਲੇ ਸਾਲ ਫਾਂਸੀ ਦੀ ਸਜ਼ਾ ਹੋਣ ਉਪਰੰਤ ਬਲਵੰਤ ਸਿੰਘ ਰਾਜੋਆਣਾ ਨੂੰ ਇਥੇ ਪਟਿਆਲਾ ਜੇਲ੍ਹ ਵਿਚ ਭੇਜ ਦਿੱਤਾ ਸੀ ਜੋ ਕਿ ਉਦੋਂ ਤੋਂ ਇਥੇ ਹੀ ਬੰਦ ਹਨ। ਉਨ੍ਹਾਂ ਨੇ ਪਿਛਲੇ ਸਾਲ ਇਕ ਪੱਤਰ ਲਿਖ ਕੇ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕਣ ਦੀ ਇੱਛਾ ਜ਼ਾਹਿਰ ਕੀਤੀ ਸੀ ਪਰ ਉਦੋਂ ਇਹ ਮਾਮਲਾ ਅਧਵਾਟੇ ਹੀ ਲਟਕ ਗਿਆ ਸੀ।

ਭਾਈ ਰਾਜੋਆਣਾ ਦੀ ਭੈਣ ਵੱਲੋਂ ਵੀ ਮੀਡੀਆ ਦੇ ਰਾਹੀਂ ਭਾਈ ਰਾਜੋਆਣਾ ਨੂੰ ਅੰਮ੍ਰਿਤ ਛਕਾਉਣ ਦਾ ਮਾਮਲਾ ਚੁੱਕਿਆ ਸੀ। ਇਸ ਤੋਂ ਬਾਅਦ ਕੁਝ ਹੀ ਦਿਨ ਪਹਿਲਾਂ ਪਟਿਆਲਾ ਦੀ ਇਕ ਅਦਾਲਤ ਵਿਚ ਪੇਸ਼ੀ ਭੁਗਤਣ ਲਈ ਲਿਆਂਦੇ ਗਏ ਰਾਜੋਆਣਾ ਨੇ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਇਥੋਂ ਦੀਆਂ ਕਚਹਿਰੀਆਂ ਵਿਚ ਅਕਾਲ ਤਖਤ ਦੇ ਜਥੇਦਾਰ ਦੇ ਨਾਮ ਪੱਤਰ ਵੀ ਦਿੱਤਾ ਸੀ ਜੋ ਕਿ ਉਨ੍ਹਾ ਨੇ ਅੰਮ੍ਰਿਤਸਰ ਜਾ ਕੇ ਸਿੰਘ ਸਾਹਿਬ ਨੂੰ ਦਿੱਤਾ।

# ਭਾਰਤ ਤੇ ਕੈਨੇਡਾ ਦਰਮਿਆਨ ਸਮਾਜਿਕ ਸੁਰੱਖਿਆ ਸਮਝੌਤਾ ਛੇਤੀ: ਪਰਨੀਤ ਕੌਰ

**ਟੋਰਾਂਟੋ:** ਭਾਰਤ ਤੇ ਕੈਨੇਡਾ ਛੇਤੀ ਹੀ ਸਮਾਜਿਕ ਸੁਰੱਖਿਆ ਸਮਝੌਤਾ ਸਹੀਬੰਦ ਕਰਨਗੇ ਤੇ ਇਕ ਦੁਵੱਲਾ ਨਿਵੇਸ਼ ਰਾਖੀ ਸਮਝੌਤਾ ਮੁਕੰਮਲ ਕਰਨਗੇ। ਸੋਧੇ ਹੋਏ ਦੋਹਰਾ ਟੈਕਸ ਬਚਾਅ ਸਮਝੌਤੇ ਬਾਰੇ ਗੱਲਬਾਤ ਕਰਨਗੇ ਤੇ ਇਕ ਵਿਆਪਕ ਮਾਲੀ ਭਾਈਵਾਲੀ ਸਮਝੌਤੇ ਨੂੰ ਵੀ ਸਿਰੇ ਚਾੜ੍ਹਨਗੇ। ਇਹ ਐਲਾਨ 11 ਜੂਨ ਨੂੰ ਟੋਰਾਂਟੋ 'ਚ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਪਰਵਾਸੀ ਭਾਰਤੀ ਦਿਵਸ (ਪੀ.ਬੀ.ਡੀ.) ਸਮਾਗਮ ਦਾ ਉਦਘਾਟਨ ਕਰਦਿਆਂ ਕੀਤਾ।

ਇਸ ਦੋ-ਰੋਜ਼ਾ ਪਰਵਾਸੀ ਭਾਰਤੀ ਦਿਵਸ ਵਿਚ ਸਮੁੱਚੇ ਅਮਰੀਕਾ ਮਹਾਂਦੀਪ ਨਾਲ ਸਬੰਧਤ 700 ਤੋਂ ਵੱਧ ਪਰਵਾਸੀ ਭਾਰਤੀ ਹਿੱਸਾ ਲੈ ਰਹੇ ਹਨ। ਬੀਬੀ ਪਰਨੀਤ ਕੌਰ ਨੇ ਇਸ ਮੌਕੇ ਕਿਹਾ ਕਿ ਉਨ੍ਹਾਂ ਸਹਿਮਤੀ ਪੱਤਰ ਸਹੀਬੰਦ ਕੀਤੇ ਹਨ ਤੇ ਊਰਜਾ ਤੇ ਖਣਨ ਵਰਗੇ ਖੇਤਰਾਂ ਵਿਚ ਆਪਣੇ ਰਿਸ਼ਤੇ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਕੈਨੇਡਾ ਦੇ ਸੂਬਿਆਂ ਨਾਲ ਵੀ ਮਜ਼ਬੂਤ ਸਬੰਧ ਬਣਾ ਰਹੇ ਹਨ। ਉਨ੍ਹਾਂ ਕਿਹਾ ਕਿ ਪੀ.ਬੀ.ਡੀ. ਸਮਾਗਮ ਲਈ ਟੋਰਾਂਟੋ ਤੋਂ ਵਧੀਆ ਥਾਂ ਹੋਰ ਕੋਈ ਨਹੀਂ ਹੋ ਸਕਦੀ ਕਿਉਂਕਿ ਇਸ ਸ਼ਹਿਰ ਦੀ ਉਦਮਸ਼ੀਲਤਾ ਦੀ ਆਮ ਰਵਾਇਤ ਹੈ ਤੇ ਇੱਥੇ ਕੈਨੇਡਾ ਦੀ ਭਾਰਤੀ ਵਸੋਂ ਦਾ 60 ਫੀਸਦੀ ਦੇ ਕਰੀਬ ਹਿੱਸਾ ਰਹਿੰਦਾ ਹੈ।

ਉਨ੍ਹਾਂ ਇਸ ਮੌਕੇ ਆਪਣੇ ਸੰਬੋਧਨ ਵਿਚ ਕਿਹਾ ਕਿ "ਅੱਜ 10 ਲੱਖ ਦੇ ਕਰੀਬ ਭਾਰਤੀ-



ਕੈਨੇਡੀਅਨ ਭਾਈਚਾਰੇ ਨੇ ਜ਼ਿੰਦਗੀ ਦੇ ਸਾਰੇ ਖੇਤਰਾਂ ਵਿਚ ਸ਼ਾਨਦਾਰ ਮੱਲਾਂ ਮਾਰੀਆਂ ਹਨ, ਭਾਵੇਂ ਇਹ ਸਿਆਸਤ ਹੋਵੇ, ਸਰਕਾਰ ਹੋਵੇ, ਕਾਰੋਬਾਰ ਜਾਂ ਸਿੱਖਿਆ ਹੋਵੇ ਤੇ ਭਾਵੇਂ ਮੀਡੀਆ। ਉਹ ਇੱਥੇ ਭਾਰਤ ਦੀ ਵਿਰਾਸਤ ਤੇ ਆਧੁਨਿਕ ਯੁੱਗ ਦੀ ਤਰੱਕੀ ਦੇ ਤਰਜਮਾਨ ਹਨ। ਉਨ੍ਹਾਂ ਨੇ ਭਾਰਤ ਤੇ ਕੈਨੇਡਾ ਦਰਮਿਆਨ ਦੋਸਤੀ ਦੇ ਪੁਲ ਦਾ ਕੰਮ ਕੀਤਾ ਹੈ।

ਉਨ੍ਹਾਂ ਕਿਹਾ ਕਿ ਇਹ ਹੋਰ ਵੀ ਅਹਿਮ ਹੈ ਕਿ ਟੋਰਾਂਟੋ ਵਿਚ ਪੀ.ਬੀ.ਡੀ. ਉਦੋਂ ਮਨਾਇਆ ਜਾ ਰਿਹਾ ਹੈ ਜਦੋਂ ਕੈਨੇਡਾ ਵਿੱਚ ਭਾਰਤ ਦਾ ਸਾਲ ਵੀ ਮਨਾਇਆ ਜਾ ਰਿਹਾ ਹੈ।

# ਪਰਮਜੀਤ ਸਿੰਘ ਪੰਜਵੜ ਦੇ ਪਰਿਵਾਰ ਖ਼ਿਲਾਫ਼ ਕੇਸ ਦਰਜ

**ਜਲੰਧਰ:** ਅਤਿ ਲੋੜੀਂਦੇ ਖਾੜਕੂਆਂ ਦੀ ਦੀ ਸੂਚੀ 'ਚ ਸ਼ਾਮਲ ਪਰਮਜੀਤ ਸਿੰਘ ਪੰਜਵਾੜ ਦੇ ਪਰਿਵਾਰ ਨੂੰ ਪੁਲਿਸ ਨੇ ਲੱਭਣ ਦਾ ਦਾਅਵਾ ਕੀਤਾ ਹੈ। ਪੰਜਵੜ ਦੀ ਪਤਨੀ ਤੇ ਦੋ ਪੁੱਤਰਾਂ ਦੇ ਪਾਸਪੋਰਟ ਕਥਿਤ ਝੂਠੇ ਵੇਰਵੇ ਦੇ ਕੇ 2008 'ਚ ਜਲੰਧਰ ਤੋਂ ਬਣਾਏ ਗਏ ਸਨ। ਇਹ ਪਾਸਪੋਰਟ ਉਸੇ ਹੀ ਸਾਲ ਜਰਮਨੀ ਨੂੰ ਭੇਜੇ ਗਏ ਸਨ।



ਇਸ ਮਾਮਲੇ 'ਚ ਇਕ ਜੇ.ਈ. ਪਰਮਜੀਤ ਸਿੰਘ ਨੂੰ ਗ੍ਰਿਫਤਾਰ ਵੀ ਕਰ ਲਿਆ ਗਿਆ ਹੈ। ਏ.ਡੀ.ਸੀ.ਪੀ (ਹੈਡਕੁਆਟਰ) ਸਤਿੰਦਰ ਸਿੰਘ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਗੁਪਤ ਸੂਚਨਾ ਮਿਲੀ ਸੀ ਜਿਸ ਆਧਾਰ 'ਤੇ ਇਸ ਦਾ ਪਤਾ ਲੱਗਾ। ਪੰਜਵੜ ਦਾ ਪਰਿਵਾਰ 2008 ਤੋਂ ਪਹਿਲਾਂ ਹੀ ਜਰਮਨੀ ਗਿਆ ਹੋਇਆ ਦੱਸਿਆ ਜਾਂਦਾ ਹੈ। ਜਰਮਨੀ ਰਹਿੰਦੇ ਉਸ ਦੇ ਪਰਿਵਾਰ ਦੇ ਤਿੰਨ ਸਾਲ ਤੋਂ ਪਾਸਪੋਰਟ ਬਣ ਜਾਣ 'ਤੇ ਖੁਫੀਆਂ ਏਜੰਸੀਆਂ ਵੀ ਹੈਰਾਨ ਹਨ।

ਪੁਲਿਸ ਅਨੁਸਾਰ ਪੰਜਵੜ ਦੀ ਪਤਨੀ ਪਲਜੀਤ ਕੌਰ ਤੇ ਉਸ ਦੇ ਦੋ ਪੁੱਤਰਾਂ ਮਨਵੀਰ ਸਿੰਘ ਤੇ ਸ਼ਹਿਬਾਜ਼ ਸਿੰਘ ਦੇ ਪਾਸਪੋਰਟ ਝੂਠੇ ਵੇਰਵੇ ਦੇ ਕੇ ਬਣਾਏ ਗਏ ਹਨ। ਏ.ਡੀ.ਸੀ.ਪੀ. (ਹੈੱਡਕੁਆਟਰ) ਸਤਿੰਦਰ ਸਿੰਘ ਨੇ ਦੱਸਿਆ ਕਿ ਪੰਜਵੜ ਦੀ ਪਤਨੀ ਪਲਜੀਤ ਕੌਰ ਨੇ ਆਪਣੇ ਪਤੀ ਦਾ ਨਾਮ ਪਰਮਜੀਤ ਸਿੰਘ ਤੇ ਪਿੰਡ ਮਾਲੂਵਾਲ ਕਲਾਂ, ਥਾਣਾ ਝਬਾਲ ਜ਼ਿਲ੍ਹਾ ਤਰਨ ਤਾਰਨ ਦੱਸਿਆ ਹੈ। ਇਸੇ ਤਰ੍ਹਾਂ ਉਨ੍ਹਾਂ ਦੇ ਪੁੱਤਰਾਂ ਦੇ ਪਾਸਪੋਰਟਾਂ 'ਤੇ ਵੀ ਉਕਤ ਪਤਾ ਲਿਖਾਇਆ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਇਸ ਮਾਮਲੇ 'ਚ ਪੀ.ਡਬਲਯੂ.ਡੀ. ਦੇ ਜੇ.ਈ. ਪਰਮਜੀਤ ਸਿੰਘ ਨੇ ਇਸ ਖਾੜਕੂ ਦੇ ਪਰਿਵਾਰ ਦੇ ਪਾਸਪੋਰਟ ਬਣਾਉਣ ਲਈ ਆਪਣਾ ਨਾਂ ਤੇ ਪਿੰਡ ਦਾ ਪਤਾ ਵਰਤਣ 'ਚ ਉਨ੍ਹਾਂ ਦੀ ਮਦਦ ਕੀਤੀ ਸੀ। ਇਸ ਮਾਮਲੇ 'ਚ ਜੇ.ਈ. ਨੂੰ ਗ੍ਰਿਫਤਾਰ ਕਰ ਲਿਆ ਹੈ। ਜਦਕਿ ਪੁਲਿਸ ਨੇ ਪੰਜਵੜ, ਉਸ ਦੀ ਪਤਨੀ, ਦੋਵੇਂ ਪੁੱਤਰਾਂ ਭਰਾ ਸਰਬਜੀਤ ਸਿੰਘ ਤੇ ਨੰਬਰਦਾਰ ਸੁਰਮੁੱਖ ਸਿੰਘ ਵਿਰੁੱਧ 419, 420, 465, 467, 468, 471 ਤੇ 120 ਤੇ ਪਾਸਪੋਰਟ ਐਕਟ ਦੀ ਧਾਰਾ 12 ਅਧੀਨ ਥਾਣਾ ਬਾਰਾਂਦਰੀ 'ਚ ਮਾਮਲਾ ਦਰਜ ਕਰ ਲਿਆ ਹੈ।

# ਰੂਬੀ ਢੱਲਾ ਖ਼ਿਲਾਫ਼ ਨੈਨੀ ਦੇ ਸ਼ੋਸ਼ਣ ਦਾ ਕੇਸ ਬੰਦ

**ਟੋਰਾਂਟੋ:** ਕੈਨੇਡਾ ਦੀ ਸਾਬਕਾ ਐਮ.ਪੀ. ਰੂਬੀ ਢੱਲਾ ਖ਼ਿਲਾਫ਼ ਚੱਲ ਰਿਹਾ ਨੈਨੀ ਦੇ ਸ਼ੋਸ਼ਣ ਦਾ ਮੁਕੱਦਮਾ ਬੰਦ ਹੋ ਗਿਆ ਹੈ। ਅਦਾਲਤ ਨੇ ਕੇਸ ਨੂੰ ਨਿਬੇੜਦਿਆਂ ਨੈਨੀ ਨੂੰ 5000 ਡਾਲਰ ਦੀ ਰਾਸ਼ੀ ਸਵੀਕਾਰ ਕਰਕੇ ਬੀਤੇ 'ਤੇ ਮਿੱਟੀ ਪਾਉਣ ਦੀ ਹਦਾਇਤ ਦਿੱਤੀ। ਇਹੀ ਸਮਝੌਤਾ ਕੁਝ ਸਾਲ ਕੁ ਪਹਿਲਾਂ ਵੀ ਅਦਾਲਤ ਵੱਲੋਂ ਪੇਸ਼ ਕੀਤਾ ਗਿਆ ਸੀ ਪਰ ਉਦੋਂ ਨੈਨੀ ਨੇ ਇਸ ਨੂੰ ਰੱਦ ਕਰ ਦਿੱਤਾ ਸੀ। ਇਸ ਦੇ ਨਾਲ ਹੀ ਉਸ ਦੇ ਘਰ ਕੰਮ ਕਰਦੀ ਰਹੀ ਨੈਨੀ ਰਿਚਲਿਨ ਟੌਂਗਸਨ ਤਿੰਨ ਮਹੀਨਿਆਂ ਬਾਰੇ ਹੁਣ ਕਿਸੇ ਨਾਲ ਗੱਲ ਨਹੀਂ ਕਰ ਸਕਦੀ ਜੋ ਉਸ ਨੇ ਰੂਬੀ ਦੇ ਮਿਸੀਸਾਗਾ ਵਾਲੇ ਘਰ 'ਚ ਕੰਮ ਕਰਦਿਆਂ ਬਿਤਾਏ ਸਨ।



ਬੀਤੇ ਦਿਨ ਬਰੈਂਪਟਨ ਦੀ ਛੋਟੇ ਕੇਸਾਂ ਦੀ ਅਦਾਲਤ ਵਿਚ ਜੱਜ ਐਰਿਕ ਨੈਡਲਰ ਨੇ 38 ਸਾਲਾ ਟੌਂਗਸਨ ਨੂੰ 5000 ਡਾਲਰ ਓਵਰਟਾਈਮ ਲਈ ਦੇਣ ਦਾ ਹੁਕਮ ਸੁਣਾਇਆ। ਨੈਨੀ ਨੇ ਮੁੱਢਲੇ ਤੌਰ 'ਤੇ ਰੂਬੀ, ਉਸ ਦੀ ਮਾਂ ਤਰਵਿੰਦਰ ਤੇ ਭਰਾ ਨੀਲ ਵੱਲੋਂ ਕੀਤੀਆਂ ਜ਼ਿਆਦਤੀਆਂ ਲਈ 15000 ਡਾਲਰ ਮੰਗੇ ਸਨ। ਟੌਂਗਸਨ ਨੂੰ ਰੂਬੀ ਢਾਲਾ ਦੀ ਮਾਂ ਤਰਵਿੰਦਰ ਢੱਲਾ ਦੀ ਖਾਤਰਦਾਰੀ ਲਈ ਰੱਖਿਆ ਗਿਆ ਸੀ ਪਰ ਬਆਦ 'ਚ ਕਥਿਤ ਤੌਰ 'ਤੇ ਉਸ ਤੋਂ ਕਾਰਾਂ ਧੋਣ, ਫਰਸ਼ ਚਮਕਾਉਣ ਤੇ ਪਰਿਵਾਰ ਤੇ ਕਾਇਰੋਪ੍ਰੈਕਟਿਕ ਕਲੀਨਿਕ ਦੀ ਸਫਾਈ ਕਰਨ ਦੇ ਕੰਮ ਲਏ ਜਾਂਦੇ ਰਹੇ। ਇਹ ਨੈਨੀ ਕਾਂਡ 2009 'ਚ ਉਦੋਂ ਖਬਰਾਂ 'ਚ ਆਇਆ ਜਦ ਟੌਂਗਸਨ ਤੇ ਦੋ ਹੋਰ ਨੈਨੀਆਂ ਨੇ ਸ਼ਰ੍ਹੇਆਮ ਦੋਸ਼ ਲਾਏ ਕਿ ਉਨ੍ਹਾਂ ਨੂੰ ਰੂਬੀ ਦੇ ਘਰ ਕੰਮ ਕਰਨ ਦੇ ਪੈਸੇ ਨਹੀਂ ਮਿਲੇ ਤੇ ਉਨ੍ਹਾਂ ਨਾਲ ਜਿਸਮਾਨੀ ਧੱਕਾ ਹੋਇਆ ਸੀ।

ਸਭ ਤੋਂ ਸੰਗੀਨ ਦੋਸ਼ ਇਹ ਸਨ ਕਿ ਰੂਬੀ ਨੇ ਉਨ੍ਹਾਂ ਦੇ ਪਾਸਪੋਰਟ ਅਤੇ ਨਿੱਜੀ ਦਸਤਾਵੇਜ਼ ਆਪਣੇ ਕੋਲ ਰੱਖ ਲਏ ਸਨ। ਦੂਜੇ ਪਾਸੇ ਰੂਬੀ ਢਾਲਾ ਇਨ੍ਹਾਂ ਸਭ ਦੋਸ਼ਾਂ ਤੋਂ ਇਨਕਾਰ ਕਰਦੀ ਰਹੀ। ਬਾਅਦ ਵਿਚ ਪਾਰਲੀਮਾਨੀ ਕਮੇਟੀ ਵਿਚ ਵੀ ਇਹ ਕੇਸ ਗਿਆ ਤੇ ਕਮੇਟੀ ਨੇ ਸਾਰੇ ਮਾਮਲੇ ਦੀ ਪੜਤਾਲ ਦੇ ਹੁਕਮ ਦਿੱਤੇ ਪਰ ਇਹ ਜਾਂਚ ਸੁਰੂ ਹੋਈ ਹੀ ਨਹੀਂ। ਉਦੋਂ ਢੱਲਾ ਨੇ ਆਪਣੇ ਆਪ ਨੂੰ ਦੋਸ਼-ਮੁਕਤ ਸਾਬਤ ਕਰਨ ਖਾਤਰ ਲਿਬਰਲ ਪਾਰਟੀ ਦੀ 'ਸ਼ੈਡੋ ਕੈਬਨਿਟ' ਤੋਂ ਅਸਤੀਫਾ ਦੇ ਦਿੱਤਾ ਸੀ। ਹਾਲ ਹੀ ਵਿਚ ਹੋਈਆਂ ਚੋਣਾਂ ਵਿਚ ਉਹ ਆਪਣੀ ਸੀਟ ਗਵਾ ਬੈਠੀ ਹੈ।

# ਕੈਨੇਡੀਅਨ ਪੰਜਾਬੀਆਂ ਨੇ ਮਾਂ-ਬੋਲੀ ਦੀ ਕਰਵਾਈ ਬੱਲੇ-ਬੱਲੇ

**ਚੰਡੀਗੜ੍ਹ:** ਕੈਨੇਡਾ 'ਚ ਚੱਲ ਰਹੀ ਮਰਦਮ ਸ਼ੁਮਾਰੀ ਦੌਰਾਨ ਮੌਜੂਦਾ ਸਮੇਂ ਕੈਨੇਡਾ 'ਚ ਰਹਿ ਰਹੇ ਲੋਕਾਂ ਵਿਚੋਂ ਬਹੁਤਿਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦਰਜ ਕਰਵਾਈ ਹੈ। ਮਰਦਮ ਸ਼ੁਮਾਰੀ ਵਿਚ ਆਪਣੀ ਮਾਂ ਬੋਲੀ ਪੰਜਾਬੀ ਦਰਜ ਕਰਵਾਉਣ ਵਾਲੇ ਦੂਜੀ ਪੀੜ੍ਹੀ ਦੇ ਪੰਜਾਬੀਆਂ ਦੀ ਗਿਣਤੀ 33 ਫੀਸਦੀ ਹੈ ਜੋ ਕਿ ਹੋਰ ਸਾਰੀਆਂ ਬੋਲੀਆਂ ਤੋਂ ਕਿਤੇ ਜ਼ਿਆਦਾ ਹੈ।

ਸਟੈਟਿਸਟਿਕਸ ਕੈਨੇਡਾ (ਕੈਨੇਡਾ ਸਬੰਧੀ ਅੰਕੜੇ) ਨਾਮੀ ਸਰਵੇਖਣ ਦੇ ਮਿਲੇ ਵੇਰਵਿਆਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਪਰਵਾਸੀਆਂ ਦੇ ਕੈਨੇਡਾ 'ਚ ਜਨਮ ਲੈਣ ਵਾਲੇ ਬੱਚਿਆਂ ਵਿਚੋਂ 55 ਫੀਸਦੀ ਨੇ ਆਪਣੀ ਮਾਂ ਬੋਲੀ ਉਸੇ ਭਾਸ਼ਾ ਨੂੰ ਚੁਣਿਆ ਹੈ ਜਿਸ ਭਾਸ਼ਾ ਨੂੰ ਉਨ੍ਹਾਂ ਦੇ ਮਾਪਿਆਂ ਨੇ 2006 ਦੇ ਸਰਵੇਖਣ 'ਚ ਆਪਣੀ ਮਾਂ ਬੋਲੀ ਚੁਣਿਆ ਸੀ। ਦੂਜੇ ਪਾਸੇ ਹੰਗਰੀ ਤੋਂ ਪਰਵਾਸ ਕਰ ਕੇ ਕੈਨੇਡਾ 'ਚ ਆਏ ਮਾਪਿਆਂ ਦੇ ਬੱਚਿਆਂ ਵਿਚੋਂ ਸਿਰਫ 3 ਫੀਸਦੀ ਨੇ ਆਪਣੀ ਮਾਂ ਬੋਲੀ ਆਪਣੇ ਮਾਪਿਆਂ ਵੱਲੋਂ ਦੱਸੀ ਮਾਂ ਬੋਲੀ ਨੂੰ ਚੁਣਿਆ ਹੈ ਜੋ ਕਿ ਇਸ ਸਰਵੇਖਣ 'ਚ ਸਭ ਤੋਂ ਘੱਟ ਦਰ ਹੈ। ਜਰਮਨ ਮਾਪਿਆਂ ਦੇ ਬੱਚਿਆਂ 'ਚੋਂ 5 ਫੀਸਦੀ, ਪੋਲਿਸ਼ ਮਾਪਿਆਂ ਦੇ 6 ਫੀਸਦੀ, ਪੁਰਤਗੇਜ਼ੀ ਮਾਪਿਆਂ ਦੇ 8 ਫੀਸਦੀ, ਇਤਾਲਵੀ ਮਾਪਿਆਂ ਦੇ 11 ਫੀਸਦੀ ਤੇ ਸਪੇਨੀ ਮਾਪਿਆਂ ਦੇ



*ਪੰਜਾਬੀ ਰੰਗ ਵਿਚ ਰੰਗੇ ਹੋਏ ਵਿਦੇਸ਼ਾਂ ਵਿਚ ਰਹਿੰਦੇ ਬੱਚੇ।*

12 ਫੀਸਦੀ ਬੱਚਿਆਂ ਨੇ ਆਪਣੀ ਮਾਂ ਬੋਲੀ ਆਪਣੇ ਮਾਪਿਆਂ ਵਾਲੀ ਦਰਜ ਕਰਵਾਈ ਹੈ।

ਜ਼ਿਕਰਯੋਗ ਹੈ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਹੋਂਦ 'ਚ ਆਈ ਨਵੀਂ ਕੈਨੇਡੀਅਨ ਇਮੀਗ੍ਰੇਸ਼ਨ ਨੀਤੀ ਜੋ ਕਿ ਪਰਵਾਸੀਆਂ ਦੇ ਪੂਰੇ ਪਰਿਵਾਰ 'ਤੇ ਫੋਕਸ ਕਰਦੀ ਹੈ ਤਹਿਤ ਕੈਨੇਡਾ 'ਚ ਨਵੇਂ ਆਏ ਭਾਈਚਾਰਿਆਂ ਦੇ ਲੋਕਾਂ ਨੇ ਆਪਣੀ ਮਾਂ ਬੋਲੀ ਨੂੰ ਚੁਣਨ ਦੇ ਮਾਮਲੇ 'ਚ ਜ਼ਿਆਦਾ ਪਰਪੱਕਤਾ ਦਿਖਾਈ ਹੈ। ਸਾਲ 1980 ਤੋਂ 2000 ਦਰਮਿਆਨ ਅਪਣਾਈ ਗਈ ਇਸ ਇਮੀਗ੍ਰੇਸ਼ਨ ਨੀਤੀ ਤਹਿਤ ਕੈਨੇਡਾ ਵੱਲੋਂ ਪੂਰੇ ਪਰਿਵਾਰ ਨੂੰ ਇਕੱਠਾ ਰੱਖਣ 'ਤੇ ਜ਼ੋਰ ਦਿੱਤਾ ਗਿਆ ਜਿਸ ਦੇ ਸਿੱਟੇ ਵਜੋਂ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਆਪਣੇ ਮਾਪਿਆਂ ਤੇ ਦਾਦਿਆਂ-ਨਾਨਿਆਂ ਨਾਲ ਰਹਿਣ ਦਾ ਮੌਕਾ ਮਿਲਿਆ।ਕਿਉਂਕਿ ਕਿਸੇ ਵੀ ਸੱਭਿਅਤਾ 'ਚ ਮਾਤਾ-ਪਿਤਾ ਤੇ ਦਾਦਾ ਦਾਦੀ ਹੀ ਉਸ ਸੱਭਿਅਤਾ ਦੀ ਮਾਂ ਬੋਲੀ ਨੂੰ ਅਗਲੀ ਪੀੜ੍ਹੀ ਤੱਕ ਲਿਜਾਣ ਦਾ ਅਹਿਮ ਕੰਮ ਕਰਦੇ ਹਨ। ਇਸ ਲਈ ਇਸ ਨੀਤੀ ਨੇ ਨਵੀਂ ਪੀੜ੍ਹੀ ਦੇ ਬੱਚਿਆਂ ਵਿਚ ਆਪਣੀ ਮਾਂ ਬੋਲੀ ਪ੍ਰਤੀ ਖਿੱਚ ਨੂੰ ਵੀ ਵਧਾਇਆ ਹੈ।

ਅੰਕੜਿਆਂ ਤੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਜਿਥੇ ਪੁਰਤਗੀਜ਼, ਇਤਾਲਵੀ, ਸਪੇਨੀ ਤੇ ਜਰਮਨ ਆਦਿ ਸੱਭਿਅਤਾਵਾਂ ਨਾਲ ਜੁੜੇ ਲੋਕਾਂ ਦੇ ਬੱਚਿਆਂ 'ਚੋਂ ਸਿਰਫ 20 ਫੀਸਦੀ ਤੋਂ ਵੀ ਘੱਟ ਨੇ ਆਪਣੀ ਮਾਂ ਬੋਲੀ ਆਪਣੇ ਮਾਪਿਆਂ ਵਾਲੀ ਮਾਂ ਬੋਲੀ ਨੂੰ ਚੁਣਿਆ ਹੈ ਉਥੇ ਪੰਜਾਬੀ, ਮੰਦਾਰਿਨ, ਫ਼ਾਰਸੀ, ਬੰਗਲਾ, ਉਰਦੂ ਤੇ ਅਰਮੀਨੀਆਈ ਭਾਸ਼ਾਵਾਂ ਤੇ ਸੱਭਿਅਤਾਵਾਂ ਨਾਲ ਸਬੰਧਤ ਲੋਕਾਂ ਦੇ ਬੱਚਿਆਂ 'ਚ ਇਹ ਦਰ ਵਧ ਕੇ 70 ਫੀਸਦੀ ਤੋਂ ਵੀ ਵਧੇਰੇ ਹੋ ਜਾਂਦੀ ਹੈ। ਇਹ ਜਾਨਣ ਲਈ ਕਿ ਸਮੇਂ ਦੇ ਨਾਲ ਨਾਲ ਕੌਮਾਂਤਰੀ ਪੱਧਰ 'ਤੇ ਭਾਸ਼ਾ 'ਚ ਕਿਹੋ ਜਿਹਾ ਬਦਲਾਅ ਆਇਆ ਹੈ, ਅਧਿਐਨਕਰਤਾਵਾਂ ਨੇ 1981 'ਚ ਮਾਂ ਬਣਨ ਵਾਲੀਆਂ ਔਰਤਾਂ ਦੀ ਤੁਲਨਾ ਉਨ੍ਹਾਂ ਦੀਆਂ ਲੜਕੀਆਂ ਜੋ ਅੱਗੇ ਚੱਲ ਕੇ ਮਾਵਾਂ ਬਣੀਆਂ ਨਾਲ ਕੀਤੀ। ਇਸ ਦੌਰਾਨ ਪਾਇਆ ਗਿਆ ਕਿ ਜਿਥੇ 1981 'ਚ ਮਾਂ ਬਣਨ ਵਾਲੀਆਂ ਔਰਤਾਂ ਵਿਚੋਂ 41 ਫੀਸਦੀ ਨੇ ਆਪਣੀ ਮਾਂ ਬੋਲੀ ਆਪਣੇ ਬੱਚਿਆਂ ਤੱਕ ਪਹੁੰਚਾਈ, ਉਥੇ ਉਸ ਤੋਂ ਬਾਅਦ ਬਣੀਆਂ ਮਾਵਾਂ 'ਚ ਇਹ ਦਰ ਘਟ ਕੇ 23 ਫੀਸਦੀ ਰਹਿ ਗਈ।

ਰਿਪੋਰਟ 'ਚ ਤੱਥਾਂ ਨੂੰ ਆਧਾਰ ਮੰਨ ਕੇ ਇਹ ਸਿੱਟਾ ਕੱਢਿਆ ਗਿਆ ਹੈ ਕਿ ਕੌਮਾਂਤਰੀ ਪੱਧਰ 'ਤੇ ਮਾਂ ਬੋਲੀ 'ਚ ਆਉਣ ਵਾਲੇ ਬਦਲਾਅ ਨੂੰ ਸਭ ਤੋਂ ਜ਼ਿਆਦਾ ਵਿਆਹ ਦੇ ਬੰਧਨ ਨੇ ਪ੍ਰਭਾਵਤ ਕੀਤਾ ਹੈ। ਭਾਵ ਵੱਖੋ-ਵੱਖਰੀਆਂ ਭਾਸ਼ਾਵਾਂ ਵਾਲੇ ਜੋੜਿਆਂ ਦੇ ਬੱਚਿਆਂ ਨੂੰ ਆਪਣੀ ਮਾਂ-ਬੋਲੀ ਚੁਣਨ 'ਚ ਜ਼ਿਆਦਾ ਮੁਸ਼ਕਲ ਆਉਂਦੀ ਹੈ ਕਿਉਂਕਿ ਉਨ੍ਹਾਂ ਦੀ ਮਾਂ ਕਿਸੇ ਹੋਰ ਬੋਲੀ ਨਾਲ ਸਬੰਧਤ ਹੁੰਦੀ ਹੈ ਤੇ ਪਿਤਾ ਕਿਸੇ ਹੋਰ ਬੋਲੀ ਨਾਲ।

ਕੁੱਲ ਮਿਲਾ ਕੇ ਤਿੰਨ ਪੀੜ੍ਹੀਆਂ ਨੂੰ ਆਪਣੇ ਦਾਇਰੇ ਵਿਚ ਲੈਣ ਵਾਲੀ ਇਸ ਰਿਪੋਰਟ ਵਿਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕੈਨੇਡਾ ਵਿਚ ਪਰਵਾਸ ਕਰ ਕੇ ਆਏ ਤੇ 1981 ਵਿਚ ਬੱਚਾ ਜੰਮਣ ਵਾਲੇ ਜੋੜਿਆਂ ਵਿਚੋਂ ਬਹੁਤ ਘੱਟ ਪੋਤੇ-ਪੋਤੀਆਂ ਆਪਣੇ ਦਾਦੇ-ਦਾਦੀ ਵਾਲੀ ਭਾਸ਼ਾ ਬੋਲਦੇ ਹਨ। ਇਸ ਤੋਂ ਇਲਾਵਾ ਪਰਵਾਸੀਆਂ ਦੀ ਦੂਜੀ ਪੀੜ੍ਹੀ ਦੇ ਬੱਚਿਆਂ ਵਿਚੋਂ ਜਿਥੇ 10 ਵਿਚੋਂ 4 ਬੱਚੇ ਆਪਣੇ ਮਾਤਾ ਪਿਤਾ ਵਾਲੀ ਭਾਸ਼ਾ ਬੋਲਦੇ ਹਨ, ਉਥੇ ਤੀਜੀ ਪੀੜ੍ਹੀ ਤੱਕ ਇਹ ਗਿਣਤੀ 10 ਵਿਚੋਂ 1 ਤੱਕ ਰਹਿ ਜਾਂਦੀ ਹੈ।

**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250



# ਘਰ ਕਿਰਾਏ ਲਈ ਖਾਲੀ ਹੈ

ਲੈਥਰੋਪ, ਕੈਲੀਫੋਰਨੀਆ ਵਿਚ 2 ਬੈਡਰੂਮ, 2 ਬਾਥ,
ਖੂਬਸੂਰਤ ਯਾਰਡ, ਬਹੁਤ ਵਧੀਆ ਲੋਕੇਸ਼ਨ
ਫਰੀਵੇ ਅਤੇ ਗਰੌਸਰੀ ਸਟੋਰਾਂ ਦੇ ਬਿਲਕੁਲ ਕਰੀਬ

ਕਾਲ ਕਰੋ: 408-314-2975


*www.punjabtimesusa.com*

## ਗਤਕਾ ਕੌਮੀ ਸਕੂਲ ਖੇਡਾਂ ਦੇ ਕੈਲੰਡਰ 'ਚ ਸ਼ਾਮਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਪੰਜਾਬ ਟਾਈਮਜ਼ ਬਿਊਰੋ):** ਗਤਕਾ ਫੈਡਰੇਸ਼ਨ ਆਫ ਇੰਡੀਆ ਤੇ ਪੰਜਾਬ ਗਤਕਾ ਐਸੋਸ਼ੀਏਸ਼ਨ ਦੇ ਯਤਨਾਂ ਸਦਕਾ ਵਿਰਾਸਤੀ ਖੇਡ ਗਤਕੇ ਨੂੰ ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਦੇ ਰਾਸ਼ਟਰੀ ਖੇਡ ਕੈਲੰਡਰ ਵਿਚ ਸ਼ਾਮਲ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ ਪਹਿਲੀ ਵਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਤੰਬਰ ਮਹੀਨੇ ਆਲ ਇੰਡੀਆ ਅੰਤਰ-ਵਰਸਿਟੀ ਗਤਕਾ ਚੈਂਪੀਅਨਸ਼ਿਪ ਆਯੋਜਿਤ ਕੀਤੀ ਜਾ ਰਹੀ ਹੈ।

ਇੱਥੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਹ ਜਾਣਕਾਰੀ ਦਿੰਦਿਆਂ ਗਤਕਾ ਫੈਡਰੇਸ਼ਨ ਦੇ ਪ੍ਰਧਾਨ ਸ. ਹਰਚਰਨ ਸਿੰਘ ਭੁੱਲਰ ਐਸ.ਐਸ.ਪੀ. ਸੰਗਰੂਰ ਨੇ ਦੱਸਿਆ ਕਿ ਗਤਕਾ ਖੇਡ ਨੂੰ ਪੰਜਾਬ ਦੇ ਸਕੂਲਾਂ, ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਖੇਡ ਕੈਲੰਡਰ ਵਿਚ ਪਹਿਲਾਂ ਹੀ ਸ਼ਾਮਲ ਕਰ ਲਿਆ ਗਿਆ ਹੈ ਤੇ ਹੁਣ ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਦੇ ਚਾਲੂ ਸਾਲ 2011-2012 ਦੇ ਕੌਮੀ ਖੇਡ ਕੈਲੰਡਰ ਵਿਚ ਵੀ ਸ਼ਾਮਲ ਕਰ ਲਿਆ ਗਿਆ ਹੈ ਜਿਸ ਤਹਿਤ ਨਵੰਬਰ ਮਹੀਨੇ ਰਾਸ਼ਟਰੀ ਸਕੂਲ ਖੇਡਾਂ ਮੌਕੇ ਅਨੰਦਪੁਰ ਸਾਹਿਬ ਵਿਖੇ ਕੌਮੀ ਗਤਕਾ ਖੇਡ ਮੁਕਾਬਲੇ ਹੋਣਗੇ।

ਇਸੇ ਤਰ੍ਹਾਂ ਪਹਿਲੀ ਵਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਤੰਬਰ ਮਹੀਨੇ ਆਲ ਇੰਡੀਆ ਅੰਤਰਵਰਸਿਟੀ ਗਤਕਾ ਚੈਂਪੀਅਨਸ਼ਿਪ ਕਰਵਾਈ ਜਾ ਰਹੀ ਹੈ।

ਸ. ਭੁੱਲਰ ਨੇ ਇਹ ਵੀ ਦੱਸਿਆ ਕਿ ਗਤਕਾ ਖੇਡ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਾਲਾਨਾ ਸੱਭਿਆਚਾਰਕ ਮੁਕਾਬਲਿਆਂ ਦੀ ਸੂਚੀ ਵਿਚ ਅਤੇ ਪਾਠ ਪੁਸਤਕਾਂ ਵਿਚ ਵੀ ਸ਼ਾਮਲ ਕਰਵਾਇਆ ਚੁੱਕਾ ਹੈ।


# ਰੇਡੀਓ ਚੜ੍ਹਦੀ ਕਲਾ ਸੁਣੋ

ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ
ਪਏ ਪੁਰਾਣੇ ਰੇਡੀਓ ਸੈਟਾਂ ਉਪਰ

ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ

ਗੁਰਚਰਨ ਸਿੰਘ ਮਾਨ, 510-557-0061
ਲਖਵੀਰ ਸਿੰਘ, 510-768-9882




ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ

- > ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
- > ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
- > ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
- > ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
- > ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com

**Radio CK, PO Box 296, Fremont, CA 94537**

**Purchase radio from:** *Royal Bazar Alum Rock Ave San Jose, Preet Fabrik and appliances Fremont, Kash Fabrik Hayward, Sidhartha International Fremont, Roshni Decoto Road Union City*



**MRP TRAVEL**

*Lowest International and Domestic Fares*

ARC FLY ANY AIRLINE OF YOUR CHOICE IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*



Asiana Airlines, Emirates, SINGAPORE AIRLINES, CATHAY PACIFIC, KOREAN AIR, Lufthansa, CHINA AIRLINES

**We Also Offer Notary Service**



**Desi Cuts and Color Plus**

For Men, Women & Children



Grand Opening

Ph:510-429-0786



Mandeep 510-200-4415

Tony (510) 825-0820

**Monday to Friday 9:00-7:30 (Tuesday Closed)
Saturday 9:00-7:00, Sunday 10:00-6:00**

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 ( Behind Tacobell )


## Matrimonials

*ਜੀਵਨ ਸਾਥੀ ਦੀ ਲੋੜ*


Indian Attorney in 60s, Height 5'-6", slim body, is looking for a sincere, educated, God fearing, companion, caste no bar,serious inquiries only. email: Ph - 323-573-9315, Email: singhb1@yahoo.com

ਇੰਡੀਆ ਰਹਿੰਦੇ ਖੂਬਸੂਰਤ 25 ਸਾਲਾ, 5'-11" ਗੁਰਸਿੱਖ ਦਿਲੋਂ ਜੱਟ ਲੜਕੇ ਲਈ ਅਮਰੀਕੀ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 847-454-4062

US/Canadian citizen girl sought for Canadian citizen Kamboj Sikh cleanshave boy 27, 5' 7", Chem. engg., working with SNC Lavalin. No bars. Pl. contact: e-mail at: ravhanda@hotmail.com






**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

Surjit Singh or Satwant K. Takk Cell:

**(416) 889-9886**

Sukhpreet Kaur Indiana
Ph:317-884-3557

*www.safeandeasyweightloss.com*
*e-mail:sstakk@hotmail.com*



FARMERS INSURANCE GROUP Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਨੂੰ ਲੈ ਕੇ ਸਿਆਸਤ ਫਿਰ ਭਖੀ

## ਕਾਂਗਰਸ 'ਤੇ ਚੋਣਾਂ 'ਚ ਦੇਰੀ ਕਰਨ ਦਾ ਦੋਸ਼





**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਪਿਛਲੇ ਤਕਰੀਬਨ ਦੋ ਸਾਲਾਂ ਤੋਂ ਲਟਕਦੀਆਂ ਆ ਰਹੀਆਂ ਹਨ ਤੇ ਇਸ ਸਾਲ ਵੀ ਇਹ ਚੋਣਾਂ ਹੋਣ ਦੀ ਸੰਭਾਵਨਾ ਘੱਟ ਹੀ ਹਨ। ਅਸਲ 'ਚ ਪਹਿਲਾਂ ਪੰਜਾਬ ਦੀ ਸੱਤਾ 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਟਾਲ ਰਿਹਾ ਸੀ। ਉਸ ਦੀ ਮਨਸ਼ਾ ਦੀ ਸੀ ਕਿ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਇਹ ਚੋਣਾਂ ਕਰਾ ਕਿ ਇਸ 'ਚ ਮਿਲੀ ਜਿੱਤ ਦਾ ਲਾਹਾ ਵਿਧਾਨ ਸਭਾ ਦੀਆਂ ਚੋਣਾਂ 'ਚ ਲਿਆ ਜਾ ਸਕੇ ਪਰ ਕਾਂਗਰਸ ਨੇ ਅਕਾਲੀ ਦਲ ਦੀ ਇਹ ਚਲਾਕੀ ਨਹੀਂ ਚੱਲਣ ਦਿੱਤੀ ਤੇ ਹੁਣ ਕੇਂਦਰ ਵੱਲੋਂ ਚੋਣਾਂ ਨੂੰ ਟਾਲਿਆ ਜਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਚੋਣਾਂ ਕਰਾਉਣ ਦਾ ਇਕ ਲਾਹਾ ਇਹ ਵੀ ਹੋਣਾ ਸੀ ਕਿ ਉਹ ਸੱਤਾ 'ਚ ਹੁੰਦਿਆਂ ਸਰਕਾਰੀ ਮਸ਼ੀਨਰੀ ਦੀ ਖੁੱਲ੍ਹ ਕੇ ਵਰਤੋਂ ਕਰ ਸਕਦਾ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੌਰਾਨ ਵਿਧਾਨ ਸਭਾ ਚੋਣਾਂ ਦੀ ਰਿਹਰਸਲ ਮੁਫਤ 'ਚ ਹੋ ਜਾਣੀ ਸੀ ਪਰ ਕਾਂਗਰਸ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਇਹ ਲਾਹਾ ਲੈਣ ਦੇਣ 'ਚ ਕਾਮਯਾਬ ਨਹੀਂ ਹੋਣ ਦੇਣਾ ਚਹੁੰਦੀ।

ਹੁਣ ਜਦ ਪੰਜਾਬ ਰਾਜ ਵਿਧਾਨ ਸਭਾ ਚੋਣਾਂ 'ਚ ਤਕਰੀਬਨ ਛੇ ਮਹੀਨਿਆਂ ਦਾ ਸਮਾਂ ਹੀ ਰਹਿ ਗਿਆ ਹੈ ਤਾਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਉਣ ਦੀ ਗੱਲ ਸਾਰਥਕ ਨਹੀਂ ਜਾਪਦੀ ਕਿਉਂਕਿ ਅਜਿਹੇ ਨਾਜ਼ੁਕ ਸਮੇਂ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾ ਕੇ ਕਿਸੇ ਵੀ ਕੀਮਤ 'ਤੇ ਰਾਜ ਦੀ ਸੱਤਾਧਾਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਫਾਇਦਾ ਨਹੀਂ ਪਹੁੰਚਾਉਣਾ ਚਾਹੇਗੀ। ਇਹੀ ਵਜ੍ਹਾ ਹੈ ਕਿ ਕੇਂਦਰ ਸਰਕਾਰ ਇਨ੍ਹਾਂ ਚੋਣਾਂ ਨੂੰ ਆਨੇ-ਬਹਾਨੇ ਲੰਮੇ ਸਮੇਂ ਤੋਂ ਟਾਲਦੀ ਆ ਰਹੀ ਹੈ ਤੇ ਹੁਣ ਉਹ ਇਨ੍ਹਾਂ ਚੋਣਾਂ ਨੂੰ ਵਿਧਾਨ ਸਭਾ ਚੋਣਾਂ ਤੋਂ ਬਾਅਦ ਹੀ ਕਰਵਾਉਣ ਦੇ ਰੌਂਅ 'ਚ ਹੈ।

ਸ਼੍ਰੋਮਣੀ ਕਮੇਟੀ ਚੋਣਾਂ 'ਚ ਹਮੇਸ਼ਾਂ ਹੀ ਸ਼੍ਰੋਮਣੀ ਅਕਾਲੀ ਦਲ ਦਾ ਹੱਥ ਉੱਪਰ ਰਿਹਾ ਹੈ ਤੇ ਇਸ ਵਾਰ ਤਾਂ ਰਾਜ 'ਚ ਸਰਕਾਰ ਵੀ ਸ਼੍ਰੋਮਣੀ ਅਕਾਲੀ ਦਲ (ਬ) ਦੀ ਹੋਣ ਕਾਰਨ ਕੇਂਦਰ ਸਰਕਾਰ ਕਿਸੇ ਕਿਸਮ ਦਾ ਰਿਸਕ ਨਹੀਂ ਲੈਣਾ ਚਾਹੇਗੀ। ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਕੇਂਦਰ ਦੀ ਕਾਂਗਰਸ ਹਕੂਮਤ ਇਸ ਗੱਲ ਤੋਂ ਭਲੀ-ਭਾਂਤ ਜਾਣੂ ਹੈ ਕਿ ਜੇਕਰ ਇਹ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੁੰਦੀਆਂ ਹਨ ਤਾਂ ਸੱਤਾ 'ਚ ਹੋਣ ਕਾਰਨ ਸ਼੍ਰੋਮਣੀ ਅਕਾਲੀ ਦਲ (ਬ) ਜਿੱਥੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਕੇ ਇਨ੍ਹਾਂ ਚੋਣਾਂ 'ਚ ਨਾ ਕੇਵਲ ਵੋਟਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਸਗੋਂ ਇਸ ਤੋਂ ਵੀ ਅੱਗੇ ਜੇਕਰ ਸ਼੍ਰੋਮਣੀ ਅਕਾਲੀ ਦਲ ਇਕ ਵਾਰ ਫਿਰ ਇਨ੍ਹਾਂ ਚੋਣਾਂ 'ਚ ਆਪਣਾ ਦਬਦਬਾ ਕਾਇਮ ਰੱਖਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਅਕਾਲੀ ਦਲ ਇਸ ਜੇਤੂ ਲਹਿਰ ਦਾ ਲਾਹਾ ਆਗਾਮੀ ਵਿਧਾਨ ਸਭਾ ਚੋਣਾਂ 'ਚ ਵੀ ਲੈ ਸਕਦਾ ਹੈ।

ਅਜਿਹੇ ਹਾਲਾਤ 'ਚ ਕੇਂਦਰ ਸਰਕਾਰ ਕਦੇ ਵੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਦਾ ਜੋਖਮ ਨਹੀਂ ਲੈਣਾ ਚਾਹੇਗੀ। ਹੁਣ ਜਦ ਗੁਰਦੁਆਰਾ ਚੋਣ ਕਮਿਸ਼ਨ ਵਲੋਂ ਵੋਟਰ ਸੂਚੀਆਂ ਤੋਂ ਲੈ ਕੇ ਚੋਣਾਂ ਦੀਆਂ ਹੋਰ ਤਿਆਰੀਆਂ ਬਾਰੇ ਰਿਪੋਰਟ ਤਿਆਰ ਕਰਕੇ ਕੇਂਦਰ ਸਰਕਾਰ ਨੂੰ ਭੇਜੀ ਜਾ ਚੁੱਕੀ ਹੈ ਤਾਂ ਸਮੁੱਚੇ ਸਿੱਖ ਭਾਈਚਾਰੇ ਦੀਆਂ ਨਜ਼ਰਾਂ ਕੇਂਦਰ ਸਰਕਾਰ ਵੱਲ ਟਿਕੀਆਂ ਹੋਈਆਂ ਹਨ। ਇਥੇ ਹੀ ਬੱਸ ਨਹੀਂ ਜੇਕਰ ਕੇਂਦਰ ਸਰਕਾਰ ਵਲੋਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਹਰੀ ਝੰਡੀ ਮਿਲ ਵੀ ਜਾਂਦੀ ਹੈ ਤਾਂ ਗੁਰਦੁਆਰਾ ਚੋਣ ਕਮਿਸ਼ਨ ਲਈ ਇੰਨੇ ਘੱਟ ਸਮੇਂ 'ਚ ਚੋਣਾਂ ਦੀ ਤਿਆਰੀ ਕਰ ਸਕਣਾ ਸੰਭਵ ਨਹੀਂ ਲੱਗਦਾ ਕਿਉਂਕਿ ਗੁਰਦੁਆਰਾ ਮੁੱਖ ਚੋਣ ਕਮਿਸ਼ਨਰ ਐਚ. ਐਸ. ਬਰਾੜ ਦਾ ਖੁਦ ਮੰਨਣਾ ਹੈ ਕਿ ਚੋਣਾਂ ਦੀ ਤਿਆਰੀ ਲਈ ਉਨ੍ਹਾਂ ਨੂੰ ਘੱਟੋ-ਘੱਟ ਦੋ ਮਹੀਨੇ ਦਾ ਸਮਾਂ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵਲੋਂ ਚੋਣਾਂ ਬਾਰੇ ਰਿਪੋਰਟ ਕੇਂਦਰ ਸਰਕਾਰ ਨੂੰ ਭੇਜਿਆਂ ਨੂੰ ਤਕਰੀਬਨ ਡੇਢ-ਦੋ ਮਹੀਨੇ ਦਾ ਅਰਸਾ ਹੋ ਚੁੱਕਾ ਹੈ ਪਰ ਅਜੇ ਤੱਕ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਮਿਲਿਆ। ਉਧਰ ਅਕਾਲੀ ਦਲ 1920 ਵਲੋਂ ਫੋਟੋ ਸ਼ਨਾਖਤੀ ਕਾਰਡਾਂ ਦੇ ਮੁੱਦੇ ਨੂੰ ਲੈ ਕੇ ਅਦਾਲਤ ਵਿਚ ਜਾਣ ਨਾਲ ਵੀ ਇਨ੍ਹਾਂ ਚੋਣਾਂ ਦਾ ਇਸ ਸਾਲ ਹੋ ਸਕਣਾ ਸੰਭਵ ਨਹੀਂ ਲੱਗਦਾ।

ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ 7 ਜੂਨ ਨੂੰ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਕੇਂਦਰ ਸਰਕਾਰ ਦੀ ਨੁਕਤਾਚੀਨੀ ਕੀਤੀ ਗਈ ਕਿ ਉਸ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਕਿਸੇ ਨਾ ਕਿਸੇ ਬਹਾਨੇ ਲਟਕਾਇਆ ਜਾ ਰਿਹਾ ਹੈ। ਇਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਦੀ ਇਸ ਕਾਰਵਾਈ ਨੂੰ ਸਿੱਖ ਭਾਵਨਾਵਾਂ ਨਾਲ ਖਿਲਵਾੜ ਤੇ ਜਮਹੂਰੀ ਕਦਰਾਂ ਕੀਮਤਾਂ ਦਾ ਕਤਲ ਕਰਾਰ ਦਿੱਤਾ।

## ਚੋਣਾਂ 'ਚ ਦੇਰੀ ਲਈ ਬਾਦਲ ਦਲ ਜ਼ਿੰਮੇਵਾਰ: ਨਲਵੀ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਇਕ ਧੜੇ ਦੇ ਕਾਰਜਕਾਰੀ ਚੇਅਰਮੈਨ ਦੀਦਾਰ ਸਿੰਘ ਨਲਵੀ ਨੇ ਸ਼੍ਰੋਮਣੀ ਕਮੇਟੀ ਚੋਣਾਂ 'ਚ ਹੋ ਰਹੀ ਦੇਰੀ ਲਈ ਅਕਾਲੀਆਂ ਵੱਲੋਂ ਕੇਂਦਰ ਉਪਰ ਦੋਸ਼ ਲਾਉਣ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਖੁਦ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੀ ਇਸ ਦੇਰੀ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ 2009 ਵਿਚ ਸ਼੍ਰੋਮਣੀ ਕਮੇਟੀ ਚੋਣਾਂ ਹੋਈਆਂ ਸਨ ਪਰ ਅਕਾਲੀ ਦਲ ਹਮੇਸ਼ਾ ਚੋਣਾਂ ਨਾ ਹੋਣ ਦੇ ਹੱਕ ਵਿਚ ਰਿਹਾ ਹੈ ਤੇ ਹੁਣ ਕੇਂਦਰ 'ਤੇ ਦੋਸ਼ ਮੜ੍ਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਚੋਣਾਂ ਨੇੜੇ ਆਉਂਦੀਆਂ ਵੇਖ ਬਾਦਲ ਦਲ, ਕੇਂਦਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਵਿਚ ਹੈ।

ਉਨ੍ਹਾਂ ਦਲੀਲ ਦਿੱਤੀ ਕਿ 1925 ਤੋਂ ਲੈ ਕੇ 1952 ਤਕ ਚੋਣਾਂ ਸਮੇਂ ਸਿਰ ਹੁੰਦੀਆਂ ਰਹੀਆਂ ਪਰ ਸ਼੍ਰੋਮਣੀ ਕਮੇਟੀ ਵਿਚ ਸਿਆਸਤ ਭਾਰੂ ਹੋਣ ਪਿੱਛੋਂ ਇਨ੍ਹਾਂ ਵਿਚ ਦੇਰੀ ਹੋਣੀ ਸ਼ੁਰੂ ਹੋ ਗਈ। 1952 ਤੋਂ ਬਾਅਦ 1965 ਵਿਚ ਹੀ ਚੋਣਾਂ ਹੋ ਸਕੀਆਂ ਸਨ। ਇਸੇ ਤਰ੍ਹਾਂ 1996 ਵਿਚ ਚੋਣਾਂ ਤੋਂ ਬਾਅਦ 2004 ਤੇ ਫਿਰ 2009 ਵਿਚ ਚੋਣਾਂ ਹੋਣੀਆਂ ਸਨ। ਸ. ਨਲਵੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਐਕਟ 1925 ਵਿਚ ਕਿਤੇ ਵੀ ਨਹੀਂ ਲਿਖਿਆ ਗਿਆ ਕਿ ਚੋਣਾਂ ਪੰਜ ਸਾਲ ਬਾਅਦ ਕਰਾਉਣਾ ਲਾਜ਼ਮੀ ਹੈ। ਇਸ ਲਈ ਬਾਦਲ ਦਲ ਆਪਣੀ ਮਰਜੀ ਤੇ ਲੋੜ ਮੁਤਾਬਕ ਚੋਣਾਂ ਦਾ ਮੁੱਦਾ ਉਠਾ ਲੈਂਦਾ ਹੈ।

## ਅਕਾਲੀ ਦਲ 1920 ਵੀ ਬਾਦਲ ਦਲ 'ਤੇ ਵਰ੍ਹਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (1920) ਨੇ ਸ਼੍ਰੋਮਣੀ ਕਮੇਟੀ ਚੋਣਾਂ 'ਚ ਦੇਰੀ ਲਈ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਜ਼ਿੰਮੇਵਾਰ ਦੱਸਦਿਆਂ ਕਿਹਾ ਕਿ ਵੋਟਰ ਸੂਚੀਆਂ ਵਿਚ ਕੇਸ ਕਤਲ ਕਰਨ ਵਾਲੇ ਵਿਅਕਤੀਆਂ ਤੇ ਗ਼ੈਰ ਸਿੱਖਾਂ ਦੇ ਨਾਂ ਸ਼ਾਮਲ ਕੀਤੇ ਜਾਣ ਕਾਰਨ ਚੋਣਾਂ ਵਿਚ ਦੇਰੀ ਹੋ ਰਹੀ ਹੈ। ਦਲ ਦੇ ਸਕੱਤਰ ਰਜਿੰਦਰ ਸਿੰਘ ਬਡਹੇੜੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਦਬਾਅ ਹੇਠ ਗ਼ੈਰ ਸਿੱਖਾਂ ਦੀਆਂ ਵੋਟਾਂ ਵੱਡੀ ਪੱਧਰ 'ਤੇ ਬਣਾਈਆਂ ਜਾ ਰਹੀਆਂ ਹਨ। ਪੰਥਕ ਜਥੇਬੰਦੀਆਂ ਨੇ ਇਹ ਮਾਮਲਾ ਕਈ ਵਾਰ ਗੁਰਦਵਾਰਾ ਚੋਣ ਕਮਿਸ਼ਨ ਦੇ ਧਿਆਨ ਵਿਚ ਲਿਆਂਦਾ ਹੈ ਤੇ ਮੰਗ ਕੀਤੀ ਹੈ ਕਿ ਫ਼ੋਟੋ ਵਾਲੇ ਸ਼ਨਾਖ਼ਤੀ ਕਾਰਡਾਂ ਦੇ ਆਧਾਰ 'ਤੇ ਵੋਟਾਂ ਪੁਆਈਆਂ ਜਾਣ ਪਰ ਅੱਜ ਤਕ ਇਸ ਮੰਗ ਵੱਲ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪੰਥਕ ਜਥੇਬੰਦੀਆਂ ਦਾ ਵਫ਼ਦ ਮਈ 'ਚ ਗ੍ਰਿਹ ਮੰਤਰੀ ਪੀ. ਚਿਦੰਬਰਮ ਨੂੰ ਮਿਲ ਕੇ ਸਬੂਤ ਪੇਸ਼ ਚੁੱਕਾ ਹੈ।

## ਝੀਂਡਾ ਵੱਲੋਂ ਵੱਖਰੀ ਗੁਰਦੁਆਰਾ ਕਮੇਟੀ ਲਈ ਮੁੜ ਸੰਘਰਸ਼ ਦਾ ਐਲਾਨ



**ਚੰਡੀਗੜ੍ਹ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਲਈ ਕੀਤੀ ਜਾ ਰਹੀ ਦੇਰੀ ਦੇ ਵਿਰੋਧ ਵਿਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵਾਰੀ ਫਿਰ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਣ ਦਾ ਮਨ ਬਣਾ ਲਿਆ ਹੈ। ਇਸ ਦਾ ਖੁਲਾਸਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕੀਤਾ।

ਉਨ੍ਹਾਂ ਕਿਹਾ ਕਿ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਦੀ ਮੁਹਿੰਮ 30 ਜੂਨ ਨੂੰ ਕਰਨਾਲ ਤੋਂ ਵਿੱਢੀ ਜਾਵੇਗੀ ਤੇ ਯਮੁਨਾਨਗਰ ਵਿਚ ਪ੍ਰਦਰਸ਼ਨ ਸਤੰਬਰ ਦੇ ਮਹੀਨੇ ਕੀਤਾ ਜਾਵੇਗਾ। ਕਾਂਗਰਸ ਦੀ ਨੁਕਤਾਚੀਨੀ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਦੇਸ਼ ਵਿਚ ਅਲੱਗ ਗੁਰਦੁਆਰਾ ਕਮੇਟੀ ਬਣਾਉਣ ਦੀ ਹਮਾਇਤ ਵਿਚ 3 ਲੱਖ ਹਲਫਨਾਮੇ ਦੇਣ ਦੇ ਬਾਵਜੂਦ ਵੱਖਰੀ ਕਮੇਟੀ ਨਹੀਂ ਬਣਾਈ ਗਈ। ਉਨ੍ਹਾਂ ਕਿਹਾ ਕਿ ਕੁਰੂਕਸ਼ੇਤਰ ਦੇ ਸ਼ਾਹਬਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੀਰੀ ਪੀਰੀ ਮੈਡੀਕਲ ਕਾਲਜ ਜਾਣਬੁਝ ਕੇ ਬਿਨਾਂ ਇਜਾਜ਼ਤ ਸ਼ੁਰੂ ਕੀਤਾ ਤੇ ਹੁਣ ਸਰਕਾਰ ਵੱਲੋਂ ਨਿਰਮਾਣ ਕੰਮ ਵਿਚ ਰੁਕਾਵਟ ਖੜ੍ਹੀਆਂ ਕਰਨ ਦਾ ਬਹਾਨਾ ਬਣਾ ਕੇ ਨਿਰਮਾਣ ਕੰਮ ਰੋਕ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਡੀਕਲ ਕਾਲਜ ਬਣਾਉਣਾ ਸ਼ੁਰੂ ਕਰੇ ਤੇ ਜੇਕਰ ਨਿਰਮਾਣ ਕੰਮ ਵਿਚ ਕੋਈ ਰੁਕਾਵਟ ਆਉਂਦੀ ਹੈ ਤਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਥ ਦੇਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਉੱਤਰਾਖੰਡ ਵਿਚ ਹਰਿਦੁਆਰ ਵਿਚ ਇਤਿਹਾਸਿਕ ਗੁਰਦੁਆਰਾ ਗਿਆਨ ਗੋਦੜੀ ਬਾਰੇ ਗੱਲਬਾਤ ਕਰਨ ਲਈ ਉੱਤਰਾਖੰਡ ਦੇ ਮੁੱਖ ਮੰਤਰੀ ਤੋਂ ਸਮਾਂ ਮੰਗਿਆ ਗਿਆ ਸੀ ਪਰ ਮੁਲਾਕਾਤ ਨਹੀਂ ਹੋ ਸਕੀ। ਉਨ੍ਹਾਂ ਦੱਸਿਆ ਕਿ 1978 ਵਿਚ ਇਸ ਗੁਰਦੁਆਰਾ ਸਾਹਿਬ ਨੂੰ ਬੰਦ ਕਰਕੇ ਇੱਥੇ ਸਕਾਊਟ ਦਾ ਦਫਤਰ ਖੋਲ੍ਹ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਗੁਰਦੁਆਰਾ ਸਾਹਿਬ ਦੀ ਜ਼ਮੀਨ ਵਾਪਸ ਲੈਣ ਲਈ ਤੇ ਗੁਰਦੁਆਰੇ ਦੇ ਨਿਰਮਾਣ ਲਈ ਸਰਵ ਪ੍ਰਦੇਸ਼ ਗੁਰਦੁਆਰਾ ਕਮੇਟੀਆਂ ਮਿਲ ਕੇ ਸੰਘਰਸ਼ ਕਰ ਰਹੀਆਂ ਹਨ।

## ਲੇਖਕ ਡਾ. ਦਰਸ਼ਨ ਗਿੱਲ ਦਾ ਦੇਹਾਂਤ



**ਸਰੀ:** ਕੈਨੇਡਾ ਦੇ ਪੰਜਾਬੀ ਲੇਖਕ ਡਾ. ਦਰਸ਼ਨ ਗਿੱਲ (68) ਦਾ ਸਰੀ ਮੈਮੋਰੀਅਲ ਹਸਪਤਾਲ 'ਚ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਸਾਲ ਤੋਂ ਕੈਂਸਰ ਦੀ ਬਿਮਾਰੀ ਨਾਲ ਪੀੜਤ ਸਨ। ਪਰਿਵਾਰਕ ਸੂਤਰਾਂ ਅਨੁਸਾਰ ਸ. ਗਿੱਲ ਨੇ 10 ਜੂਨ ਨੂੰ ਸਵੇਰ ਵੇਲੇ ਆਖਰੀ ਸਾਹ ਲਏ। 2007 ਵਿਚ ਉਨ੍ਹਾਂ ਦੀ ਕਿਡਨੀ 'ਚ ਨੁਕਸ ਵੇਲੇ ਕੈਂਸਰ ਦਾ ਪ੍ਰਭਾਵ ਪਾਇਆ ਗਿਆ ਸੀ। ਮਗਰੋਂ ਕਿਡਨੀ ਕੱਢਣ ਨਾਲ ਸਥਿਤੀ ਕਾਬੂ ਹੋਣ ਕਾਰਨ ਸਿਹਤ ਠੀਕ ਰਹੀ ਪਰ ਜੁਲਾਈ, 2010 ਵਿਚ ਇਕ ਵਾਰ ਫਿਰ ਕੈਂਸਰ ਨੇ ਸ. ਗਿੱਲ ਨੂੰ ਆਪਣੀ ਲਪੇਟ 'ਚ ਲੈ ਲਿਆ। ਪੰਜਾਬ ਦੇ ਪਿੰਡ ਢੁੱਡੀਕੇ ਦੇ ਜੰਮਪਲ ਡਾ. ਦਰਸ਼ਨ ਗਿੱਲ ਪੰਜਾਬ 'ਚ ਅਧਿਆਪਨ ਕਾਰਜ 'ਚ ਸੇਵਾਵਾਂ ਨਿਭਾਉਣ ਮਗਰੋਂ ਕੈਨੇਡਾ ਆ ਗਏ ਤੇ ਸੱਤਰਵਿਆਂ ਤੋਂ ਸਾਹਿਤਕ ਹਲਕਿਆਂ 'ਚ ਸਰਗਰਮ ਹੋ ਗਏ।

ਇਥੇ ਉਨ੍ਹਾਂ ਪੰਜਾਬੀ ਲੇਖਕ ਮੰਚ ਤੇ ਹੋਰ ਸੰਸਥਾਵਾਂ ਰਾਹੀਂ ਆਪਣੀਆਂ ਗਤੀਵਿਧੀਆਂ ਜਾਰੀ ਰੱਖੀਆਂ ਤੇ ਕੈਨੇਡਾ ਦਰਪਣ ਸਾਹਿਤਕ ਮੈਗਜ਼ੀਨ ਵੀ ਕੱਢਦੇ ਰਹੇ। ਭਾਸ਼ਾ ਵਿਭਾਗ ਪੰਜਾਬ ਵੱਲੋਂ ਬੀਤੇ ਵਰ੍ਹੇ ਡਾ. ਦਰਸ਼ਨ ਗਿੱਲ ਨੂੰ ਪਰਵਾਸੀ ਪੰਜਾਬੀ ਸਾਹਿਤਕਾਰ ਵਜੋਂ ਸਨਮਾਨਿਤ ਵੀ ਕੀਤਾ ਗਿਆ ਸੀ।

# ਸਿੱਖ ਬੁੱਧੀਜੀਵੀ ਡਾ. ਹਰਨਾਮ ਸਿੰਘ ਸ਼ਾਨ ਨਹੀਂ ਰਹੇ

**ਚੰਡੀਗੜ੍ਹ:** ਸ਼੍ਰੋਮਣੀ ਸਾਹਿਤਕਾਰ ਤੇ ਸਿੱਖ ਵਿਦਵਾਨ ਡਾ. ਹਰਨਾਮ ਸਿੰਘ ਸ਼ਾਨ (88 ਸਾਲ) ਦਾ 9 ਜੂਨ ਨੂੰ ਪੀ.ਜੀ.ਆਈ. ਵਿਚ ਦੇਹਾਂਤ ਹੋ ਗਿਆ। ਉਹ ਕੁਝ ਸਮੇਂ ਤੋਂ ਨਿਮੋਨੀਆ ਤੋਂ ਪੀੜਤ ਸਨ ਤੇ ਪੰਦਰਾਂ ਦਿਨ ਪੀ.ਜੀ.ਆਈ. 'ਚ ਇਲਾਜ ਚੱਲਿਆ।।ਡਾ. ਸ਼ਾਨ ਦਾ ਸਿੱਖ ਧਰਮ, ਸਾਹਿਤ ਦੇ ਖੇਤਰ ਵਿਚ ਵੱਡਮੁੱਲਾ ਯੋਗਦਾਨ ਹੈ। ਉਹ ਵੱਖ-ਵੱਖ ਯੂਨੀਵਰਸਿਟੀਆਂ ਦੇ ਸੈਨੇਟਰ ਤੇ ਸਟੱਡੀ ਚੇਅਰਾਂ ਦੇ ਮੁਖੀ ਵੀ ਰਹੇ। ਉਨ੍ਹਾਂ ਲੰਡਨ ਯੂਨੀਵਰਸਿਟੀ ਤੋਂ 'ਸੱਸੀ ਦੇ ਰੁਮਾਂਸ ਦਾ ਆਲੋਚਨਾਤਮਿਕ ਅਧਿਐਨ' ਵਿਸ਼ੇ ਵਿਚ ਪੀ.ਐਚ.ਡੀ. ਕੀਤੀ ਸੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬੀ ਵਿਭਾਗ ਕਾਇਮ ਕਰਨ ਵਿਚ ਉਨ੍ਹਾਂ ਅਹਿਮ ਯੋਗਦਾਨ ਪਾਇਆ ਸੀ। ਡਾ. ਸ਼ਾਨ ਨੇ ਮੱਧ ਕਾਲੀਨ ਪੰਜਾਬੀ ਸਾਹਿਤ ਤੇ ਗੁਰਬਾਣੀ ਬਾਰੇ ਵਿਸ਼ੇਸ਼ ਅਧਿਐਨ ਕਾਰਜ ਕੀਤੇ ਹਨ। ਉਹ ਪੰਜਾਬ ਯੂਨੀਵਰਸਿਟੀ ਵਿਚੋਂ ਗੁਰੂ ਨਾਨਕ ਸਿੱਖ ਸਟੱਡੀ ਚੇਅਰ ਦੇ ਮੁਖੀ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ।

> ਮੱਧ ਕਾਲੀਨ ਪੰਜਾਬੀ ਸਾਹਿਤ ਤੇ ਗੁਰਬਾਣੀ ਬਾਰੇ ਵਿਸ਼ੇਸ਼ ਅਧਿਐਨ ਕਾਰਜ ਕੀਤੇ



ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਸਾਹਿਤਕਾਰ, ਚੰਡੀਗੜ੍ਹ ਪ੍ਰਸ਼ਾਸਨ ਵੱਲੋਂ 'ਐਕਸੀਲੈਂਸ ਇਨ ਲਿਟਰੇਚਰ' ਤੇ ਅਮਰੀਕਾ ਦੀ ਸੰਗਤ ਵੱਲੋਂ 'ਇੰਟਰਨੈਸ਼ਨਲ ਦਸਮੇਸ਼ ਐਵਾਰਡ' ਨਾਲ ਸਨਮਾਨਿਆ ਗਿਆ। ਉਨ੍ਹਾਂ ਦਾ ਇਕ ਪੁੱਤਰ ਤੇ ਤਿੰਨ ਧੀਆਂ ਹਨ ਜਦੋਂਕਿ ਉਨ੍ਹਾਂ ਦੀ ਪਤਨੀ ਪ੍ਰਕਾਸ਼ ਕੌਰ ਦਾ ਦੋ ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ। ਡਾ. ਸ਼ਾਨ ਪੰਜਾਬੀ ਤੇ ਅੰਗਰੇਜ਼ੀ ਵਿਚ ਐਮ.ਏ., ਪੀ.ਐਚ.ਡੀ., ਡੀ. ਲਿਟ, ਫਾਰਸੀ ਤੇ ਪੰਜਾਬੀ 'ਚ ਆਨਰਜ਼, ਐਫ. ਆਰ. ਏ. ਐਸ. (ਲੰਦਨ), ਐਮ.ਐਸ.ਏ. (ਪੈਰਿਸ) ਤੇ ਐਮ.ਬੀ.ਐਸ. (ਐਡਿਨਬਰਗ) ਸਨ। ਡਾ. ਸ਼ਾਨ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਗੁਰੂ ਨਾਨਕ ਚੇਅਰ ਦੇ ਪ੍ਰੋਫੈਸਰ ਤੇ ਚੇਅਰਮੈਨ ਰਹੇ।

ਇਥੇ ਹੀ ਪੰਜਾਬੀ ਵਿਭਾਗ ਤੇ ਸਿੱਖ ਸਟੱਡੀਜ਼ ਵਿਭਾਗ ਦੇ ਮੁਖੀ, ਇਸੇ ਯੂਨੀਵਰਸਿਟੀ ਦੀ ਸੈਨੇਟ ਦੇ ਮੈਂਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੀਨੀਅਰ ਫੈਲੋ, ਯੂਨੀਵਰਸਿਟੀ ਗਰਾਂਟ ਕਮਿਸ਼ਨ ਦੇ ਇਕ ਖੋਜ ਪ੍ਰਾਜੈਕਟ ਦੇ ਪ੍ਰਿੰਸੀਪਲ ਪ੍ਰਾਜੈਕਟ ਨਿਗਰਾਨ ਤੇ ਇੰਡੀਅਨ ਕੌਂਸਲ ਆਫ ਹਿਸਟੋਰੀਕਲ ਰਿਸਰਚ ਨਵੀਂ ਦਿੱਲੀ ਦੇ ਸੀਨੀਅਰ ਫੈਲੋ ਰਹੇ। ਡਾ. ਸ਼ਾਨ ਨੇ ਜਿੱਥੇ ਸਿੱਖ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਉੱਥੇ ਪੰਜਾਬੀ ਤੇ ਸੂਫੀ ਸਾਹਿਤ ਦੇ ਖੇਤਰ ਵਿਚ ਵੀ ਉਨ੍ਹਾਂ ਦਾ ਯੋਗਦਾਨ ਇਕ ਮੀਲ-ਪੱਥਰ ਵਾਂਗ ਹੈ। ਉਨ੍ਹਾਂ 80 ਦੇ ਕਰੀਬ ਪੁਸਤਕਾਂ ਤੇ 200 ਤੋਂ ਵਧੇਰੇ ਖੋਜ ਪਰਚੇ ਲਿਖੇ। ਸਾਹਿਤਕ ਖੇਤਰ ਵਿਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਸਦਕਾ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਸਾਹਿਤ ਸ਼੍ਰੋਮਣੀ ਪੁਰਸਕਾਰ ਨਾਲ ਨਿਵਾਜਿਆ ਗਿਆ। ਇਹੀ ਨਹੀਂ, ਰਾਜ ਸਰਕਾਰ ਵੱਲੋਂ ਹਾਲ ਹੀ ਵਿਚ ਸਰਹੰਦ ਫਤਹਿ ਦਿਵਸ ਦੌਰਾਨ ਵੀ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਆਪਣੀ ਕਲਮ ਦੇ ਜ਼ਰੀਏ ਡਾ. ਸ਼ਾਨ ਨੇ ਅੰਤਰਰਾਸ਼ਟਰੀ ਦਸਮੇਸ਼ ਪੁਰਸਕਾਰ ਅਮਰੀਕਾ ਵੀ ਹਾਸਲ ਕੀਤਾ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਧਰਮ ਤੇ ਸਾਹਿਤ ਦੇ ਪ੍ਰੋਫੈਸਰ ਐਮਰਾਈਟਿਸ ਡਾ. ਹਰਨਾਮ ਸਿੰਘ ਸ਼ਾਨ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

## Law Offices of Gill & Heridis

<u>Immigration Services</u>
■Family Petitions
■Marriage Petitions
■Fiance Visas
■Vawa Petitions
■Consular Processing
■Worker Visas

■9th Circuit Appeals
■BIA Appeals
■Removal Defense
■Asylum

<u>Personal Injury</u>
■Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085


# ਡਾ. ਮਨਮੋਹਨ ਸਿੰਘ ਕੋਲ ਪੌਣੇ ਤਿੰਨ ਕਰੋੜ ਦੀ ਜਾਇਦਾਦ


**ਨਵੀਂ ਦਿੱਲੀ (ਬਿਊਰੋ):** ਮੰਤਰੀਆਂ ਨੂੰ ਆਪਣੀ ਜਾਇਦਾਦ, ਵਪਾਰਕ ਰੁਝੇਵੇਂ ਤੇ ਜ਼ਿੰਮੇਵਾਰੀਆਂ ਦੀ ਜਾਣਕਾਰੀ ਦੇਣ ਦਾ ਨਿਰਦੇਸ਼ ਦੇਣ ਦੇ ਨਾਲ ਹੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੀ ਜਾਇਦਾਦ ਦਾ ਵੇਰਵਾ ਜਨਤਕ ਕਰ ਦਿੱਤਾ ਹੈ। ਪੀ.ਐਮ.ਓ. ਦੀ ਸਾਈਟ 'ਤੇ ਪਾਈ ਜਾਣਕਾਰੀ ਅਨੁਸਾਰ ਡਾ. ਮਨਮੋਹਨ ਸਿੰਘ ਦੇ ਕੋਲ 2.7 ਕਰੋੜ ਰੁਪਏ ਦੇ ਸਟੇਟ ਬੈਂਕ ਆਫ ਇੰਡੀਆ ਵਿਚ ਮਿਆਦੀ ਜਮ੍ਹਾਂ ਖਾਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਕੋਲ 90 ਲੱਖ ਦਾ ਮਕਾਨ ਚੰਡੀਗੜ੍ਹ ਵਿਚ ਤੇ ਦਿੱਲੀ ਦੇ ਬਸੰਤ ਕੁੰਜ ਵਿਚ 88 ਲੱਖ ਦਾ ਫਲੈਟ ਹੈ।

ਦੋ ਹੋਰ ਮੰਤਰੀਆਂ ਸ਼ਹਿਰੀ ਵਿਕਾਸ ਮੰਤਰੀ ਕਮਲ ਨਾਥ ਤੇ ਕੰਪਨੀ ਮਾਮਲਿਆਂ ਦੇ ਮੰਤਰੀ ਮੁਰਲੀ ਦਿਓਰਾ ਨੇ ਵੀ ਆਪਣੀ ਜਾਇਦਾਰ ਦੇ ਵੇਰਵੇ ਨਸ਼ਰ ਕਰ ਦਿੱਤੇ ਹਨ। ਕਮਲ ਨਾਥ ਨੇ ਕੁੱਲ 23 ਕੰਪਨੀਆਂ ਵਿਚ ਆਪਣੇ ਤੇ ਪਰਿਵਾਰਕ ਮੈਂਬਰਾਂ ਦਾ ਹਿੱਸਾ ਹੋਣ ਦੀ ਗੱਲ ਦੱਸੀ ਹੈ। ਦਿਓਰਾ ਨੇ ਕਿਹਾ ਕਿ ਦੋ ਕੰਪਨੀਆਂ ਵਿਚ ਉਸ ਦੀ ਪਤਨੀ ਹਿੱਸੇਦਾਰੀ ਹੈ। ਗ੍ਰਹਿ ਮੰਤਰੀ ਪੀ. ਚਿਦੰਬਰਮ ਦੀ ਕੁੱਲ ਜਾਇਦਾਦ 1.4 ਕਰੋੜ ਰੁਪਏ ਦੀ ਹੈ ਤੇ ਤਿੰਨ ਕੰਪਨੀਆਂ ਵਿਚ ਸ਼ੇਅਰ ਹਨ।

ਇਸ ਤੋਂ ਇਲਾਵਾ 35 ਲੱਖ ਦੀ ਜਾਇਦਾਦ ਵਿਚ 2 ਕਾਰਾਂ, ਏਅਰ ਕੰਡੀਸ਼ਨਰ, ਕੰਪਿਊਟਰ, ਟ੍ਰੇਡ ਮਿੱਲ ਸਣੇ ਹੋਰ ਸਾਮਾਨ ਸ਼ਾਮਲ ਹੈ। ਰੱਖਿਆ ਮੰਤਰੀ ਏ. ਕੇ. ਐਂਟਨੀ ਦੀ ਇਕ ਲੱਖ ਤੋਂ ਵੀ ਘੱਟ ਦੇ ਬੱਚਤ ਖਾਤੇ ਵਿਚ ਹਨ। 15 ਲੱਖ ਦਾ ਮਕਾਨ ਤੇ ਇੰਨੇ ਹੀ ਕੀਮਤ ਦਾ ਇਕ ਪਲਾਟ ਪਤਨੀ ਦੇ ਨਾਂ ਹੈ। ਉਨ੍ਹਾਂ ਕੋਲ ਇਕ ਪੁਰਾਣੀ ਵੈਗਨਾ ਆਰ ਕਾਰ ਹੈ। ਜਿਸ ਦੇ ਲਈ 1.36 ਲੱਖ ਦਾ ਕਰਜ਼ਾ ਲਿਆ ਹੈ। ਵਿੱਤ ਮੰਤਰੀ ਪ੍ਰਣਾਬ ਮੁਖਰਜੀ ਦੀ 1.1 ਕਰੋੜ ਦੀ ਜਾਇਦਾਦ ਵਿਚ ਦੋ ਫਲੈਟ ਤੇ ਇਕ ਪਲਾਟ ਸ਼ਾਮਲ ਹਨ।


## ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.
**Credit card** terminals -Verifone, Hypercom...
Transfer existing CC processing to us for **lower rates.**
*99% approved same day.* We specialize in high risk businesses.
**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*
*Need Money?* We provide cash advance against credit card processing with **NO collateral** or personal guaran-tee.
Online Data Corp. is a registered ISO/MSP of Wells Fargo Bank N.A.
*Credit restrictions apply.
Call SAGAR HANDA at: **773-416-8526**
or 773-935-VISA, SagarATM@yahoo.com
www.GoldCoastATM.com




## Brand new convenience store for Sale/Lease in Indianapolis.

## ਨਵਾਂ ਨਕੋਰ ਕਨਵੀਨੀਐਂਸ ਸਟੋਰ ਵਿਕਾਊ ਹੈ

New convenience store having Walk in Cooler, Lottery, Money Order, ATM, Air machine and everything in place for the new owner.
On one of the busiest streets in town, Corner lot, having good parking
**For Lease $35000/-**

**CONTACT : HARRY SINGH-317-213-8408**

## ਟਰੱਕ ਡੀਜ਼ਲ ਮਕੈਨਿਕ ਦੀ ਲੋੜ ਹੈ

### ਇੰਡੀਆਨਾ ਵਿਚ ਫਰੀਵੇ ਉਤੇ ਸਥਿਤ ਟਰੱਕ ਸਟਾਪ ਲਈ ਡੀਜ਼ਲ ਟਰੱਕ ਮਕੈਨਿਕਾਂ ਦੀ ਲੋੜ ਹੈ



ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਰਿਹਾਇਸ਼ ਦਾ ਪ੍ਰਬੰਧ ਵੀ ਹੋ ਸਕਦਾ ਹੈ

ਤੁਰੰਤ ਕਾਲ ਕਰੋ: ਮਨਜੀਤ ਨਾਗਰਾ
**ਫੋਨ:317-550-1900**

## ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ

## Lucky Tire & Auto Repair

*ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ*
*909 Garden Hwy*
*660 Culussa Hwy*




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

**ਫੋਨ:530-755-4037, 530-673-4001**

ਪੰਜਾਬ ਟਾਈਮਜ਼

*ਸਨਿਚਰਵਾਰ, 18 ਜੂਨ 2011*

## ਸਦਾ ਸਲਾਮਤ ਪੰਜਾਬ

ਪੰਜਾਬ ਦੀ ਸਿਆਸਤ ਵਿਚ ਪਿਛਲੇ ਕੁਝ ਚਿਰ ਤੋਂ ਵਾਹਵਾ ਉਬਾਲ ਜਿਹਾ ਚੜ੍ਹਿਆ ਹੋਇਆ ਹੈ। ਇਹ ਉਬਾਲ ਸੂਬੇ ਦੀ ਸਿਆਸਤ ਦੇ ਨਾਲ-ਨਾਲ ਸੂਬੇ ਵਿਚ ਵਿਚਰ ਰਹੀਆਂ ਮੁੱਖ ਸਿਆਸੀ ਧਿਰਾਂ-ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ-ਦੀ ਅੰਦਰੂਨੀ ਸਿਆਸਤ ਵਿਚ ਵੀ ਆਇਆ ਹੋਇਆ ਹੈ। ਪਹਿਲਾਂ ਪੰਜਾਬ ਕਾਂਗਰਸ ਦੀ ਸਰਦਾਰੀ ਲਈ ਕੈਪਟਨ ਅਮਰਿੰਦਰ ਸਿੰਘ ਦਾ ਸਫਲ ਓਪਰੇਸ਼ਨ, ਤੇ ਉਸ ਤੋਂ ਬਾਅਦ ਉਨ੍ਹਾਂ ਦੀ ਸੁਹਾਗਾ ਫੇਰੂ ਸਰਗਰਮੀ ਅਤੇ ਇਸ ਦੇ ਨਾਲ ਹੀ ਮਨਪ੍ਰੀਤ ਸਿੰਘ ਬਾਦਲ ਦੀ ਬਾਦਲ ਪਰਿਵਾਰ ਤੋਂ ਬਗਾਵਤ ਨੇ ਇਸ ਉਬਾਲ ਨੂੰ ਹੋਰ ਉਛਾਲਾ ਦਿੱਤਾ। ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਅੰਦਰ ਭ੍ਰਿਸ਼ਟਾਚਾਰ ਅਤੇ ਹੋਰ ਮੁੱਦਿਆਂ ‘ਤੇ ਜੋ ਕਲੇਸ਼ ਪਿਆ ਹੋਇਆ ਹੈ, ਉਹ ਤਾਂ ਹੁਣ ਜੱਗ-ਜ਼ਾਹਿਰ ਹੀ ਹੈ। ਇਸ ਕਲੇਸ਼ ਨੇ ਇਸ ਪਾਰਟੀ ਦੀਆਂ ਸੀਮਾਵਾਂ ਵੀ ਉਜਾਗਰ ਕੀਤੀਆਂ ਹਨ। ਸਿਆਸੀ ਪਿੜਾਂ ਵਿਚ ਇਸ ਤਰ੍ਹਾਂ ਦੇ ਉਬਾਲੇ ਆਮ ਕਰਕੇ ਚੋਣਾਂ ਦੇ ਨੇੜੇ-ਤੇੜੇ ਆਉਂਦੇ ਹਨ ਕਿਉਂਕਿ ਸਿਆਸਤ ਅਤੇ ਸੱਤਾ ਦੇ ਅਰਥ ਬਹੁਤ ਹੱਦ ਤੱਕ ਵੋਟਾਂ ਦੇ ਘੇਰੇ ਤੱਕ ਸੁੰਗੜ ਕੇ ਰਹਿ ਗਏ ਹਨ। ਸਿਆਸਤ ਦੀ ਸਰਗਰਮੀ ਉਤੇ ਬਹੁਤਾ ਰੰਗ ਚੋਣ ਸਿਆਸਤ ਦਾ ਹੀ ਚੜ੍ਹਿਆ ਹੁੰਦਾ ਹੈ। ਇਸੇ ਕਰਕੇ ਸਿਆਸਤ ਦੀ ਹਰ ਗੋਟੀ, ਵੋਟਾਂ ਨੂੰ ਮੁੱਖ ਰੱਖ ਕੇ ਹੀ ਸੁੱਟੀ ਜਾਂਦੀ ਰਹੀ ਹੈ। ਸੂਬੇ ਦੇ ਸਿਆਸੀ ਪਿੜ ਦੀਆਂ ਤਿੰਨਾਂ ਮੁੱਖ ਧਿਰਾਂ ਦੀਆਂ ਪਿਛਲੀਆਂ ਸਰਗਰਮੀਆਂ ਉਤੇ ਜੇ ਉਡਦੀ ਜਿਹੀ ਨਿਗ੍ਹਾ ਮਾਰੀਏ ਤਾਂ ਇਹ ਗੱਲ ਐਨ ਸਪਸ਼ਟ ਵੀ ਹੋ ਜਾਂਦੀ ਹੈ।

ਉਂਜ, ਚੋਣਾਂ ਤੋਂ ਚਿਰ ਪਹਿਲਾਂ ਸੂਬੇ ਦੇ ਸਿਆਸੀ ਪਿੜ ਵਿਚ ਆਇਆ ਉਬਾਲ ਫਿਲਹਾਲ ਕਿਸੇ ਤਣ-ਪੱਤਣ ਨਹੀਂ ਲੱਗਿਆ। ਮਨਪ੍ਰੀਤ ਸਿੰਘ ਬਾਦਲ ਮਜ਼ਬੂਤ ਜਥੇਬੰਦੀ ਬਾਝੋਂ ਪੂਰੀ ਪਰਵਾਜ਼ ਭਰਨ ਤੋਂ ਫਿਲਹਾਲ ਖੁੰਝ ਗਿਆ ਹੈ। ਉਸ ਦੀ ਸਰਗਰਮੀ ਅਜੇ ਮਾਲਵੇ ਤੋਂ ਬਾਹਰ ਬਹੁਤਾ ਰੰਗ ਨਹੀਂ ਦਿਖਾ ਸਕੀ। ਉਸ ਦੇ ਪਿੜ ਨੂੰ ਹੁਲਾਰਾ ਅਜੇ ਇਕ ਵਾਰ ਹੋਰ, ਚੋਣਾਂ ਦੇ ਨੇੜੇ ਆ ਕੇ ਆਉਣਾ ਹੈ। ਚੋਣਾਂ ਲਈ ਟਿਕਟਾਂ ਤੋਂ ਵਾਂਝੇ ਰਹਿਣ ਵਾਲੇ ਅਕਾਲੀ ਲੀਡਰਾਂ ਦੀਆਂ ਮੁਹਾਰਾਂ ਉਸ ਦੀ ਨਵੀਂ ਬਣਾਈ ‘ਪੀਪਲਜ਼ ਪਾਰਟੀ ਆਫ ਪੰਜਾਬ’ ਵੱਲ ਮੁੜਨੀਆਂ ਹਨ। ਉਹ ਘੜੀ ਉਸ ਦੇ ਸਿਆਸੀ ਕੈਰੀਅਰ ਲਈ ਪਰਖ ਦੀ ਘੜੀ ਵੀ ਹੋਣੀ ਹੈ, ਉਸ ਦੇ ਸਿਆਸੀ ਭਵਿੱਖ ਦਾ ਫੈਸਲਾ ਉਸ ਵਕਤ ਕੀਤੇ ਫੈਸਲਿਆਂ ਨੇ ਹੀ ਤੈਅ ਕਰਨ ਹੈ। ਅਜੇ ਤੱਕ ਤਾਂ ਉਹ ਆਪਣਾ ਕੋਈ ਏਜੰਡਾ ਪੰਜਾਬ ਦੇ ਲੋਕਾਂ ਅੱਗੇ ਰੱਖਣ ਵਿਚ ਨਾਕਾਮਯਾਬ ਰਿਹਾ ਹੈ। ਆਰਥਿਕ ਫਰੰਟ ’ਤੇ ਜੋ ਗੱਲਾਂ ਉਹ ਪੰਜਾਬ ਬਾਰੇ ਕਰ ਰਿਹਾ ਹੈ, ਉਹ ਕੇਂਦਰ ਵਿਚ ਡਾ. ਮਨਮੋਹਨ ਸਿੰਘ ਅਜ਼ਮਾ ਚੁੱਕਾ ਹੈ ਅਤੇ ਅਸਫਲ ਵੀ ਹੋ ਚੁੱਕਾ ਹੈ। ਮਸਲਾ ਤਾਂ ਮਾਲੀ ਅਤੇ ਸਮਾਜਕ ਘੁੰਮਣਘੇਰੀ ਵਿਚ ਘਿਰੇ ਪੰਜਾਬ ਦਾ ਬੇੜਾ ਬੰਨ੍ਹੇ ਲਾਉਣ ਦਾ ਹੈ!

ਬਾਦਲ ਪਿਉ-ਪੁੱਤਰ ਦੇ ਕਬਜ਼ੇ ਹੇਠ ਆਏ ਸ਼੍ਰੋਮਣੀ ਅਕਾਲੀ ਦਲ ਰਾਹੀਂ ਜੋ ਸਿਆਸਤ ਕੀਤੀ ਜਾ ਰਹੀ ਹੈ, ਉਸ ਵਿਚ ਭੰਬਲਭੂਸੇ ਤੋਂ ਸਿਵਾ ਕੁਝ ਵੀ ਨਹੀਂ ਦਿਸਦਾ। ਇਸ ਪ੍ਰਸੰਗ ਵਿਚ ਜੇ ਪਿਛਲੇ ਦਿਨਾਂ ਵਿਚ ਚਰਚਾ ਵਿਚ ਆਏ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਨੂੰ ਵਿਚਾਰੀਏ ਤਾਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਦੀ ਕੋਝੀ ਸਿਆਸਤ ਇਹ ਪਿਉ-ਪੁੱਤਰ ਕਰ ਰਹੇ ਹਨ। ਕੁਝ ਸਮਾਂ ਪਹਿਲਾਂ ਦੀ ਹੀ ਗੱਲ ਹੈ, ਪ੍ਰੋ. ਭੁੱਲਰ ਦਾ ਮਾਨਸਿਕ ਤਵਾਜ਼ਨ ਵਿਗੜਨ ਕਾਰਨ ਕੁਝ ਜਥੇਬੰਦੀਆਂ ਨੇ ਉਸ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਤਬਦੀਲ ਕਰਨ ਦੀ ਮੁਹਿੰਮ ਚਲਾਈ ਅਤੇ ਇਸ ਮੁਹਿੰਮ ਨੂੰ ਬੂਰ ਵੀ ਪੈ ਗਿਆ ਸੀ। ਉਸ ਵੇਲੇ ਸੂਬਾ ਸਰਕਾਰ ਤੋਂ ਇਸ ਬਾਰੇ ਰਾਇ ਲਈ ਗਈ ਸੀ। ਉਦੋਂ ਸੂਬਾ ਸਰਕਾਰ ਨੇ ਜੋ ਰਾਇ ਦਿੱਤੀ ਸੀ, ਉਹ ਪ੍ਰੋ. ਭੁੱਲਰ ਦੇ ਖਿਲਾਫ ਸੀ। ਉਸ ਵਿਚ ਲਿਖਿਆ ਗਿਆ ਸੀ ਕਿ ਭੁੱਲਰ ਖਤਰਨਾਕ ਅਤਿਵਾਦੀ ਹੈ, ਉਸ ਨੂੰ ਪੰਜਾਬ ਵਿਚ ਲਿਆਉਣਾ ਠੀਕ ਨਹੀਂ ਰਹੇਗਾ। ਤੇ ਹੁਣ ਉਸ ਦੀ ਸਲਾਮਤੀ ਲਈ ਅਰਦਾਸ ਕਰਨ ਲਈ ਬਾਦਲ ਪਿਉ-ਪੁੱਤਰ ਦੇ ਕਬਜ਼ੇ ਹੇਠਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਭ ਤੋਂ ਅੱਗੇ ਹੈ। ਇਸ ਤਰ੍ਹਾਂ ਦੀਆਂ ਦੋਗਲੀਆਂ ਨੀਤੀਆਂ ਦਾ ਖਾਮਿਆਜਾ ਪੰਜਾਬ ਪਹਿਲਾਂ ਹੀ ਬਹੁਤ ਭੁਗਤ ਚੁੱਕਾ ਹੈ ਜਦੋਂ ਇਹ ਦੋਗਲੀਆਂ ਨੀਤੀਆਂ, ਦੋ-ਧਾਰੀ ਤਲਵਾਰਾਂ ਦਾ ਰੂਪ ਵਟਾ ਕੇ ਪੰਜਾਬ ਦੇ ਚੱਪੇ-ਚੱਪੇ ਉਤੇ ਚੱਲੀਆਂ ਸਨ। ਇਸੇ ਤਰ੍ਹਾਂ ਦੀ ਖੇਡ ਕਾਂਗਰਸੀ ਖੇਮਿਆਂ ਵਿਚ ਵੀ ਖੇਡੀ ਜਾ ਰਹੀ ਹੈ। ਪਾਰਟੀਆਂ ਨੂੰ ਅੰਦਰੂਨੀ ਸੰਕਟਾਂ ਵਿਚੋਂ ਕੱਢਣ ਲਈ ਉਹ ਕੁਝ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ਜੋ ਸੂਬੇ ਦੀ ਸਿਆਸਤ ਨੂੰ ਬੰਦ ਗਲੀ ਵੱਲ ਧੱਕ ਰਹੀ ਹੈ। ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦੇ ਸੋਮਿਆਂ ਬਾਰੇ ਤਾਂ ਕਦੇ ਕਿਸੇ ਨੂੰ ਕੋਈ ਭੁਲੇਖਾ ਨਹੀਂ ਹੈ।

ਇਨ੍ਹਾਂ ਸਿਆਸੀ ਧਿਰਾਂ ਤੋਂ ਇਲਾਵਾ ਹੋਰ ਪਾਰਟੀਆਂ ਦੀ ਵੁੱਕਅਤ ਉਨੀ ਨਹੀਂ ਹੈ ਕਿ ਉਹ ਸੂਬੇ ਦੇ ਸਿਆਸੀ ਪਿੜ ਨੂੰ ਆਪਣੇ ਹਿਸਾਬ ਨਾਲ ਕੋਈ ਰੂਪ ਦੇ ਸਕਣ। ਬਾਦਲ ਪਿਉ-ਪੁੱਤਰ ਵਾਲੇ ਅਕਾਲੀ ਦਲ ਨੂੰ ਛੱਡ ਕੇ ਬਾਕੀ ਦੀਆਂ ਅਕਾਲੀ ਧਿਰਾਂ ਦਾ ਸਾਰਾ ਜ਼ੋਰ ਬਾਦਲ ਪਿਉ-ਪੁੱਤਰ ਦੇ ਵਿਰੋਧ ਵਿਚ ਹੀ ਲੱਗ ਰਿਹਾ ਹੈ। ਵਿਰੋਧ ਦੀ ਪਰਵਾਜ਼ ਸਦਾ ਹੀ ਸੀਮਤ ਹੁੰਦੀ ਹੈ। ਬਲਵੰਤ ਸਿੰਘ ਰਾਮੂਵਾਲੀਆ ਦੀ ਲੋਕ ਭਲਾਈ ਪਾਰਟੀ ਤਾਂ ਅਜੇ ਤੱਕ ਪਾਰਟੀ ਦਾ ਰੂਪ ਵੀ ਅਖਤਿਆਰ ਨਹੀਂ ਕਰ ਸਕੀ। ਬਹੁਜਨ ਸਮਾਜ ਪਾਰਟੀ ਨੇ ਭਾਵੇਂ ਆਪਣੇ ਬਲਬੂਤੇ ਚੋਣਾਂ ਲੜਨ ਦਾ ਐਲਾਨ ਕੀਤਾ ਹੈ ਪਰ ਇਸ ਪਾਰਟੀ ਦਾ ਮੁੱਲ ਸਦਾ ਦੂਜੀ ਕਿਸੇ ਧਿਰ ਨਾਲ ਜੁੜ ਕੇ ਹੀ ਪੈਂਦਾ ਹੈ। ਖੱਬੀਆਂ ਪਾਰਟੀਆਂ-ਸੀ.ਪੀ.ਆਈ. ਤੇ ਸੀ.ਪੀ.ਐਮ, ਧਰਨਿਆਂ-ਮੁਜ਼ਾਹਰਿਆਂ-ਵਿਖਾਵਿਆਂ ਤੋਂ ਸਿਵਾ ਹੁਣ ਕਦੇ ਕਿਤੇ ਰੜਕਦੀਆਂ ਹੀ ਨਹੀਂ। ਨਕਸਲੀ ਧਿਰਾਂ ਦੇ ਇੰਨੇ ਕੁ ਟੋਟੇ ਹੋਏ ਪਏ ਹਨ ਕਿ ਬੱਝਵੀਂ ਸਿਆਸਤ ਦਾ ਮੂੰਹ-ਮੱਥਾ ਬਣ ਨਹੀਂ ਰਿਹਾ। ਇਸ ਤਰ੍ਹਾਂ ਦੇ ਮਾਹੌਲ ਵਿਚ ਸੁੱਚੀ ਸਿਆਸਤ ਫਿਲਹਾਲ ਨਦਾਰਦ ਹੈ ਅਤੇ ਅਜਿਹੇ ਵਿਚ ਆਪਾ-ਧਾਪੀ ਵਾਲੀ ਸਿਆਸਤ ਦਾ ਖਦਸ਼ਾ ਹਮੇਸ਼ਾ ਬਣਿਆ ਰਹਿੰਦਾ ਹੈ। ਗੁਰਾਂ ਦੇ ਨਾਂ ‘ਤੇ ਵਸਦਾ ਪੰਜਾਬ ਉਸ ਸੁੱਚੀ ਸਿਆਸਤ ਨੂੰ ਉਡੀਕ ਰਿਹਾ ਹੈ ਜਿਸ ਦੇ ਕੰਧਾੜੇ ਚੜ੍ਹ ਕੇ ਅੱਗ ਦਾ ਦਰਿਆ ਪਾਰ ਕੀਤਾ ਜਾ ਸਕਦਾ ਹੋਵੇ!!

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤਿਆਗੀ ਤੇ ਵੈਰਾਗੀ?*

ਰਾਜ ਗੱਦੀ ’ਤੇ ਬਹਿਣ ਦੇ ਲੈਣ ਸੁਪਨੇ, ਐਪਰ ਨਫਰਤਾਂ ਦਿਲਾਂ ਵਿਚ ਧਾਰੀਆਂ ਨੇ।
‘ਕਾਲੇ ਧਨ’ ਦਾ ਨਿਰਾ ਸਟੰਟ ਕਰਿਆ, ਹੋਣ ਡਹੀਆਂ ਇਹ ਚੋਣ ਤਿਆਰੀਆਂ ਨੇ।
ਬਣਿਆ ਪ੍ਰੋਹਿਤ, ਕੋਈ ਸਾਧਵੀ, ਬਾਲ-ਯੋਗੀ, ਨਾਲ ‘ਭਾਜਪਾ’ ਸਭ ਦੀਆਂ ਯਾਰੀਆਂ ਨੇ।
ਬਾਹਰੋਂ ‘ਯੋਗਾ’ ਪਰ ਅੰਦਰੋਂ ‘ਬਿਪਰ-ਜੋਗਾ’, ਤਾਹੀਓਂ ‘ਕੇਂਦਰ’ ਤੋਂ ਪਈਆਂ ਕਰਾਰੀਆਂ ਨੇ।
ਫੀਸ ਲੈਂਦਾ ਏ ਲੱਖਾਂ ਦੀ ਚੇਲਿਆਂ ਤੋਂ, ਕੈਸਾ ਗੁਰੂ-ਘੰਟਾਲ ਵੈਰਾਗੀਆਂ ਦਾ।
ਸਾਂਭੀ ਗਿਆਰਾਂ ਸੌ ਕਰੋੜ ਦੀ ਸੰਪਤੀ ਐ, ਧੰਦਾ ਦੇਖ ਲਓ ਮਾਇਆ ਦੇ ਤਿਆਗੀਆਂ ਦਾ!

# ਬੁੱਲੇ ਸ਼ਾਹ ਅਸੀਂ ਮਰਨਾ ਨਾਹੀਂ, ਗੋਰ ਪਿਆ ਕੋਈ ਹੋਰ

ਮਕਬੂਲ ਫਿਦਾ ਹੁਸੈਨ ਵੀਹਵੀਂ ਸਦੀ ਦਾ ਭਾਰਤੀ ਮੂਲ ਦਾ ਸਭ ਤੋਂ ਨਾਮੀ ਚਿੱਤਰਕਾਰ ਸੀ ਜੋ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿਚ ਕਾਨੂੰਨਨ ਕਤਰ ਦੇ ਸ਼ਹਿਰੀ ਵਜੋਂ ਲੰਡਨ ਵਿਚ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਹੁਸੈਨ ਇਨ੍ਹਾਂ ਸਾਰੇ ਮੁਲਕਾਂ ਨਾਲ ਨਹੀਂ ਸਗੋਂ ਆਪਣੇ ਕੰਮ ਨਾਲ ਹੀ ਪਛਾਣਿਆ ਜਾਵੇਗਾ। ਉਂਜ, ਇਹ ਸਾਡੇ ਸਮਿਆਂ ਦਾ ਦੁਖਾਂਤ ਹੀ ਕਿਹਾ ਜਾਵੇਗਾ ਕਿ ਇੰਨਾ ਨਾਮੀ ਅਤੇ ਦਮਦਾਰ ਬੰਦਾ ਤੁਰ ਗਿਆ ਹੋਵੇ ਤੇ ਸਮੁੱਚੀ ਚਰਚਾ ਉਸ ਦੀ 96 ਸਾਲਾਂ ਦੀ ਜ਼ਿੰਦਗੀ ਦੇ ਆਖ਼ਰੀ 16 ਸਾਲਾਂ ਨਾਲ ਜੁੜੀ ਸਿਆਸਤ ਦੁਆਲੇ ਹੀ ਘੁੰਮਦੀ ਰਹੇ! ਹਿੰਦੂ ਬੁਨਿਆਦਪ੍ਰਸਤਾਂ ਨੇ ਹੁਸੈਨ ਵੱਲੋਂ 1970 ਦੇ ਦਹਾਕੇ ਵਿਚ ਬਣਾਏ ਚਿੱਤਰਾਂ ਦਾ ਵਿਰੋਧ ਕੀਤਾ, ਉਸ ਦੀਆਂ ਨੁਮਾਇਸ਼ਾਂ ਉਤੇ ਹਮਲਾ ਕੀਤਾ। ਨਤੀਜੇ ਵਜੋਂ ਹੁਸੈਨ ਜਲਾਵਤਨ ਹੋ ਗਿਆ। ਉਹ ਲੜ ਸਕਦਾ ਸੀ ਪਰ ਉਸ ਨੇ ਸਚੇਤ ਫ਼ੈਸਲਾ ਕੀਤਾ ਕਿ ਇਸ ਉਮਰ ਵਿਚ ਇਹ ਸਭ ਉਸ ਲਈ ਮੁਮਕਿਨ ਨਹੀਂ। ਉਂਜ ਜੇ ਇਸ ਉਮਰ ਵਿਚ ਵੀ ਅਜਿਹੀਆਂ ਲੜਾਈਆਂ ਕਲਾਕਾਰ ਨੇ ਆਪ ਹੀ ਲੜਨੀਆਂ ਹੋਣ ਤਾਂ ਉਸ ਲਈ ਮੁਲਕ ਦੇ ਕੀ ਮਾਅਨੇ ਰਹਿ ਜਾਂਦੇ ਹਨ ਭਲਾ? ਹੁਣ ਕੇਂਦਰ ਸਰਕਾਰ ਆਪਣੇ ਧਰਮ ਨਿਰਪੱਖ ਕਿਰਦਾਰ ਦੀ ਦੁਹਾਈ ਪਾ ਰਹੀ ਹੈ ਪਰ ਉਸ ਵੇਲੇ ਤਾਂ ਇਸ ਨੇ ਚੁੱਪ ਵੱਟ ਲੈਣ ਨੂੰ ਹੀ ਤਰਜੀਹ ਦਿੱਤੀ ਸੀ।

ਕਿਸੇ ਸਮਕਾਲੀ ਦੇ ਤੁਰ ਜਾਣ ਦਾ ਵੇਲਾ ਉਸ ਨਾਲ ਸੰਜੀਦਾ ਮੁਲਾਕਾਤ ਦਾ ਢੁਕਵਾਂ ਸਮਾਂ ਹੁੰਦਾ ਹੈ। ਹੁਣ ਜਦੋਂ ਹੁਸੈਨ ਪੂਰਾ ਹੋ ਗਿਆ ਹੈ, ਉਸ ਨੂੰ ਸਮਝਣ ਦਾ ਮੌਕਾ ਸਿਆਸੀ ਕਾਂਵਾਂਰੌਲੀ ਦੀ ਭੇਟ ਚੜ੍ਹ ਰਿਹਾ ਹੈ। ਇਹ ਇਸ ਤੱਥ ਦਾ ਲਖਾਇਕ ਹੈ ਕਿ ਅਸੀਂ ਸਿਆਸਤ ਤਾਂ ਸਮਝਦੇ ਹਾਂ ਅਤੇ ਇਸ ਨੂੰ ਹੁੰਗਾਰਾ ਵੀ ਭਰਦੇ ਹਾਂ, ਪਰ ਕਲਾ ਸਾਡੇ ਜੀਵਨ ਦਾ ਉਸ ਤਰ੍ਹਾਂ ਹਿੱਸਾ ਨਹੀਂ ਹੈ ਜਿਵੇਂ ਮਨੁੱਖ ਦੀ ਇੱਛਾ ਹੁੰਦੀ ਹੈ ਜਾਂ ਜਿਵੇਂ ਇਹ ਇਤਿਹਾਸ ਵਿਚ ਦਰਜ ਹੁੰਦੀ ਹੈ। ਹੁਸੈਨ ਦਾ ਕਰੀਬੀ ਦੋਸਤ ਅਤੇ ਨਾਮੀ ਭਾਰਤੀ ਚਿੱਤਰਕਾਰ ਜਤਿਨ ਦਾਸ ਇਸ ਮੌਕੇ ਯਾਦ ਕਰਵਾ ਰਿਹਾ ਹੈ ਕਿ ਹੁਸੈਨ ਦੀ ਜਲਾਵਤਨੀ ਸਾਡੀ ਕਲਾ ਤੋਂ ਬੇਲਾਗਤਾ ਦਾ ਨਤੀਜਾ ਵੀ ਸੀ। ਜਤਿਨ ਦਾਸ ਦਾ ਸਵਾਲ ਸਿਆਸੀ ਕਾਂਵਾਂਰੌਲੀ ਤੋਂ ਜ਼ਿਆਦਾ ਅਹਿਮ ਹੈ।

ਜਿਸ ਹੁਸੈਨ ਨੂੰ ਸਾਡੇ ਮੁਲਕ ਵਿਚ ਬੁਨਿਆਦਪ੍ਰਸਤ ਤਾਕਤਾਂ ਵੱਲੋਂ ਸੰਵਾਦ ਨੂੰ ਦਰਕਿਨਾਰ ਕਰਕੇ ਪਸ਼ੂ ਬਲ ਨਾਲ ਹੁੰਗਾਰਾ ਭਰਨ ਦੀ ਰੀਤ ਦੇ ਹਵਾਲੇ ਨਾਲ ਯਾਦ ਕੀਤਾ ਜਾ ਰਿਹਾ ਹੈ, ਉਹ 1996 ਵਿਚ ਨਹੀਂ ਜੰਮਿਆ ਸੀ। ਹੁਸੈਨ ਦਾ ਜਨਮ 17 ਸਤੰਬਰ 1915 ਨੂੰ ਮਹਾਂਰਾਸ਼ਟਰ ਦੇ ਪਿੰਡ ਪੰਡਰਪੁਰ ਵਿਚ ਹੋਇਆ। ਅਠਾਰਾਂ ਮਹੀਨੇ ਦੇ ਹੁਸੈਨ ਨੂੰ ਅਕਾਊਂਟੈਂਟ ਬਾਪ ਦੇ ਆਸਰੇ ਛੱਡ ਕੇ ਮਾਂ ਚਲਾਣਾ ਕਰ ਗਈ। ਆਪਣੀ ਮਾਂ ਦੇ ਨਕਸ਼ ਹੁਸੈਨ ਦੀ ਯਾਦ ਵਿਚ ਨਹੀਂ ਉਘੜਦੇ ਸਨ ਪਰ ਮਾਂ ਦੇ ਚਿੱਤਰ ਉਹ ਲਗਾਤਾਰ ਬਣਾਉਂਦਾ ਰਿਹਾ। ਨਤੀਜੇ ਵਜੋਂ ਉਸ ਦੇ ਚਿੱਤਰਾਂ ਵਿਚ ਔਰਤਾਂ ਦੇ ਚਿਹਰੇ ਨਹੀਂ ਹਨ, ਉਨ੍ਹਾਂ ਦੇ ਨਕਸ਼ਾਂ ਦੇ ਝਉਲੇ ਪੈਂਦੇ ਹਨ। ਮਦਰ ਟੈਰੇਸਾ, ਇੰਦਰਾ ਗਾਂਧੀ, ਮਾਧੁਰੀ ਦੀਕਸ਼ਿਤ, ਤੱਬੂ ਤੋਂ ਅਮ੍ਰਿਤਾ ਰਾਓ ਤੱਕ ਉਸ ਦੀਆਂ ਕੈਨਵਸਾਂ ਉਤੇ ਬਿੰਬਾਂ ਵਜੋਂ ਹੀ ਦਰਜ ਹੋਈਆਂ। ਹੁਸੈਨ ਨੇ ਸਕੂਲੀ ਵਿੱਦਿਆ ਇੰਦੌਰ ਤੋਂ ਹਾਸਿਲ ਕੀਤੀ। ਕਿਤਾਬਾਂ-ਕਾਪੀਆਂ ਵੇਚ ਕੇ ਚਿੱਤਰ ਬਣਾਉਣ ਲਈ ਲੋੜੀਂਦਾ ਸਾਮਾਨ ਖਰੀਦਣਾ ਅਤੇ ਭੂ-ਦ੍ਰਿਸ਼ ਬਣਾਉਣਾ ਉਸ ਦਾ ਮਨ-ਭਾਉਂਦਾ ਕੰਮ ਸੀ।

ਕਲਾਕਾਰ ਬਣਨ ਲਈ 19 ਸਾਲ ਦੀ ਉਮਰ ਵਿਚ ਉਹ ਮੁੰਬਈ ਪਹੁੰਚ ਗਿਆ। ਇਸ ਤੋਂ ਬਾਅਦ ਮੌਤ ਤੋਂ ਦੋ ਹਫ਼ਤੇ ਪਹਿਲਾਂ ਤੱਕ ਉਹ ਚਿੱਤਰਕਾਰ ਵਜੋਂ ਸਰਗਰਮ ਰਿਹਾ। ਮੁੰਬਈ ਵਿਚ ਸ਼ੁਰੂਆਤ ਫ਼ਿਲਮਾਂ ਦੇ ਬੋਰਡ ਬਣਾਉਣ ਤੋਂ ਹੋਈ ਪਰ ਇਨ੍ਹਾਂ ਉਤੇ ਜਿਹੜੇ ਅਦਾਕਾਰਾਂ ਦੇ ਚਿੱਤਰ ਬਣਾਏ, ਉਨ੍ਹਾਂ ਨਾਲ ਉਸ ਦਾ ਤਾਉਮਰ ਕਰੀਬੀ ਰਿਸ਼ਤਾ ਕਾਇਮ ਰਿਹਾ। ਇਹ ਰਿਸ਼ਤਾ ਚਿੱਤਰਾਂ ਤੋਂ ਲੈ ਕੇ ਫ਼ਿਲਮਾਂ ਤੱਕ ਦਾ ਸ਼ਿੰਗਾਰ ਬਣਿਆ। ਵਿਵਾਦਾਂ ਦਾ ਸਬੱਬ ਵੀ ਬਣਿਆ। ਉਹ ਐਫ.ਐਨ. ਸੂਜਾ ਅਤੇ ਐਸ. ਐਚ. ਰਜ਼ਾ ਵਰਗੇ ਕਲਾਕਾਰਾਂ ਨਾਲ ਪ੍ਰੋਗਰੈਸਿਵ ਆਰਟਿਸਟ ਗਰੁੱਪ (ਪੈਗ) ਦਾ ਬਾਨੀ ਸੀ। ਉਸੇ ਦੌਰ ਵਿਚ ਹੀ ਭਾਰਤ ਵਿਚ ਆਧੁਨਿਕ ਚਿੱਤਰਕਾਰੀ ਦਾ ਮੁੱਢ ਬੱਝ ਰਿਹਾ ਸੀ। ਯੂਰਪੀ ਅਤੇ ਰਵਾਇਤੀ ਭਾਰਤੀ ਸ਼ੈਲੀਆਂ ਦਾ ਮੇਲ ਲਾਹੌਰ ਵਿਚ ਹੋ ਰਿਹਾ ਸੀ। ਮੁੰਬਈ ਵਿਚ ਯੂਰਪੀਨਾਂ ਦਾ ਚੋਖਾ ਅਸਰ ਸੀ ਪਰ ਹੁਸੈਨ ਇਸ ਸਮਝ ਨਾਲ ਪ੍ਰਵਾਨ ਚੜ੍ਹਿਆ ਕਿ ਭਾਰਤੀ ਕਲਾ ਦੀ ਨਿਵੇਕਲੀ ਪਛਾਣ ਹੋਣੀ ਚਾਹੀਦੀ ਹੈ। ਫ਼ਿਲਮੀ ਬੋਰਡਾਂ ਦਾ ਤਜਰਬਾ ਕੰਧ-ਚਿੱਤਰਾਂ ਅਤੇ ਵੱਡੀ ਕੈਨਵਸ ਉਤੇ ਮੁਹਾਰਤ ਕਰਨ ਵਿਚ ਸਹਾਈ ਹੋਇਆ। ਹੁਸੈਨ ਦੇ ਚਿੱਤਰਾਂ ਦੀਆਂ ਨੁਮਾਇਸ਼ਾਂ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਲੱਗੀਆਂ ਜਿਸ ਤੋਂ ਬਾਅਦ 1951 ਵਿਚ ਉਹ ਚੀਨ ਗਿਆ। ਨਿਰੋਲ ਉਸੇ ਦੇ ਚਿੱਤਰਾਂ ਦੀ ਪਹਿਲੀ ਨੁਮਾਇਸ਼ 1952 ਵਿਚ ਜਿਉਰਿਖ ਵਿਚ ਲੱਗੀ। ਹੁਸੈਨ ਨੂੰ 1961 ਵਿਚ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ। ਉਸ ਵੇਲੇ ਤੱਕ ਉਹ ਭਾਰਤੀ ਕਲਾ ਦਾ ਜਾਣਿਆ-ਪਛਾਣਿਆ ਨਾਮ ਬਣ ਚੁੱਕਿਆ ਸੀ। ਫ਼ਿਲਮਾਂ ਨਾਲ ਉਸ ਦੀ ਨੇੜਤਾ ਬੋਰਡਾਂ ਅਤੇ ਅਦਾਕਾਰਾਂ ਤੋਂ ਅੱਗੇ ਵਧ ਕੇ ਹਿਦਾਇਤਕਾਰ ਤੱਕ ਪੁੱਜੀ। ਉਸ ਦੀ ਪਲੇਠੀ ਫ਼ਿਲਮ ‘ਥਰੂ ਦਾ ਆਈਜ਼ ਆਫ਼ ਦਾ ਪੇਂਟਰ’ ਨੂੰ ਬਰਲਿਨ ਫ਼ਿਲਮ ਮੇਲੇ ਵਿਚ ‘ਗੋਲਡਨ ਬੀਅਰ’ ਇਨਾਮ ਮਿਲਿਆ।



ਸਵਾਲ ਸੰਵਾਦ

ਦਲਜੀਤ ਅਮੀ

ਹੁਸੈਨ ਦੀਆਂ ਕੈਨਵਸਾਂ ਉਤੇ ਭਾਰਤੀ ਲੋਕ ਕਲਾ ਅਤੇ ਪੱਛਮੀ ਆਧੁਨਿਕਤਾ ਦਾ ਸੰਵਾਦ ਹੁੰਦਾ ਹੈ। ਗ਼ਾਲਿਬ, ਇਕਬਾਲ ਅਤੇ ਫ਼ੈਜ਼ ਅਹਿਮਦ ਫ਼ੈਜ਼ ਸੰਵਾਦ ਰਚਾਉਂਦੇ ਹਨ। ਉਸ ਦੀ ਕਲਾ ਦੇ ਇਸ ਪੱਖ ਦਾ ਪ੍ਰਗਟਾਵਾ ਆਖ਼ਰੀ ਵੇਲੇ ਵਿਚਾਲੇ ਰਹਿ ਗਏ ਕੰਮਾਂ ਤੋਂ ਵੀ ਹੁੰਦਾ ਹੈ। ਉਹ ਇਸ ਵੇਲੇ ਭਾਰਤੀ ਸੱਭਿਆਚਾਰ ਦੇ ਇਤਿਹਾਸ ਬਾਬਤ ਚਿੱਤਰ ਬਣਾ ਰਿਹਾ ਸੀ ਅਤੇ ਦੂਜਾ ਕੰਮ ਕਤਰ ਦੀ ਸਰਕਾਰ ਲਈ ਅਰਬੀ ਸੱਭਿਅਤਾ ਉਤੇ ਕਰ ਰਿਹਾ ਸੀ। ਇਹ ਦੋਵੇਂ ਸੱਭਿਅਤਾਵਾਂ ਉਸ ਦੇ ਅੰਦਰ ਸੰਵਾਦ ਕਰ ਰਹੀਆਂ ਸਨ ਜੋ ਕੈਨਵਸ ਉਤੇ ਬਾਤਾਂ ਵਜੋਂ ਦਰਜ ਹੋਣੀਆਂ ਸਨ। ਇਸ ਤੋਂ ਇਲਾਵਾ ਉਹ ਭਾਰਤੀ ਸਿਨੇਮਾ ਦੇ ਇਤਿਹਾਸ ਨੂੰ ਵੀ ਚਿੱਤਰਾਂ ਵਿਚ ਪਰੋ ਰਿਹਾ ਸੀ।

ਪਾਬਲੋ ਪਿਕਾਸੋ ਦੇ ਮੁੱਢਲੇ ਦੌਰ ਵਾਲਾ ਚਾਰਖ਼ਾਨਾ, ਗੂੜ੍ਹੇ ਰੰਗ, ਤਿੱਖੀਆਂ ਲਕੀਰਾਂ ਅਤੇ ਕਾਲੇ-ਸਫ਼ੇਦ ਲਹਿਰੀਏ ਉਸ ਦੇ ਚਿੱਤਰਾਂ ਨੂੰ ਲਗਾਤਾਰ ਚਲਦੀ ਸਰਗਰਮੀ ਦਾ ਅਖ਼ਾੜਾ ਬਣਾ ਦਿੰਦੇ ਹਨ। ਹੁਸੈਨ ਨੂੰ 1971 ਵਿਚ ਸਾਓ ਪਾਉਲੋ ਵਿਚ ਪਾਬਲੋ ਪਿਕਾਸੋ ਨਾਲ ਸੱਦਿਆ ਗਿਆ। ਉਥੇ ਹੁਸੈਨ ਨੂੰ ‘ਭਾਰਤ ਦਾ ਪਿਕਾਸੋ’ ਕਰਾਰ ਦਿੱਤਾ ਗਿਆ। ਪਿਕਾਸੋ ਦੇ ਜਿਉਂਦੇ ਜੀਅ ਹੁਸੈਨ ਦਾ ਇਹ ਬਹੁਤ ਵੱਡਾ ਸਨਮਾਨ ਸੀ। ਦੁਨੀਆਂ ਨੂੰ ਚਿੱਤਰਕਲਾ ਦੀ ਕਿਉਬਿਸਮ (ਚਾਰਖ਼ਾਨਾ) ਸ਼ੈਲੀ ਦੇਣ ਵਾਲਾ ਪਿਕਾਸੋ ਆਪਣਾ ਆਲਮੀ ਪ੍ਰਸਿਧੀ ਵਾਲਾ ਚਿੱਤਰ ‘ਗੁਐਰਨਿਕਾ’ ਸਪੈਨਿਸ਼ ਖ਼ਾਨਾਜੰਗੀ ਤੋਂ ਬਾਅਦ ਬਣਾ ਚੁੱਕਿਆ ਸੀ। ਇਸ ਚਿੱਤਰ ਨੂੰ ਹਾਲੇ ਤੱਕ ਜੰਗ ਵਿਰੋਧੀ ਮੁਹਿੰਮਾਂ ਦੀ ਨੁਮਾਇੰਦਾ ਪੇਸ਼ਕਾਰੀ ਮੰਨਿਆ ਜਾਂਦਾ ਹੈ।

ਹੁਸੈਨ ਦੀ ਫੱਕਰਾਂ ਵਾਲੀ ਦਿੱਖ, ਰਮਤਾ ਸੁਭਾਅ ਅਤੇ ਮੱਠਾ ਜਿਹਾ ਝੱਲ ਉਸ ਲਈ ਇੱਕੋ ਵੇਲੇ ਵਰ ਅਤੇ ਸਰਾਪ ਬਣਿਆ। ਇਹ ਸੱਜਣਾਂ ਨੂੰ ਸਾਦਗੀ ਅਤੇ ਆਲੋਚਕਾਂ ਨੂੰ ਪਾਖੰਡ ਜਾਪਦੀ ਸੀ। ਉਹ ਕਲਕੱਤੇ ਜਹਾਜ਼ ਫੜਨ ਤੁਰਿਆ ਦਰਖ਼ਤ ਦੇਖ ਉਸ ਦੀ ਛਾਵੇਂ ਸੌਣ ਦਾ ਲਾਲਚ ਕਰ ਸਕਦਾ ਸੀ। ਨੰਗੇ ਪੈਰੀਂ ਜਾਂ ਸਿਰਫ ਜੁਰਾਬਾਂ ਪਾ ਕੇ ਕਿਤੇ ਵੀ ਜਾ ਸਕਦਾ ਸੀ। ਹੱਥ ਵਿਚ ਵੱਡਾ ਸਾਰਾ ਬੁਰਸ਼ ਰੱਖ ਕੇ ਉਹ ਆਪਣੀ ਪਛਾਣ ਜਾਂ ਬੁਲੰਦ ਰੁਤਬਾ ਦਰਜ ਕਰਵਾਉਂਦਾ ਸੀ ਅਤੇ ਬੇਪ੍ਰਵਾਹੀ ਵੀ ਕਾਇਮ ਰੱਖਦਾ ਸੀ। ਉਸ ਨੇ ਕਦੇ ਪੱਕਾ ਸਟੂਡੀਓ ਨਹੀਂ ਬਣਾਇਆ। ਹਰ ਕੱਚੀ-ਪੱਕੀ ਠਾਹਰ ਉਤੇ ਕੰਮ ਕਰ ਸਕਦਾ ਸੀ। ਚਿੱਤਰ ਉਤੇ ਉਘੜਦੇ ਰੰਗਾਂ ਦਾ ਹੜ੍ਹ ਉਹ ਪਲਾਂ ਵਿਚ ਲਿਆ ਦਿੰਦਾ ਸੀ। ਹੋਟਲਾਂ ਵਿਚ ਕੰਮ ਕਰਦੇ ਸਮੇਂ ਰੰਗਾਂ ਨਾਲ ਫਰਸ਼ ਅਤੇ ਗ਼ਲੀਚੇ ਖ਼ਰਾਬ ਕਰਨ ਦਾ ਹਰਜਾਨਾ ਉਸ ਨੇ ਬਥੇਰੀ ਵਾਰ ਭਰਿਆ।

ਆਲੋਚਕ ਕਹਿੰਦੇ ਹਨ ਕਿ ਉਸ ਨੂੰ ਮੰਡੀ ਦੀ ਸਮਝ ਸੀ ਅਤੇ ਨੁਮਾਇਸ਼ ਉਸ ਦੇ ਸੁਭਾਅ ਦਾ ਹਿੱਸਾ ਸੀ। ਮਣਾਂ-ਮੂੰਹੀਂ ਕੰਮ ਕਰ ਕੇ ਉਸ ਨੂੰ ਮਲਾਲ ਸੀ ਕਿ ਉਸ ਦੀ ਸਮਰੱਥਾ ਦਾ ਦਸ ਫ਼ੀਸਦੀ ਹੀ ਕੈਨਵਸ ਉਤੇ ਉਤਰਿਆ ਹੈ। ਬੁਢੇਪੇ ਵਿਚ ਆਰਾਮ ਦੀ ਸਲਾਹ ਦੇਣ ਵਾਲੇ ਹਮਦਰਦ ਨੂੰ ਉਹ ਪੁੱਛਦਾ ਸੀ ਕਿ ਫਿਰ ਉਹ ਦਿਨ ਕਿਵੇਂ ਗੁਜ਼ਾਰੇ? ਇਸੇ ਲਈ ਤਾਂ ਦੀਪਅੰਜਨਾ ਪਾਲ ਨੇ ਲਿਖਿਆ ਹੈ ਕਿ ਸ਼ਾਇਦ ਮੌਤ ਵੇਲੇ ਵੀ ਲੰਡਨ ਦੇ ਹਸਪਤਾਲ ਵਿਚ ਬੁਰਸ਼ ਉਸ ਦੇ ਲਾਗੇ ਹੀ ਹੋਵੇਗਾ!

ਘੋੜਾ ਉਸ ਦਾ ਅਹਿਮ ਬਿੰਬ ਰਿਹਾ ਜੋ ਉਸ ਲਈ ਬੇਮੁਹਾਰੇਪਣ, ਤਾਕਤ, ਮਰਦਾਨਗੀ ਤੋਂ ਸੱਤਾ ਤੱਕ ਦਾ ਪ੍ਰਗਟਾਵਾ ਕਰਦਾ ਹੈ। ਉਸ ਦੀ ਆਪਣੀ ਜ਼ਿੰਦਗੀ ਵੀ ਇਸੇ ਬਿੰਬ ਦੇ ਲਾਗੇ ਢੁੱਕਦੀ ਹੈ। ਘੋੜਿਆਂ ਤੋਂ ਬਿਨਾਂ ਉਸ ਨੇ ਬਾਂਦਰ, ਹਾਥੀ, ਔਰਤ, ਲੋਕ ਧਾਰਾ ਅਤੇ ਮਿਥਿਹਾਸ ਦਾ ਉਕਸਾਹਟ ਭਰਿਆ ਪ੍ਰਗਟਾਵਾ ਆਪਣੇ ਚਿੱਤਰਾਂ ਵਿਚ ਕੀਤਾ ਹੈ। ਉਸ ਦੇ ਕੰਮ ਦੀ ਕੀਮਤ ਚਾਰ ਆਨੇ ਵਰਗ ਫੁੱਟ ਤੋਂ ਇੱਕ ਚਿੱਤਰ ਦੇ 16 ਲੱਖ ਅਮਰੀਕੀ ਡਾਲਰ ਤੱਕ ਪਹੁੰਚੀ ਹੈ। ਕੌਮਾਂਤਰੀ ਪੱਧਰ ਉਤੇ ਉਹ ਭਾਰਤ ਦਾ ਸਭ ਤੋਂ ਮਹਿੰਗਾ ਚਿੱਤਰਕਾਰ ਰਿਹਾ ਹੈ ਜੋ ਆਪਣੇ-ਆਪ ਨੂੰ ਖਾਲਸ ਭਾਰਤੀ ਚਿੱਤਰਕਾਰ ਕਰਾਰ ਦਿੰਦਾ ਸੀ। ਉਹ ਭਾਰਤੀ ਚਿੱਤਰ ਕਲਾ ਦੇ ਇਤਿਹਾਸ ਦਾ ਵੱਢ-ਮਾਰਵਾਂ ਯੁੱਗ ਹੈ ਜੋ ਉਸ ਦੇ ਨਾਲ ਹੀ ਦੋਵਾਂ ਸਿਰਿਆਂ ਦੀ ਨਿਸ਼ਾਨਦੇਹੀ ਕਰਦਾ ਹੈ। ਕਤਰ ਦੀ ਨਾਗਰਿਕਤਾ ਲੈਣ ਤੋਂ ਬਾਅਦ ਉਸ ਨੇ ਬਰਖਾ ਦੱਤ ਨਾਲ ਗੱਲਬਾਤ ਵਿਚ ਕਿਹਾ ਸੀ, “ਤੂ ਜੋ ਕਹੇ ਤੋਂ ਉਨਵਾਨ ਬਦਲ ਦੂੰ, ਇਕ ਉਮਰ ਦਰਕਾਰ ਹੈ ਅਫ਼ਸਾਨਾ ਬਦਲਨੇ ਕੇ ਲੀਏ। ਇਹ ਮਾਅਨੇ ਨਹੀਂ ਰੱਖਦਾ ਕਿ ਮੈਂ ਚਿੱਤਰ ਨਿਊਯਾਰਕ ਵਿਚ ਬਣਾਵਾਂ ਜਾਂ ਕਤਰ ਵਿਚ। ਮੈਂ ਨਿਮਾਣੇ ਜਿਹੇ ਢੰਗ ਨਾਲ ਆਪਣੀ ਬਾਤ ਪਾ ਦਿੱਤੀ ਹੈ ਅਤੇ ਆਸ ਕਰਦਾ ਹਾਂ ਕਿ ਇਹ ਮੇਰੇ ਮੁਲਕ ਦੇ ਲੱਖਾਂ ਵਾਸੀਆਂ ਦੇ ਦਿਲਾਂ ਵਿਚ ਪੈਂਦੀ ਰਹੇਗੀ।” ਹੁਸੈਨ ਦੀ ਇਸ ਗੱਲ ਵਿਚੋਂ ਉਸ ਦਾ ਯਕੀਨ ਝਲਕਦਾ ਹੈ ਜੋ ਤਾਉਮਰ ਉਸ ਦੀ ਜ਼ਿੰਦਗੀ ਦਾ ਹਿੱਸਾ ਰਿਹਾ ਹੈ। ਇਸੇ ਲਈ ਤਾਂ ਕ੍ਰਿਕਟ ਦੇ ਖੇਡ ਮੈਦਾਨ ਵਿਚ ਸਭ ਤੋਂ ਵੱਧ ਸੈਂਕੜੇ ਦੇਣ ਵਾਲੇ ਸਚਿਨ ਤੇਂਦੁਲਕਰ ਨੂੰ ਤੋਹਫ਼ੇ ਵਜੋਂ ਚਿੱਤਰ ਦਿੰਦਾ ਹੋਇਆ ਉਹ ਕਹਿ ਸਕਦਾ ਸੀ, “ਮੈਂ 92 ਦੌੜਾਂ ਬਣਾ ਕੇ ਅਜੇਤੂ ਹਾਂ।” ਸੈਂਕੜਾ ਬਣਾਉਣ ਦੀ ਤਮੰਨਾ ਭਾਵੇਂ ਉਸ ਦੀ ਪੂਰੀ ਨਹੀਂ ਹੋਈ ਪਰ ਸਚਿਨ ਦੱਸ ਸਕਦਾ ਹੈ ਕਿ ਬਹੁਤ ਵਾਰ 96 ਦੌੜਾਂ ਸੈਂਕੜੇ ਤੋਂ ਵੱਧ ਫ਼ੈਸਲਾਕੁਨ ਸਾਬਤ ਹੁੰਦੀਆਂ ਹਨ। ਹੁਸੈਨ ਨੇ ਆਪਣੀ ਜੀਵਨ ਸ਼ੈਲੀ ਬਾਬਤ ਕਿਹਾ ਸੀ, “ਮੈਂ ਬਹੁਤ ਸਾਦਾ ਆਦਮੀ ਹਾਂ ਅਤੇ ਦੁਨੀਆਂ ਦੀਆਂ ਬਿਹਤਰੀਨ ਸਹੂਲਤਾਂ ਨਾਲ ਵੀ ਖ਼ੁਸ਼ ਨਹੀਂ ਹੁੰਦਾ।” ਉਸ ਨੂੰ ਸਚਿਨ ਵਾਂਗ ਦੌੜਾਂ ਦੀ ਗਿਣਤੀ ਨੇ ਕਦੇ ਸੰਤੁਸ਼ਟ ਨਹੀਂ ਕਰਨਾ ਸੀ ਪਰ ਸੁਆਦ ਉਸ ਨੇ ਹਰ ਦੌੜ ਦਾ ਲਿਆ।

ਹੁਸੈਨ ਨੂੰ ਕੁਝ ਸਮਾਂ ਪਹਿਲਾਂ ਜਿਉਂਦੇ ਬੰਦਿਆਂ ਵਿਚੋਂ ਦੁਨੀਆਂ ਦਾ ਸਭ ਤੋਂ ਵੱਡਾ ਕਲਾਕਾਰ ਕਰਾਰ ਦੇਣ ਵਾਲੇ ਕਲਾ ਪੜਚੋਲੀਏ ਨਿੱਕ ਕੋਹਨ ਨੇ ਲਿਖਿਆ ਹੈ, “ਬਰਤਾਨੀਆ ਮਾਣ ਮਹਿਸੂਸ ਕਰ ਸਕਦਾ ਹੈ ਕਿ ਉਸ (ਹੁਸੈਨ) ਨੇ ਇੱਥੇ ਅੰਤਿਮ ਪਨਾਹ ਲਈ ਹੈ। ਜ਼ਿਆਦਾ ਮਾਣ ਕਰਨ ਵਾਲੀ ਵੀ ਗੱਲ ਨਹੀਂ। ਹੁਸੈਨ ਨੂੰ ਦਿੱਤੀਆਂ ਗਈਆਂ ਸ਼ਰਧਾਜਲੀਆਂ ਵਿਚ ਤਣਾਅ ਦੀ ਬੇਸੁਆਦੀ ਰਲੀ ਹੋਈ ਹੈ। ਉਹ ਆਲਮੀ ਰੁਤਬੇ ਵਾਲਾ ਸ਼ਾਨਦਾਰ ਕਲਾਕਾਰ ਸੀ ਪਰ ਸ਼ਰਧਾਜਲੀਆਂ ਵਿਚ ਇਹ ਦੱਸਣ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ ਕਿ ਉਹ ਅਸਲ ਵਿਚ ਕੌਣ ਸੀ? ਬਰਤਾਨੀਆ ਦੀ ਅਣਜਾਣਤਾ ਦਾ ਕਾਰਨ ਸਿਰਫ਼ ਕੌਮਪ੍ਰਸਤ ਸੱਭਿਆਚਾਰਕ ਤੰਗਨਜ਼ਰੀ ਨਹੀਂ ਹੈ। ਹਿੰਦੂ ਕੱਟੜਪੰਥੀਆਂ ਨੇ 2006 ਦੌਰਾਨ ਲੰਡਨ ਵਿਚ ਹੁਸੈਨ ਦੀ ਨੁਮਾਇਸ਼ ਧੱਕੇ ਨਾਲ ਬੰਦ ਕਰਵਾ ਦਿੱਤੀ ਸੀ। ਆਲਮੀ ਪੱਧਰ ਉਤੇ ਸੱਭਿਆਚਾਰ ਦੀਆਂ ਚੋਣਵੀਆਂ ਰਾਜਧਾਨੀਆਂ ਵਿਚੋਂ ਹੋਣ ਦਾ ਦਾਅਵਾ ਕਰਨ ਵਾਲੇ ਲੰਡਨ ਵਿਚ ਹੁਸੈਨ ਦੀ ਸਿਰਜਣਾਤਮਕ ਆਜ਼ਾਦੀ ਉਤੇ ਹੋਏ ਹਮਲੇ ਦਾ ਹੁੰਗਾਰਾ ਸਪਸ਼ਟ ਕਰਦਾ ਹੈ ਕਿ ਕਿਸੇ ਵੀ ਬੁਨਿਆਦਪ੍ਰਸਤ ਧਾਰਨਾ ਦਾ ਪ੍ਰਸਾਰ ਕਿੰਨਾ ਸੁਖਾਲਾ ਹੈ ਕਿਉਂਕਿ ਤੁਹਾਨੂੰ ਹਰ ਉਸ ਤਬਕੇ ਦੀ ‘ਕਦਰ’ ਕਰਨੀ ਚਾਹੀਦੀ ਹੈ ਜੋ ਠੇਸ ਲੱਗਣ ਦਾ ਦਾਅਵਾ ਕਰਕੇ ਹਿੰਸਾ ਦੀ ਧਮਕੀ ਦਿੰਦਾ ਹੈ। ਉਸ ਵੇਲੇ ਕੋਈ ਆਵਾਜ਼ ਨਹੀਂ ਉਠੀ। ਕੌਮੀ ਮੀਡੀਆ ਵਿਚ ਨਾਂ-ਮਾਤਰ ਆਲੋਚਨਾ ਹੋਈ ਸੀ।” ਸਮੇਂ-ਸਥਾਨ ਦੀਆਂ ਹੱਦਾਂ ਉਲੰਘ ਕੇ ਸਾਂਝ ਦੇ ਪੁਲ ਉਸਾਰਨਾ ਹੁਸੈਨ ਦੇ ਕੰਮ ਦਾ ਧੁਰਾ ਹੈ। ਇਹ ਪੁਲ ਪਸੰਦ-ਨਾਪਸੰਦ ਹੋ ਸਕਦੇ ਹਨ। ਹੁਸੈਨ ਦੀ ਮੌਤ ਵਿਚੋਂ ਨਿੱਕ ਕੋਹਨ ਨੇ ਪੂਰਬ ਅਤੇ ਪੱਛਮ ਵਿਚਲੇ ਪੁਲ ਦੀ ਨਿਸ਼ਾਨਦੇਹੀ ਕਰ ਲਈ ਹੈ। ਇਸ ਨੂੰ ਪਸੰਦ-ਨਾਪਸੰਦ ਕਰਨ ਦਾ ਹੱਕ ਸਾਡਾ ਹੈ। ਹੁਸੈਨ ਸ਼ਾਇਦ ਕਬਰ ਵਿਚ ਬੁੱਲੇ ਸ਼ਾਹ ਦੀਆਂ ਕਾਫ਼ੀਆਂ ਦੇ ਚਿੱਤਰ ਬਣਾ ਰਿਹਾ ਹੋਵੇ, “ਬੁੱਲੇ ਸ਼ਾਹ ਅਸੀਂ ਮਰਨਾ ਨਾਹੀਂ, ਗੋਰ (ਕਬਰ) ਪਿਆ ਕੋਈ ਹੋਰ।”

# ਭਾਰਤ ਦੇ ਸਿਆਸੀ ਪਿੜ ਦੀਆਂ ਗੈਰ-ਸਿਆਸੀ ਚਾਲਾਂ

**ਪ੍ਰਫੁੱਲ ਬਿਦਵਈ**

ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਇਸ ਲਈ ਸੱਤਾ ਵਿਚ ਆਇਆ ਸੀ ਕਿਉਂਕਿ ਉਸ ਨੇ ਆਮ ਆਦਮੀ ਦੇ ਸਮੂਹਿਕ ਵਿਕਾਸ ਦਾ ਵਾਅਦਾ ਕੀਤਾ ਸੀ ਪਰ ਉਹ ਸਬਕ ਸਿੱਖ ਰਿਹਾ ਨਹੀਂ ਜਾਪਦਾ। ਅਜਿਹਾ ਕਰਕੇ ਸਾਂਝਾ ਪ੍ਰਗਤੀਸ਼ੀਲ ਗਠਜੋੜ 2014 ਦੀਆਂ ਚੋਣਾਂ ਵਿਚ ਆਪਣੀ ਹਾਰ ਦਾ ਰਾਹ ਤਿਆਰ ਕਰ ਰਿਹਾ ਹੈ।

ਪੱਛਮੀ ਬੰਗਾਲ ਅਤੇ ਕੇਰਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਖੱਬੀਆਂ ਪਾਰਟੀਆਂ ਦੀ ਬੁਰੀ ਤਰ੍ਹਾਂ ਹਾਰ ਹੋਣ ਤੋਂ ਬਾਅਦ ਕੁਝ ਟਿੱਪਣੀਕਾਰਾਂ ਨੇ ਇਹ ਕਿਆਸ ਲਾਏ ਹਨ ਕਿ ਆਉਂਦੇ ਸਮੇਂ ਵਿਚ ਭਾਰਤੀ ਸਿਆਸਤ ਵਿਚ 'ਤੀਜਾ ਬਦਲ' ਹੋਰ ਕਮਜ਼ੋਰ ਹੋ ਜਾਵੇਗਾ। ਰਾਜਨੀਤਕ ਵਿਵਸਥਾ ਵਧੇਰੇ ਦੋ-ਧਰੁਵੀ ਹੋ ਜਾਵੇਗੀ ਕਿਉਂਕਿ ਖੱਬੀਆਂ ਪਾਰਟੀਆਂ ਦੀ ਹਾਰ ਦਾ ਫਾਇਦਾ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਮਿਲਿਆ ਹੈ, ਪਰ ਇਹ ਵਿਚਾਰ ਕਿ ਹਾਲ ਹੀ ਦਾ ਘਟਨਾਕ੍ਰਮ ਭਾਜਪਾ ਦੇ ਪੱਖ ਵਿਚ ਜਾਵੇਗਾ, ਨੂੰ ਪਾਰਟੀ ਵਿਚਲੀਆਂ ਸਰਗਰਮੀਆਂ ਨੇ ਅਰਥਹੀਣ ਕਰ ਦਿੱਤਾ ਹੈ। 'ਵੱਖਰੀ ਕਿਸਮ ਦੀ ਪਾਰਟੀ' ਜੋ ਇਕ ਸਮੇਂ ਆਪਣੀ ਏਕਤਾ, ਬੇਜੋੜਤਾ ਅਤੇ ਅਨੁਸ਼ਾਸਨ ਕਰਕੇ ਜਾਣੀ ਜਾਂਦੀ ਸੀ; ਹੁਣ ਫੁੱਟ, ਖਿੱਚੋਤਾਣ ਅਤੇ ਜੋਸ਼ੀਲੇ ਆਗੂਆਂ ਦੇ ਆਪਸੀ ਭੱਦੇ ਟਕਰਾਅ ਦੀ ਮੈਲੀ ਤਸਵੀਰ ਪੇਸ਼ ਕਰਦੀ ਹੈ।

ਭਾਜਪਾ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਵਿਰੁੱਧ ਚਲਾਈ ਆਪਣੀ ਮੁਹਿਮ ਤੋਂ ਉਤਸ਼ਾਹ ਮਿਲਿਆ ਜਾਪਿਆ ਸੀ ਪਰ ਇਹ ਫਾਇਦਾ ਕਿਸੇ ਹੱਦ ਤੱਕ ਹੁਣ ਮਨਫ਼ੀ ਹੋ ਗਿਆ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਆਪਣੇ ਰਾਜ ਸਭਾ ਵਿਚ ਹਮ-ਅਹੁਦੇਦਾਰ ਅਰੁਣ ਜੇਤਲੀ ਵਿਰੁੱਧ ਸ਼ਰ੍ਹੇਆਮ, ਸਾਜ਼ਿਸ਼ੀ ਜੰਗ ਸ਼ੁਰੂ ਕਰ ਦਿੱਤੀ ਹੈ। ਸਵਰਾਜ ਨੇ ਜੇਤਲੀ 'ਤੇ ਇਹ ਦੋਸ਼ ਲਾਇਆ ਕਿ ਉਸ ਨੇ ਹੀ ਕਰਨਾਟਕ ਮੰਤਰੀ ਮੰਡਲ ਵਿਚ ਬਦਨਾਮ ਰੈਡੀ ਭਰਾਵਾਂ ਨੂੰ ਸ਼ਾਮਿਲ ਕਰਾਇਆ ਜੋ ਕਰਨਾਟਕ ਦੇ ਬਲਾਰੀ ਜ਼ਿਲ੍ਹੇ ਵਿਚ ਵਿਸ਼ਾਲ ਖਾਨ ਖੁਦਾਈ ਮਾਫ਼ੀਆ ਚਲਾਉਂਦੇ ਹਨ।

ਭਾਜਪਾ ਦੇ 'ਦੂਜੀ ਪੀੜ੍ਹੀ' ਦੇ ਇਨ੍ਹਾਂ ਦੋ ਸਿਖਰਲੇ ਆਗੂਆਂ ਵਿਚਕਾਰ ਇਹ ਲੜਾਈ ਹੁਣ ਜਨਤਕ ਹੋ ਗਈ ਹੈ। ਪਾਰਟੀ ਪ੍ਰਧਾਨ ਨਿਤਿਨ ਗਡਕਰੀ ਚਾਹੇ ਇਸ ਤੋਂ ਇਨਕਾਰ ਕਰਨ ਪਰ ਭਾਜਪਾ ਵਿਚ ਪਈ ਇਹ ਦਰਾੜ ਜੱਗ-ਜ਼ਾਹਰ ਹੋ ਚੁੱਕੀ ਹੈ। ਸ੍ਰੀਮਤੀ ਸਵਰਾਜ ਨੇ ਗੁੱਸੇ ਵਿਚ ਆ ਕੇ ਜੇਤਲੀ ਵਿਰੁੱਧ ਦੋਸ਼ ਨਹੀਂ ਲਾਇਆ। ਉਸ ਨੇ ਇਹ ਸਭ ਵਿਉਂਤਬੰਦੀ ਨਾਲ ਕੀਤਾ ਹੈ ਅਤੇ ਇਸ ਤਹਿਤ 'ਆਉਟਲੁੱਕ' ਮੈਗਜ਼ੀਨ ਨੂੰ ਇੰਟਰਵਿਊ ਦਿੱਤੀ ਜਿਸ ਬਾਰੇ ਅਨੇਕਾਂ ਭਾਜਪਾ ਵਾਲਿਆਂ ਦਾ ਮੰਨਣਾ ਹੈ ਕਿ ਇਹ ਮੈਗਜ਼ੀਨ ਜੇਤਲੀ ਪ੍ਰਤੀ ਕੁਝ 'ਨਰਮ' ਹੈ, ਭਾਵੇਂ ਇਸ ਦਾ ਸੰਪਾਦਕੀ ਮੰਡਲ ਕਾਂਗਰਸ ਲਈ ਸਮੁੱਚੇ ਤੌਰ 'ਤੇ ਲੁਕਵੀਂ ਹਮਦਰਦੀ ਰੱਖਦਾ ਹੈ।

ਸ੍ਰੀਮਤੀ ਸਵਰਾਜ ਸ਼ਾਇਦ ਇਸ ਲਈ ਨਿਰਾਸ਼ ਸੀ ਕਿ ਸ੍ਰੀ ਜੇਤਲੀ ਨੇ ਮੀਡੀਆ ਲਈ ਅਜਿਹੀਆਂ ਖ਼ਬਰਾਂ ਛਪਵਾਈਆਂ ਜੋ ਉਸ ਦੇ ਜੀ. ਕਰੁਨਾਕਰ ਰੈਡੀ, ਜੀ. ਜਨਾਰਦਨ ਰੈਡੀ ਅਤੇ ਬੀ. ਸਰੀਰਾਮੂਲੂ ਨਾਲ ਸਬੰਧਾਂ 'ਤੇ ਜ਼ੋਰ ਦਿੰਦੀਆਂ ਹਨ।

ਇਹ ਗੱਲ ਸ੍ਰੀਮਤੀ ਸਵਰਾਜ ਦੀ ਹਾਲਤ ਤਰਸਯੋਗ ਬਣਾਉਂਦੀ ਸੀ। ਸਵਰਾਜ ਨੇ 1999 ਵਿਚ ਬੇਲਾਰੀ ਲੋਕ ਸਭਾ ਜ਼ਿਮਨੀ ਚੋਣ ਸ੍ਰੀਮਤੀ ਸੋਨੀਆ ਗਾਂਧੀ ਦੇ ਵਿਰੁੱਧ ਰੈਡੀ ਭਰਾਵਾਂ ਦੀ ਮਦਦ ਨਾਲ ਲੜੀ ਸੀ, ਤੇ ਉਸ ਵੱਲੋਂ ਵਾਰ-ਵਾਰ ਉਨ੍ਹਾਂ ਦਾ ਬਚਾਅ ਵੀ ਕੀਤਾ ਗਿਆ। ਜਿਵੇਂ ਲੋਕਾਂ ਵਿਚ ਵੰਡੀਆਂ ਗਈਆਂ ਤਸਵੀਰਾਂ ਦੱਸਦੀਆਂ ਹਨ, ਰੈਡੀ ਭਰਾਵਾਂ ਨੂੰ ਸੁਸ਼ਮਾ ਸਵਰਾਜ ਦਾ ਆਸ਼ੀਰਵਾਦ ਪ੍ਰਾਪਤ ਸੀ। ਰੈਡੀ ਭਰਾ ਅਜੇ ਵੀ ਉਸ ਨੂੰ ਆਪਣੀ 'ਦੇਵੀ' ਕਹਿੰਦੇ ਹਨ ਪਰ ਸਵਰਾਜ ਦਾ ਕਹਿਣਾ ਹੈ ਕਿ ਉਸ ਨੇ ਰੈਡੀ ਭਰਾਵਾਂ ਨੂੰ ਕਰਨਾਟਕ ਮੰਤਰੀ ਮੰਡਲ ਵਿਚ ਲੈਣ ਦੇ ਫ਼ੈਸਲੇ ਦਾ ਵਿਰੋਧ ਕੀਤਾ ਸੀ।

ਸ੍ਰੀਮਤੀ ਸਵਰਾਜ ਸਪੱਸ਼ਟ ਤੌਰ 'ਤੇ ਸ੍ਰੀ ਜੇਤਲੀ ਦੇ, ਉਸ ਦਾ ਅਕਸ ਖ਼ਰਾਬ ਕਰਨ ਵਾਲੇ ਚਲਾਕੀ ਭਰੇ ਯਤਨਾਂ ਨੂੰ ਉਲਟਾਉਣਾ ਚਾਹੁੰਦੀ ਹੈ ਅਤੇ ਪਾਰਟੀ ਦੀ ਅੰਦਰੂਨੀ ਮੁਕਾਬਲੇਬਾਜ਼ੀ ਜੋ ਇਹ ਫ਼ੈਸਲਾ ਕਰੇਗੀ ਕਿ 2014 ਦੀਆਂ ਚੋਣਾਂ ਸਮੇਂ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਪਦ ਦਾ ਉਮੀਦਵਾਰ ਕੌਣ ਹੋਵੇਗਾ, ਵਿਚ ਬਾਜ਼ੀ ਮਾਰਨਾ ਚਾਹੁੰਦੀ ਹੈ ਪਰ ਉਸ ਦੇ ਯਤਨ ਆਪਣੇ ਵਿਰੋਧੀ ਦੇ ਯਤਨਾਂ ਤੋਂ ਘੱਟ ਚੁਸਤੀ ਵਾਲੇ ਨਹੀਂ ਹਨ।

ਭਾਜਪਾ ਬੇਹੂਦੇ ਅੰਦਰੂਨੀ ਟਕਰਾਅ ਦੀ ਤਸਵੀਰ ਪੇਸ਼ ਕਰ ਰਹੀ ਹੈ, ਇਸ ਲਈ ਵੀ ਕਿ ਇਸ ਦੀ ਕਰਨਾਟਕ ਵਿਚ ਸਰਕਾਰ ਜੋ ਦੱਖਣੀ ਭਾਰਤ ਵਿਚ ਇਕੋ-ਇਕ ਭਾਜਪਾ ਸਰਕਾਰ ਹੈ, ਦਾ ਤਿੰਨ ਸਾਲਾਂ ਦਾ ਰਿਕਾਰਡ ਕਾਫੀ ਮਾੜਾ ਰਿਹਾ ਹੈ। ਇਹ ਕ੍ਰਿਸ਼ਮਾ ਹੀ ਹੋਵੇਗਾ, ਜੇ ਭਾਜਪਾ ਜੋ ਕਰਨਾਟਕ ਵਿਚ ਹਮੇਸ਼ਾ ਪੈਸੇ ਅਤੇ ਨਾਜਾਇਜ਼ ਢੰਗ-ਤਰੀਕਿਆਂ ਨਾਲ ਹੀ ਸੱਤਾ ਵਿਚ ਆਉਂਦੀ ਰਹੀ ਹੈ, ਮੁੜ ਸੱਤਾ ਵਿਚ ਆਉਂਦੀ ਹੈ।

ਇਹ ਵੀ ਜਾਪਦਾ ਹੈ ਕਿ ਭਾਜਪਾ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਜਿਨ੍ਹਾਂ ਦੀਆਂ ਵਿਧਾਨ ਸਭਾ ਚੋਣਾਂ ਅਗਲੇ ਸਾਲ ਹੋਣੀਆਂ ਹਨ, ਵਿਚ ਵੀ ਹਾਰਨ ਦੀ ਕਗਾਰ 'ਤੇ ਖੜ੍ਹੀ ਹੈ। ਉੱਤਰ ਪ੍ਰਦੇਸ਼ ਵਿਚ ਭਾਜਪਾ 15 ਸਾਲਾਂ ਤੋਂ ਵਧੇਰੇ ਸਮੇਂ ਤੋਂ ਬਿਮਾਰੀ ਦੀ ਹਾਲਤ ਵਿਚ ਹੈ। 2009 ਦੀਆਂ ਲੋਕ ਸਭਾ ਚੋਣਾਂ ਵਿਚ ਇਥੇ ਭਾਜਪਾ ਸਿਰਫ 10 ਸੀਟਾਂ ਤੱਕ ਸੀਮਤ ਹੋ ਕੇ ਰਹਿ ਗਈ, ਕਿਸੇ ਸਮੇਂ ਉਸ ਕੋਲ ਇਥੇ 57 ਸੀਟਾਂ ਵੀ ਰਹਿ ਚੁੱਕੀਆਂ ਹਨ। ਇਸ ਨੇ ਉੱਤਰ ਪ੍ਰਦੇਸ਼ ਵਿਚ ਸਿਆਸੀ ਮੁਕਾਬਲੇ ਵਿਚ ਆਪਣੀ ਤੀਜੀ ਥਾਂ ਵੀ ਗੁਆ ਲਈ ਹੈ, ਜਿਸ 'ਤੇ ਹੁਣ ਕਾਂਗਰਸ ਕਾਬਜ਼ ਹੈ ਜਿਸ ਕੋਲ 21 ਲੋਕ ਸਭਾ ਸੀਟਾਂ ਹਨ।

ਕਾਂਗਰਸ ਨੇ ਉੱਤਰ ਪ੍ਰਦੇਸ਼ ਵਿਚ ਆਪਣੇ ਅੰਦਰ ਨਵੀਂ ਸ਼ਕਤੀ ਦਾ ਸੰਚਾਰ ਕਰਨ ਲਈ ਕੋਈ ਵੱਡਾ ਕੰਮ ਨਹੀਂ ਕੀਤਾ। ਰਾਹੁਲ ਗਾਂਧੀ ਪਾਰਟੀ ਵਿਚ ਨੌਜਵਾਨ ਸ਼ਕਤੀ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਇਸ ਦੇ ਸਿੱਟੇ ਸੀਮਤ ਰੂਪ ਵਿਚ ਹੀ ਨਿਕਲ ਰਹੇ ਹਨ। ਤਾਮਿਲਨਾਡੂ ਅਤੇ ਕੇਰਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਉਸ ਵੱਲੋਂ ਨਾਮਜ਼ਦ ਬਹੁਤੇ ਉਮੀਦਵਾਰਾਂ ਦੀ ਖ਼ਰਾਬ ਕਾਰਗੁਜ਼ਾਰੀ ਤੋਂ ਬਾਅਦ ਇਹ ਸਪੱਸ਼ਟ ਨਹੀਂ ਹੈ ਕਿ ਉਸ ਕੋਲ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੁਣ ਕੋਈ ਹੋਰ ਗੁਪਤ ਰਣਨੀਤੀ ਰਹਿ ਗਈ ਹੈ।

ਰਾਹੁਲ ਗਾਂਧੀ ਚਾਹੁੰਦੇ ਹਨ ਕਿ ਕਾਂਗਰਸ ਅਜੀਤ ਸਿੰਘ ਦੇ ਰਾਸ਼ਟਰੀ ਲੋਕ ਦਲ, ਕੁਰਮੀ ਗਰੁੱਪ ਦੇ ਅਪਨਾ ਦਲ ਅਤੇ ਕੁਝ ਹੋਰ ਸਥਾਨਕ ਧੜਿਆਂ ਨਾਲ ਸੀਮਤ ਗਠਜੋੜ ਕਰਕੇ ਬਹੁਜਨ ਸਮਾਜ ਪਾਰਟੀ (ਬਸਪਾ) 'ਤੇ ਧਾਵਾ ਬੋਲੇ। ਕਾਂਗਰਸ ਵਿਚ ਕੋਈ ਇਸ ਗੱਲ 'ਤੇ ਭਰੋਸਾ ਨਹੀਂ ਕਰ ਰਿਹਾ ਕਿ ਇਸ ਨਾਲ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਕਾਰਗੁਜ਼ਾਰੀ ਵਿਚ ਕੋਈ ਸੁਧਾਰ ਹੋਵੇਗਾ। ਕੁਝ ਕਾਂਗਰਸੀ ਲੀਡਰ ਚਾਹੁੰਦੇ ਹਨ ਕਿ ਕਾਂਗਰਸ ਸਮਾਜਵਾਦੀ ਪਾਰਟੀ ਨਾਲ ਹੱਥ ਮਿਲਾਵੇ ਤਾਂ ਕਿ ਵਧੇਰੇ ਮਜ਼ਬੂਤ ਗਠਜੋੜ ਬਣ ਸਕੇ।

**ਦੇਸ-ਪਰਦੇਸ**

ਉੱਤਰ ਪ੍ਰਦੇਸ਼ ਸਾਂਝੇ ਪ੍ਰਗਤੀਸ਼ੀਲ ਗਠਜੋੜ ਲਈ ਵੱਡੀ ਅਹਿਮੀਅਤ ਰੱਖਦਾ ਹੈ ਕਿਉਂਕਿ ਇਹ ਤਾਜ਼ੇ ਦੌਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਆਸੀ ਤੌਰ 'ਤੇ ਕਮਜ਼ੋਰ ਹੋਇਆ ਹੈ। ਇਸ ਲਈ ਇਸ ਤੋਂ ਵੀ ਬਦਤਰ ਗੱਲ ਇਹ ਹੈ ਕਿ ਕਾਂਗਰਸ ਤੇਲੰਗਾਨਾ ਮੁੱਦੇ 'ਤੇ ਸਪੱਸ਼ਟ ਸਟੈਂਡ ਨਹੀਂ ਲੈ ਸਕੀ ਅਤੇ ਇਸ ਖੇਤਰ ਦੇ ਅੰਦਰ ਤੇ ਬਾਹਰ ਇਸ ਦੀਆਂ ਵੋਟਾਂ ਖੁੱਸਣ ਦੀ ਸੰਭਾਵਨਾ ਹੈ।

ਬਿਹਾਰ, ਮੱਧ ਪ੍ਰਦੇਸ਼, ਗੁਜਰਾਤ, ਉੜੀਸਾ, ਛੱਤੀਸਗੜ੍ਹ ਅਤੇ ਝਾਰਖੰਡ ਜਿਥੇ ਗ਼ੈਰ-ਸਾਂਝੇ ਪ੍ਰਗਤੀਸ਼ੀਲ ਗਠਜੋੜ ਨਾਲ ਸਬੰਧਿਤ ਪਾਰਟੀਆਂ ਦੀ ਸਰਕਾਰ ਹੈ, ਵਿਚ ਕਾਂਗਰਸ ਆਪਣੇ ਲਈ ਸਿਰਫ ਸੀਮਤ ਲਾਭਾਂ ਦੀ ਹੀ ਉਮੀਦ ਕਰ ਸਕਦੀ ਹੈ। ਮਹਾਰਾਸ਼ਟਰ ਵਿਚ ਇਸ ਦਾ ਰਾਸ਼ਟਰਵਾਦੀ ਕਾਂਗਰਸ ਪਾਰਟੀ ਨਾਲ ਗਠਜੋੜ ਖ਼ਤਰੇ ਵਿਚ ਪੈ ਸਕਦਾ ਹੈ।

ਇਸ ਗਠਜੋੜ 'ਤੇ ਕਈ ਘਪਲਿਆਂ ਦਾ ਕਲੰਕ ਵੀ ਲੱਗਾ ਹੋਇਆ ਹੈ। ਇਸ ਤੋਂ ਇਲਾਵਾ ਇਸ ਦੇ ਰਾਜ ਵਿਚ ਮਹਿੰਗਾਈ ਨੇ ਲੋਕਾਂ ਦੇ ਨੱਕ ਵਿਚ ਦਮ ਕੀਤਾ ਹੋਇਆ ਹੈ। ਇਸ ਵੱਲੋਂ ਜੋ ਵੀ ਅਗਾਂਹਵਧੂ ਕਦਮ ਚੁੱਕੇ ਜਾਂਦੇ ਹਨ, (ਜੋ ਆਮ ਕਰਕੇ ਕੌਮੀ ਸਲਾਹਕਾਰ ਕੌਂਸਲ ਦੀਆਂ ਸਿਫ਼ਾਰਸ਼ਾਂ 'ਤੇ ਆਧਾਰਿਤ ਹੁੰਦੇ ਹਨ) ਉਨ੍ਹਾਂ ਨੂੰ ਹੋਰ ਕਮੇਟੀਆਂ ਛੇਤੀ ਹੀ ਗ਼ੈਰ-ਪ੍ਰਭਾਵਸ਼ਾਲੀ ਬਣਾ ਦਿੰਦੀਆਂ ਹਨ ਜਾਂ ਤਹਿਸ-ਨਹਿਸ ਕਰ ਦਿੰਦੀਆਂ ਹਨ। ਜਨਤਕ ਵੰਡ ਪ੍ਰਣਾਲੀ ਤਹਿਤ ਯੋਜਨਾ ਕਮਿਸ਼ਨ ਨੇ ਸੁਪਰੀਮ ਕੋਰਟ ਤੇ ਲੋਕਾਂ ਨੂੰ ਸਦਮਾ ਪਹੁੰਚਾਇਆ ਹੈ ਕਿਉਂਕਿ ਉਸ ਨੇ ਉਨ੍ਹਾਂ ਪਰਿਵਾਰਾਂ ਨੂੰ ਗਰੀਬੀ ਰੇਖਾ ਦੇ ਹੇਠਾਂ ਰਹਿ ਰਹੇ ਪਰਿਵਾਰਾਂ ਵਜੋਂ ਮੰਨਿਆ ਹੈ ਜਿਨ੍ਹਾਂ ਵਿਚੋਂ ਸ਼ਹਿਰਾਂ ਵਿਚ ਰਹਿੰਦੇ ਪਰਿਵਾਰਾਂ ਦਾ ਰੋਜ਼ਾਨਾ ਖਰਚਾ 20 ਰੁਪਏ ਹੈ ਤੇ ਪਿੰਡਾਂ ਵਿਚ ਰਹਿੰਦੇ ਪਰਿਵਾਰਾਂ ਦਾ 15 ਰੁਪਏ ਹੈ ਤੇ ਇਸ ਤੋਂ ਉਪਰ ਜਿਨ੍ਹਾਂ ਪਰਿਵਾਰਾਂ ਦਾ ਰੋਜ਼ਾਨਾ ਖਰਚਾ ਆਉਂਦਾ ਹੈ, ਉਨ੍ਹਾਂ ਨੂੰ ਜਨਤਕ ਵੰਡ ਪ੍ਰਣਾਲੀ ਦੀਆਂ ਸਹੂਲਤਾਂ ਤੋਂ ਵਾਂਝੇ ਕਰ ਦਿੱਤਾ ਗਿਆ।

ਇਸ ਤੋਂ ਇਲਾਵਾ ਸਾਂਝਾ ਪ੍ਰਗਤੀਸ਼ੀਲ ਗਠਜੋੜ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰ ਰਿਹਾ ਹੈ। ਇਹ ਖ਼ਤਰਨਾਕ ਰੁਝਾਨ ਹੈ। ਸਾਂਝਾ ਪ੍ਰਗਤੀਸ਼ੀਲ ਗਠਜੋੜ ਇਸ ਲਈ ਸੱਤਾ ਵਿਚ ਆਇਆ ਸੀ ਕਿਉਂਕਿ ਉਸ ਨੇ ਆਮ ਆਦਮੀ ਦੇ ਸਮੂਹਿਕ ਵਿਕਾਸ ਦਾ ਵਾਅਦਾ ਕੀਤਾ ਸੀ। ਪਰ ਉਹ ਸਬਕ ਸਿੱਖ ਰਿਹਾ ਨਹੀਂ ਜਾਪਦਾ। ਅਜਿਹਾ ਕਰਕੇ ਸਾਂਝਾ ਪ੍ਰਗਤੀਸ਼ੀਲ ਗਠਜੋੜ 2014 ਦੀਆਂ ਚੋਣਾਂ ਵਿਚ ਆਪਣੀ ਹਾਰ ਦਾ ਰਾਹ ਤਿਆਰ ਕਰ ਰਿਹਾ ਹੈ।

***ਪੱਛਮੀ ਬੰਗਾਲ ਅਤੇ ਕੇਰਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਖੱਬੀਆਂ ਪਾਰਟੀਆਂ ਦੀ ਬੁਰੀ ਤਰ੍ਹਾਂ ਹਾਰ ਹੋਣ ਤੋਂ ਬਾਅਦ ਕੁਝ ਟਿੱਪਣੀਕਾਰਾਂ ਨੇ ਇਹ ਕਿਆਸ ਲਾਏ ਹਨ ਕਿ ਆਉਂਦੇ ਸਮੇਂ ਵਿਚ ਭਾਰਤੀ ਸਿਆਸਤ ਵਿਚ 'ਤੀਜਾ ਬਦਲ' ਹੋਰ ਕਮਜ਼ੋਰ ਹੋ ਜਾਵੇਗਾ। ਰਾਜਨੀਤਕ ਵਿਵਸਥਾ ਵਧੇਰੇ ਦੋ-ਧਰੁਵੀ ਹੋ ਜਾਵੇਗੀ ਕਿਉਂਕਿ ਖੱਬੀਆਂ ਪਾਰਟੀਆਂ ਦੀ ਹਾਰ ਦਾ ਫਾਇਦਾ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਮਿਲਿਆ ਹੈ, ਪਰ ਇਹ ਵਿਚਾਰ ਕਿ ਹਾਲ ਹੀ ਦਾ ਘਟਨਾਕ੍ਰਮ ਭਾਜਪਾ ਦੇ ਪੱਖ ਵਿਚ ਜਾਵੇਗਾ, ਨੂੰ ਪਾਰਟੀ ਵਿਚਲੀਆਂ ਸਰਗਰਮੀਆਂ ਨੇ ਅਰਥਹੀਣ ਕਰ ਦਿੱਤਾ ਹੈ। 'ਵੱਖਰੀ ਕਿਸਮ ਦੀ ਪਾਰਟੀ' ਜੋ ਇਕ ਸਮੇਂ ਆਪਣੀ ਏਕਤਾ, ਬੇਜੋੜਤਾ ਅਤੇ ਅਨੁਸ਼ਾਸਨ ਕਰਕੇ ਜਾਣੀ ਜਾਂਦੀ ਸੀ; ਹੁਣ ਫੁੱਟ, ਖਿੱਚੋਤਾਣ ਅਤੇ ਜੋਸ਼ੀਲੇ ਆਗੂਆਂ ਦੇ ਆਪਸੀ ਭੱਦੇ ਟਕਰਾਅ ਦੀ ਮੈਲੀ ਤਸਵੀਰ ਪੇਸ਼ ਕਰਦੀ ਹੈ। ਭਾਜਪਾ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਵਿਰੁੱਧ ਚਲਾਈ ਆਪਣੀ ਮੁਹਿੰਮ ਤੋਂ ਉਤਸ਼ਾਹ ਮਿਲਿਆ ਜਾਪਿਆ ਸੀ ਪਰ ਇਹ ਫਾਇਦਾ ਕਿਸੇ ਹੱਦ ਤੱਕ ਹੁਣ ਮਨਫ਼ੀ ਹੋ ਗਿਆ ਹੈ।***

# ਪਾਕਿ ਫ਼ੌਜ ਨੂੰ ਜਵਾਬਦੇਹ ਕੌਣ ਬਣਾਏਗਾ?

**ਆਰਿਫ਼ ਨਿਜ਼ਾਮੀ**

ਸ਼ਬਕਦਰ ਕਿਲ੍ਹੇ 'ਤੇ ਹੋਏ ਕਾਇਰਤਾ ਭਰੇ ਆਤਮਘਾਤੀ ਹਮਲੇ ਜਿਸ ਵਿਚ ਸਰਹੱਦੀ ਕੋਰ ਦੇ ਕਈ ਨਵੇਂ ਭਰਤੀ ਹੋਏ ਜਵਾਨ ਮਾਰੇ ਗਏ, ਨੇ ਪਾਕਿਸਤਾਨ ਸਰਕਾਰ ਦਾ ਮੂੰਹ ਚਿੜ੍ਹਾ ਰਹੀ ਗੁੰਝਲ ਨੂੰ ਚਰਚਾ ਦਾ ਵਿਸ਼ਾ ਬਣਾ ਦਿੱਤਾ ਹੈ। ਗੁੰਝਲ ਇਹ ਹੈ ਕਿ ਅਸਲ ਦੁਸ਼ਮਣ ਕੌਣ ਹੈ, ਅਮਰੀਕਾ, ਅਤਿਵਾਦ ਜਾਂ ਦੋਵੇਂ?

ਅਸੀਂ ਐਬਟਾਬਾਦ ਵਿਚ ਉਸਾਮਾ ਬਿਨ-ਲਾਦਿਨ ਦੇ ਟਿਕਾਣੇ ਦਾ ਪਤਾ ਲਾਉਣ ਵਿਚ ਖ਼ੁਫ਼ੀਆ ਤੰਤਰ ਦੀ ਰਹੀ ਅਸਫਲਤਾ ਬਾਰੇ ਜ਼ਿੰਮੇਵਾਰੀ ਤੈਅ ਕਰਨ ਲਈ ਅਤੇ ਵਜ਼ੀਰਿਸਤਾਨ ਹਾਊਸ 'ਤੇ ਅਮਰੀਕੀ ਹਮਲੇ ਦੀ ਸਹੀ ਸਮੇਂ 'ਤੇ ਜਾਣਕਾਰੀ ਹਾਸਲ ਕਰਨ ਵਿਚ ਸੁਰੱਖਿਆ ਤੰਤਰ ਦੇ ਅਸਮਰੱਥ ਰਹਿਣ ਬਾਰੇ ਬਹਿਸ ਕਰਦੇ ਹਾਂ ਪਰ ਅਲ-ਕਾਇਦਾ ਅਤੇ ਤਹਿਰੀਕ-ਏ-ਤਾਲਿਬਾਨ ਨੇ ਪਾਕਿਸਤਾਨ ਦੇ ਫ਼ੌਜ ਦੇ ਭਰਤੀ ਕੇਂਦਰ 'ਤੇ ਹਮਲਾ ਕਰਕੇ ਇਸ ਬਾਰੇ ਆਪਣਾ ਫ਼ਤਵਾ ਦੇ ਦਿੱਤਾ ਹੈ। ਕੋਈ ਇਹ ਸਵਾਲ ਕਰ ਸਕਦਾ ਹੈ ਕਿ ਖਾੜਕੂਆਂ ਦੇ ਮਜ਼ਬੂਤ ਗੜ੍ਹ ਵਿਚ ਫ਼ੌਜ ਦੇ ਟ੍ਰੇਨਿੰਗ ਕੇਂਦਰ 'ਤੇ ਹਮਲਾ ਇਕ ਹੋਰ ਸੁਰੱਖਿਆ ਤਰੁਟੀ ਦਾ ਨਤੀਜਾ ਸੀ ਜਾਂ ਨਹੀਂ? ਤਾਲਿਬਾਨ ਵੱਲੋਂ ਬਦਲਾ ਲੈਣ ਦੀ ਸੰਭਾਵਨਾ ਪਹਿਲਾਂ ਹੀ ਸੀ ਕਿਉਂਕਿ ਉਸਾਮਾ ਦੀ ਹੱਤਿਆ ਤੋਂ ਬਾਅਦ ਤਾਲਿਬਾਨ, ਪਾਕਿਸਤਾਨੀ ਫ਼ੌਜ 'ਤੇ ਨਜ਼ਰਾਂ ਟਿਕਾਈ ਫਿਰਦੇ ਸਨ। ਇਸ ਲਈ ਭਰਤੀ ਹੋਏ ਗਰੀਬ ਜਵਾਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਗੁਆਈਆਂ, ਸਭ ਤੋਂ ਕਮਜ਼ੋਰ ਨਿਸ਼ਾਨਾ ਸਨ।

ਇਸ ਤੋਂ ਜਾਪਦਾ ਹੈ ਕਿ ਉਸਾਮਾ ਦੇ ਕਤਲ ਤੋਂ ਬਾਅਦ ਉੱਠੀ ਧੂੜ ਆਸਾਨੀ ਨਾਲ ਥੱਲੇ ਬੈਠਦੀ ਦਿਖਾਈ ਨਹੀਂ ਦਿੰਦੀ। ਅਮਰੀਕਾ ਨੇ ਆਪਣਾ ਦਬਾਅ ਕਈ ਤਰ੍ਹਾਂ ਨਾਲ ਵਧਾ ਦਿੱਤਾ ਹੈ। ਫ਼ੌਜ ਅਤੇ ਖ਼ੁਫ਼ੀਆ ਏਜੰਸੀਆਂ ਦੀ ਜਵਾਬਦੇਹੀ ਲਈ ਅੰਦਰੂਨੀ ਤੌਰ 'ਤੇ ਵੀ ਆਵਾਜ਼ਾਂ ਪਹਿਲਾਂ ਨਾਲੋਂ ਵੱਧ ਉੱਠੀਆਂ ਹਨ।

ਮੁੱਖ ਵਿਰੋਧੀ ਆਗੂ ਮੀਆਂ ਨਵਾਜ਼ ਸ਼ਰੀਫ਼ ਨੇ ਸੁਰੱਖਿਆ ਤੰਤਰ ਨੂੰ ਉਸ ਦੀ ਅਸਲ ਅਸਮਰਥਾ ਜਾਂ ਸਮਝੀ ਜਾਂਦੀ ਅਸਮਰਥਾ ਲਈ ਫ਼ਿਟਕਾਰ ਪਾਈ ਹੈ। ਇਸ ਮਾਮਲੇ ਵਿਚ ਫ਼ੌਜ ਵੱਲੋਂ ਆਪਣੇ ਪੱਧਰ 'ਤੇ ਕੀਤੀ ਜਾਣ ਵਾਲੀ ਜਾਂਚ ਨੂੰ ਰੱਦ ਕਰਦਿਆਂ ਉਨ੍ਹਾਂ ਨੇ ਪਾਕਿਸਤਾਨ ਦੇ ਮੁੱਖ ਜੱਜ ਦੀ ਅਗਵਾਈ ਵਿਚ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਵੱਲੋਂ ਅਲਟੀਮੇਟਮ ਸਮੇਤ ਕੀਤੀ ਗਈ ਮੰਗ ਨੂੰ ਮੰਨਣ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਤਣਾਅ ਭਰੇ ਮਾਹੌਲ ਵਿਚ ਇਹ ਗੱਲ ਸ਼ੱਕੀ ਹੈ ਕਿ ਜ਼ਰਦਾਰੀ ਦੀ ਅਗਵਾਈ ਵਾਲੀ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੀ ਸਰਕਾਰ ਅਜਿਹਾ ਕੋਈ ਕਦਮ ਚੁੱਕੇਗੀ ਜੋ ਦੋਵਾਂ ਸੰਸਥਾਵਾਂ (ਫ਼ੌਜ ਅਤੇ ਸਰਕਾਰ) ਵਿਚਕਾਰ ਟਕਰਾਅ ਦਾ ਕਾਰਨ ਬਣ ਸਕਦਾ ਹੋਵੇ। ਅਤੀਤ ਵਿਚ ਫ਼ੌਜ ਨੂੰ ਜਵਾਬਦੇਹ ਬਣਾਉਣ ਲਈ ਚੁੱਕੇ ਗਏ ਕਦਮਾਂ ਦੇ ਸਿੱਟੇ ਗ਼ੈਰ-ਫ਼ੌਜੀ ਸਰਕਾਰ ਲਈ ਤਬਾਹਕੁਨ ਰੂਪ ਵਿਚ ਨਿਕਲੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਨਵਾਜ਼ ਸ਼ਰੀਫ਼ ਦੀ ਹੈ ਜੋ ਮੁਸ਼ੱਰਫ਼ ਦੇ ਕਾਰਗਿਲ ਘਟਨਾਚੱਕਰ ਦਾ ਸ਼ਿਕਾਰ ਬਣੇ।

ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਮੁਖੀ ਨਵਾਜ਼ ਸ਼ਰੀਫ਼ ਜਿਨ੍ਹਾਂ ਦੇ ਸੱਤਾਧਾਰੀ ਹੋਣ ਸਮੇਂ ਕਿਸੇ ਵੀ ਫ਼ੌਜੀ ਮੁਖੀ ਨਾਲ ਰਿਸ਼ਤੇ ਖ਼ੁਸ਼ਗਵਾਰ ਨਹੀਂ ਸਨ, ਨੇ ਜਨਰਲ ਅਯੂਬ ਖਾਨ ਵੱਲੋਂ ਸੱਤਾ ਹਥਿਆਉਣ ਤੋਂ ਲੈ ਕੇ ਫ਼ੌਜ ਦੀ ਸਮੁੱਚੀ ਹੁਣ ਤੱਕ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕੀਤੇ ਹਨ। ਜਨਰਲ ਜ਼ਿਆ ਉਲ ਹੱਕ ਦੇ ਪਿਛਲੱਗ ਰਹੇ ਹੋਣ ਦੇ ਨਾਤੇ, ਉਨ੍ਹਾਂ ਦਾ ਇਹ ਬਿਆਨ ਹੈਰਾਨ ਕਰਦਾ ਹੈ ਪਰ ਇਹ ਸਵਾਗਤਯੋਗ ਤਬਦੀਲੀ ਹੈ। ਉਨ੍ਹਾਂ ਵੱਲੋਂ ਕੀਤਾ ਪਾਕਿਸਤਾਨੀ ਰਾਜਸੱਤਾ ਦੇ ਢਾਂਚੇ ਦਾ ਡੂੰਘਾ ਵਿਸ਼ਲੇਸ਼ਣ ਬਿਲਕੁਲ ਠੀਕ ਹੈ। ਹਥਿਆਰਬੰਦ ਫ਼ੌਜਾਂ ਉਪਰ ਗ਼ੈਰ-ਫ਼ੌਜੀ ਸਰਕਾਰ ਦੇ ਕੰਟਰੋਲ ਦੇ ਮੁਕੱਦਸ ਸਿਧਾਂਤ ਨਾਲ ਕੋਈ ਵੀ ਅਸਹਿਮਤ ਨਹੀਂ। ਇਹ ਸਿਧਾਂਤ ਜਮਹੂਰੀਅਤ ਲਈ ਬੇਹੱਦ ਜ਼ਰੂਰੀ ਹੈ ਪਰ ਸਰਕਾਰੀ ਨੁਮਾਇੰਦਿਆਂ ਦੀਆਂ ਨਜ਼ਰਾਂ ਵਿਚ ਇਹ ਅਜਿਹਾ ਵਿਚਾਰ ਹੈ ਜਿਸ ਨੂੰ ਵਿਹਾਰਕ ਤੌਰ 'ਤੇ ਲਾਗੂ ਕਰਨ ਦਾ ਅਜੇ ਸਮਾਂ ਨਹੀਂ ਆਇਆ।

ਪੀ.ਪੀ.ਪੀ. ਦੀ ਅਗਵਾਈ ਵਾਲੇ ਗਠਜੋੜ ਦੇ ਬਹੁਤੇ ਭਾਈਵਾਲਾਂ ਨੂੰ ਪੀ.ਐਮ.ਐਲ. (ਨਵਾਜ਼) ਵੱਲੋਂ ਲਏ ਗਏ ਸਟੈਂਡ ਤੋਂ ਸੰਤੁਸ਼ਟੀ ਹੋਣੀ ਚਾਹੀਦੀ ਹੈ। ਸੱਤਾ ਦੀ ਸਿਆਸਤ ਦੇ ਅਰਥਾਂ ਵਿਚ ਇਹ ਸਟੈਂਡ ਸ਼ਰੀਫ਼ ਭਰਾਵਾਂ ਦੇ ਫ਼ੌਜੀ ਸਥਾਪਤੀ ਨਾਲ ਸਬੰਧ ਵਿਗਾੜਦਾ ਹੈ। ਫ਼ੌਜਾਂ ਦੇ ਖ਼ੁਫ਼ੀਆ ਤੰਤਰ ਵਿਚਲੇ ਤੱਤਾਂ ਜਿਨ੍ਹਾਂ ਨੂੰ ਮੌਜੂਦਾ ਢਾਂਚੇ ਦੇ ਅਸਥਿਰ ਹੋਣ ਦੀ ਕੋਈ ਆਸ ਸੀ, ਨੂੰ ਸ਼ਰੀਫ਼ ਦੇ ਮੁੜ ਸਰਗਰਮ ਹੋਣ ਨਾਲ ਡੂੰਘੀ ਨਿਰਾਸ਼ਾ ਹੋਵੇਗੀ। ਮੀਡੀਆ ਵਿਚ ਅਜਿਹੀਆਂ ਆਵਾਜ਼ਾਂ ਹਨ ਜਿਨ੍ਹਾਂ ਵਿਚੋਂ ਫ਼ੌਜ ਨਾਲ ਕਰਾਰੇ ਹੱਥਾਂ ਨਾਲ ਨਜਿੱਠਣ ਦੀ ਬੂ ਆਉਂਦੀ ਹੈ, ਤੇ ਇਹ ਆਵਾਜ਼ਾਂ ਫ਼ੌਜ ਦੇ ਖੰਭ ਕੁਤਰਨੇ ਚਾਹੁੰਦੀਆਂ ਹਨ। ਉਨ੍ਹਾਂ ਦੀ ਸਮਝ ਵਿਚ ਫ਼ੌਜੀ ਲੀਡਰਸ਼ਿਪ ਚੋਖੇ ਦਬਾਅ ਹੇਠ ਹੈ ਅਤੇ ਐਬਟਾਬਾਦ ਦੀ ਅਸਫਲਤਾ ਕਾਰਨ ਇਹ ਕਮਜ਼ੋਰ ਹੋਈ ਹੈ। ਇਸ ਲਈ ਇਸ ਨੂੰ ਲੰਮੇ ਹੱਥੀਂ ਲੈਣ ਦਾ ਇਹੀ ਸਮਾਂ ਹੈ।

ਬਿਨ-ਲਾਦਿਨ ਦੀ ਹੱਤਿਆ ਨਾਲ ਸੱਪ ਝੁਲਸਿਆ ਜ਼ਰੂਰ ਹੋ ਸਕਦਾ ਹੈ ਪਰ ਮਰਿਆ ਨਹੀਂ। ਅਤਿਵਾਦੀ ਅਜੇ ਵੀ ਜਿਉਂਦੇ ਹਨ ਅਤੇ ਖ਼ੂਨ-ਖ਼ਰਾਬਾ ਕਰ ਰਹੇ ਹਨ। ਇਸ ਕਿਸਮ ਦੀਆਂ ਹੋਰ ਵਾਰਦਾਤਾਂ ਵੀ ਹੋ ਸਕਦੀਆਂ ਹਨ। ਇਸ ਲਈ ਅਜਿਹਾ ਕਦਮ ਜੋ ਫ਼ੌਜ ਦੀ ਅਤਿਵਾਦ ਨਾਲ ਲੜਨ ਦੀ ਦ੍ਰਿੜ੍ਹਤਾ ਨੂੰ ਕਮਜ਼ੋਰ ਕਰ ਸਕਦਾ ਹੋਵੇ, ਉਸ ਨੂੰ ਵੀ ਰੋਕਣਾ ਚਾਹੀਦਾ ਹੈ। ਇਸ ਦਾ ਅਰਥ ਇਹ ਬਿਲਕੁਲ ਨਹੀਂ ਨਿਕਲਦਾ ਕਿ ਫ਼ੌਜ ਨੂੰ ਆਪਣਾ ਘਰ ਨਹੀਂ ਸੰਭਾਲਣਾ ਚਾਹੀਦਾ ਅਤੇ ਜਵਾਬਦੇਹੀ ਲਈ ਚਲ ਰਹੇ ਯਤਨ ਨੂੰ ਅਸਫਲ ਬਣਾਉਣਾ ਚਾਹੀਦਾ ਹੈ। ਐਬਟਾਬਾਦ ਘਟਨਾ ਨੇ ਇਸ ਦੀ ਸਮਰਥਾ ਦੇ ਨਾਲ-ਨਾਲ ਇਸ ਦੇ ਤਾਣੇ-ਬਾਣੇ ਦੇ ਆਧਾਰ 'ਤੇ ਇਸ ਦੀ ਹਾਲਤ ਤਰਸਯੋਗ ਬਣਾ ਦਿੱਤੀ ਹੈ। ਇਸ ਦੀ ਸ਼ਹਿਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਸਮਰੱਥਾ ਅਤੇ ਰਣਨੀਤਕ ਅਸਾਸੇ ਨੂੰ ਅਸੁਰੱਖਿਆ ਸਬੰਧੀ ਇਸ ਦੀ ਵਿਆਪਕ ਬੇਸਮਝੀ ਵੀ ਸਾਰੇ ਪਾਸੇ ਘਰ ਕਰ ਗਈ ਹੈ। ਪਾਕਿਸਤਾਨੀ ਫ਼ੌਜ ਦੀ ਰਣਨੀਤਕ ਸੰਸਾਰ ਦ੍ਰਿਸ਼ਟੀ, ਇਥੋਂ ਤੱਕ ਕਿ ਇਸ ਦੀ ਮਨੋਦਸ਼ਾ ਹੌਲੀ-ਹੌਲੀ ਸਵਾਲਾਂ ਦੇ ਘੇਰੇ ਵਿਚ ਆ ਰਹੀ ਹੈ। ਗ਼ੈਰ-ਫ਼ੌਜੀ ਸਥਾਪਤੀ ਤੋਂ ਇਸ ਦੀ ਦੂਰੀ ਵਧਣ ਅਤੇ ਉਸ ਨਾਲ ਮਤਭੇਦ ਪੈਦਾ ਹੋਣ ਨਾਲ ਇਸ ਦੇ ਅਕਸ ਨੂੰ ਧੱਬਾ ਲੱਗਾ ਹੈ। ਬਹੁਤੀਆਂ ਸਿਆਸੀ ਪਾਰਟੀਆਂ (ਸੱਜੇ ਪੱਖੀ ਧਾਰਮਿਕ ਪਾਰਟੀਆਂ ਨੂੰ ਛੱਡ ਕੇ) ਦੀ ਫ਼ੌਜ ਦੇ ਰਣਨੀਤਕ ਨਿਸ਼ਾਨੇ ਨਾਲ ਕੋਈ ਸਾਂਝ ਨਹੀਂ ਰਹੀ। ਸਥਾਪਤੀ ਦੀ ਉਪਜ ਹੋਣ ਵਜੋਂ ਪੀ.ਐਮ.ਐਲ. (ਨਵਾਜ਼) ਹਮੇਸ਼ਾ ਸਥਾਪਤੀ ਪੱਖੀ ਮੰਨੀ ਜਾਂਦੀ ਸੀ। ਪਰ ਜਿਵੇਂ ਹੁਣ ਨਵਾਜ਼ ਸ਼ਰੀਫ਼ ਦੇ ਬਿਆਨ ਆਏ ਹਨ, ਉਨ੍ਹਾਂ ਤੋਂ ਲਗਦਾ ਹੈ ਕਿ ਹੁਣ ਅਜਿਹਾ ਨਹੀਂ ਰਿਹਾ। ਪੀ.ਐਮ.ਐਲ. (ਨਵਾਜ਼) ਤੋਂ ਬਿਨਾਂ, ਸੱਤਾਧਾਰੀ ਗਠਜੋੜ ਜਿਸ ਵਿਚ ਸ਼ਾਮਿਲ ਪੀ.ਪੀ.ਪੀ., ਪਾਕਿਸਤਾਨ ਮੁਸਲਿਮ ਲੀਗ (ਕਾਇਦ), ਏ.ਐਮ.ਪੀ. ਅਤੇ ਮੁਤਾਇਦਾ ਕੌਮੀ ਮੁਹਾਜ਼ ਆਦਿ ਭਾਰਤ ਨਾਲ ਦੋਸਤਾਨਾ ਰਿਸ਼ਤੇ ਚਾਹੁੰਦਾ ਹੈ। ਐਬਟਾਬਾਦ ਘਟਨਾ ਬਾਰੇ ਭਾਰਤ ਵੱਲੋਂ ਆਏ ਘੱਟ-ਸਿਆਣਪ ਵਾਲੇ ਪ੍ਰਤੀਕਰਮ ਦੇ ਬਾਵਜੂਦ ਰਿਸ਼ਤਿਆਂ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਲੋੜ ਹੌਲੀ-ਹੌਲੀ ਮਹਿਸੂਸ ਕੀਤੀ ਜਾ ਰਹੀ ਹੈ। ਦੇਸ਼ ਅੰਦਰ ਅਤਿਵਾਦੀ ਹਮਲਿਆਂ ਦੇ ਮੱਦੇਨਜ਼ਰ ਰਣਨੀਤਕ ਡੂੰਘਾਈ ਸਿਧਾਂਤ ਦੇ ਖ਼ਰੀਦਦਾਰ ਅੱਜ ਮੂਕ ਰਹੇ ਹਨ। ਸੰਸਦ ਦੇ ਸਾਂਝੇ ਇਜਲਾਸ ਵਿਚ ਫ਼ੌਜੀ ਲੀਡਰਸ਼ਿਪ ਵੱਲੋਂ ਕੀਤੀ ਤਕਰੀਰ ਵਿਚ ਭਾਵੇਂ ਕੋਈ ਬਹੁਤ ਮਹੱਤਵਪੂਰਨ ਖ਼ੁਲਾਸੇ ਦੀ ਸੰਭਾਵਨਾ ਨਹੀਂ ਸੀ, ਫਿਰ ਵੀ ਨਵਾਜ਼ ਸ਼ਰੀਫ਼ ਨੂੰ ਇਸ ਵਿਚ ਹਾਜ਼ਰ ਹੋਣਾ ਚਾਹੀਦਾ ਸੀ। ਦੋ ਦਿਨਾਂ ਬਾਅਦ ਉਨ੍ਹਾਂ ਵੱਲੋਂ ਕੀਤੀ ਪ੍ਰੈੱਸ ਕਾਨਫਰੰਸ ਵਿਚ ਫ਼ੌਜ ਤੇ ਇਸ ਦੇ ਖ਼ੁਫ਼ੀਆ ਢਾਂਚੇ ਦੀ ਸਖ਼ਤ ਨਿੰਦਾ ਕੀਤੀ ਗਈ। ਉਨ੍ਹਾਂ ਨੂੰ ਫ਼ੌਜ ਦਾ ਨਜ਼ਰੀਆ ਵੀ ਸੁਣਨਾ ਚਾਹੀਦਾ ਸੀ। ਅਮਰੀਕਾ ਤੇ ਪਾਕਿਸਤਾਨ ਵਿਚਾਲੇ ਵਿਗੜੇ ਰਿਸ਼ਤਿਆਂ ਨੂੰ ਸੁਖਾਲੇ ਬਣਾਉਣਾ ਵੰਗਾਰਪੂਰਨ ਬਣਦਾ ਜਾ ਰਿਹਾ ਹੈ। ਅਜੀਬ ਗੱਲ ਹੈ ਕਿ ਜਿਥੇ ਦੋਵਾਂ ਦੇਸ਼ਾਂ ਨੂੰ ਇਕ-ਦੂਜੇ ਦੀ ਲੋੜ ਹੈ, ਉਥੇ ਉਨ੍ਹਾਂ ਦੋਵਾਂ ਦੇ ਸੁਰੱਖਿਆ ਤੰਤਰ ਨੂੰ ਵੀ ਇਕ-ਦੂਜੇ ਦੀ ਲੋੜ ਹੈ।

ਅਮਰੀਕਾ ਸਿਰਫ ਇਹੀ ਨਹੀਂ ਚਾਹੁੰਦਾ ਕਿ ਪਾਕਿਸਤਾਨ ਉਸ ਨੂੰ ਰਾਹ ਦਿੰਦਾ ਰਹੇ, ਸਗੋਂ ਇਹ ਵੀ ਚਾਹੁੰਦਾ ਹੈ ਕਿ ਅਫ਼ਗਾਨਿਸਤਾਨ ਦੀ ਲੜਾਈ ਕਿਸੇ ਸਿਰੇ ਲਾਈ ਜਾਵੇ। ਵਿਸ਼ਵਾਸ ਦੀ ਘਾਟ ਹੋਣ ਦੇ ਬਾਵਜੂਦ ਇਹ ਪਾਕਿਸਤਾਨੀ ਫ਼ੌਜ ਹੀ ਹੈ ਜੋ ਆਪਣੇ ਦੇਸ਼ ਵਿਚ ਮੌਜੂਦ ਅਲ-ਕਾਇਦਾ ਤੇ ਤਾਲਿਬਾਨ ਦੇ ਕਾਰਕੁਨਾਂ ਨੂੰ ਕਾਬੂ ਕਰ ਸਕਦੀ ਹੈ। ਸਰਕਾਰ ਨੂੰ ਆਪਣੇ ਆਰਥਿਕ ਵਜੂਦ ਲਈ ਅਮਰੀਕਾ ਦੀ ਲੋੜ ਹੈ ਅਤੇ ਆਪਣੇ ਮਹਿੰਗੇ ਖਿਡਾਉਣਿਆਂ ਲਈ ਫ਼ੌਜ ਦੀ ਲੋੜ ਹੈ। ਲੋੜ ਵਿਚ ਚੀਨ ਵਰਗਾ ਦੋਸਤ ਹੈ ਵੀ ਅਤੇ ਇਸ ਦਾ ਸਫ਼ੀਰੀ, ਆਰਥਿਕ ਤੇ ਫ਼ੌਜੀ ਸਮਰਥਨ ਪਾਕਿਸਤਾਨ ਲਈ ਵੱਡੇ ਰੂਪ ਵਿਚ ਮਦਦਗਾਰ ਹੈ, ਪਰ ਰਿਸ਼ਤੇ ਹਿਮਾਲਿਆ ਜਿੰਨੇ ਉੱਚੇ ਅਤੇ ਹਿੰਦ ਮਹਾਂਸਾਗਰ ਜਿੰਨੇ ਡੂੰਘੇ ਹੋਣ ਦੇ ਬਾਵਜੂਦ ਇਨ੍ਹਾਂ ਦੀਆਂ ਅਜੇ ਵੀ ਸੀਮਾਵਾਂ ਹਨ।

# ਲੈ ਜਾ ਛੱਲੀਆਂ ਭੁਨਾਂ ਲਈਂ ਦਾਣੇ... !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਇੰਟਰਨੈਟ 'ਤੇ ਅਖ਼ਬਾਰਾਂ ਪੜ੍ਹਨ ਲਈ ਬਹਿੰਦਿਆਂ ਸਾਰ, ਰੋਜ਼ ਵਾਂਗ ਪਹਿਲਾਂ ਆਪਣੀ 'ਈ-ਮੇਲ' ਚੈਕ ਕੀਤੀ। ਪੰਜਾਬ ਤੋਂ ਪ੍ਰੋਫੈਸਰ ਭਰਾ ਦੇ ਆਏ ਸੁਨੇਹੇ ਦਾ ਸਿਰਲੇਖ 'ਛੱਲੀਆਂ ਚੱਬੋ ਜੀ!' ਦੇਖ ਕੇ ਕੰਨ ਖੜ੍ਹੇ ਹੋ ਗਏ। ਉਤਸੁਕ ਹੁੰਦਿਆਂ ਸੁਨੇਹੇ ਨਾਲ ਭੇਜੀ ਫੋਟੋ 'ਤੇ ਕਲਿੱਕ ਕੀਤਾ ਤਾਂ ਮਘਦੇ ਹੋਏ ਕੋਲਿਆਂ ਉਪਰ ਭੁੱਜ ਰਹੀਆਂ ਛੱਲੀਆਂ ਦੇਖ ਕੇ ਜ਼ਿਹਨ ਵਿਚ ਸਾਉਣੀ ਦੀ ਰੁੱਤ, ਖਾਸ ਕਰਕੇ ਹਰੇ ਭਰੇ ਛੱਲੀਆਂ ਦੇ ਖੇਤ ਘੁੰਮਣ ਲੱਗ ਪਏ। ਭਰਾ ਨੇ ਲਿਖਿਆ ਸੀ, "ਬਾਜ਼ਾਰ 'ਚੋਂ ਲੰਘਦਿਆਂ ਛੱਲੀਆਂ ਭੁੱਜਣ ਦੀ ਫੈਲ ਰਹੀ ਭਿੰਨੀ-ਭਿੰਨੀ ਸੁਗੰਧੀ, ਮੈਨੂੰ ਬਦੋ-ਬਦੀ ਬਿਹਾਰੀ ਪਰਵਾਸੀ ਦੀ ਰੇਹੜੀ ਵਲ ਖਿੱਚ ਕੇ ਲੈ ਗਈ।" ਰੇਹੜੀ ਤੋਂ ਗਰਮਾ-ਗਰਮ ਨਿੰਬੂ-ਚੇਪੀਆਂ ਛੱਲੀਆਂ ਘਰੇ ਲਿਜਾ ਕੇ ਉਸ ਨੇ ਆਪ ਵੀ ਚੱਬੀਆਂ ਤੇ ਮੇਰੇ ਭਤੀਜਿਆਂ ਨੇ ਵੀ ਇਸ ਮੌਸਮੀ ਤੋਹਫੇ ਦਾ ਅਨੰਦ ਮਾਣਿਆ। ਤੇ ਸਾਨੂੰ ਪਰਦੇਸ ਵਿਚ ਬੈਠਿਆਂ ਮੱਕੀ ਦੀ ਰੁੱਤ ਯਾਦ ਕਰਾਉਣ ਲਈ ਭੁੱਜਦੀਆਂ ਛੱਲੀਆਂ ਦੀ ਫੋਟੋ 'ਈ-ਮੇਲ' ਕਰ ਦਿੱਤੀ।

ਛੱਲੀਆਂ ਵੱਲ ਟਿਕ-ਟਕੀ ਲਾ ਕੇ ਦੇਖਦਿਆਂ ਕਰਤਾਪੁਰਖ ਦੀ 'ਮਹਾਨ ਕਾਰੀਗਰੀ' ਦਾ ਖਿਆਲ ਆਇਆ! ਕਿਵੇਂ ਮਾਲਾ ਪ੍ਰੋਣ ਵਾਂਗ ਸਿੱਧੀਆਂ ਪਾਲਾਂ ਵਿਚ ਸੋਨ-ਸੁਨਹਿਰੀ ਦਾਣੇ ਬੀੜੇ ਹੋਏ ਹਨ। ਛੱਲੀਆਂ 'ਤੇ ਜਿੰਨੇ ਦਾਣੇ, ਉਤਨੀਆਂ ਹੀ ਛੱਲੀਆਂ ਦੀਆਂ ਗੱਲਾਂ ਯਾਦ ਆਉਣ ਲੱਗੀਆਂ। ਬਚਪਨ ਵਿਚ ਸੁਣੀ ਹੋਈ ਅੱਧ-ਪਚੱਧੀ ਜਿਹੀ ਬੁਝਾਰਤ ਯਾਦ ਆਈ:

ਹਰੀ ਸਾਂ ਮਨ ਭਰੀ ਸਾਂ
ਨਾਲ ਮੋਤੀਆਂ ਜੜੀ ਸਾਂ
ਲਾਲਾ ਜੀ ਦੇ ਬਾਗ ਵਿਚ
ਕੁੱਛੜ ਦੇ ਵਿਚ ਚੜ੍ਹੀ ਸਾਂ।

ਫੁੱਲੀ ਹੋਈ ਸਾਉਣੀ ਦੇ ਮੌਸਮ ਵਿਚ ਚਰ੍ਹੀਆਂ, ਬਾਜਰੇ, ਕਮਾਦ ਸਭ ਹਰੇ ਕਚੂਰ ਹੋਏ ਹੁੰਦੇ। ਮੱਕੀ ਦੇ ਟਾਂਡਿਆਂ ਨਾਲ ਲੱਗੀਆਂ ਛੱਲੀਆਂ ਦੇਖ ਕੇ ਅਸੀਂ ਤੋੜਨ ਲਈ ਕਾਹਲੇ ਪੈਣ ਲਗਦੇ ਪਰ ਸਿਆਣੇ ਕਹਿ ਦਿੰਦੇ 'ਉਏ ਕਮਲਿਓ, ਹਾਲੇ ਤਾਂ ਇਹ ਸੂਤ ਕੱਤਦੀਆਂ ਨੇ।' ਅਸੀਂ ਸੋਚਦੇ, ਇਨ੍ਹਾਂ ਦਾ ਚਰਖਾ ਤਾਂ ਕਿਤੇ ਦਿਖਾਈ ਨਹੀਂ ਦਿੰਦਾ। ਇਹ ਸੂਤ ਕਿਵੇਂ ਕੱਤਦੀਆਂ ਹੋਣਗੀਆਂ? ਬਜ਼ੁਰਗਾਂ ਦੇ ਮਨ੍ਹਾਂ ਕਰਦਿਆਂ ਵੀ ਅਸੀਂ ਚੋਰੀ-ਛਿਪੇ ਖੇਤਾਂ ਵਿਚ ਆਮ ਨਾਲੋਂ ਮੋਟੀਆਂ ਛੱਲੀਆਂ ਦੇ ਹਰੇ-ਹਰੇ ਪਰਦੇ ਫਰੋਲ-ਫਰੋਲ ਕੇ ਦਾਣਿਆਂ ਦਾ ਰੰਗ-ਢੰਗ 'ਚੈਕ' ਕਰਦੇ ਰਹਿੰਦੇ। ਕਈ ਦੋਧਾ ਛੱਲੀਆਂ ਹੀ ਤੋੜ ਲਿਆਉਂਦੇ, ਜੋ ਭੁੰਨਣ ਦੇ ਕਾਬਲ ਨਾ ਹੁੰਦੀਆਂ।

ਛੱਲੀਆਂ ਚਾਬੂ ਹੋਈਆਂ 'ਤੇ ਅਸੀਂ ਨਿੰਮ ਥੱਲੇ ਢਾਂਡੀ ਲਾਉਂਦੇ। ਮਾਂ ਤੇ ਵੱਡੀਆਂ ਭੈਣਾਂ ਸਾਨੂੰ ਗਰਮ ਭੁੱਜੀਆਂ ਹੋਈਆਂ ਛੱਲੀਆਂ ਪਿੱਛੇ ਡੱਖਾ ਗੱਡ ਕੇ ਫੜਾ ਦਿੰਦੀਆਂ ਤਾਂ ਕਿ ਸਾਡੇ ਹੱਥ ਸੜਨੋਂ ਬਚੇ ਰਹਿਣ। ਕਈ ਵਾਰੀ ਉਨ੍ਹਾਂ ਨੇ ਸਾਡੇ ਨਾਲ 'ਚਲਾਕੀ' ਖੇਡਣੀ, ਆਖਣਾ ਲਿਆ ਵੀਰੇ! ਤੇਰੀ ਛੱਲੀ ਵਿਚ ਰਾਹ ਕਰ ਦੇਈਏ। ਫਿਰ ਅਰਾਮ ਨਾਲ ਚੱਬੀ ਜਾਵੀਂ। ਇੰਜ ਉਨ੍ਹਾਂ ਸਾਥੋਂ ਬਹਾਨੇ ਨਾਲ ਛੱਲੀਆਂ ਲੈ ਕੇ ਦੋ ਤਿੰਨ ਪਾਲਾਂ ਫਟਾ-ਫਟ ਚੱਬ ਜਾਣੀਆਂ। ਬਾਂਦਰ ਵੱਲੋਂ ਬਿੱਲੀਆਂ ਦੀ ਰੋਟੀ ਵੰਡਣ ਵਾਲੀ ਕਹਾਣੀ ਵਾਂਗ, ਆਪਣੀ ਛੱਲੀ ਦੇ ਦਾਣੇ



ਘਟਦੇ ਦੇਖ ਕੇ ਸਾਡਾ ਦਿਲ ਥੋੜ੍ਹਾ ਹੋਣ ਲੱਗਦਾ, ਪਰ ਭੋਲੇ-ਭਾਅ ਅਸੀਂ ਦੇਖਦੇ ਹੀ ਰਹਿ ਜਾਂਦੇ।

ਢਾਂਡੀ 'ਤੇ ਭੁੱਜਦੀਆਂ ਛੱਲੀਆਂ ਦੀ ਮਿੱਠੀ-ਮਿੱਠੀ ਮਹਿਕ ਸਾਨੂੰ ਸਬਰ ਨਾ ਆਉਣ ਦਿੰਦੀ। ਕਾਹਲੀ ਨਾਲ ਇਕ ਛੱਲੀ ਮੁਕਾ ਕੇ ਅਸੀਂ ਢਾਂਡੀ 'ਤੇ ਭੁੱਜ ਰਹੀ ਕਿਸੇ ਮੋਟੀ ਸਾਰੀ ਛੱਲੀ 'ਤੇ ਅੱਖ ਰੱਖ ਲੈਂਦੇ। ਕਿਸੇ ਵੇਲੇ ਭੈਣਾਂ ਨੇ ਸਾਡੇ ਨਾਲ ਲਾਡ ਕਰਦਿਆਂ, ਪਹਿਲਾਂ ਕਿਸੇ ਖੂਬਸੂਰਤ ਛੱਲੀ ਦੇ ਰਹੇ ਪਰਦਿਆਂ ਦੀ ਪਿੱਛੇ ਨੂੰ ਗੁੱਤ ਗੁੰਦ ਦੇਣੀ। ਫਿਰ ਉਸ ਨੂੰ ਧਿਆਨ ਨਾਲ ਪਲਟਾ-ਪਲਟਾ ਕੇ ਭੁੰਨਣਾ। ਭੁੰਨਣ ਉਪਰੰਤ ਉਹਦੀ ਗੁੱਤ ਸਾਨੂੰ ਫੜਾ ਦੇਣੀ। ਅਸੀਂ ਹੁੱਬ-ਹੁੱਬ ਕੇ ਅਜਿਹੀ ਛੱਲੀ ਭੋਰ-ਭੋਰ ਚੱਬਣੀ। ਜਦ ਗੁੱਲ ਨਿੱਕਲ ਆਉਣਾ ਤਾਂ ਗੁੱਤੋਂ ਫੜ ਕੇ ਅਕਾਸ਼ ਵੱਲ ਵਗਾਹ ਕੇ ਸੁੱਟ ਦੇਣਾ। ਪੂਰੀ 'ਤਸੱਲੀ' ਨਾਲ ਕਈ-ਕਈ ਛੱਲੀਆਂ ਚੱਬਣ ਮਗਰੋਂ ਚਾਟੀ ਦੀ ਲੱਸੀ ਵਿਚ ਲਾਹੌਰੀ ਲੂਣ ਘੋਲ ਕੇ ਦੋ-ਦੋ ਛੰਨੇ ਲੱਸੀ ਦੇ ਛਕ ਲੈਣੇ।

ਛੱਲੀਆਂ ਪੱਕਦੀਆਂ ਸਾਰ ਫਿਰ ਤਪਣੀ ਸ਼ੁਰੂ ਹੋ ਜਾਂਦੀ ਸੀ, ਚਾਚੀ ਕਰਮੀ ਦੀ ਭੱਠੀ। ਭੱਠੀ ਉਪਰ ਪੂਰਾ ਰੌਣਕ-ਮੇਲਾ ਲੱਗ ਜਾਂਦਾ ਉਨ੍ਹੀਂ ਦਿਨੀਂ। ਕੋਈ ਬੋਹੀਏ ਵਿਚ, ਕੋਈ ਗੋਹਲੇ ਵਿਚ ਅਤੇ ਕੋਈ ਆਪਣੇ ਝੱਗੇ ਦੇ ਪੱਲੇ ਵਿਚ ਹੀ ਦਾਣੇ ਲੈ ਕੇ ਬੈਠਾ ਹੁੰਦਾ। ਕਿਸੇ ਨੇ ਫਰਮਾਇਸ਼ ਕਰਨੀ, "ਤਾਈ, ਮੁਰ-ਮੁਰੇ ਕੱਢ ਦੇ।" ਕਿਸੇ ਆਖਣਾ, "ਖਿੱਲਾਂ ਬਣਾ ਦੇ।" ਬੀਬੇ ਜਿਹੇ ਸੁਭਾਅ ਵਾਲੇ ਮੁੰਡੇ-ਕੁੜੀਆਂ ਨੇ ਭੱਠੀ ਵਿਚ ਬਾਲਣ ਦਾ ਝੁਲਕਾ ਪਾਉਂਦੇ ਰਹਿਣਾ। ਚਾਚੀ ਕਰਮੀ ਕੜਾਹੀ ਵਿਚ ਭੁੱਜ ਰਹੇ ਦਾਣਿਆਂ ਵਿਚ, ਜਦੋਂ ਖਾਸ ਅੰਦਾਜ਼ ਨਾਲ ਦਾਤੀ ਘੁੰਮਾਉਂਦੀ ਤਾਂ ਅਸੀਂ ਉਸ ਨੂੰ ਬਹੁਤ ਹੁਨਰਮੰਦ ਜਨਾਨੀ ਸਮਝਦੇ, ਕਿਉਂਕਿ ਦਾਣੇ ਭੁੰਨਣ ਦਾ 'ਹੁਨਰ' ਪਿੰਡ 'ਚ ਹੋਰ ਕਿਸੇ ਨੂੰ ਨਹੀਂ ਸੀ ਆਉਂਦਾ, ਅਸੀਂ ਸੋਚਦੇ ਰਹਿੰਦੇ।

ਭੁੱਜੇ ਹੋਏ ਦਾਣਿਆਂ ਦੀਆਂ ਜੇਬਾਂ ਭਰਕੇ ਅਸੀਂ ਦੁੜੰਗੇ ਮਾਰਦਿਆਂ ਹਾਣੀਆਂ ਨਾਲ ਗੁੱਲੀ ਡੰਡਾ, ਪਿੱਠੂ ਕਾਇਮ, ਗੋਲੇ (ਬਾਂਟੇ) ਜਾਂ ਲੁੱਕਣ-ਮੀਟੀ ਖੇਡਣ ਜਾ ਲੱਗਣਾ। ਰੱਬ ਜਾਣੇ ਉਹ ਕਿਹੋ ਜਿਹੇ ਦਿਨ ਸਨ, ਵਿਚੇ ਛੱਲੀਆਂ ਚੱਬੀ ਜਾਣੀਆਂ, ਨਾਲੇ ਅੱਧਾ-ਅੱਧਾ ਕਿਲੋ ਦਾਣੇ ਚੱਬ ਲੈਣੇ। ਉਹ ਸਾਰਾ ਕੁਝ ਸਾਡੇ ਢਿੱਡਾਂ ਵਿਚ ਪਤਾ ਨਹੀਂ ਕਿੱਧਰ ਸਮਾ ਜਾਂਦਾ ਹੋਵੇਗਾ? ਕਿਉਂਕਿ ਰਾਤ ਨੂੰ ਮੱਖਣ ਰਲੇ ਸਾਗ ਨਾਲ, ਅੰਨ੍ਹੇ ਦੀ ਹਿੱਕ ਵਰਗੀਆਂ ਮੱਕੀ ਦੀਆਂ ਦੋ-ਦੋ ਰੋਟੀਆਂ ਫੇਰ ਠੋਕ ਲੈਂਦੇ ਹੁੰਦੇ ਸਾਂ। ਬੇਫਿਕਰ ਹੋ ਕੇ ਲੱਸੀ ਦੇ ਗਲਾਸ ਵੀ ਡੀਕ ਲੈਣੇ। ਨਾ ਸੜੀ-ਸ਼ੂਗਰ, ਨਾ ਕੁਲਹਿਣੇ-ਕਲੈਸਟ੍ਰੋਲ ਅਤੇ ਨਾ ਕੋਈ ਬਦਹਜ਼ਮੀ। 'ਬਲੱਡ ਪ੍ਰੈਸ਼ਰ' ਤਾਂ ਕਿਸੇ ਨੂੰ ਕਹਿਣਾ ਵੀ ਨਹੀਂ ਸੀ ਆਉਂਦਾ।

ਸਾਰੀ ਰੋਹੀ ਕਣਕ ਦੀਆਂ ਰੋਟੀਆਂ ਖਾ-ਖਾ ਕੇ ਮੂੰਹ ਭਕਲ ਜਾਣੇ। ਮਸਾਂ ਕਿਤੇ ਸੁੱਖਾਂ ਲੱਧੀ ਮੱਕੀ ਦਾ ਆਟਾ ਘਰਾਂ 'ਚ ਆਉਂਦਾ ਹੁੰਦਾ ਸੀ। ਪਹਿਲੇ ਦਿਨ ਮੱਕੀ ਦੀ ਰੋਟੀ ਪਕਾਉਣ ਲੱਗਿਆਂ ਧੂਫ-ਬੱਤੀ ਲਾ ਕੇ ਮੱਥਾ ਟੇਕਿਆ ਜਾਂਦਾ ਸੀ। ਤਾਜ਼ੀ ਮੱਕੀ ਦੀ ਰੋਟੀ, ਮੱਖਣ ਤੇ ਸ਼ੱਕਰ ਵਿਚ ਰਲ-ਗੱਡ ਕਰ ਕੇ ਚੂਰੀ ਬਣਾਈ ਜਾਂਦੀ। ਜਿਹੜੇ ਉਹ ਚੂਰੀ ਖਾਂਦੇ ਰਹੇ ਹੋਣਗੇ, ਉਹ ਮੇਰੀ ਇਸ ਗੱਲ ਨਾਲ ਜ਼ਰੂਰ ਸਹਿਮਤ ਹੋਣਗੇ ਕਿ ਹਾਲੇ ਤੱਕ ਉਸ ਚੂਰੀ ਜਿਹਾ ਸਵਾਦੀ ਪਦਾਰਥ ਹੋਰ ਕੋਈ ਨਹੀਂ ਹੋਂਦ ਵਿਚ ਆਇਆ। ਸਵਾਦੀ ਦੇ ਨਾਲ-ਨਾਲ ਪੌਸ਼ਟਿਕ ਵੀ। ਅੱਜ-ਕੱਲ੍ਹ ਦੀਆਂ ਮਠਿਆਈਆਂ ਨੂੰ ਮਾਤ ਪਾਉਂਦੀ ਉਹ ਚੂਰੀ ਚੇਤੇ ਕਰਕੇ ਹੁਣ ਸਿਰਫ਼ ਲਾਲਾਂ ਹੀ ਸੁੱਟੀਆਂ ਜਾ ਸਕਦੀਆਂ ਨੇ, ਜਾਂ ਫਿਰ ਇੰਜ ਕਿਹਾ ਜਾ ਸਕਦਾ ਹੈ ਕਿ 'ਉਹ ਮਾਂ ਮਰ ਗਈ ਜਿਹੜੀ ਮੱਖਣ ਨਾਲ ਟੁੱਕ ਦਿੰਦੀ ਹੁੰਦੀ ਸੀ।'

ਮੱਕੀ ਵਾਲਾ ਮੌਸਮ ਸਾਨੂੰ ਇਕੋ ਗੱਲ ਤੋਂ ਬਹੁਤ ਭੈੜਾ ਲੱਗਦਾ ਹੁੰਦਾ ਸੀ; ਉਹ ਇਹ ਕਿ ਜਦੋਂ ਪੱਠੇ ਕੁਤਰਨ ਵਾਲੀ ਮਸ਼ੀਨ ਨਾਲ ਟਾਂਡਿਆਂ ਦੇ ਕਈ-ਕਈ ਬੰਦ ਕੁਤਰਨੇ ਪੈਂਦੇ। ਪਹਿਲਾਂ ਟਾਂਡਿਆਂ ਦਾ ਜੜ੍ਹਾਂ ਵਾਲਾ ਇਕ-ਇਕ ਹੱਥ ਦਾ ਸਖ਼ਤ ਹਿੱਸਾ ਗੰਡਾਸੇ ਨਾਲ ਟੁੱਕਣਾ। ਫਿਰ ਬੰਦਾਂ ਨੂੰ ਮਸ਼ੀਨ ਨਾਲ ਕੁਤਰਨਾ। ਪਰਨਾਲੇ ਵਿਚ ਟਾਂਡਿਆਂ ਦਾ ਗਾਲਾ ਲਾਉਣ ਵਾਲੇ ਨੇ ਕਦੇ ਸ਼ਰਾਰਤ ਨਾਲ ਪੰਜ-ਸੱਤ ਟਾਂਡੇ ਆਮ ਨਾਲੋਂ ਵੱਧ ਰੱਖ ਦੇਣੇ ਤਾਂ ਮਸ਼ੀਨ ਘੁਮਾਉਣ ਵਾਲੇ ਦੀ ਜੀਭ ਨਿਕਲ ਆਉਂਦੀ। ਨਾਲੇ ਸੁੱਕੀ ਕੜਬ ਦੀ ਰੀਣ ਚੜ੍ਹਨੀ, ਨਾਲੇ ਸਾਹ ਚੜ੍ਹਨਾ ਪਰ ਇਹ ਸਖ਼ਤ ਜਾਨ ਕੰਮ ਰੋਜ਼ ਹੀ ਕਰਨਾ ਪੈਂਦਾ ਸੀ। ਜਦ ਕੁ ਗੇੜੀਆਂ ਦਾ ਰਿਵਾਜ ਚੱਲਿਆ ਤਾਂ ਜਾਨ ਛੁੱਟੀ। ਟਾਂਡਿਆਂ ਦਾ ਜੜ੍ਹਾਂ ਵਾਲਾ ਹਿੱਸਾ ਚੁੱਲ੍ਹੇ 'ਚ ਬਾਲਣ ਦੇ ਕੰਮ ਆਉਂਦਾ। ਪਸ਼ੂਆਂ ਦੀਆਂ ਖੁਰਲੀਆਂ ਵਿਚ ਪਈ ਜੂਠ ਗੋਹੇ ਵਿਚ ਰਲਾ ਕੇ ਪਾਥੀਆਂ ਪੱਥੀਆਂ ਜਾਂਦੀਆਂ।

ਘਰਾਂ ਵਿਚ ਵਿਹਲੇ ਬੈਠੇ ਦਾਦੇ-ਬਾਬੇ ਟਾਂਡਿਆਂ ਵਿਚਲੇ ਚਿੱਟੇ ਗੁੱਦੇ ਦੇ ਕੱਟ-ਕੱਟ ਕੇ ਨਿੱਕੇ-ਨਿੱਕੇ 'ਪਾਵੇ' ਬਣਾ ਕੇ ਉਨ੍ਹਾਂ ਵਿਚ ਟਾਂਡਿਆਂ ਦੇ ਹੀ ਛਿਲਕੇ ਦੀਆਂ ਬਰੀਕ ਲੰਮੀਆਂ ਸੀਖਾਂ ਜਿਹੀਆਂ ਗੱਡ ਕੇ 'ਮੰਜੇ-ਪੀੜ੍ਹੀਆਂ' ਬਣਾ ਦਿੰਦੇ ਸਨ। ਛੋਟੇ ਬੱਚਿਆਂ ਲਈ ਇਹੀ ਸਭ ਤੋਂ ਵਧੀਆ 'ਗਿਫ਼ਟ' ਹੁੰਦੇ ਸਨ। ਖੇਡਦਿਆਂ-ਖੇਡਦਿਆਂ ਜਦ ਅਸੀਂ ਇਕ ਦੂਜੇ ਨਾਲ ਲੜ ਪੈਣਾ ਤਾਂ ਸਭ ਤੋਂ ਪਹਿਲਾਂ ਇਨ੍ਹਾਂ ਮੰਜੇ-ਪੀੜ੍ਹੀਆਂ ਦੀ ਹੀ ਸ਼ਾਮਤ ਆਉਂਦੀ। ਇਸ ਖੇਡ ਤੋਂ ਇਲਾਵਾ ਗਿੱਲੇ-ਬੱਤੇ ਜਿਹੇ ਟਾਂਡਿਆਂ ਦੀ ਖਾਸ ਜੁਗਤ ਨਾਲ ਛਿਲਕ ਲਾਹ ਕੇ 'ਸਾਰੰਗੀ' ਵੀ ਬਣਾ ਲਈ ਜਾਂਦੀ ਸੀ। ਜ਼ਿਆਦਾ ਕਾਰੀਗਰ ਨਿਆਣੇ ਟਾਂਡਿਆਂ ਦੀ ਬਣਾਈ ਉਸ ਸਾਰੰਗੀ ਨਾਲ 'ਮੇਰਾ ਮਨ ਡੋਲੇ ਮੇਰਾ ਤਨ ਡੋਲੇ' ਦੀ ਤਰਜ਼ ਵੀ ਵਜਾ ਲੈਂਦੇ ਸਨ।

ਛੱਲੀ ਤੋਂ ਬਣੀ ਹੋਈ ਕਹਾਵਤ ਵੀ ਬੜੀ ਮਸ਼ਹੂਰ ਹੈ। ਅਗਲੇ ਦੀਆਂ ਸੌ ਦਲੀਲਾਂ-ਅਪੀਲਾਂ ਸੁਣ ਕੇ ਵੀ, ਮੋਹਰਿਉਂ ਕੋਈ ਮੁੜ-ਘਿੜ ਕੇ ਪਹਿਲੇ ਨੁਕਤੇ ਵਾਲੀ ਗੱਲ ਹੀ ਕਰੀ ਜਾਵੇ ਤਾਂ ਕਿਹਾ ਜਾਂਦਾ ਹੈ: 'ਇਹ ਗੱਲ ਤਾਂ ਮੰਨੀ, ਪਰ ਤੂੰ ਛੱਲੀ ਕਾਹਤੋਂ ਭੰਨੀ', ਵਾਲੀ ਗੱਲ ਕਿਉਂ ਕਰੀ ਜਾਨੈ ਯਾਰ? ਮੇਰੇ ਇਕ ਹਮ-ਜਮਾਤੀ ਨੇ ਚੋਰੀ ਛੱਲੀਆਂ ਭੰਨ੍ਹਣ ਦੀ ਵਧੀਆ 'ਤੁਕ ਬੰਦੀ' ਬਣਾਈ ਹੋਈ ਸੀ:

ਆਈ ਐਮ ਨੇ 'ਸਮ' ਛੱਲੀਆਂ ਭੰਨ੍ਹੀਆਂ,
ਉਪਰੋਂ ਆ ਗਿਆ 'ਓਲਡ' ਕਿਸਾਨ।
ਪੰਜਾਂ-ਸੱਤਾਂ ਛੱਲੀਆਂ 'ਵਿੱਦ'
'ਵ੍ਹੱਟ-ਡੂ-ਯੂ' ਨੁਕਸਾਨ?

ਮੱਕੀ ਵਾਲੀ ਰੁੱਤ ਵਿਚ ਖਾਸ ਕਰਕੇ ਛੱਲੀਆਂ ਚੱਬਣ ਵਾਲੇ ਦਿਨੀਂ, ਕੋਠਿਆਂ 'ਤੇ ਵੱਜਦੇ ਲਾਊਡ ਸਪੀਕਰਾਂ ਤੋਂ ਬੜਾ ਪਿਆਰਾ ਗੀਤ ਸੁਣਦੇ ਹੁੰਦੇ ਸਾਂ, "ਲੈ ਜਾ ਛੱਲੀਆਂ ਭੁਨਾਂ ਲਈਂ ਦਾਣੇ, ਵੇ ਮਿੱਤਰਾ ਦੂਰ ਦਿਆ।" ਅੱਜ ਛੋਟੇ ਭਰਾ ਵੱਲੋਂ ਭੇਜੀ ਹੋਈ ਭੁੱਜੀਆਂ ਛੱਲੀਆਂ ਦੀ ਫੋਟੋ ਦੇਖ ਕੇ, ਮਾਦਰੇ-ਵਤਨ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਕੈਲੀਫੋਰਨੀਆ ਬੈਠੇ ਨੂੰ, ਮੈਨੂੰ ਲੈ ਜਾ ਛੱਲੀਆਂ ਵਾਲਾ ਗਾਣਾ ਯਾਦ ਆ ਗਿਆ ਪਰ ਮੈਂ ਇਸ ਗੀਤ ਦੀ ਭੰਨ ਤੋੜ ਇੰਜ ਕਰ ਲਈ:

ਹੁਣ ਝੂਰ ਲੈ ਭਰਾਵਾ ਦੂਰ ਬੈਠਿਆ
ਫੋਟੋ ਦੇਖ ਛੱਲੀਆਂ ਦੀ।

# ਪੰਜਾਬੀਆਂ ਦੇ ਭੰਗੜੇ ਹੱਥੋਂ ਨਾਮੀ ਹੋਟਲ 'ਚਿੱਤ'

**ਸੁਖਵੀਰ ਗਰੇਵਾਲ**

**ਕੈਲਗਰੀ:** ਕੈਨੇਡਾ ਦੇ ਭੰਗੜਾ ਗਰੁਪ 'ਭੰਗੜਾ ਆਈਡਲ' ਵੱਲੋਂ ਵੈਨਕੂਵਰ ਦੇ ਨਾਮੀ ਹੋਟਲ ਸ਼ੈਰੇਟਨ ਵਿਰੁਧ ਦਾਇਰ ਕੀਤੇ ਮਾਨਹਾਨੀ ਦੇ ਦਾਅਵੇ ਵਿਚ ਜਿੱਤ ਪ੍ਰਾਪਤ ਕਰਨ ਦਾ ਦਿਲਚਸਪ ਮਾਮਲਾ ਸਾਹਮਣੇ ਆਇਆ ਹੈ। 'ਭੰਗੜਾ ਆਈਡਲ' ਦੇ ਡਾਇਰੈਕਟਰ ਰਾਜ ਸੰਘਾ ਨੇ ਇਸ ਹੋਟਲ ਦੇ ਭੇਦਭਾਵ ਵਾਲੇ ਵਤੀਰੇ ਵਿਰੁਧ ਸਤੰਬਰ 2008 ਵਿਚ ਬ੍ਰਿਟਿਸ਼ ਕੋਲੰਬੀਅਨ ਹਿਊਮਨ ਰਾਈਟਸ ਟ੍ਰਿਬਿਊਨਲ ਵਿਚ ਅਪੀਲ ਕੀਤੀ ਸੀ। ਟ੍ਰਿਬਿਊਨਲ ਨੇ ਇਸ ਅਪੀਲ 'ਤੇ ਫੈਸਲਾ ਸੁਣਾਉਂਦਿਆਂ ਹੋਟਲ ਨੂੰ ਪੰਜ ਹਜ਼ਾਰ ਡਾਲਰ ਦਾ ਜੁਰਮਾਨਾ ਕੀਤਾ ਹੈ ਜੋ ਪੀੜਤ ਭੰਗੜਾ ਗਰੁਪ ਨੂੰ ਦਿੱਤਾ ਜਾਵੇਗਾ।

ਰਾਜ ਸੰਘਾ ਦੇ ਗਰੁਪ ਨਾਲ ਇਹ ਘਟਨਾ ਭਾਵੇਂ 2008 ਵਿਚ ਵਾਪਰੀ ਸੀ, ਪਰ ਘਟਨਾ ਦੇ ਬੀਜ 2007 ਵਿਚ ਬੀਜੇ ਗਏ ਸਨ। 2007 ਵਿਚ ਵੈਨਕੂਵਰ ਵਿਚ ਹੋਏ ਕੌਮਾਂਤਰੀ ਭੰਗੜਾ ਮੁਕਾਬਲੇ ਦੌਰਾਨ ਕੁਝ ਟੀਮਾਂ ਸ਼ੈਰੇਟਨ ਹੋਟਲ ਵਿਚ ਵੀ ਠਹਿਰੀਆਂ ਸਨ। ਕਿਸੇ ਟੀਮ ਦੇ ਵਤੀਰੇ ਤੋਂ ਨਾਖੁਸ਼ ਹੋ ਕੇ ਹੋਟਲ ਦੀ ਮੈਨੇਜਮੈਂਟ ਨੇ ਫੈਸਲਾ ਕੀਤਾ ਸੀ ਕਿ ਭਵਿੱਖ ਵਿਚ ਅਜਿਹੇ ਕਿਸੇ ਵੀ ਵਿਅਕਤੀ ਜਾਂ ਗਰੁਪ ਨੂੰ ਹੋਟਲ ਵਿਚ ਨਹੀਂ ਠਹਿਰਾਇਆ ਜਾਵੇਗਾ ਜਿਸ ਦੇ ਨਾਂ ਵਿਚ ਭੰਗੜਾ ਸ਼ਬਦ ਆਉਂਦਾ ਹੋਵੇ। ਇਸ ਤੋਂ ਬਾਅਦ ਸਤੰਬਰ 2008 ਵਿਚ ਰਾਜ ਸੰਘਾ ਆਪਣੀ ਟੀਮ ਸਮੇਤ ਇਸ ਹੋਟਲ ਵਿਚ ਠਹਿਰਨ ਲਈ ਪਹੁੰਚਿਆ ਤਾਂ ਹੋਟਲ ਵਾਲਿਆਂ ਨੇ ਸਾਫ਼ ਨਾਂਹ ਕਰ ਦਿੱਤੀ। ਕੈਨੇਡਾ ਦਾ ਜੰਮਪਲ ਰਾਜ ਸੰਘਾ ਮੁਲਕ ਦੇ ਕਾਨੂੰਨ ਤੋਂ ਪੂਰੀ ਤਰ੍ਹਾਂ ਜਾਗ੍ਰਿਤ ਸੀ, ਤੇ ਉਸ ਨੇ ਹੋਟਲ ਦੇ ਭੇਦਭਾਵ ਭਰੇ ਵਤੀਰੇ ਵਿਰੁਧ ਲੜਨ ਦਾ ਫੈਸਲਾ ਕੀਤਾ।

## ਕੈਨੇਡਾ ਡਾਇਰੀ

ਕਾਨੂੰਨੀ ਮਾਹਿਰਾਂ ਦੀ ਰਾਇ ਅਨੁਸਾਰ ਪਹਿਲਾਂ ਰਾਜ ਸੰਘਾ ਨੇ ਬੀ.ਸੀ. ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਮਾਮਲਾ ਉਠਾਇਆ।



ਟ੍ਰਿਬਿਊਨਲ ਨੇ ਪਹਿਲਾਂ ਪ੍ਰਵਾਨ ਕੀਤਾ ਕਿ ਇਹ ਮਾਮਲਾ ਭੇਦਭਾਵ ਵਾਲਾ ਹੈ ਅਤੇ ਕਿਸੇ ਇਕ ਭੰਗੜਾ ਟੀਮ ਦੇ ਵਤੀਰੇ ਕਾਰਨ ਸਮੁੱਚੇ ਭੰਗੜਾ ਜਗਤ ਨਾਲ ਅਜਿਹਾ ਵਤੀਰਾ ਨਹੀਂ ਕੀਤਾ ਜਾ ਸਕਦਾ। ਰਾਜ ਸੰਘਾ ਦਾ ਕਹਿਣਾ ਹੈ ਕਿ ਜਦੋਂ ਵੀ ਕਿਸੇ ਨਾਲ ਕੋਈ ਅਦਾਰਾ ਅਜਿਹਾ ਵਤੀਰਾ ਕਰਦਾ ਹੈ ਤਾਂ ਚੁੱਪ ਬੈਠਣ ਦੀ ਬਜਾਏ ਹੱਕ ਲਈ ਲੜਨਾ ਚਾਹੀਦਾ ਹੈ। ਟ੍ਰਿਬਿਊਨਲ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਹੋਟਲ ਦੇ ਵਤੀਰੇ ਕਾਰਨ 'ਭੰਗੜਾ ਆਈਡਲ' ਦੇ ਮੈਂਬਰ ਆਰਥਿਕ ਅਤੇ ਰਾਜਸੀ ਆਜ਼ਾਦੀ ਦੇ ਹੱਕ ਤੋਂ ਵਾਂਝੇ ਰਹਿ ਗਏ।

**ਆਈਸ ਹਾਕੀ ਦੇ ਪੰਜਾਬੀ ਫੈਨ:** ਉਤਰੀ ਅਮਰੀਕਾ ਮਹਾਂਦੀਪ ਦੇ ਖੇਡ ਜਗਤ ਦਾ ਸਿਖ਼ਰ ਮੰਨੀ ਜਾਂਦੀ ਨੈਸ਼ਨਲ ਹਾਕੀ ਲੀਗ ਦੇ ਅੱਜ-ਕੱਲ੍ਹ ਫਾਈਨਲ ਚੱਲ ਰਹੇ ਹਨ। ਸੱਤ ਫਾਈਨਲ ਮੈਚਾਂ ਵਿਚੋਂ ਪੰਜ ਹੋ ਚੁੱਕੇ ਹਨ ਅਤੇ ਵੈਨਕੂਵਰ ਦੀ ਟੀਮ ਬੌਸਟਨ ਤੋਂ 3-2 ਦੇ ਫਰਕ ਨਾਲ ਅੱਗੇ ਚੱਲ ਰਹੀ ਹੈ। ਫਾਈਨਲ ਮੈਚ ਵੈਨਕੂਵਰ (ਕੈਨੇਡਾ) ਅਤੇ ਬੌਸਟਨ (ਅਮਰੀਕਾ) ਦੋਵੇਂ ਜਗ੍ਹਾ ਵਾਰੋ-ਵਾਰੀ ਖੇਡੇ ਜਾ ਰਹੇ ਹਨ। ਜਿਹੜੇ ਮੈਚ ਅਮਰੀਕਾ ਵਿਚ ਖੇਡੇ ਜਾਂਦੇ ਹਨ, ਉਨ੍ਹਾਂ ਨੂੰ ਵੱਡੀ ਸਕਰੀਨ 'ਤੇ ਦਿਖਾਉਣ ਲਈ ਵੈਨਕੂਵਰ ਨਗਰ ਨਿਗਮ ਵੱਡਾ ਖ਼ਰਚਾ ਕਰ ਰਹੀ ਹੈ। ਇਕ ਅੰਦਾਜ਼ੇ ਮੁਤਾਬਕ ਮੈਚ ਨੂੰ ਸਕਰੀਨ ਤੇ ਦਿਖਾਉਣ ਦਾ ਖਰਚਾ 10 ਲੱਖ ਡਾਲਰ ਆਉਣ ਦੀ ਸੰਭਾਵਨਾ ਹੈ। 17 ਸਾਲਾਂ ਬਾਅਦ ਫਾਈਨਲ ਵਿਚ ਪੁੱਜੀ ਵੈਨਕੂਵਰ ਦੀ ਟੀਮ ਨੇ ਪੂਰੇ ਸ਼ਹਿਰ ਵਿਚ ਜੋਸ਼ ਭਰ ਦਿੱਤਾ ਹੈ। ਪਰਵਾਸੀ ਪੰਜਾਬੀਆਂ ਦੀ ਤੀਜੀ ਪੀੜ੍ਹੀ ਵੈਨਕੂਵਰ ਵਿਚ ਰਹਿ ਰਹੀ ਹੈ। ਪੰਜਵਾਂ ਫਾਈਨਲ ਮੈਚ ਦੇਖਣ ਲਈ

*(ਬਾਕੀ ਅਗਲੇ ਸਫੇ 'ਤੇ)*

# ਗੁਰ ਜੀ ਕੇ ਦਰਸ਼ਨ ਕਉ ਬਲਿ ਜਾਉ॥

ੴ ਸਤਿਗੁਰੂ ਪ੍ਰਸਾਦਿ॥
ਗਉੜੀ ਮਹਲਾ 5
ਗੁਰ ਜੀ ਕੇ ਦਰਸ਼ਨ ਕਉ ਬਲਿ ਜਾਉ॥
ਜਪਿ ਜਪਿ ਜੀਵਾ ਸਤਿਗੁਰ ਨਾਉ॥
ਪਾਰਬ੍ਰਹਮ ਪੂਰਨ ਗੁਰਦੇਵ॥
ਕਰਿ ਕਿਰਪਾ ਲਾਗਉ ਤੇਰੀ ਸੇਵ॥ਰਹਾਉ॥
ਚਰਨ ਕਮਲ ਹਿਰਦੈ ਉਰ ਧਾਰੀ॥
ਮਨ ਤਨ ਧਨ ਗੁਰ ਪ੍ਰਾਨ ਅਧਾਰੀ॥
ਸਫ਼ਲ ਜਨਮੁ ਹੋਵੈ ਪਰਵਾਣੁ॥
ਗੁਰ ਪਾਰਬ੍ਰਹਮੁ ਨਿਕਟਿ ਕਰਿ ਜਾਣੁ॥
ਸੰਤ ਧੂਰਿ ਪਾਈਐ ਵਡਭਾਗੀ॥
ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ॥

ਗੁਰੂ ਅਰਜਨ ਦੇਵ ਇਸ ਪਾਵਨ ਸ਼ਬਦ ਵਿਚ ਜਿੱਥੇ ਅਕਾਲ ਪੁਰਖ ਦੀ ਉਸਤਤਿ ਕਰ ਰਹੇ ਹਨ, ਉਥੇ ਨਾਲ ਹੀ ਪੂਰੇ ਗੁਰੂ ਤੋਂ ਵੀ ਸਦਕੇ ਅਤੇ ਬਲਿਹਾਰ ਹੋ ਰਹੇ ਹਨ।

ਗੁਰ ਜੀ ਕੇ ਦਰਸ਼ਨ ਕਉ ਬਲਿ ਜਾਉ॥
ਜਪਿ ਜਪਿ ਜੀਵਾ ਸਤਿਗੁਰ ਨਾਉ॥
ਪਾਰਬ੍ਰਹਮ ਪੂਰਨ ਗੁਰਦੇਵ॥
ਕਰਿ ਕਿਰਪਾ ਲਾਗਉ ਤੇਰੀ ਸੇਵ॥ਰਹਾਉ॥

ਹੇ ਮੇਰੇ ਪੂਰਨ ਪ੍ਰਮੇਸ਼ਵਰ ਪਿਤਾ ਜੀਉ! ਆਪ ਜੀ ਕ੍ਰਿਪਾ ਦ੍ਰਿਸ਼ਟੀ ਕਰੋ। ਹੇ ਗੁਰਦੇਵ ਜੀ! ਮਿਹਰਾਂ ਕਰੋ ਤਾਂ ਕਿ ਮੈਂ ਤੇਰੀ ਸੇਵਾ ਅਤੇ ਸਿਮਰਨ ਵਿਚ ਲੱਗ ਸਕਾਂ। ਹੇ ਭਾਈ! ਮੈਂ ਤਾਂ ਆਪਣੇ ਸਤਿਗੁਰ ਜੀ ਦੇ ਦਰਸ਼ਨਾਂ ਤੋਂ ਬਲਿਹਾਰ ਅਤੇ ਸਦਕੇ ਜਾਂਦਾ ਹਾਂ ਅਤੇ ਸਤਿਗੁਰੂ ਦੇ ਬਚਨਾਂ ਨੂੰ ਯਾਦ ਕਰ-ਕਰ ਕੇ ਮੇਰੇ ਅੰਦਰ ਹੁਣ ਉਚਾ ਜੀਵਨ ਅਤੇ ਸਹਿਜ ਅਵਸਥਾ ਭੀ ਬਣ ਗਈ ਹੈ। ਇਸ ਲਈ ਮੈਂ ਗੁਰੂ ਤੋਂ ਸਦਕੇ ਜਾਂਦਾ ਹਾਂ।

ਚਰਨ ਕਮਲ ਹਿਰਦੈ ਉਰ ਧਾਰੀ॥
ਮਨ ਤਨ ਧਨ ਗੁਰ ਪ੍ਰਾਨ ਅਧਾਰੀ॥
ਸਫ਼ਲ ਜਨਮੁ ਹੋਵੈ ਪਰਵਾਣੁ॥
ਗੁਰ ਪਾਰਬ੍ਰਹਮੁ ਨਿਕਟਿ ਕਰਿ ਜਾਣੁ॥

ਹੇ ਭਾਈ! ਇਸੇ ਲਈ ਮੈਂ ਸੋਹਣੇ ਸਤਿਗੁਰ ਦੇ ਚਰਨਾਂ ਨੂੰ ਆਪਣੇ ਹਿਰਦੇ ਅੰਦਰ ਵਸਾਇਆ

## ਗੁਰਬਾਣੀ ਗਿਆਨ

ਹੈ, ਕਿਉਂਕਿ ਸਤਿਗੁਰ ਦੇ ਸੋਹਣੇ ਚਰਨ ਕਮਲ ਹੀ ਮੇਰੇ ਮਨ ਦਾ, ਮੇਰੇ ਤਨ ਦਾ, ਮੇਰੀਆਂ ਧਨ-ਦੌਲਤਾਂ ਦਾ ਅਤੇ ਮੇਰੇ ਜੀਵਨ ਦਾ ਆਧਾਰ ਅਤੇ ਆਸਰਾ ਹਨ। ਇਸ ਲਈ ਗੁਰੂ ਅਤੇ ਪ੍ਰਮੇਸ਼ਵਰ ਪ੍ਰਭੂ ਨੂੰ ਹਰ ਪਲ ਆਪਣੇ ਨੇੜੇ ਹੀ ਜਾਨਣਾ ਚਾਹੀਏ ਤਾਂ ਕਿ ਇਹ ਮਾਨਸ ਜਨਮ ਉਹਦੇ ਦਰ 'ਤੇ ਪ੍ਰਵਾਨ ਹੋ ਸਕੇ।

ਸੰਤ ਧੂਰਿ ਪਾਈਐ ਵਡਭਾਗੀ॥
ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ॥

ਹੁਣ ਗੁਰਦੇਵ ਬਖ਼ਸ਼ਿਸ਼ ਕਰਦੇ ਹਨ ਕਿ ਹੇ ਭਾਈ! ਉਹ ਪੂਰਾ ਗੁਰੂ ਜੋ ਪੂਰਨ ਸੰਤ ਵੀ ਹੈ, ਉਸ ਦੇ ਚਰਨਾਂ ਦੀ ਧੂੜ ਵੀ ਕਿਤੇ ਵੱਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਹੈ ਅਤੇ ਇਹ ਨਾਨਕ ਉਸ ਆਪਣੇ ਪੂਰਨ ਗੁਰੂ ਤੋਂ ਬਲਿਹਾਰ ਅਤੇ ਸਦਕੇ ਜਾਂਦਾ ਹੈ, ਜਿਸ ਦੀ ਮਿਹਰ ਅਤੇ ਮਿਲਾਪ ਕਰਕੇ ਉਸ ਹਰੀ ਪਰਮਾਤਮਾ ਦੇ ਨਾਲ ਸਾਡੀ ਬਣ ਆਈ ਹੈ ਅਤੇ ਉਸ ਦੇ ਨਾਲ ਸਾਡੀ ਲਿਵ ਲੱਗੀ ਹੈ, ਐਸੇ ਗੁਰੂ ਤੋਂ ਮੈਂ ਸਦਕੇ ਜਾਂਦਾ ਹਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# 'ਅਭੀ ਜਾਂ ਕਭੀ ਨਹੀਂ' ਦੇ ਪੜਾਅ 'ਤੇ ਪਹੁੰਚੀ ਭ੍ਰਿਸ਼ਟਾਚਾਰ ਵਿਰੁਧ ਲੜਾਈ

## ਸਿਆਸਤ ਦਾ ਪਿੜ

**ਜਤਿੰਦਰ ਪਨੂੰ**

***ਹੁਣ ਭਾਰਤ ਦੇਸ਼ ਜਿਹੜੇ ਪੜਾਅ ਉਤੇ ਪਹੁੰਚ ਗਿਆ ਹੈ, ਉਥੇ ਲੋਕ ਭ੍ਰਿਸ਼ਟਾਚਾਰ ਨੂੰ ਬਾਹਲਾ ਸਮਾਂ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਜਾਪਦੇ। ਉਹ ਇੱਕ ਵਾਰੀ ਮੈਦਾਨ ਵਿਚ ਨਿਕਲ ਆਏ ਹਨ। ਇਸ ਵਕਤ ਦੋ ਹੀ ਰਾਹ ਬਚਦੇ ਹਨ। ਪਹਿਲਾ ਇਹ ਕਿ ਹਾਂਗ ਕਾਂਗ ਦੇ ਇੰਡੀਪੈਂਡੈਂਟ ਕਮਿਸ਼ਨ ਅਗੇਂਸਟ ਕੁਰੱਪਸ਼ਨ ਵਾਂਗ ਇੱਕ 'ਜਨ ਲੋਕਪਾਲ' ਦਾ ਆਜ਼ਾਦ ਅਹੁਦਾ ਸਿਰਜ ਕੇ ਉਸ ਨੂੰ ਹਰ ਵੱਡੇ-ਛੋਟੇ ਉਤੇ ਅੱਖ ਰੱਖਣ ਦਾ ਹੱਕ ਦੇ ਦਿੱਤਾ ਜਾਵੇ। ਦੂਜਾ ਇਹ ਕਿ ਲੋਕਾਂ ਦੀ ਮੰਗ ਨੂੰ ਏਨਾ ਲਮਕਾ ਦਿੱਤਾ ਜਾਵੇ ਕਿ ਉਹ ਅੱਕ ਕੇ ਭ੍ਰਿਸ਼ਟਾਚਾਰ ਨੂੰ ਆਪਣਾ ਨਸੀਬਾ ਸਮਝ ਕੇ ਇੰਜ ਬੈਠ ਜਾਣ ਕਿ ਅੱਗੇ ਲਈ ਸਿਰ ਉਠਾਉਣ ਵਾਲਾ ਹੀ ਕੋਈ ਨਾ ਰਹੇ।***

ਉਹ ਵੀ ਸਮਾਂ ਸੀ, ਜਦੋਂ ਹਾਂਗ ਕਾਂਗ ਨੂੰ ਸਾਡੇ ਖੇਤਰ ਦੇ ਸਭ ਤੋਂ ਭ੍ਰਿਸ਼ਟ ਦੇਸ਼ਾਂ ਵਿਚੋਂ ਜਾਣਿਆ ਜਾਣ ਲੱਗ ਪਿਆ ਸੀ। ਲੋਕ ਏਨੇ ਤੰਗ ਆ ਗਏ ਕਿ ਇੱਕ ਵਾਰੀ ਸੜਕਾਂ ਉਤੇ ਨਿਕਲ ਆਏ ਸਨ। ਉਨ੍ਹਾਂ ਦਾ ਉਦੋਂ ਦਾ ਰੋਹ ਭਾਰਤ ਵਿਚ ਅੱਜ ਭ੍ਰਿਸ਼ਟਾਚਾਰ ਵਿਰੁਧ ਉਠ ਰਹੀ ਲਹਿਰ ਨਾਲੋਂ ਉਨੀ-ਇੱਕੀ ਦੇ ਫਰਕ ਵਾਲਾ ਸੀ। ਭਾਰਤ ਦੀ ਹੁਣ ਵਾਲੀ ਲਹਿਰ ਇੱਕ-ਮੁੱਠ ਵੀ ਨਹੀਂ ਅਤੇ ਇੱਕ-ਸਾਰ ਵੀ ਨਹੀਂ, ਸਗੋਂ ਇੱਕੋ ਮੰਚ ਉਤੇ ਬੋਲਦੇ ਬੁਲਾਰਿਆਂ ਦੀਆਂ ਵੱਖੋ-ਵੱਖ ਬੋਲੀਆਂ ਵੀ ਸੁਣੀਆਂ ਜਾਂਦੀਆਂ ਹਨ ਤੇ ਇੱਕ ਜਣੇ ਦੀ ਚੜ੍ਹੀ ਮੁਹਿੰਮ ਵਿਚੋਂ ਨਿੱਖੜ ਕੇ ਦੂਸਰਾ ਵੱਖਰੀ ਢਾਈ ਗਜ਼ ਦੀ ਮਸੀਤ ਵੀ ਖੜੀ ਕਰਨ ਤੁਰ ਪੈਂਦਾ ਹੈ। ਉਥੇ ਲੋਕ ਇੱਕੋ ਬੋਲੀ ਬੋਲਦੇ ਸਨ। ਸਰਕਾਰ ਉਨ੍ਹਾਂ ਦੇ ਰੋਹ ਤੋਂ ਹਿੱਲ ਗਈ ਤੇ ਫਿਰ ਉਸ ਨੂੰ ਸਮੱਸਿਆ ਦੇ ਹੱਲ ਲਈ ਇੱਕ ਕਦਮ ਚੁੱਕਣਾ ਪਿਆ ਸੀ, ਜਿਸ ਨੂੰ ਇੰਡੀਪੈਂਡੈਂਟ ਕਮਿਸ਼ਨ ਅਗੇਂਸਟ ਕੁਰੱਪਸ਼ਨ (ਭ੍ਰਿਸ਼ਟਾਚਾਰ ਵਿਰੁਧ ਸੁਤੰਤਰ ਕਮਿਸ਼ਨ) ਦਾ ਨਾਂ ਦਿੱਤਾ ਗਿਆ ਸੀ। ਉਸ ਕਮਿਸ਼ਨ ਨੇ ਜ਼ਿੰਮਾ ਸੰਭਾਲਦੇ ਸਾਰ ਕਈ ਬਹੁਤ ਬਦਨਾਮ ਅਫਸਰਾਂ ਅਤੇ ਰਾਜਸੀ ਅਹੁਦੇਦਾਰਾਂ ਨੂੰ ਘਰਾਂ ਨੂੰ ਤੋਰ ਦਿੱਤਾ ਅਤੇ ਬਾਕੀਆਂ ਨੂੰ ਭਿਣਕ ਪੈ ਗਈ ਕਿ ਹੁਣ ਬਚਾਅ ਨਹੀਂ ਹੋ ਸਕਣਾ। ਸਮਾਜ ਦੀ ਸਫਾਈ ਦੀ ਜਿਹੜੀ ਮੁਹਿੰਮ ਉਸ ਕਮਿਸ਼ਨ ਨੇ ਸ਼ੁਰੂ ਕੀਤੀ, ਉਸ ਦੇ ਨਤੀਜੇ ਵਜੋਂ ਅੱਜ ਉਸੇ ਹਾਂਗ ਕਾਂਗ ਨੂੰ ਬਹੁਤ ਘੱਟ ਭ੍ਰਿਸ਼ਟ ਦੇਸ਼ਾਂ ਵਿਚ ਗਿਣਿਆ ਜਾਂਦਾ ਹੈ। ਭਾਰਤ ਵਿਚ ਵੀ ਜਿਹੜੀ ਮੰਗ ਜਨ ਲੋਕਪਾਲ ਦੇ ਅਹੁਦੇ ਵਾਸਤੇ ਉਠਾਈ ਜਾ ਰਹੀ ਹੈ, ਉਹ ਸੌ ਅਦਾਲਤਾਂ ਦੀ ਕਾਇਮੀ ਤੋਂ ਵੱਡੀ ਹੈ ਅਤੇ ਏਸੇ ਲਈ ਇੱਕ ਈਮਾਨਦਾਰ ਦਿੱਖ ਵਾਲੇ ਪ੍ਰਧਾਨ ਮੰਤਰੀ ਦੇ ਪ੍ਰਛਾਵੇਂ ਹੇਠ ਭ੍ਰਿਸ਼ਟਾਚਾਰ ਦੀਆਂ ਧੂੜਾਂ ਪੁੱਟ ਰਹੀ ਆਗੂਆਂ ਅਤੇ ਅਫਸਰਾਂ ਦੀ ਢਾਣੀ ਇਸ ਨੂੰ ਮੰਨਣ ਲਈ ਤਿਆਰ ਨਹੀਂ।

ਬਹਿਸ ਇਸ ਗੱਲ ਉਤੇ ਹੋਣੀ ਚਾਹੀਦੀ ਸੀ ਕਿ ਇਸ ਮੰਗ ਵਿਚ ਮੱਦਾਂ ਕੀ ਹਨ ਅਤੇ ਇਨ੍ਹਾਂ ਵਿਚੋਂ ਕਿਨ੍ਹਾਂ ਦਾ ਕੀ ਅਸਰ ਪਵੇਗਾ, ਪਰ ਇਸ ਦੀ ਬਜਾਏ ਉਹ ਸੁਰਾਂ ਕੱਢੀਆਂ ਜਾਣ ਲੱਗ ਪਈਆਂ ਜਿਨ੍ਹਾਂ ਦਾ ਨਾ ਇਸ ਮੁੱਦੇ ਨਾਲ ਕੋਈ ਸਬੰਧ ਸੀ, ਨਾ ਭ੍ਰਿਸ਼ਟਾਚਾਰ ਉਤੇ ਰੋਕ ਲਾਉਣ ਦੀ ਮੰਗ ਨਾਲ ਹੀ। ਮਿਸਾਲ ਦੇ ਤੌਰ 'ਤੇ ਇਹ ਗੱਲ ਬਹੁਤ ਜ਼ੋਰ ਨਾਲ ਬਹਿਸ ਹੇਠ ਲਿਆਂਦੀ ਗਈ ਕਿ ਅੰਨਾ ਹਜ਼ਾਰੇ ਦੇ ਦਿੱਲੀ ਵਾਲੇ ਪਹਿਲੇ ਵਰਤ ਮੌਕੇ ਜੰਤਰ ਮੰਤਰ ਵਾਲੀ ਥਾਂ ਜਿਹੜਾ ਧਰਨਾ ਅਤੇ ਮੰਚ ਲਾਇਆ ਗਿਆ, ਉਸ ਉਤੇ ਕਿੰਨਾ ਖਰਚਾ ਹੋਇਆ ਤੇ ਕਿਸ ਨੇ ਕੀਤਾ ਸੀ? ਅੰਨਾ ਹਜ਼ਾਰੇ ਕੋਈ ਬਾਬਾ ਰਾਮਦੇਵ ਨਹੀਂ, ਜਿਹੜਾ ਕਰੋੜਾਂ ਵਿਚ ਖੇਡਦਾ ਹੋਵੇ, ਜਿਸ ਦੇ ਚੇਲੇ ਅਮੀਰਾਂ ਦੀਆਂ ਬੈਠਕਾਂ ਲਾ ਕੇ ਲੱਖਾਂ ਰੁਪਏ ਦੇ ਚੰਦੇ ਦੇ ਚੈਕ ਵਸੂਲਦੇ ਹੋਣ। ਉਹ ਆਪ ਵੀ ਮਲੰਗ ਹੈ ਤੇ ਉਸ ਦੇ ਨਾਲ ਵਾਲੇ ਵੀ ਪੱਲਿਓਂ ਖਰਚਾ ਭਾਵੇਂ ਕਰ ਦੇਣ, ਅੱਜ ਤੱਕ ਕਿਸੇ ਤੋਂ ਵਸੂਲਦੇ ਨਹੀਂ ਸੁਣੇ ਗਏ। ਇਸ ਦੇ ਬਾਵਜੂਦ ਉਨ੍ਹਾਂ ਨੇ ਸਰਕਾਰੀ ਪੱਖ ਤੋਂ ਉਠਾਏ ਗਏ ਇਸ ਸ਼ੰਕੇ ਨੂੰ ਨਜ਼ਰਅੰਦਾਜ਼ ਨਹੀਂ ਕੀਤਾ, ਸਗੋਂ ਇਸ ਨੂੰ ਲੈ ਕੇ ਉਹ ਮੋਰਚਾ ਮੱਲ ਲਿਆ, ਜਿਸ ਨਾਲ ਸਰਕਾਰ ਵੀ ਹੋਰ ਫਸਦੀ ਨਜ਼ਰ ਆਉਣ ਲੱਗ ਪਈ ਅਤੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਵੀ। ਉਨ੍ਹਾਂ ਕਿਹਾ ਕਿ ਅਸੀਂ ਕਿੰਨਾ ਖਰਚਾ ਕੀਤਾ ਹੈ, ਕਿੱਥੋਂ ਪੈਸੇ ਆਏ ਸਨ, ਇਹ ਸਾਰਾ ਕੁਝ ਆਪਣੀ ਵੈਬਸਾਈਟ ਉਤੇ ਪਾ ਦਿੱਤਾ ਹੈ ਅਤੇ ਸਰਕਾਰ ਨੂੰ ਇਸ ਦੀ ਜਾਂਚ ਕਰਨ ਦੀ ਚੁਣੌਤੀ ਦੇਂਦੇ ਹਾਂ, ਪਰ ਨਾਲ ਇਹ ਵੀ ਮੰਗ ਕਰਦੇ ਹਾਂ ਕਿ ਪਿਛਲੇ ਪੰਜਾਂ ਸਾਲਾਂ ਵਿਚ ਸਰਕਾਰ ਚਲਾ ਰਹੀ ਕਾਂਗਰਸ ਪਾਰਟੀ ਤੇ ਵਿਰੋਧੀ ਧਿਰ ਦੀ ਮੁੱਖ ਪਾਰਟੀ ਭਾਜਪਾ ਵਾਲਿਆਂ ਵੱਲੋਂ ਜਿਹੜੀਆਂ ਰੈਲੀਆਂ ਕੀਤੀਆਂ ਗਈਆਂ ਹਨ, ਉਨ੍ਹਾਂ ਉਤੇ ਕਿੰਨਾ ਖਰਚਾ ਆਇਆ ਅਤੇ ਕਿਸ ਨੇ ਕੀਤਾ, ਉਹ ਵੇਰਵਾ ਵੀ ਲੋਕਾਂ ਸਾਹਮਣੇ ਰੱਖ ਦੇਣ। ਦੋਵਾਂ ਵਿਚੋਂ ਕੋਈ ਧਿਰ ਵੀ ਇਸ ਦਾ ਜਵਾਬ ਨਹੀਂ ਦੇ ਸਕੀ, ਸਗੋਂ ਸਰਕਾਰ ਨੂੰ ਇਹ ਕਹਿਣ ਜੋਗੀ ਵੀ ਨਹੀਂ ਛੱਡਿਆ ਕਿ ਅੰਨਾ ਹਜ਼ਾਰੇ ਅਤੇ ਭਾਜਪਾ ਵਾਲੇ ਮਿਲ ਕੇ ਰਾਜਨੀਤੀ ਕਰ ਰਹੇ ਹਨ।

ਜਿਹੜਾ ਸਵਾਲ ਇਸ ਵਾਰੀ ਅੰਨਾ ਹਜ਼ਾਰੇ ਦੀ ਧਿਰ ਨੇ ਉਛਾਲਿਆ ਹੈ, ਉਹ ਇਸ ਤੋਂ ਪਹਿਲਾਂ ਇੱਕ ਪ੍ਰਮੁੱਖ ਭਾਰਤੀ ਸਰਮਾਏਦਾਰ ਰਾਹੁਲ ਬਜਾਜ ਵੀ ਗੰਭੀਰ ਮੁੱਦੇ ਦੇ ਤੌਰ ਉਤੇ ਉਭਾਰ ਚੁੱਕੇ ਹਨ। ਉਨ੍ਹਾਂ ਨੇ ਪਿਛਲੀਆਂ ਦੋਵਾਂ ਪਾਰਲੀਮੈਂਟ ਚੋਣਾਂ ਮੌਕੇ ਇਹ ਮੰਗ ਉਠਾਈ ਸੀ ਕਿ ਚੋਣਾਂ ਦਾ ਚੰਦਾ ਸਾਰੀਆਂ ਪਾਰਟੀਆਂ ਨੂੰ ਸਿਰਫ ਚੈਕ ਰਾਹੀਂ ਦਿੱਤਾ ਜਾਣਾ ਚਾਹੀਦਾ ਹੈ, ਤਾਂ ਕਿ ਅਸੀਂ ਲੋਕ ਆਪਣੀਆਂ ਇਨਕਮ ਟੈਕਸ ਦੀਆਂ ਰਿਟਰਨਾਂ ਵਿਚ ਭਰ ਸਕੀਏ ਅਤੇ ਜਿਨ੍ਹਾਂ ਨੂੰ ਦਿੱਤਾ ਹੈ, ਉਹ ਵੀ ਆਪਣੀ ਪਾਰਟੀ ਜਾਂ ਦੇਸ਼ ਦੇ ਲੋਕਾਂ ਤੋਂ ਅੱਖ ਬਚਾ ਕੇ ਏਧਰ-ਓਧਰ ਨਾ ਖਰਚ ਸਕਣ। ਉਨ੍ਹਾਂ ਨੇ ਇਹ ਮੰਗ ਕਈ ਵਾਰੀ ਉਠਾਈ ਪਰ ਭ੍ਰਿਸ਼ਟਾਚਾਰ ਦੇ ਜਾਇਜ਼ ਦੋਸ਼ ਲਾ ਕੇ ਇੱਕ ਦੂਜੇ ਨੂੰ ਭੰਡਣ ਲੱਗੀਆਂ ਰਹਿਣ ਵਾਲੀਆਂ ਦੋਵਾਂ ਮੁੱਖ ਪਾਰਟੀਆਂ ਵਿਚੋਂ ਕਿਸੇ ਇੱਕ ਨੇ ਵੀ ਇਸ ਦਾ ਹੁੰਗਾਰਾ ਨਹੀਂ ਸੀ ਭਰਿਆ। ਕਾਰਨ ਇਸ ਦਾ ਇਹ ਕਿ ਦੋਵਾਂ ਪਾਰਟੀਆਂ ਨੂੰ ਖਾਤਿਆਂ ਤੋਂ ਬਾਹਰਲੀ ਮਾਇਆ ਦੀ ਲੋੜ ਰਹਿੰਦੀ ਹੈ। ਮਿਸਾਲ ਵਜੋਂ ਜਦੋਂ ਕੋਈ ਵੀ ਪਾਰਟੀ ਪਾਰਲੀਮੈਂਟ ਜਾਂ ਵਿਧਾਨ ਸਭਾ ਵਿਚ ਬਹੁ-ਮੱਤ ਸਾਬਤ ਕਰਨ ਮੌਕੇ ਫਸ ਜਾਂਦੀ ਹੈ ਅਤੇ ਕੁਝ ਮੈਂਬਰਾਂ ਨੂੰ ਖਰੀਦਣ ਤੋਂ ਬਿਨਾਂ ਬਚਾਅ ਕਰਨਾ ਸੰਭਵ ਨਹੀਂ ਹੁੰਦਾ, ਉਦੋਂ ਖਰਚਣ ਵਾਸਤੇ ਉਹੋ ਪੈਸੇ ਕੰਮ ਆਉਂਦੇ ਹਨ ਜਿਹੜੇ ਬਿਨਾ ਖਾਤਿਆਂ ਤੋਂ ਸੰਭਾਲ ਕੇ ਰੱਖੇ ਹੋਏ ਹੋਣ। ਕਈ ਵਾਰੀ ਚੋਣਾਂ ਵਿਚ ਆਪਣੇ ਸਾਹਮਣੇ ਖੜੇ ਦੂਜੀ ਪਾਰਟੀ ਦੇ ਗੰਭੀਰ ਉਮੀਦਵਾਰ ਦੀਆਂ ਵੋਟਾਂ ਤੋੜਨ ਲਈ ਕੋਈ 'ਅੜਿੱਕਾ ਸਿੰਘ' ਖੜਾ ਕਰਵਾਉਣਾ ਪੈ ਜਾਂਦਾ ਹੈ, ਜਿਸ ਦੀ ਚੋਣ ਦਾ ਖਰਚਾ ਆਪ ਹੀ ਦੇਣਾ ਹੁੰਦਾ ਹੈ, ਉਹ ਪੈਸਾ ਵੀ ਇਹੋ ਜਿਹੀ ਥੈਲੀ ਵਿਚੋਂ ਨਿਕਲਣਾ ਹੁੰਦਾ ਹੈ।



ਅੰਨਾ ਹਜ਼ਾਰੇ

ਸਭ ਨੂੰ ਪਤਾ ਹੈ ਕਿ ਚੋਣ ਕਮਿਸ਼ਨ ਵੱਲੋਂ ਜਿਹੜੀ ਹੱਦ ਮਿਥੀ ਗਈ ਹੈ, ਉਨੇ ਕੁ ਖਰਚੇ ਵਿਚ ਕੋਈ ਚੋਣ ਲੜੀ ਹੀ ਨਹੀਂ ਜਾ ਸਕਦੀ, ਉਸ ਤੋਂ ਦਸ ਗੁਣਾ ਤੱਕ ਖਰਚਾ ਹੋ ਜਾਂਦਾ ਹੈ ਪਰ ਉਹ ਕਦੇ ਰਿਟਰਨਾਂ ਵਿਚ ਨਹੀਂ ਭਰਿਆ ਜਾਂਦਾ ਤੇ ਚੋਣ ਕਮਿਸ਼ਨ ਵੀ ਸਖਤੀ ਨਾਲ ਪੁੱਛਣ ਦੀ ਲੋੜ ਨਹੀਂ ਸਮਝਦਾ। ਇਨ੍ਹਾਂ ਨਾਜਾਇਜ਼ ਲੋੜਾਂ ਕਾਰਨ ਸਿਆਸੀ ਪਾਰਟੀਆਂ ਭ੍ਰਿਸ਼ਟਾਚਾਰ ਵਿਰੁਧ ਪੱਕਾ ਪ੍ਰਬੰਧ ਨਹੀਂ ਚਾਹੁੰਦੀਆਂ, ਸਿਰਫ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀਆਂ ਬਹਿਸਾਂ ਵਿਚ ਇਸ ਦਾ ਚਲਾਵਾਂ ਜਿਹਾ ਵਿਰੋਧ ਕਰ ਕੇ ਫਿਰ ਇਸੇ ਹਮਾਮ ਵਿਚ ਗੋਤੇ ਲਾਉਣ ਤੁਰ ਪੈਂਦੀਆਂ ਹਨ। ਗਾਲਿਬ ਦਾ ਸ਼ੇਅਰ ਹੈ:

ਕਿਤਨੀ ਅਜੀਬ ਹੈ  
ਨੇਕੀਓਂ ਕੀ ਜੁਸਤਜੂ ਗਾਲਿਬ,  
ਨਮਾਜ ਭੀ ਜਲਦੀ ਪੜ੍ਹਤੇ ਹੈਂ,  
ਫਿਰ ਸੇ ਗੁਨਾਹ ਕਰਨੇ ਕੇ ਲੀਏ।

ਪਿਛਲੇ ਮਹੀਨੇ ਅਸੀਂ ਇਹ ਸਮਝ ਰਹੇ ਸਾਂ ਕਿ ਭਾਰਤ ਸਰਕਾਰ ਨੇ ਬਾਬਾ ਅੰਨਾ ਹਜ਼ਾਰੇ ਅਤੇ ਉਸ ਦੇ ਸਾਥੀਆਂ ਦੇ ਮੋਰਚੇ ਮੂਹਰੇ, ਭਾਵੇਂ ਹਾਰ ਮੰਨ ਲਈ ਤੇ ਭਾਵੇਂ ਸੁਹਿਰਦਤਾ ਵਿਖਾਈ ਹੋਵੇ, ਇੱਕ ਰਾਹ ਠੀਕ ਪਾਸੇ ਵੱਲ ਜਾਣ ਵਾਲਾ ਫੜ ਲਿਆ ਹੈ। ਇੱਕ ਲੋਕਪਾਲ ਬਿੱਲ ਖਰੜਾ ਕਮੇਟੀ ਬਣਾ ਦਿੱਤੀ ਗਈ ਸੀ, ਜਿਸ ਵਿਚ ਸਰਕਾਰ ਦੇ ਬੰਦੇ ਵੀ ਸਨ ਤੇ ਮੰਗ ਕਰਨ ਵਾਲੀ ਧਿਰ ਦੇ ਵੀ। ਚੇਅਰਮੈਨ ਸਰਕਾਰ ਵੱਲੋਂ ਸੀ ਅਤੇ ਕੋ-ਚੇਅਰਮੈਨ ਜਨਤਾ ਦੇ ਪੱਖ ਵਾਲਿਆਂ ਵਿਚੋਂ। ਉਸ ਦੇ ਬਾਅਦ ਮਾਮਲਾ 'ਕੋਹ ਨਾ ਚੱਲੀ ਤੇ ਬਾਬਾ ਤ੍ਰਿਹਾਈ' ਵਾਲਾ ਬਣ ਕੇ ਰਹਿ ਗਿਆ। ਸਰਕਾਰ ਦੇ ਪੱਖ ਵਾਲਿਆਂ ਵਿਚ ਸਭ ਤੋਂ ਵੱਧ ਬੋਲਣ ਵਾਲਾ ਸੀਨੀਅਰ ਵਕੀਲ ਤੋਂ ਮੰਤਰੀ ਬਣਿਆ ਕਪਿਲ ਸਿੱਬਲ ਇੱਕ ਪਿੱਛੋਂ ਦੂਸਰਾ ਅੜਿੱਕਾ ਪਾਉਣ ਲੱਗ ਪਿਆ। ਫਿਰ ਵੀ ਗੱਲ ਚੱਲਦੀ ਰਹੀ ਅਤੇ ਅੰਤ ਨੂੰ ਏਥੇ ਆ ਕੇ ਅੜ ਗਈ ਕਿ ਪ੍ਰਧਾਨ ਮੰਤਰੀ ਅਤੇ ਦੇਸ਼ ਦੀ ਸਭ ਤੋਂ ਉਚੀ ਅਦਾਲਤ ਸੁਪਰੀਮ ਕੋਰਟ ਦੇ ਮੁਖੀ ਜੱਜ ਨੂੰ ਇਸ ਦੇ ਅਧਿਕਾਰ ਖੇਤਰ ਵਿਚ ਨਹੀਂ ਲਿਆਂਦਾ ਜਾ ਸਕਦਾ। ਕਾਰਨ ਇਸ ਦਾ ਇਹ ਗਿਣਾਇਆ ਕਿ ਇਹ ਦੋਵੇਂ ਏਡੇ ਵੱਡੇ ਅਹੁਦੇ ਹਨ ਕਿ ਇਨ੍ਹਾਂ ਨੂੰ ਕਿਸੇ ਹੋਰ ਦੇ ਅਧੀਨ ਕਰਨਾ ਸਾਰੇ ਰਾਜ ਪ੍ਰਬੰਧ ਨੂੰ ਮਜ਼ਾਕ ਬਣਾ ਦੇਵੇਗਾ ਅਤੇ ਉਹ ਇਸ ਦਬਾਅ ਦੇ ਹੁੰਦਿਆਂ ਕੰਮ ਹੀ ਨਹੀਂ ਕਰ ਸਕਣਗੇ। ਬਿਲਕੁਲ ਸਿਰੇ ਦੀ ਬੇਥਵ੍ਹੀ ਗੱਲ ਸੀ ਇਹ, ਜਿਸ ਦਾ ਕੋਈ ਮਤਲਬ ਨਹੀਂ ਸੀ ਪਰ ਕਮਾਲ ਦੀ ਗੱਲ ਇਹ ਕਿ ਯੋਗੀ ਬਾਬਾ ਰਾਮਦੇਵ ਵੀ ਇਸ ਦਲੀਲ ਦੇ ਹੱਕ ਵਿਚ ਬੋਲਣ ਲੱਗ ਪਿਆ।

ਇਹ ਦਲੀਲ ਫਾਲਤੂ ਦੀ ਕਿਉਂ ਹੈ? ਇਸ ਲਈ ਕਿ ਲੋਕਪਾਲ ਨੇ ਪ੍ਰਧਾਨ ਮੰਤਰੀ ਜਾਂ ਸੁਪਰੀਮ ਕੋਰਟ ਦੇ ਮੁਖੀ ਜੱਜ ਨੂੰ ਰੋਜ਼ਾਨਾ ਦੇ ਕੰਮ-ਕਾਰ ਵਿਚ ਹਦਾਇਤਾਂ ਨਹੀਂ ਦੇਣੀਆਂ ਅਤੇ ਕੋਈ ਰੋਕਾਂ ਵੀ ਨਹੀਂ ਲਾਉਣੀਆਂ, ਸਿਰਫ ਇਹ ਜਾਂਚ ਕਰਦੇ ਰਹਿਣਾ ਹੈ ਕਿ ਇਨ੍ਹਾਂ ਦੇ ਦਫਤਰ ਵਿਚ ਕਿਤੇ ਕੋਈ ਭ੍ਰਿਸ਼ਟਾਚਾਰ ਵਾਲੀ ਗੱਲ ਨਾ ਹੋ ਰਹੀ ਹੋਵੇ। ਇਹ ਜ਼ਰੂਰੀ ਨਹੀਂ ਹੁੰਦਾ ਕਿ ਪ੍ਰਧਾਨ ਮੰਤਰੀ ਜਾਂ



ਡਾ. ਮਨਮੋਹਨ ਸਿੰਘ

ਮੁੱਖ ਜੱਜ ਦੀ ਨੀਤ ਉਤੇ ਸ਼ੱਕ ਕਾਰਨ ਹੀ ਇੰਜ ਕੀਤਾ ਜਾਵੇ। ਕਈ ਵਾਰ ਉਨ੍ਹਾਂ ਨਾਲ ਜੁੜੇ ਹੋਏ ਲੋਕ ਵੀ ਕੰਮ ਦੇ ਗਾੜ੍ਹ ਵਿਚ ਕਾਗਜ਼ਾਂ ਨਾਲ ਜੋੜ ਕੇ ਕੋਈ ਕਾਗਜ਼ ਕੱਢਵਾਉਣ ਦੀ ਸਾਜ਼ਿਸ਼ ਕਰ ਸਕਦੇ ਹਨ। ਪ੍ਰਧਾਨ ਮੰਤਰੀ ਆਪਣੀ ਇਨਕਮ ਟੈਕਸ ਦੀ ਰਿਟਰਨ ਭਰਦੇ ਹਨ। ਉਸ ਰਿਟਰਨ ਨੂੰ ਬਾਕੀਆਂ ਦੇ ਨਾਲ ਕੋਈ ਨਾ ਕੋਈ ਇਨਕਮ ਟੈਕਸ ਇੰਸਪੈਕਟਰ ਦੇਖਦਾ ਹੈ ਤੇ ਜੇ ਟੈਕਸ ਪੂਰਾ ਹੋਵੇ ਤਾਂ ਅਗਾਊਂ ਜਮਾਂ ਕਰਾਏ ਜਾ ਚੁੱਕੇ ਟੈਕਸ ਵਿਚਲੀ ਵੱਧ ਰਕਮ ਦੀ ਵਾਪਸੀ ਦਾ ਵਾਊਚਰ ਬਣਾ ਕੇ ਭੇਜਦਾ ਹੈ। ਇਸ ਦੌਰਾਨ ਜੇ ਬਣਦੇ ਤੋਂ ਘੱਟ ਪੈਸੇ ਜਮ੍ਹਾਂ ਹੋਏ ਹੋਣ ਤਾਂ ਉਹ ਇਸ ਵੱਲ ਧਿਆਨ ਵੀ ਦਿਵਾਉਂਦਾ ਹੈ। ਏਦਾਂ ਕਰਦਿਆਂ ਉਹ ਪ੍ਰਧਾਨ ਮੰਤਰੀ ਤੋਂ ਉਤੇ ਨਹੀਂ ਹੋ ਜਾਂਦਾ। ਪ੍ਰਧਾਨ ਮੰਤਰੀ ਦੇ ਵਿਦੇਸ਼ ਦੌਰੇ ਸਮੇਂ ਏਅਰਪੋਰਟ ਉਤੇ ਬੈਠਾ ਇਮੀਗਰੇਸ਼ਨ ਅਫਸਰ ਉਸ ਦਾ ਪਾਸਪੋਰਟ ਵੇਖ ਕੇ ਉਸ ਉਤੇ ਜਾਣ ਅਤੇ ਆਉਣ ਦੀ ਮੋਹਰ ਲਾਉਂਦੇ ਸਮੇਂ ਇਹ ਵੀ ਵੇਖਦਾ ਹੈ ਕਿ ਕਿਤੇ ਮਿਆਦ ਤਾਂ ਨਹੀਂ ਲੰਘ ਗਈ। ਇੰਜ ਕਰਨ ਨਾਲ ਉਹ ਪ੍ਰਧਾਨ ਮੰਤਰੀ ਤੋਂ ਉਪਰ ਨਹੀਂ ਹੋ ਜਾਂਦਾ।

ਬੀਤੇ ਸਾਲ ਇੱਕ ਦਿਨ ਪ੍ਰਧਾਨ ਮੰਤਰੀ ਦਾ ਕਾਫਲਾ ਪਾਰਲੀਮੈਂਟ ਭਵਨ ਦੇ ਕੰਪਲੈਕਸ ਤੋਂ ਪਿੱਛੇ ਮੋੜਿਆ ਗਿਆ ਸੀ। ਕਾਰਨ ਇਹ ਸੀ ਕਿ ਉਹ ਕਾਫਲਾ ਕਿਸੇ ਪਾਸਿਓਂ ਮੁੜਦੇ ਹੋਏ ਛੋਟਾ ਰੂਟ ਤੱਕ ਕੇ ਓਧਰ ਦੀ ਉਦੋਂ ਲੰਘਣ ਲੱਗਾ ਸੀ, ਜਦੋਂ ਗੇਟ ਬੰਦ ਕਰਨ ਦਾ ਸਮਾਂ ਹੋ ਚੁੱਕਾ ਸੀ ਅਤੇ ਨਿਯਮਾਂ ਮੁਤਾਬਕ ਦੋਬਾਰਾ ਗੇਟ ਖੋਲ੍ਹੇ ਨਹੀਂ ਸਨ ਜਾ ਸਕਦੇ। ਜਿਨ੍ਹਾਂ ਨੇ ਉਸ ਵਕਤ ਪ੍ਰਧਾਨ ਮੰਤਰੀ ਦੇ ਕਾਫਲੇ ਨੂੰ ਮੋੜ ਕੇ ਦੂਜੇ ਪਾਸੇ ਤੋਂ ਆਉਣ ਲਈ ਕਹਿ ਦਿੱਤਾ ਸੀ, ਉਹ ਪ੍ਰਧਾਨ ਮੰਤਰੀ ਤੋਂ ਵੱਡੇ ਨਹੀਂ ਸਨ ਹੋ ਗਏ।

ਫਿਰ ਇਹ ਵੀ ਇੱਕ ਭਰਮ ਹੈ ਕਿ ਪ੍ਰਧਾਨ ਮੰਤਰੀ ਅਤੇ ਦੇਸ਼ ਦਾ ਮੁੱਖ ਜੱਜ ਹਰ ਕਿਸੇ ਸ਼ੱਕ ਤੋਂ ਪਰੇ ਹੁੰਦੇ ਹਨ। ਉਹ ਸ਼ੱਕ ਤੋਂ ਉਪਰ ਹੋਣੇ ਚਾਹੀਦੇ ਹਨ ਪਰ ਹਮੇਸ਼ਾ ਨਹੀਂ ਹੁੰਦੇ। ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸੀ, ਜਦੋਂ ਉਸ ਉਤੇ ਬੋਫੋਰਜ਼ ਤੋਪਾਂ ਦੇ ਸੌਦੇ ਵਿਚ ਹੱਥ ਰੰਗਣ ਦਾ ਦੋਸ਼ ਲੱਗਾ ਸੀ। ਨਰਸਿਮਹਾ ਰਾਓ ਉਤੇ ਪ੍ਰਧਾਨ ਮੰਤਰੀ ਹੁੰਦੇ ਸਮੇਂ ਚਾਰ ਕੇਸ ਬਣੇ ਸਨ ਅਤੇ ਅਹੁਦਾ ਛੱਡਣ ਪਿੱਛੋਂ ਉਸ ਨੂੰ ਜੇਲ੍ਹ ਵੀ ਜਾਣਾ ਪਿਆ ਸੀ। ਕੱਲ੍ਹ ਨੂੰ ਕੋਈ ਹੋਰ ਪ੍ਰਧਾਨ ਮੰਤਰੀ ਵੀ ਇਸ ਤਰ੍ਹਾਂ ਦਾ ਬਣ ਸਕਦਾ ਹੈ। ਦੇਸ਼ ਦੇ ਮੁੱਖ ਜੱਜ ਦੇ ਅਹੁਦੇ ਬਾਰੇ ਵੀ ਇਸ ਖਦਸ਼ੇ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਭਾਰਤ ਦਾ ਇੱਕ ਮੁੱਖ ਜੱਜ ਜਸਟਿਸ ਬਾਲਾਕ੍ਰਿਸ਼ਨਨ ਹਾਲੇ ਪਿਛਲੇਰੇ ਸਾਲ ਰਿਟਾਇਰ ਹੋਇਆ ਹੈ, ਉਸ ਦੇ ਪਰਿਵਾਰ ਦੇ ਜੀਆਂ ਵੱਲੋਂ ਭ੍ਰਿਸ਼ਟਾਚਾਰ ਦੀ ਹਨੇਰੀ ਲਿਆ ਦੇਣ ਦੇ ਚਰਚੇ ਅਜੇ ਤੱਕ ਵੀ ਰੁਕੇ ਨਹੀਂ। ਭੋਪਾਲ ਗੈਸ ਕਾਂਡ ਵਿਚ ਹਜ਼ਾਰਾਂ ਲੋਕ ਮਾਰੇ ਗਏ ਸਨ ਅਤੇ ਜਿਸ ਜੱਜ ਨੇ ਇਸ ਮੁਕੱਦਮੇ ਨੂੰ ਇੱਕ ਟਰੱਕ ਹਾਦਸੇ ਦੇ ਬਰਾਬਰ ਤੋਲ ਦਿੱਤਾ ਸੀ, ਉਹ ਰਿਟਾਇਰ ਹੋਣ ਮਗਰੋਂ ਭੋਪਾਲ ਦੇ ਗੈਸ ਪੀੜਤਾਂ ਲਈ ਕੰਪਨੀ ਵੱਲੋਂ ਬਣਵਾਏ ਗਏ ਹਸਪਤਾਲ ਦਾ ਮੁਖੀ ਬਣਾ ਦਿੱਤਾ ਗਿਆ ਸੀ। ਉਸ ਉਤੇ ਇਹ ਮਿਹਰਬਾਨੀ ਉਸ ਕੰਪਨੀ ਨੇ ਮੁਫਤੋ ਮੁਫਤ ਨਹੀਂ ਸੀ ਕੀਤੀ। ਜੇ ਇਸ ਵਿਚ ਕੁਝ ਵੀ ਗਲਤ ਨਹੀਂ ਸੀ ਹੋਇਆ ਤਾਂ ਜਦੋਂ ਉਸ ਨਿਯੁਕਤੀ ਦਾ ਰੌਲਾ ਪੈ ਗਿਆ, ਉਦੋਂ ਉਹ ਜੱਜ ਬਿਨਾ ਕਾਰਨ ਦੱਸੇ ਮੁਖੀ ਦਾ ਅਹੁਦਾ ਛੱਡ ਕੇ ਤੁਰ ਕਿਉਂ ਗਿਆ ਸੀ? ਭ੍ਰਿਸ਼ਟਾਚਾਰ ਦੇ ਸ਼ੱਕ ਤੋਂ ਉਸ ਜੱਜ ਨੂੰ ਪਾਸੇ ਕਿਵੇਂ ਕੀਤਾ ਜਾ ਸਕਦਾ ਹੈ?

ਹੁਣ ਭਾਰਤ ਦੇਸ਼ ਜਿਹੜੇ ਪੜਾਅ ਉਤੇ ਪਹੁੰਚ ਗਿਆ ਹੈ, ਉਥੇ ਲੋਕ ਭ੍ਰਿਸ਼ਟਾਚਾਰ ਨੂੰ ਬਾਹਲਾ ਸਮਾਂ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਜਾਪਦੇ। ਉਹ ਇੱਕ ਵਾਰੀ ਮੈਦਾਨ ਵਿਚ ਨਿਕਲ ਆਏ ਹਨ। ਇਸ ਵਕਤ ਦੋ ਹੀ ਰਾਹ ਬਚਦੇ ਹਨ। ਪਹਿਲਾ ਇਹ ਕਿ ਹਾਂਗ ਕਾਂਗ ਦੇ ਇੰਡੀਪੈਂਡੈਂਟ ਕਮਿਸ਼ਨ ਅਗੇਂਸਟ ਕੁਰੱਪਸ਼ਨ ਵਾਂਗ ਇੱਕ 'ਜਨ ਲੋਕਪਾਲ' ਦਾ ਆਜ਼ਾਦ ਅਹੁਦਾ ਸਿਰਜ ਕੇ ਉਸ ਨੂੰ ਹਰ ਵੱਡੇ-ਛੋਟੇ ਉਤੇ ਅੱਖ ਰੱਖਣ ਦਾ ਹੱਕ ਦੇ ਦਿੱਤਾ ਜਾਵੇ। ਦੂਜਾ ਇਹ ਕਿ ਲੋਕਾਂ ਦੀ ਮੰਗ ਨੂੰ ਏਨਾ ਲਮਕਾ ਦਿੱਤਾ ਜਾਵੇ ਕਿ ਉਹ ਅੱਕ ਕੇ ਭ੍ਰਿਸ਼ਟਾਚਾਰ ਨੂੰ ਆਪਣਾ ਨਸੀਬਾ ਸਮਝ ਕੇ ਇੰਜ ਬੈਠ ਜਾਣ ਕਿ ਅੱਗੇ ਲਈ ਸਿਰ ਉਠਾਉਣ ਵਾਲਾ ਹੀ ਕੋਈ ਨਾ ਰਹੇ। ਭਾਰਤ ਸਰਕਾਰ ਇਹ ਦੂਸਰਾ ਰਾਹ ਅਖਤਿਆਰ ਕਰ ਰਹੀ ਜਾਪਦੀ ਹੈ ਅਤੇ ਵਿਰੋਧ ਦੀ ਮੁੱਖ ਧਿਰ ਵਾਲੇ ਵੀ ਉਤੋਂ ਭਾਵੇਂ ਲੋਕਾਂ ਨਾਲ ਖੜੋਣ ਦਾ ਦਮ ਭਰ ਰਹੇ ਹੋਣ, ਅੰਦਰੋਂ ਇਸ ਖੇਡ ਨੂੰ ਆਪਣੇ ਲਈ ਲਾਹੇਵੰਦੀ ਸਮਝਦੇ ਹਨ। ਲੱਗਦਾ ਨਹੀਂ ਕਿ ਭਾਰਤ ਦੇ ਲੋਕ ਏਨੀ ਛੇਤੀ ਹਾਰ ਮੰਨ ਲੈਣਗੇ। ਉਹ ਇਹ ਮੰਨ ਕੇ ਤੁਰੇ ਹੋਏ ਜਾਪਦੇ ਹਨ ਕਿ ਲੜਾਈ ਹੁਣ 'ਅਭੀ ਜਾਂ ਕਭੀ ਨਹੀਂ' ਵਾਲੇ ਉਸ ਪੜਾਅ ਉਤੇ ਪਹੁਚ ਚੁੱਕੀ ਹੈ, ਜਿੱਥੇ ਪੈਰ ਪਿੱਛੇ ਖਿੱਚਣ ਦੀ ਗੁੰਜਾਇਸ਼ ਨਹੀਂ ਰਹੀ।

## ਕੈਨੇਡਾ ਡਾਇਰੀ

*(ਪਿਛਲੇ ਸਫੇ ਤੋਂ ਜਾਰੀ)*

ਅਜਿਹੇ ਪੰਜਾਬੀ ਦਰਸ਼ਕ ਵੀ ਪੁੱਜੇ ਜਿਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਹਾਕੀ ਵਰਗੀ ਖੇਡ ਬਰਫ਼ ਉਪਰ ਵੀ ਖੇਡੀ ਜਾ ਸਕਦੀ ਹੈ। ਪੰਜਾਬੀ ਬਜ਼ੁਰਗ ਗੁਰਦਿਆਲ ਸਿੰਘ ਸਮਰਾ ਦਾ ਕਹਿਣਾ ਹੈ ਕਿ ਪੋਤੇ-ਪੋਤੀਆਂ ਤੋਂ ਸਿੱਖ ਕੇ ਹੁਣ ਉਸ ਨੂੰ ਆਈਸ ਹਾਕੀ ਦੀ ਕਾਫ਼ੀ ਸਮਝ ਹੈ। ਆਈਸ ਹਾਕੀ ਦੇ ਪੰਜਾਬੀ ਖੇਡ ਪ੍ਰੇਮੀਆਂ ਤੋਂ ਸਪੱਸ਼ਟ ਹੈ ਕਿ ਬਜ਼ੁਰਗ ਪਰਵਾਸੀ ਪੰਜਾਬੀ ਪੀੜ੍ਹੀ ਨੇ ਵੀ ਆਪਣੇ-ਆਪ ਨੂੰ ਕੈਨੇਡਾ ਦੇ ਮਾਹੌਲ ਅਨੁਸਾਰ ਢਾਲ ਲਿਆ ਹੈ।

**ਫਿਰੋਜ਼ ਖਾਨ ਉਪਰ ਹਮਲੇ ਦਾ ਮਾਮਲਾ:** 21 ਜਨਵਰੀ 2009 ਦੀ ਸਵੇਰੇ ਵੈਨਕੂਵਰ ਦੇ ਦੋ ਪੁਲਿਸ ਅਫ਼ਸਰਾਂ ਵੱਲੋਂ ਫਿਰੋਜ਼ ਖਾਨ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਸੀ। ਕੁੱਟਮਾਰ ਕਰਨ ਮੌਕੇ ਦੋਵੇਂ ਪੁਲਿਸ ਅਫ਼ਸਰ ਨਸ਼ੇ ਵਿਚ ਧੁੱਤ ਸਨ। ਇਨ੍ਹਾਂ ਵਿਚੋਂ ਇਕ ਗ੍ਰਿਫਨ ਗਿੱਲ ਨੂੰ ਅਦਾਲਤ ਪਹਿਲਾਂ ਹੀ ਦੋਸ਼ੀ ਠਹਿਰਾ ਚੁੱਕੀ ਹੈ। ਅਦਾਲਤ ਨੇ ਹੁਣ ਦੂਜੇ ਪੁਲਿਸ ਅਫ਼ਸਰ ਜੈਫਰੀ ਕਲਾਸਨ ਨੂੰ ਦੋਸ਼ੀ ਮੰਨਦਿਆਂ ਇਕ ਸਾਲ ਦੀ ਡਿਊਟੀ ਤੋਂ ਬਰਖਾਸਤਗੀ ਦੀ ਸਜ਼ਾ ਸੁਣਾਈ ਹੈ। ਫਿਰੋਜ਼ ਖਾਨ ਨੇ ਦੱਸਿਆ ਕਿ ਉਸ ਨੂੰ ਉਮੀਦ ਸੀ ਕਿ ਅਦਾਲਤ ਜੈਫਰੀ ਨੂੰ ਜੇਲ੍ਹ ਭੇਜੇਗੀ, ਪਰ ਫਿਰ ਵੀ ਉਹ ਫੈਸਲੇ ਤੋਂ ਖ਼ੁਸ਼ ਹੈ।

**ਕੈਨੇਡਾ ਪੋਸਟ ਦੀ ਹੜਤਾਲ:** ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਕੈਨੇਡਾ ਪੋਸਟ ਦੀ ਹੜਤਾਲ ਕਾਰਨ ਚਿੱਠੀ ਪੱਤਰ ਦਾ ਕੰਮ ਕਾਫ਼ੀ ਪ੍ਰਭਾਵਿਤ ਹੋ ਰਿਹਾ ਹੈ। ਬਹੁਤਾ ਕੰਮ ਇੰਟਰਨੈਟ ਰਾਹੀਂ ਹੋਣ ਕਰਕੇ ਭਾਵੇਂ ਵੱਡੀਆਂ ਕੰਪਨੀਆਂ ਪ੍ਰਭਾਵਿਤ ਨਹੀਂ ਹੋਈਆਂ ਪਰ ਆਮ ਲੋਕਾਂ ਦੇ ਨਿੱਜੀ ਪੱਤਰਾਂ ਦਾ ਕੰਮ ਕਾਫ਼ੀ ਪ੍ਰਭਾਵਿਤ ਹੋ ਰਿਹਾ ਹੈ।

*To Advertise with Punjab Times*
**Call: 847-359-0746**
**Fax: 847-705-9388**
*Visit us on the web:www.punjabtimesusa.com*

**ਜਾਇਦਾਦ ਦੀ ਖਰੀਦ-ਵੇਚ**

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੁਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਗੁਰੂ ਘਰ ਐਲ ਸਬਰਾਂਟੇ ਵਲੋਂ ਚੌਥਾ ਸਫਲ ਨਗਰ ਕੀਰਤਨ

**ਐਲ ਸਬਰਾਂਟੇ:** ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਸਿੱਖ ਕੌਮ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਨਗਰ ਕੀਰਤਨ ਗੁਰਦੁਆਰਾ ਐਲ ਸਬਰਾਂਟੇ ਦੀਆਂ ਸੰਗਤਾਂ ਵਲੋਂ ਕੈਲੀਫੋਰਨੀਆ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਰਕਲੇ ਸ਼ਹਿਰ ਵਿਚ ਲੰਘੀ 12 ਜੂਨ ਨੂੰ ਸਜਾਇਆ ਗਿਆ। ਇਹ ਇਸ ਗੁਰੂ ਘਰ ਵੱਲੋਂ ਛੇਵਾਂ ਅਤੇ ਬਰਕਲੇ ਸ਼ਹਿਰ ਵਿਚ ਚੌਥਾ ਨਗਰ ਕੀਰਤਨ ਸੀ।

ਨਗਰ ਕੀਰਤਨ ਸਿਵਿਕ ਪਾਰਕ ਤੋਂ ਆਰੰਭ ਹੋਇਆ ਜਿਥੇ ਸੰਗਤਾਂ ਸਵੇਰੇ ਦਸ ਵਜੇ ਤੋਂ ਵੀ ਪਹਿਲਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ ਸਨ। ਨਗਰ ਕੀਰਤਨ ਦਾ ਅਰੰਭ ਹੁਕਮਨਾਮਾ ਲੈਣ ਉਪਰੰਤ ਗੁਰੂ ਘਰ ਦੇ ਰਾਗੀ ਭਾਈ ਅਵਤਾਰ ਸਿੰਘ ਅਤੇ ਸਾਥੀਆਂ ਵੱਲੋਂ ਸ਼ਬਦ ਕੀਰਤਨ ਤੇ ਅਰਦਾਸ ਨਾਲ ਸਵੇਰੇ ਸਾਢੇ ਗਿਆਰਾਂ ਵਜੇ ਹੋਇਆ।

ਨਗਰ ਕੀਰਤਨ ਦੀ ਅਗਵਾਈ ਤਿਆਰ ਬਰ ਤਿਆਰ ਬਾਣੇ ਵਿਚ ਸਜੇ ਪੰਜ ਨਿਸ਼ਾਨਚੀ ਅਤੇ ਪੰਜ ਪਿਆਰੇ ਕਰ ਰਹੇ ਸਨ। ਗੁਰੂ ਮਹਾਰਾਜ ਦੀ ਸਵਾਰੀ ਖਾਸ ਇਸ ਮੌਕੇ ਲਈ ਬਣਾਏ ਗਏ ਅਤੇ ਬਹੁਤ ਹੀ ਸੁੰਦਰ ਤਰੀਕੇ ਨਾਲ ਸਜਾਏ ਗਏ ਫਲੋਟ ਵਿਚ ਸੁਸ਼ੋਭਿਤ ਸੀ। ਰਾਗੀ ਸਿੰਘ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸ਼ਹਿਰ ਦੀ ਫਿਜ਼ਾ ਵਿਚ ਇਲਾਹੀ ਰੰਗ ਘੋਲ ਰਹੇ ਸਨ। ਗੁਰੂ ਮਹਾਰਾਜ ਦੀ ਸਵਾਰੀ ਦੇ ਪਿਛੇ ਸੰਗਤਾਂ ਵਾਹਿਗੁਰੂ ਦਾ ਜਾਪ ਕਰਦੀਆਂ ਚੱਲ ਰਹੀਆਂ ਸਨ। ਵੱਖ ਵੱਖ ਸੰਸਥਾਵਾਂ ਦੇ ਫਲੋਟ ਆਪਣੀਆਂ ਹਾਜ਼ਰੀਆਂ ਲਵਾ ਰਹੇ ਸਨ।

ਇਸ ਮੌਕੇ ਖਾਸ ਤੌਰ 'ਤੇ ਪੁੱਜੇ ਭਾਈ ਪਰਪਾਲ ਸਿੰਘ-ਹਜ਼ੂਰੀ ਰਾਗੀ ਦਰਬਾਰ ਸਾਹਿਬ, ਭਾਈ ਬਲਦੇਵ ਸਿੰਘ-ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ, ਭਾਈ ਕੁਲਦੀਪ ਸਿੰਘ-ਸਾਬਕਾ ਰਾਗੀ ਗੁਰਦਵਾਰਾ ਸਾਹਿਬ ਐਲ ਸਬਰਾਂਟੇ ਅਤੇ ਗੁਰੂ ਘਰ ਦੇ ਰਾਗੀ ਭਾਈ ਅਵਤਾਰ ਸਿੰਘ ਦੇ ਜਥਿਆਂ ਨੇ ਨਗਰ ਕੀਰਤਨ ਦੌਰਾਨ ਰਸਭਿੰਨੇ ਕੀਰਤਨ ਦੀ ਛਹਿਬਰ ਲਾਈ।

ਦਰਬਾਰ ਸਾਹਿਬ ਦਾ ਸੁਨਹਿਰੀ ਮਾਡਲ ਨਗਰ ਕੀਰਤਨ ਦੌਰਾਨ ਵਿਸ਼ੇਸ਼ ਖਿਚ ਦਾ ਕਾਰਨ ਸੀ। ਕੇਸਰੀ ਅਤੇ ਨੀਲੀਆਂ ਦਸਤਾਰਾਂ ਅਤੇ ਦੁਪੱਟਿਆਂ ਵਿਚ ਸੰਗਤ ਦਾ ਠਾਠਾਂ ਮਾਰਦਾ ਇਕੱਠ ਇੱਕ ਅਲੌਕਿਕ ਦ੍ਰਿਸ਼ ਪੇਸ਼ ਕਰ ਰਿਹਾ ਸੀ।






ਨੀਲੀਆਂ ਦਸਤਾਰਾਂ ਵਿਚ ਸਜੇ ਛੋਟੇ ਛੋਟੇ ਬੱਚੇ ਅਤੇ ਨੌਜਵਾਨ ਗਤਕੇ ਦੇ ਜੌਹਰ ਵਿਖਾ ਕੇ ਸੰਗਤਾਂ ਨੂੰ ਅਚੰਭਿਤ ਕਰ ਰਹੇ ਸਨ।

ਨਗਰ ਕੀਰਤਨ ਸਿਵਿਕ ਪਾਰਕ ਤੋਂ ਚਲ ਕੇ ਯੂਨੀਵਰਸਿਟੀ ਐਵੇਨਿਊ ਤੋਂ ਹੁੰਦਾ ਹੋਇਆ ਕੈਲੀਫੋਰਨੀਆ ਸਟਰੀਟ ਤੋਂ ਆਲਸਟਨ ਵੇ ਸਿਵਿਕ ਪਾਰਕ ਵਿਖੇ ਢਾਈ ਵਜੇ ਵਾਪਸ ਪਰਤਿਆ।

ਸਿਵਿਕ ਪਾਰਕ ਅਤੇ ਨਗਰ ਕੀਰਤਨ ਦੇ ਸਾਰੇ ਰਸਤੇ ਉਤੇ ਜਲ ਅਤੇ ਹੋਰ ਖਾਣ ਪੀਣ ਦਾ ਖੁੱਲ੍ਹਾ ਪ੍ਰਬੰਧ ਸੀ। ਲੰਗਰ ਵਿਚ ਵਰਤਾਏ ਜਾ ਰਹੇ ਭਾਂਤ ਸੁਭਾਂਤੇ ਪਦਾਰਥਾਂ ਦਾ ਬਰਕਲੇ ਸ਼ਹਿਰ ਦੇ ਲੋਕਲ ਪ੍ਰਾਣੀਆਂ ਨੇ ਵੀ ਆਨੰਦ ਮਾਣਿਆ। ਗੁਰੂ ਘਰ ਦੀ ਤਰਫੋਂ ਭਾਈ ਅਮਰੀਕ ਸਿੰਘ ਪੰਨੂੰ ਵਲੋਂ ਗੁਰੂ ਅਰਜਨ ਦੇਵ ਅਤੇ ਸਿੱਖੀ ਬਾਰੇ ਵੰਡੇ ਜਾ ਰਹੇ ਲਿਟਰੇਚਰ ਨੂੰ ਗੈਰ ਸਿੱਖਾਂ ਨੇ ਵੀ ਬਹੁਤ ਉਤਸ਼ਾਹ ਨਾਲ ਕਬੂਲਿਆ। ਸਿੱਖ ਧਰਮ ਦੇ ਸਾਂਝੀਵਾਲਤਾ ਅਤੇ ਲੰਗਰ ਦੇ ਸੰਕਲਪ ਦੀ ਗੈਰ ਸਿੱਖਾਂ ਵੱਲੋਂ ਵੀ ਬਹੁਤ ਸ਼ਲਾਘਾ ਕੀਤੀ ਗਈ।

ਪਾਰਕ ਵਿਚ ਪੁੱਜਣ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ। ਸ਼ੁਰੂਆਤ ਹਜ਼ੂਰੀ ਰਾਗੀ ਭਾਈ ਪਰਪਾਲ ਸਿੰਘ ਅਤੇ ਸਾਥੀਆਂ ਵੱਲੋਂ ਗੁਰ ਕੀਰਤਨ ਦੁਆਰਾ ਕੀਤੀ ਗਈ। ਭਾਈ ਕੁਲਵੰਤ ਸਿੰਘ ਪੰਡੋਰੀ ਅਤੇ ਸਾਥੀਆਂ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਗੁਰਬਚਨ ਸਿੰਘ ਅਤੇ ਉਪ ਮੁੱਖ ਸੇਵਾਦਾਰ ਭਾਈ ਝਿਰਮਲ ਸਿੰਘ ਵੱਲੋਂ ਗੁਰੂ ਦਾ ਸ਼ੁਕਰਾਨਾ ਅਤੇ ਸੰਗਤਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਗੁਰਦੁਆਰਾ ਫਰੀਮਾਂਟ ਤੋਂ ਭਾਈ ਜਸਵਿੰਦਰ ਸਿੰਘ ਜੰਡੀ ਨੇ ਪੰਜਵੇਂ ਪਾਤਸ਼ਾਹ ਦੀ ਅਦੁੱਤੀ ਸ਼ਹਾਦਤ ਨੂੰ ਅਜੋਕੇ ਸਮੇਂ ਲਈ ਇੱਕ ਪ੍ਰੇਰਨਾ ਸ੍ਰੋਤ ਦੱਸਿਆ ਅਤੇ ਨਾਲ ਹੀ ਇਸ ਗੱਲ 'ਤੇ ਗਿਲਾ ਕੀਤਾ ਕਿ ਸਿੱਖ ਆਪਣੇ ਮੌਜੂਦਾ ਮਸਲਿਆਂ ਦੇ ਸਬੰਧ ਵਿਚ ਉਨਾ ਲਾਮਬੰਦ ਹੋ ਕੇ ਨਹੀਂ ਚਲਦੇ ਜਿੰਨਾ ਕਿ ਚਲਣਾ ਚਾਹੀਦਾ ਹੈ।

ਸਟੇਟ ਸੈਨੇਟਰ ਰੋਨੀ ਹੈਨਕੌਕ, ਅਸੈਂਬਲੀਵੁਮੈਨ ਨੈਂਸੀ ਸਕਿੱਨਰ, ਬਾਰਟ ਦੀ ਡਾਇਰੈਕਟਰ ਮਿਸ ਸਵੀਟ, ਬਰਕਲੇ ਸਿਟੀ ਦੇ ਮੇਅਰ ਟੌਮ ਬੇਟਸ ਅਤੇ ਰਿਚਮੰਡ ਸਿਟੀ ਕੌਂਸਲ ਦੇ ਮੈਂਬਰ ਮਿ. ਕੌਰਕੀ ਬੂਜ਼ੇ ਅਤੇ ਭਾਈ ਸੁਰਿੰਦਰਜੀਤ ਸਿੰਘ ਬਾਜਵਾ ਨੇ ਵੀ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਮੰਚ ਸੰਚਾਲਨ ਗੁਰੂ ਘਰ ਦੇ ਸਕੱਤਰ ਭਾਈ ਗੁਰਮੇਲ ਸਿੰਘ ਸੈਣੀ ਅਤੇ ਉਪ ਸਕੱਤਰ ਭਾਈ ਰਵਿੰਦਰ ਸਿੰਘ ਬਾਠ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ।





























## ਪ੍ਰੋ. ਭੁੱਲਰ ਦੀ ਚੜ੍ਹਦੀ ਕਲ੍ਹਾ ਲਈ ਅਰਦਾਸ 19 ਜੂਨ ਨੂੰ

**ਸੈਨ ਹੋਜ਼ੇ:** ਬਿੱਟਾ ਬੰਬ ਵਿਸਫੋਟ ਕੇਸ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਚੜ੍ਹਦੀ ਕਲਾ ਲਈ ਗੁਰਦੁਆਰਾ ਸੈਨ ਹੋਜੇ ਵਿਚ ਅਰਦਾਸ 19 ਜੂਨ ਐਤਵਾਰ ਨੂੰ ਕੀਤੀ ਜਾਵੇਗੀ।

ਇਹ ਜਾਣਕਾਰੀ ਦਿੰਦਿਆਂ ਗੁਰੂਘਰ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਢਿਲੋਂ ਨੇ ਦੱਸਿਆ ਕਿ ਇਸ ਸਬੰਧ ਵਿਚ 13 ਜੂਨ ਸੋਮਵਾਰ ਨੂੰ ਸਹਿਜ਼ ਪਾਠ ਅਰੰਭ ਕੀਤਾ ਜਾਵੇਗਾ ਅਤੇ ਇਸ ਦਾ ਭੋਗ 19 ਜੂਨ ਨੂੰ ਪਾਇਆ ਜਾਵੇਗਾ। ਭਾਈ ਢਿੱਲੋਂ ਨੇ ਸਮੂਹ ਸੰਗਤ ਨੂੰ ਇਸ ਅਰਦਾਸ ਦਿਵਸ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ।

## ਰੀਨੋ ਵਿਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

**ਰੀਨੋ, ਨੇਵਾਡਾ (ਬਿਊਰੋ):** ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਇਥੇ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਸੰਗਤਾਂ ਨੇ ਲੰਘੀ 5 ਜੂਨ ਨੂੰ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਨਾਲ ਮਨਾਇਆ। ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਦੀ ਕੁਰਬਾਨੀ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ।

ਇਸ ਮੌਕੇ ਨਾਭੇ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਸ਼ਹੀਦੀ ਵਾਰਾਂ ਗਾ ਕੇ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

## ਗਰਿਡਲੀ 'ਚ ਤੀਆਂ ਦਾ ਮੇਲਾ 10 ਜੁਲਾਈ ਨੂੰ

**ਸੈਕਰਾਮੈਂਟੋ:** ਇਥੋਂ ਨਜਦੀਕੀ ਕਸਬੇ ਲਾਈਵਓਕ-ਗਰਿਡਲੀ ਵਿਚ ਤੀਆਂ ਦਾ ਦੂਸਰਾ ਸਾਲਾਨਾ ਮੇਲਾ ਬਿਊਟ ਕਾਉਂਟੀ ਫੇਅਰ ਗਰਾਉਂਡ ਵਿਚ ਆਉਂਦੀ 10 ਜੁਲਾਈ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਮੇਲੇ ਵਿਚ ਛੋਟੀ ਉਮਰ ਦੀਆਂ ਬੱਚੀਆਂ ਤੋਂ ਲੈ ਕੇ ਵਡੀ ਉਮਰ ਦੀਆਂ ਸੁਆਣੀਆਂ ਢੋਲਕ ਦੀ ਥਾਪ 'ਤੇ ਗੀਤ ਗਾਉਣਗੀਆਂ, ਬੋਲੀਆਂ ਪਾਉਣਗੀਆਂ ਅਤੇ ਗਿੱਧੇ ਦਾ ਪਿੜ ਬੰਨਣਗੀਆਂ।

ਇਸ ਤੋਂ ਇਲਾਵਾ ਉਘੀ ਪੰਜਾਬੀ ਗਾਇਕਾ ਸਤਵਿੰਦਰ ਬਿਟੀ ਸਰੋਤਿਆਂ ਦਾ ਮਨੋਰੰਜਨ ਕਰੇਗੀ, ਮਹਿੰਦਰਜੀਤ ਕੌਰ ਖਿਆੜਾ ਆਪਣੇ ਲਿਖੇ ਗੀਤ ਸਰੋਤਿਆਂ ਦੀ ਨਜ਼ਰ ਕਰੇਗੀ। ਮੰਚ ਸੰਚਾਲਨ ਬੀਬੀ ਆਸ਼ਾ ਸ਼ਰਮਾ ਕਰੇਗੀ। ਗਰਿਡਲੀ ਸ਼ਹਿਰ ਹਾਈਵੇਅ 99 ਉਤੇ ਯੂਬਾ ਸਿਟੀ ਅਤੇ ਚੀਕੋ ਦੇ ਵਿਚਕਾਰ ਹੈ ਜਿਥੇ ਪੰਜਾਬੀਆਂ ਦੀ ਚੋਖੀ ਵਸੋਂ ਹੈ।

## ਚੌਥੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ 10 ਜੁਲਾਈ ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਸਟਾਕਟਨ ਯੂਨਿਟ ਵੱਲੋਂ ਚੌਥੀ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਆਉਂਦੀ 10 ਜੁਲਾਈ, ਐਤਵਾਰ ਨੂੰ ਇਥੇ ਸਵਾਗਤ ਇੰਡੀਅਨ ਕੁਜ਼ੀਨ ਵਿਚ ਹੋ ਰਹੀ ਹੈ ਜਿਸ ਵਿਚ ਡਾ. ਜਸਵਿੰਦਰ ਸਿੰਘ "ਸਮਕਾਲੀ ਅਮਰੀਕੀ ਪੰਜਾਬੀ ਕਹਾਣੀ:ਬਿਰਤਾਂਤ ਅਤੇ ਦ੍ਰਿਸ਼ਟੀਕੋਣ" ਅਤੇ ਡਾ. ਧਨਵੰਤ ਕੌਰ "ਅਮਰੀਕੀ ਪੰਜਾਬੀ ਕਹਾਣੀ:ਥੀਮਗਤ ਅਧਿਐਨ" ਨਾਂ ਦੇ ਖੋਜ ਪੇਪਰ ਪੜ੍ਹਨਗੇ।

ਕਾਨਫਰੰਸ ਵਿਚ ਮੁੱਖ ਮਹਿਮਾਨ ਪ੍ਰਸਿੱਧ ਲੇਖਕਾ ਸੁਰਜੀਤ ਕਲਸੀ ਅਤੇ ਕਹਾਣੀਕਾਰ ਅਮਰਜੀਤ ਚਾਹਲ ਹੋਣਗੇ। ਪ੍ਰੋਗਰਾਮ ਦੀ ਸ਼ੁਰੂਆਤ ਕੂਲ ਪੰਜਾਬੀ ਵਿਰਸਾ ਸਟਾਕਟਨ ਦੀ ਪ੍ਰਸਿੱਧ ਸੰਗੀਤਕਾਰ ਜੋੜੀ ਪਰਮਜੀਤ ਸਿੰਘ ਅਤੇ ਰੇਣੂ ਸਿੰਘ ਦੇ ਗਾਏ ਚੋਣਵੇਂ ਗੀਤਾਂ ਨਾਲ ਹੋਵੇਗੀ ਅਤੇ ਕਹਾਣੀ ਦਰਬਾਰ ਤੋਂ ਬਾਅਦ ਕਵੀ ਦਰਬਾਰ ਹੋਵੇਗਾ। ਕਾਨਫਰੰਸ ਸਵੇਰੇ ਗਿਆਰਾਂ ਵਜੇ ਸ਼ੁਰੂ ਹੋ ਕੇ ਸ਼ਾਮ ਤੱਕ ਚੱਲੇਗੀ। ਹੋਰ ਜਾਣਕਾਰੀ ਲਈ ਹਰਜਿੰਦਰ ਸਿੰਘ ਪੰਧੇਰ (ਫੋਨ:209-610-5055) ਜਾਂ ਪ੍ਰੋ. ਹਰਭਜਨ ਸਿੰਘ (ਫੋਨ:408-246-2976) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# 18 ਜੂਨ ਬੇਕਰਜ਼ਫੀਲਡ ਵਿਚ ਸਿੱਖ ਡੇਅ ਵਜੋਂ ਮਨਾਇਆ ਜਾਏਗਾ

**ਬੇਕਰਜ਼ਫੀਲਡ (ਮਾਨ ਮਨਦੀਪ):** 18 ਜੂਨ ਦਾ ਦਿਨ ਬੇਕਰਜ਼ਫੀਲਡ ਵਿਚ ਸਿੱਖ ਦਿਵਸ ਵਜੋਂ ਮਨਾਇਆ ਜਾਏਗਾ। ਇਹ ਜਾਣਕਾਰੀ ਕਰਨ ਕਾਊਂਟੀ ਦੇ ਸੁਪਰਵਾਈਜ਼ਰ ਸ੍ਰੀ ਜੈਕ ਸਕਰੀਵਨਰ ਨੇ ਇਥੇ ਆਪਣੇ ਲਈ ਸਿੱਖ ਭਾਈਚਾਰੇ ਵਲੋਂ ਕੀਤੇ ਗਏ ਇਕ ਫੰਡਰੇਜ਼ਰ ਸਮਾਗਮ ਦੌਰਾਨ ਦਿੱਤੀ।



ਸ੍ਰੀ ਸਕਰੀਵਨਰ ਨੇ ਸਿੱਖ ਭਾਈਚਾਰੇ ਦੇ ਮਿਹਨਤੀ ਅਤੇ ਹਿੰਮਤੀ ਸੁਭਾਅ ਦੀ ਤਾਰੀਫ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਜਿੱਤ ਵਿਚ ਸਿੱਖ ਭਾਈਚਾਰੇ ਨੇ ਵਧ ਚੜ੍ਹ ਕੇ ਹਿੱਸਾ ਪਾਇਆ ਸੀ। ਉਨ੍ਹਾਂ ਭਰੋਸਾ ਦਿੱਤਾ ਕਿ ਸਿੱਖ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਉਹ ਹਮੇਸ਼ਾ ਪਹਿਲ ਦੇ ਆਧਾਰ ਉਤੇ ਹੱਲ ਕਰਵਾਉਣ ਦਾ ਯਤਨ ਕਰਨਗੇ। ਇਸ ਫੰਡਰੇਜ਼ਰ ਮੌਕੇ ਐਨ ਆਰ ਆਈ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ, ਜਗਦੀਸ਼ ਢਿੱਲੋਂ, ਮਨਜੀਤ ਸਿੰਘ ਸੈਕਟਰੀ, ਰੁਪਿੰਦਰ ਸਿੰਘ ਝੱਜ, ਪਾਲ ਮੰਨਣ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਦਰਬਾਰ ਸਾਹਿਬ ਦੀ ਪਰਿਕਰਮਾ 'ਚ ਲੱਗੀ ਵੱਡੀ ਸਕਰੀਨ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਵਡੀ ਸਕਰੀਨ ਲਗਾਈ ਗਈ ਹੈ ਜਿਸ 'ਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਚੱਲਦਾ ਗੁਰਬਾਣੀ ਕੀਰਤਨ ਪੰਜਾਬੀ ਤੇ ਅੰਗਰੇਜ਼ੀ ਵਿਚ ਅਰਥਾਂ ਸਮੇਤ ਲਿਖਿਆ ਆਵੇਗਾ। ਇਸ ਆਊਟਡੋਰ ਸਕਰੀਨ ਦੀ ਸੇਵਾ ਚੈਰਿਟੀ ਟੋਰਾਂਟੋ ਵੱਲੋਂ ਕੈਨੇਡਾ ਵਾਸੀਆਂ ਦੇ ਸਹਿਯੋਗ ਨਾਲ ਕੀਤੀ ਗਈ ਹੈ। ਸੇਵਾ ਦਾ ਉਦਘਾਟਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਨੇ ਬਟਨ ਦਬਾ ਕੇ ਕੀਤਾ।

ਗੁਰੂ ਸੇਵਾ ਚੈਰਿਟੀ ਟੋਰਾਂਟੋ ਦੇ ਪ੍ਰਧਾਨ ਪਰਮਿੰਦਰ ਸਿੰਘ ਨੇ ਦੱਸਿਆ ਕਿ ਸਕਰੀਨ 'ਤੇ ਧੁੱਪ ਤੇ ਮੀਂਹ ਦਾ ਕੋਈ ਅਸਰ ਨਹੀਂ ਹੋਵੇਗਾ। ਇਹ ਖਰਾਬ ਮੌਸਮ ਦੌਰਾਨ ਵੀ ਆਮ ਵਾਂਗ ਚੱਲਦੀ ਰਹੇਗੀ। ਸਕਰੀਨ 17 ਫੁੱਟ ਦੀ ਹੈ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ 'ਚ ਇਹ ਸਕਰੀਨ ਲਾ ਕੇ ਕੈਨੇਡਾ ਵਾਸੀ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਨ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Are Worries Keeping You Awake?
Watch Your Business AnyTime Any Place.




Attention Business Owners!!
Are You Worried About Your Business When You`re Not There?

Watch your business from anywhere on iPhone with our new technology

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ

DVR UNLIMITED
Call:1-(888) 233-4566 www.dvrunlimited.com



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210

ਟਰੱਕਿੰਗ ਬਿਜਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ ਤੇ

# ਸਟਾਕਟਨ ਗੁਰੂ ਘਰ 'ਚ ਸਾਕਾ ਨੀਲਾ ਤਾਰਾ ਦੀ ਯਾਦ ਮਨਾਈ

**ਸਟਾਕਟਨ:** ਇਥੇ ਗੁਰਦੁਆਰਾ ਸਾਹਿਬ ਵਿਖੇ ਗੁਰਦੁਆਰਾ ਕਮੇਟੀ ਦੇ ਉਦਮ ਸਦਕਾ ਅਤੇ ਸਿੱਖ ਯੂਥ ਆਫ਼ ਅਮਰੀਕਾ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਸਹਿਯੋਗ ਨਾਲ 1984 ਦੇ ਸਾਕਾ ਨੀਲਾ ਤਾਰਾ ਦੀ ਯਾਦ ਵਿਚ ਕਰਵਾਏ ਗਏ ਸਮਾਗਮ ਵਿਚ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਕੈਨੇਡਾ ਤੋਂ ਭਾਈ ਪਾਲ ਸਿੰਘ ਪੁਰੇਵਾਲ, ਭਾਰਤ ਤੋਂ ਮਨੁੱਖੀ ਅਧਿਕਾਰਾਂ ਬਾਰੇ ਵਕੀਲ ਸ. ਨਵਕਿਰਨ ਸਿੰਘ, ਵਾਸ਼ਿੰਗਟਨ ਡੀ ਸੀ ਤੋਂ ਖਾਲਿਸਤਾਨੀ ਆਗੂ ਡਾ. ਅਮਰਜੀਤ ਸਿੰਘ, ਨਿਊ ਯਾਰਕ ਤੋਂ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਸ. ਅਵਤਾਰ ਸਿੰਘ ਪੰਨੂੰ ਅਤੇ ਹੋਰ ਕਈ ਸ਼ਖਸੀਅਤਾਂ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਪੰਥਕ ਵਿਚਾਰਾਂ ਵਿਚ ਹਿੱਸਾ ਲਿਆ।

ਇਸ ਪ੍ਰੋਗਰਾਮ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਸ਼ਹੀਦਾਂ ਦੀ ਯਾਦ ਇਕ ਖੂਨਦਾਨ ਕੈਂਪ ਲਾ ਕੇ ਮਨਾਈ ਗਈ। ਇਸ ਕੈਂਪ ਵਿਚ 50 ਤੋਂ ਵੱਧ ਸੱਜਣਾਂ ਨੇ ਖੂਨਦਾਨ ਕੀਤਾ। ਇਸ ਸਮਾਗਮ ਦੌਰਾਨ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਸਲਾਮਤੀ ਲਈ ਸੈਂਕੜੇ ਸੰਗਤਾਂ ਨੇ ਪਟੀਸ਼ਨਾਂ 'ਤੇ ਸਾਈਨ ਕੀਤੇ। ਪ੍ਰੋ. ਭੁੱਲਰ ਦੇ ਯੂਬਾ ਸਿਟੀ ਰਹਿੰਦੇ ਭਰਾ ਤਜਿੰਦਰਪਾਲ ਸਿੰਘ ਭੁੱਲਰ ਨੇ ਪ੍ਰੋ. ਦਵਿੰਦਰਪਾਲ ਭੁੱਲਰ ਦੀ ਸਲਾਮਤੀ ਲਈ ਚਲਾਈ ਗਈ ਮੁਹਿੰਮ ਵਾਸਤੇ ਸੰਗਤਾਂ ਦਾ ਧੰਨਵਾਦ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਭਾਈ ਪਾਲ ਸਿੰਘ ਪੁਰੇਵਾਲ ਨੇ ਸਪਸ਼ਟ ਕੀਤਾ ਕਿ ਅਸਲ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਤਾਜ਼ਾ ਸੋਧਾਂ ਸੋਧਾਂ ਨਹੀਂ ਹਨ ਸਗੋਂ ਇਹ ਤਾਂ ਇਸ ਕੈਲੰਡਰ ਨੂੰ ਮੂਲੋਂ ਹੀ ਬਦਲ ਦੇਣ ਦੀ ਕੋਸ਼ਿਸ਼ ਹੈ। ਜੋ ਤਾਕਤਾਂ ਸ਼ੁਰੂ ਤੋਂ ਹੀ ਨਾਨਕਸ਼ਾਹੀ ਕੈਲੰਡਰ ਦੇ ਵਿਰੁਧ ਸਨ, ਉਨ੍ਹਾਂ ਨੇ ਹੁਣ ਰਾਜਸੀ ਦਬਾਅ ਪਾ ਕੇ ਕੈਲੰਡਰ ਨੂੰ ਬਦਲ ਕੇ ਰੱਖ ਦਿੱਤਾ ਹੈ। ਅਸਲ ਵਿਚ ਇਹ ਪੁਰਾਣਾ ਬਿਕਰਮੀ ਕੈਲੰਡਰ ਹੀ ਹੈ। ਉਨ੍ਹਾਂ 1995 ਤੋਂ ਲੈ ਕੇ 2003 ਤੱਕ ਕੈਲੰਡਰ ਲਾਗੂ ਕਰਨ ਲਈ ਵਰਤੇ ਗਏ ਢੰਗ ਤਰੀਕੇ ਬਾਰੇ ਵੀ ਵਿਸਥਾਰ ਵਿਚ ਦੱਸਿਆ ਕਿ ਕਿਵੇਂ ਸ਼੍ਰੋਮਣੀ ਕਮੇਟੀ ਨੇ 11 ਮੈਂਬਰੀ ਕਮੇਟੀ ਬਣਾਈ ਤੇ ਫਿਰ ਪੂਰੇ ਵਿਚਾਰ ਵਟਾਂਦਰੇ ਪਿਛੋਂ ਇਹ ਲਾਗੂ ਕੀਤਾ ਗਿਆ।

ਭਾਰਤ ਤੋਂ ਉਚੇਚੇ ਪਹੁੰਚੇ ਵਕੀਲ ਸ. ਨਵਕਿਰਨ ਸਿੰਘ ਨੇ ਦੋਸ਼ ਲਾਇਆ ਕਿ ਸਿੱਖ ਕਤਲੇਆਮ 1947 ਤੋਂ ਹੀ ਚੱਲ ਰਿਹਾ ਹੈ। ਇਹ ਸਿਰਫ਼ 1984 ਵਿਚ ਹੀ ਨਹੀਂ ਹੋਇਆ ਸਗੋਂ ਹਾਲੇ ਵੀ ਜਾਰੀ ਹੈ। ਉਨ੍ਹਾਂ ਨੇ ਪ੍ਰੋ. ਭੁੱਲਰ ਦੇ ਕੇਸ ਸਬੰਧੀ ਕੁੱਝ ਕਾਨੂੰਨੀ ਨੁਕਤੇ ਵੀ ਸੰਗਤਾਂ ਨੂੰ ਦੱਸੇ ਕਿ ਇਨ੍ਹਾਂ ਸਥਿਤੀਆਂ ਵਿਚ ਫਾਂਸੀ ਦੇਣੀ ਠੀਕ ਨਹੀਂ।

ਵਾਸ਼ਿੰਗਟਨ ਤੋਂ ਖਾਲਿਸਤਾਨ ਅਫ਼ੇਅਰਜ਼ ਸੈਂਟਰ ਦੇ ਡਾ. ਅਮਰਜੀਤ ਸਿੰਘ ਨੇ ਕਿਹਾ ਕਿ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਇਕ ਪਹਿਲਾਂ ਹੀ ਸੋਚੀ ਸਮਝੀ ਚਾਲ ਦਾ ਨਤੀਜਾ ਸੀ। ਸਿੱਖ ਕੌਮ ਦੀਆਂ ਮੁਸ਼ਕਲਾਂ ਦਾ ਇਕੋ ਇਕ ਹੱਲ ਖਾਲਿਸਤਾਨ ਹੀ ਹੈ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਭਜਨ ਸਿੰਘ ਭਿੰਡਰ ਨੇ ਕਿਹਾ ਕਿ ਸਿੱਖ ਪੰਥ ਦੀ ਬ੍ਰਾਹਮਣੀ ਸੋਚ ਨਾਲ ਟੱਕਰ ਗੁਰੂ ਨਾਨਕ ਵੇਲੇ ਤੋਂ ਹੀ ਸ਼ੁਰੂ ਹੈ ਪਰ ਸਮੇਂ ਸਮੇਂ ਇਸ ਦੇ ਰੰਗ ਬਦਲਦੇ ਰਹੇ ਹਨ। ਅਮਰੀਕਨ ਗੁਰਦੁਆਰਾ ਕਮੇਟੀ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਪੰਨੂੰ ਨੇ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ 84 ਦੇ ਕਤਲੇਆਮ ਲਈ ਇਨਸਾਫ ਵਾਸਤੇ ਚਲਾਈ ਗਈ ਮੁਹਿੰਮ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਸਮਾਂ ਹੈ ਸਬੂਤਾਂ ਸਹਿਤ ਦੁਨੀਆਂ ਨੂੰ ਦੱਸੀਏ ਕਿ ਸਾਡੇ ਨਾਲ ਕੀ ਹੋਇਆ ਹੈ?

ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਮਨਜੀਤ ਸਿੰਘ ਉਪਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਕਵੀ ਮੇਜਰ ਸਿੰਘ ਮੌਜੀ ਅਮਰੀਕਾ ਦੌਰੇ 'ਤੇ

**ਸ਼ਿਕਾਗੋ (ਬਿਊਰੋ):** ਹਾਸਰਸ ਕਵੀ ਅਤੇ ਡਾਇਰੈਕਟਰ ਜੰਗਲਾਤ ਮਹਿਕਮਾ, ਮੀਤ ਪ੍ਰਧਾਨ ਐਨ ਆਰ ਆਈ ਸਭਾ, ਪੰਜਾਬ, ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬ), ਹੁਸ਼ਿਆਰਪੁਰ, ਪ੍ਰਧਾਨ ਓਲੰਪੀਅਨ ਜਰਨੈਲ ਸਿੰਘ ਮੈਮੋਰੀਅਲ ਕਮੇਟੀ, ਗੜ੍ਹਸ਼ੰਕਰ ਸ. ਮੇਜਰ ਸਿੰਘ ਮੌਜੀ ਇਨ੍ਹੀਂ ਦਿਨੀਂ ਅਮਰੀਕਾ ਪਹੁੰਚੇ ਹੋਏ ਹਨ।



ਮੇਜਰ ਸਿੰਘ ਮੌਜੀ

ਸ. ਮੌਜੀ ਇਥੇ ਆਪਣੇ ਵਡੇ ਪੁਤਰ ਹੈਪੀ ਹੀਰ ਪਾਸ ਠਹਿਰੇ ਹੋਏ ਹਨ। ਉਨ੍ਹਾਂ ਨਾਲ ਸੰਪਰਕ ਫੋਨ 630-205-6575 ਰਾਹੀਂ ਕੀਤਾ ਜਾ ਸਕਦਾ ਹੈ।

## ਭੁੱਲਰ ਦੀ ਰਿਹਾਈ ਲਈ ਅਮਰੀਕੀ ਗੁਰਦੁਆਰਾ ਕਮੇਟੀ ਦਾ ਵਫਦ ਡੋਰਿਸ ਮੈਟਸੂਈ ਨੂੰ ਮਿਲਿਆ

**ਸੈਕਰਾਮੈਂਟੋ:** ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫਦ ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਵਿਖੇ ਕਾਂਗਰਸ ਮੈਂਬਰ ਬੀਬੀ ਡੋਰਿਸ ਮੈਟਸੂਈ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਬਿਨਾ ਸ਼ਰਤ ਰਿਹਾਈ ਲਈ ਤਰੱਦਦ ਕਰਨ।



ਪ੍ਰੋ. ਭੁੱਲਰ

ਕਮੇਟੀ ਦੇ ਜਨਰਲ ਸਕੱਤਰ ਭਜਨ ਸਿੰਘ ਭਿੰਡਰ ਨੇ ਬੀਬੀ ਮੈਟਸੂਈ ਨੂੰ ਦੱਸਿਆ ਕਿ ਭਾਰਤ ਸਰਕਾਰ ਗੈਰ-ਹਿੰਦੂ ਭਾਈਚਾਰਿਆਂ ਨੂੰ ਕੋਝੀਆਂ ਕਾਰਵਾਈਆਂ ਰਾਹੀਂ ਬਦਨਾਮ ਕਰ ਰਹੀ ਹੈ ਅਤੇ ਇਨ੍ਹਾਂ ਉਤੇ ਲਗਾਤਾਰ ਸ਼ਿਕੰਜਾ ਵੀ ਕੱਸਿਆ ਜਾ ਰਿਹਾ ਹੈ। ਪ੍ਰੋ. ਭੁੱਲਰ ਨੂੰ ਸਿਰਫ ਸ਼ੱਕ ਦੇ ਆਧਾਰ 'ਤੇ ਹੀ ਫਾਂਸੀ ਉਤੇ ਚਾੜ੍ਹਨ ਲਈ ਹੀਲੇ ਕੀਤੇ ਜਾ ਰਹੇ ਹਨ। ਇਸ ਲਈ ਉਹ ਇਸ ਜ਼ਿਆਦਤੀ ਦੇ ਖਿਲਾਫ ਸਿੱਖ ਭਾਈਚਾਰੇ ਦੀ ਮਦਦ ਕਰਨ ਅਤੇ ਪਰਦੇਸਾਂ ਵਿਚ ਵਸਦੇ ਭਾਈਚਾਰੇ ਦੀ ਆਵਾਜ਼ ਭਾਰਤ ਸਰਕਾਰ ਦੇ ਬੋਲੇ ਕੰਨਾਂ ਤੱਕ ਅਪੜਾਉਣ। ਉਨ੍ਹਾਂ ਪ੍ਰੋ. ਭੁੱਲਰ ਦੇ ਕੇਸ ਦੇ ਸਾਰੇ ਵੇਰਵੇ ਬੀਬੀ ਮੈਟਸੂਈ ਨੂੰ ਦੱਸੇ ਕਿ ਕਿਸ ਤਰ੍ਹਾਂ ਉਸ ਨੂੰ ਇਕੱਲਤਾ ਦੇ ਤਸੀਹੇ ਦਿੱਤੇ ਗਏ ਜਿਸ ਕਾਰਨ ਹੁਣ ਉਸ ਦਾ ਮਾਨਸਿਕ ਤਵਾਜ਼ਨ ਵੀ ਡੋਲ ਚੁੱਕਾ ਹੈ, ਤੇ ਹੁਣ ਉਹ ਹਸਪਤਾਲ ਦਾਖਲ ਹੈ।

ਬੀਬੀ ਮੈਟਸੂਈ ਨੇ ਸ. ਭਿੰਡਰ ਅਤੇ ਪ੍ਰੋ. ਭੁੱਲਰ ਦੇ ਨਜ਼ਦੀਕੀ ਰਿਸ਼ਤੇਦਾਰ ਮਨਜੀਤ ਸਿੰਘ ਸੋਹੀ ਦੀ ਬੇਟੀ ਗੁਰਤੇਜ ਕੌਰ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ ਅਤੇ ਹਰ ਸੰਭਵ ਮਦਦ ਦਾ ਭਰੋਸਾ ਦਿਵਾਇਆ। ਵੈਸਟ ਸੈਕਰਾਮੈਂਟੋ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਬੀਰ ਸਿੰਘ ਢਿੱਲੋਂ ਨੇ ਭਾਰਤ ਸਰਕਾਰ ਵੱਲੋਂ ਉਸ ਨਾਲ ਕੀਤੀਆਂ ਵਧੀਕੀਆਂ ਦੀ ਦਾਸਤਾਨ ਸੁਣਾਈ ਕਿ ਕਿਸ ਤਰ੍ਹਾਂ ਭਾਰਤ ਜਾਣ 'ਤੇ ਉਸ ਨੂੰ ਝੂਠੇ ਕੇਸਾਂ ਵਿਚ ਫਸਾ ਦਿੱਤਾ ਗਿਆ ਸੀ।

ਇਸ ਮੌਕੇ ਸ. ਭਿੰਡਰ ਨੇ ਕਿਹਾ ਕਿ ਪ੍ਰੋ. ਭੁਲੱਰ ਅਤੇ ਸ. ਢਿੱਲੋਂ ਦੇ ਕੇਸਾਂ ਵਿਚ ਫਰਕ ਇਹੀ ਹੈ ਕਿ ਪ੍ਰੋ. ਭੁੱਲਰ ਅਜੇ ਵੀ ਤਸੀਹੇ ਝੱਲ ਰਿਹਾ ਹੈ। ਇਸ ਲਈ ਪ੍ਰੋ. ਭੁੱਲਰ ਨੂੰ ਵੀ ਭਾਰਤ ਸਰਕਾਰ ਦੀ ਫਾਹੀ ਵਿਚੋਂ ਕਢਵਾਉਣ ਲਈ ਉਹ ਜ਼ੋਰਦਾਰ ਯਤਨ ਕਰਨ।

## ਸਾਬਕਾ ਸੰਸਦ ਮੈਂਬਰ ਲਹਿਣਾ ਸਿੰਘ ਤੁੜ ਦਾ ਦੇਹਾਂਤ

**ਪਟਿਆਲਾ:** ਲੋਕ ਸਭਾ ਦੇ ਸਾਬਕਾ ਮੈਂਬਰ ਜਥੇਦਾਰ ਲਹਿਣਾ ਸਿੰਘ ਤੁੜ ਦਾ ਉਨ੍ਹਾਂ ਦੇ ਘਰ ਵਿਖੇ ਦੇਹਾਂਤ ਹੋ ਗਿਆ। ਉਹ ਕੁਝ ਦੇਰ ਤੋਂ ਬਿਮਾਰ ਸਨ। ਕਰੀਬ 71 ਵਰ੍ਹਿਆਂ ਦੇ ਜਥੇਦਾਰ ਤੁੜ ਦੇ ਦੋ ਧੀਆਂ ਅਤੇ ਇੱਕ ਪੁੱਤਰ ਹਨ। ਉਨ੍ਹਾਂ ਦਾ ਸਸਕਾਰ ਬਡੂੰਗਰ ਸ਼ਮਸ਼ਾਨਘਾਟ ਵਿਖੇ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਚਿਤਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਅਮਰਿੰਦਰ ਸਿੰਘ ਤੁੜ ਨੇ ਦਿਖਾਈ।

ਫਰਵਰੀ, 1941 ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਤੁੜ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਟਕਸਾਲੀ ਅਕਾਲੀ ਆਗੂ ਜਥੇਦਾਰ ਮੋਹਨ ਸਿੰਘ ਤੁੜ ਦੇ ਘਰ ਜਨਮੇ ਜਥੇਦਾਰ ਲਹਿਣਾ ਸਿੰਘ ਤੁੜ ਨੇ ਹਲਕਾ ਤਰਨ ਤਾਰਨ ਤੋਂ ਲੋਕ ਸਭਾ ਦੀ ਚੋਣ ਜਿੱਤੀ। ਉਨ੍ਹਾਂ ਪੰਜਾਬ ਦੀਆਂ ਮੰਗਾਂ ਦੇ ਹੱਕ ਵਿਚ ਤਿੰਨ ਸਾਲ ਦੇ ਕਰੀਬ ਜੇਲ੍ਹ ਕੱਟੀ । ਕਰੀਬ ਛੇ ਮਹੀਨੇ ਪਹਿਲਾਂ ਸੜਕ ਹਾਦਸੇ 'ਚ ਸਿਰ ਵਿਚ ਸੱਟ ਲੱਗ ਜਾਣ ਕਾਰਨ ਉਹ ਬਿਮਾਰ ਸਨ।



# ਦਸ਼ਮੇਸ਼ ਦਰਬਾਰ ਗੁਰੂ ਘਰ 'ਚ ਪੰਚਮ ਪਾਤਸ਼ਾਹ ਤੇ 84 ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ

**ਬੇਕਰਜ਼ਫੀਲਡ (ਮਾਨ ਮਨਦੀਪ):** ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ 1984 ਦੇ ਘੱਲੂਘਾਰੇ ਦੀ ਯਾਦ ਨੂੰ ਸਮਰਪਿਤ ਬੱਚਿਆਂ ਦੇ ਕਵਿਤਾ ਉਚਾਰਨ, ਸੁੰਦਰ ਲਿਖਾਈ ਅਤੇ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿਚ ਵੱਡੀ ਗਿਣਤੀ ਬੱਚਿਆਂ ਨੇ ਹਿੱਸਾ ਲਿਆ।

ਪ੍ਰੋਗਰਾਮ ਤਕਰੀਬਨ 2 ਵਜੇ ਜਸਪ੍ਰੀਤ ਸਿੰਘ ਵਲੋਂ ਸ਼ਬਦ 'ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਪਿਆਰੁ' ਦੇ ਗਾਇਨ ਨਾਲ ਅਰੰਭ ਹੋਇਆ। ਕਵਿਤਾ ਉਚਾਰਨ ਮੁਕਾਬਲੇ ਵਿਚ ਜਸ਼ਨਪ੍ਰੀਤ ਕੌਰ ਅਤੇ ਗੁਰਜੋਤ ਸਿੰਘ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਦੂਜੇ ਥਾਂ 'ਤੇ ਸ਼ਾਹਬਾਜ਼ ਸਿੰਘ, ਗੁਰਨੂਰ ਸਿੰਘ, ਤੇਗਵੀਰ ਸਿੰਘ, ਚੇਤੰਨ ਸਿੰਘ ਅਤੇ ਇਜ਼ਹਾਰ ਸਿੰਘ ਦੀ ਟੀਮ ਰਹੀ। ਤੀਸਰੇ ਨੰਬਰ 'ਤੇ ਆਈ ਟੀਮ ਵਿਚ ਮੈਂਬਰ ਸਨ-ਰਵਿਜੋਤ ਸਿੰਘ, ਬਲਜੋਤ ਸਿੰਘ, ਹਜ਼ਾਰਕ ਸਿੰਘ ਅਤੇ ਸਿਮਰਨ ਸਿੰਘ। ਸੁੰਦਰ ਲਿਖਾਈ ਮੁਕਾਬਲਿਆਂ ਵਿਚ ਰਵਲੀਨ ਕੌਰ, ਰਜਮਨਵੀਰ ਕੌਰ, ਸਿਮਰਨ ਕ. ਸਿੰਘ ਤੇ ਸਿਮਰਨ ਸਿੰਘ ਨੇ ਆਪੋ ਆਪਣੇ ਗਰੁਪਾਂ ਵਿਚ ਪਹਿਲਾ ਸਥਾਨ ਹਾਸਲ ਕੀਤਾ। ਹਰਲੀਨ ਕੌਰ ਅਤੇ ਬਲਜੋਤ ਸਿੰਘ ਦੂਸਰੇ ਨੰਬਰ 'ਤੇ ਰਹੇ ਜਦੋਂਕਿ ਹਰਲੀਨ ਕੌਰ ਤੇ ਹਜ਼ਾਰਕ ਸਿੰਘ ਨੂੰ ਤੀਜੀ ਥਾਂ ਪ੍ਰਾਪਤ ਹੋਈ।

ਪੋਸਟਰ ਬਣਾਉਣ ਦੇ ਮੁਕਾਬਲਿਆਂ ਵਿਚ ਵੀ ਬੱਚਿਆਂ ਦਾ ਜਜ਼ਬਾ ਵੇਖਿਆਂ ਹੀ ਬਣਦਾ ਸੀ।







ਨੰਨ੍ਹੇ ਨੰਨ੍ਹੇ ਬੱਚਿਆਂ ਨੇ ਇਤਿਹਾਸ ਦੇ ਵਰਕੇ ਫਰੋਲਦਿਆਂ ਸਭ ਨੂੰ ਚੇਤੰਨ ਕੀਤਾ ਕਿ ਸਿੱਖੀ ਦੀਆਂ ਨੀਂਹਾਂ ਪੱਕੀਆਂ ਰੱਖਣ ਲਈ ਅਸੀਂ ਆਪਣੇ ਨਿਸ਼ਾਨੇ ਵਿਚ ਦ੍ਰਿੜ ਹਾਂ। ਪੋਸਟਰ ਬਣਾਉਣ ਦੇ ਮੁਕਾਬਲਿਆਂ ਵਿਚ ਰਵਲੀਨ ਕੌਰ ਅਤੇ ਹਜ਼ਾਰਕ ਸਿੰਘ ਨੂੰ ਪਹਿਲਾ ਇਨਾਮ ਮਿਲਿਆ, ਗੁਰਨੂਰ ਸਿੰਘ ਤੇ ਸਿਮਰਨ ਕ. ਸਿੰਘ ਨੂੰ ਦੂਸਰਾ ਜਦੋਂਕਿ ਤੇਗਵੀਰ ਸਿੰਘ ਨੂੰ ਤੀਜਾ ਸਥਾਨ ਮਿਲਿਆ। ਇਨ੍ਹਾਂ ਮੁਕਾਬਲਿਆਂ ਲਈ ਜੱਜਾਂ ਦੀ ਸੇਵਾ ਭਾਈ ਸ਼ਵਿੰਦਰ ਸਿੰਘ, ਭਾਈ ਨਿਰਮਲ ਸਿੰਘ ਅਤੇ ਭਾਈ ਇਰਵਨਜੀਤ ਸਿੰਘ ਨੇ ਨਿਭਾਈ। ਸਟੇਜ ਸੰਚਾਲਨ ਬੀਬੀ ਬਲਵਿੰਦਰ ਕੌਰ ਨੇ ਬਾਖੂਬੀ ਕੀਤਾ। ਗਿਆਨੀ ਹਰਜੀਤ ਸਿੰਘ ਮੋਗੇਵਾਲਿਆਂ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਵਾਸਤੇ ਇਨਾਮ ਵੰਡੇ।

ਜ਼ਿਕਰਯੋਗ ਹੈ ਕਿ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਵੱਖ ਵੱਖ ਪਰਿਵਾਰਾਂ ਵਲੋਂ ਅਖੰਡ ਪਾਠ ਕਰਵਾਏ ਜਾ ਰਹੇ ਹਨ। ਪਿਛਲੇ ਹਫਤੇ ਤੋਂ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਵਾਲੇ ਦੀਵਾਨ ਸਜਾ ਰਹੇ ਹਨ ਤੇ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰ ਰਹੀ ਹੈ। 13 ਜੂਨ ਤੋਂ ਬਾਬਾ ਹਰੀ ਸਿੰਘ ਰੰਧਾਵੇ ਵਾਲੇ ਅਤੇ 26 ਜੂਨ ਤੋਂ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲੇ ਗੁਰ ਸ਼ਬਦ ਕੀਰਤਨ ਤੇ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਬੀਬੀਆਂ ਵਲੋਂ ਇਸੇ ਦੌਰਾਨ ਸੁਖਮਨੀ ਸਾਹਿਬ ਦੇ ਪਾਠ ਦਾ ਪਰਵਾਹ ਚਲਾਇਆ ਜਾ ਰਿਹਾ ਹੈ।












ੴ ਸਤਿਗੁਰ ਪ੍ਰਸਾਦਿ॥



ਬਾਬਾ ਗੇਜਾ ਸਿੰਘ ਜੀ

ਨਾਨਕਸਰ ਸੰਪਰਦਾ ਦੇ ਮਹਾਪੁਰਖ

ਸੰਤ ਬਾਬਾ ਗੇਜਾ ਸਿੰਘ ਜੀ

ਬਾਬਾ ਭਾਗ ਸਿੰਘ ਜੀ

ਨਾਨਕਸਰ ਵਾਲੇ

ਸਿੱਖੀ ਪ੍ਰਚਾਰ ਲਈ ਅਮਰੀਕਾ ਦੌਰੇ 'ਤੇ

ਸਿੱਖ ਪੰਥ ਦੀ ਮਹਾਨ ਸੰਪਰਦਾ ਨਾਨਕਸਰ ਸੰਪਰਦਾ ਦੇ ਮਹਾਪੁਰਖ ਸੰਤ ਬਾਬਾ ਗੇਜਾ ਸਿੰਘ ਜੀ ਨਾਨਕਸਰ ਅਤੇ ਬਾਬਾ ਭਾਗ ਸਿੰਘ ਜੀ ਨਾਨਕਸਰ ਇਨ੍ਹੀਂ ਦਿਨੀ ਸਿੱਖੀ ਦੇ ਪ੍ਰਚਾਰ ਲਈ ਅਮਰੀਕਾ ਦੇ ਦੌਰੇ 'ਤੇ ਹਨ। ਉਹ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਵਿਚ ਸੰਗਤਾਂ ਪਾਸ ਹਾਜ਼ਰੀਆਂ ਭਰ ਰਹੇ ਹਨ।

*ਬਾਬਾ ਗੇਜਾ ਸਿੰਘ ਜੀ ਨਾਨਕਸਰ ਵਾਲਿਆਂ ਨਾਲ ਸੰਪਰਕ ਫੋਨ 818-271-0853 'ਤੇ ਕੀਤਾ ਜਾ ਸਕਦਾ ਹੈ।*

ਜਾਰੀ ਕਰਤਾ: ਗੁਰਜਿੰਦਰ ਸਿੰਘ, ਫੋਨ 517-499-4883

# ਸਰਨਾ ਵੱਲੋਂ ਚੋਣਾਂ 'ਚ ਕੈਪਟਨ ਦੀ ਹਮਾਇਤ ਦਾ ਐਲਾਨ

**ਮਾਛੀਵਾੜਾ:** ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪੰਜਾਬ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀ ਹਮਾਇਤ ਦਾ ਐਲਾਨ ਕੀਤਾ ਹੈ। ਇਥੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸ. ਸਰਨਾ ਨੇ ਕਿਹਾ ਕਿ ਉਹ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਖੁੱਲ੍ਹ ਕੇ ਮਦਦ ਕਰਨਗੇ। ਇਸ ਤੋਂ ਬਾਅਦ ਪੰਜਾਬ ਤੇ ਦਿੱਲੀ ਵਿਚ ਕੋਈ ਵੀ ਧਾਰਮਿਕ ਚੋਣ ਉਨ੍ਹਾਂ ਦੀ ਪਾਰਟੀ ਬਿਨਾਂ ਕਿਸੇ ਦੇ ਸਹਿਯੋਗ ਤੋਂ ਆਪਣੇ ਬਲਬੂਤੇ 'ਤੇ ਲੜੇਗੀ।

ਨਵੰਬਰ '84 ਦੇ ਸਿੱਖ ਕਤਲੇਆਮ 'ਚ ਕਾਂਗਰਸ ਪਾਰਟੀ ਦੀ ਭੂਮਿਕਾ ਬਾਰੇ ਸ. ਸਰਨਾ ਨੇ ਕਿਹਾ ਕਿ ਅਜਿਹੀ ਘਿਨਾਉਣੀ ਕਾਰਵਾਈ ਨੂੰ ਅੰਜਾਮ ਦੇਣ ਵਾਲੇ ਕੁਝ ਲੀਡਰਾਂ ਨੂੰ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਜਥੇਦਾਰਾਂ ਨੇ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਹੈ।

ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਬਾਰੇ ਸ. ਸਰਨਾ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 'ਤੇ ਵਰ੍ਹਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਫਾਂਸੀ ਦੀ ਸਜ਼ਾ ਮੁਆਫ਼ੀ ਬਾਰੇ ਕੋਈ ਠੋਸ ਕਦਮ ਨਹੀਂ ਉਠਾਏ ਜਿਸ ਕਾਰਨ ਅੱਜ ਕੌਮ ਨੂੰ ਇਹ ਦਿਨ ਦੇਖਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਅੱਜ ਤੱਕ ਕੇਂਦਰ ਸਰਕਾਰ ਦੇ ਕਿਸੇ ਆਗੂ ਜਾਂ ਰਾਸ਼ਟਰਪਤੀ ਨੂੰ ਮਿਲ ਕੇ ਪ੍ਰੋ. ਭੁੱਲਰ ਦੀ ਸਜ਼ਾ ਮੁਆਫ਼ੀ ਬਾਰੇ ਕੋਈ ਉਪਰਾਲਾ ਨਹੀਂ ਕੀਤਾ। ਜਦੋਂ ਇਸ ਬਾਰੇ ਹੁਣ ਫੈਸਲਾ ਹੋ ਗਿਆ ਹੈ ਤਾਂ ਕੇਵਲ ਸਿਆਸੀ ਲਾਭ ਲੈਣ ਲਈ ਇਹ ਦਿਖਾਵੇ ਕੀਤੇ ਜਾ ਰਹੇ ਹਨ।

ਸ. ਸਰਨਾ ਨੇ ਕਿਹਾ ਕਿ ਜੇਕਰ ਸੱਚਮੁੱਚ ਹੀ ਪੰਜਾਬ ਸਰਕਾਰ ਭੁੱਲਰ ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਵਾਉਣਾ ਚਾਹੁੰਦੀ ਹੈ ਤਾਂ ਉਹ ਤੁਰੰਤ ਕੇਂਦਰ ਸਰਕਾਰ ਨੂੰ ਲਿਖੇ ਕਿ ਭੁੱਲਰ ਅਤਿਵਾਦੀ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੈਸ਼ਨ ਵਿਚ ਪ੍ਰੋ. ਭੁੱਲਰ ਦੀ ਸਜ਼ਾ ਮੁਆਫ਼ੀ ਲਈ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਦੀ ਪਰ ਬਾਦਲ ਨੇ ਅਜਿਹਾ ਕਰਨਾ ਵੀ ਠੀਕ ਨਹੀਂ ਸਮਝਿਆ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਲਈ ਉਨ੍ਹਾਂ ਦੀ ਪਾਰਟੀ ਤਿਆਰ ਹੈ ਪਰ ਵੋਟਾਂ ਲਈ ਪੰਜਾਬ ਦੇ ਅਕਾਲੀ ਆਗੂ ਸ਼ਨਾਖ਼ਤੀ ਕਾਰਡ ਨਹੀਂ ਬਣਨ ਦੇਣਾ ਚਾਹੁੰਦੇ।

## ਸੀ.ਬੀ.ਆਈ. ਨੇ ਲੋੜੀਂਦੇ 143 ਵਿਅਕਤੀਆਂ ਦੀ ਨਵੀਂ ਸੂਚੀ ਜਾਰੀ

**ਨਵੀਂ ਦਿੱਲੀ:** ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਅਤਿ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿਚ ਗੜਬੜ ਪਾਏ ਜਾਣ ਕਾਰਨ ਪਹਿਲੀ ਸੂਚੀ ਵਾਪਸ ਲੈਣ ਪਿੱਛੋਂ 143 ਨਾਵਾਂ ਵਾਲੀ ਨਵੀਂ ਸੂਚੀ ਆਪਣੀ ਵੈਬਸਾਈਟ 'ਤੇ ਪਾ ਦਿੱਤੀ ਹੈ। ਸੀ.ਬੀ.ਆਈ. ਦੇ ਸੂਤਰਾਂ ਨੇ ਦੱਸਿਆ ਕਿ ਤਕਰਬੀਨ 550 ਨਾਵਾਂ ਵਾਲੀ ਪਿਛਲੀ ਸੂਚੀ ਵਿਚੋਂ ਸਿਰਫ 143 ਵਿਅਕਤੀਆਂ, ਜਿਨ੍ਹਾਂ ਖ਼ਿਲਾਫ਼ ਰੈਡ ਕਾਰਨਰ ਨੋਟਿਸ ਜਾਰੀ ਕੀਤਾ ਹੋਇਆ ਹੈ, ਦੀ ਸੂਚੀ ਹੀ ਪੂਰੀ ਤਸਦੀਕ ਪਿੱਛੋਂ ਵੈਬਸਾਈਟ 'ਤੇ ਪਾਈ ਗਈ ਹੈ।

ਸੂਤਰਾਂ ਅਨੁਸਾਰ ਬਾਕੀ ਨਾਵਾਂ ਨੂੰ ਛੇਤੀ ਹੀ ਇਸ ਵਿਚ ਸ਼ਾਮਲ ਕੀਤਾ ਜਾਵੇਗਾ। ਪਾਕਿਸਤਾਨ ਨੂੰ 50 ਲੋੜੀਂਦੇ ਅਤਿਵਾਦੀਆਂ ਦੀ ਸੌਂਪੀ ਗਈ ਸੂਚੀ ਵਿਚ ਗੜਬੜੀ ਪਾਏ ਜਾਣ ਪਿੱਛੋਂ ਸੀ.ਬੀ.ਆਈ. ਦੀ ਕਾਫੀ ਆਲੋਚਨਾ ਹੋਈ ਸੀ। ਫਿਰੋਜ਼ ਰੀਸ਼ਦ ਖਾਨ ਨਾਂ ਦਾ ਵਿਅਕਤੀ ਜਿਸ ਦਾ ਨਾਂ ਭਗੌੜੇ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਸੀ, ਮੁੰਬਈ ਦੀ ਆਰਥਰ ਜੇਲ੍ਹ ਵਿਚ ਬੰਦ ਸੀ। ਇਸ ਗਲਤੀ ਪਿੱਛੋਂ ਜਾਂਚ ਏਜੰਸੀ ਨੇ ਸਖਤ ਕਾਰਵਾਈ ਕਰਦੇ ਹੋਏ ਇਕ ਇੰਸਪੈਕਟਰ ਨੂੰ ਮੁਅੱਤਲ ਕਰ ਦਿੱਤਾ ਤੇ ਇਕ ਪੁਲਿਸ ਕਪਤਾਨ ਤੇ ਇਕ ਉਪ ਪੁਲਿਸ ਕਪਤਾਨ ਦਾ ਏਜੰਸੀ ਦੇ ਇੰਟਰਪੋਲ ਵਿੰਗ 'ਚੋਂ ਤਬਾਦਲਾ ਕਰ ਦਿੱਤਾ ਸੀ।




# ਕੈਪਟਨ ਨੇ ਬਾਦਲਾਂ ਨੂੰ ਮੁੜ ਵੰਗਾਰਿਆ

**ਸੁਜਾਨਪੁਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਵੰਗਾਰਦਿਆਂ ਕਿਹਾ ਕਿ ਉਹ ਆਪਣੀ ਪਸੰਦ ਦੇ ਕਿਸੇ ਵੀ ਮੁੱਦੇ ਦੀ ਚੋਣ ਕਰਕੇ ਆਪਣੇ ਪਿਤਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਨਾਲ ਕਿਸੇ ਵੀ ਜਗ੍ਹਾ ਬਹਿਸ ਕਰਨ ਲਈ ਕਹਿਣ।

ਸ. ਸੁਖਬੀਰ ਸਿੰਘ ਬਾਦਲ ਦੇ ਇਸ ਬਿਆਨ ਕਿ ਕਾਂਗਰਸ ਮੁੱਦਿਆਂ 'ਤੇ ਚਰਚਾ ਕਰਨ ਤੋਂ ਭੱਜ ਰਹੀ ਹੈ, ਦਾ ਜਵਾਬ ਦਿੰਦਿਆਂ ਕੈਪਟਨ ਨੇ ਕਿਹਾ ਕਿ ਉਹ ਆਪਣੀ ਪਸੰਦ ਦੇ ਜਿੰਨੇ ਮਰਜ਼ੀ ਮੁੱਦੇ ਚੁਣ ਲੈਣ ਤੇ ਕਿਸੇ ਯੂਨੀਵਰਸਿਟੀ ਜਿਹੀ ਥਾਂ 'ਤੇ ਆਪਣੇ ਪਿਤਾ ਮੁੱਖ ਮੰਤਰੀ ਬਾਦਲ ਨੂੰ ਭੇਜ ਦੇਣ ਤੇ ਉਹ ਉਥੇ ਬਹਿਸ ਲਈ ਜ਼ਰੂਰ ਪੁੱਜਣਗੇ। ਪੰਜਾਬ ਕਾਂਗਰਸ ਪ੍ਰਧਾਨ ਗੁਰਦਾਸਪੁਰ ਜ਼ਿਲ੍ਹੇ ਦੇ ਚਾਰ ਵਿਧਾਨ ਸਭਾ ਹਲਕਿਆਂ ਦੀਨਾਨਗਰ, ਪਠਾਨਕੋਟ, ਭੋਆ ਤੇ ਸੁਜਾਨਪੁਰ ਨਾਲ ਸਬੰਧਤ ਪਾਰਟੀ ਵਰਕਰਾਂ ਦੀ ਮੀਟਿੰਗ ਤੋਂ ਬਾਅਦ ਕੈਪਟਨ ਨੇ ਕਿਹਾ ਕਿ ਪਾਰਟੀ ਵਰਕਰਾਂ ਨਾਲ ਵਿਚਾਰ ਚਰਚਾ ਦੌਰਾਨ ਇਹ ਗੱਲ ਉਭਰੀ ਹੈ ਕਿ ਖਿੱਤੇ ਦੇ ਭਾਜਪਾ ਆਗੂ ਵੀ ਅਕਾਲੀਆਂ ਦੀ ਤਰ੍ਹਾਂ ਬੇਕਿਰਕੀ ਤੇ ਬਦਲੇਖੋਰੀ ਨਾਲ ਵਿਹਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਬਹਿਰਾਮਪੁਰ ਦੇ ਕਾਂਗਰਸ ਸਰਪੰਚ ਅਮਰਜੀਤ ਸਿੰਘ ਖ਼ਿਲਾਫ਼ ਬਦਲਾਲਊ ਭਾਵਨਾ ਤਹਿਤ ਪੰਜ ਫੌਜਦਾਰੀ ਕੇਸ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਸਾਬਕਾ ਸਰਪੰਚ ਦਰਸ਼ਨ ਸਿੰਘ ਡੱਲਾ ਜੋ ਇਸ ਵੇਲੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਹਨ, ਨੂੰ ਉਸ ਦੇ ਇੰਜੀਨੀਅਰਿੰਗ ਦੇ ਵਿਦਿਆਰਥੀ ਪੋਤੇ ਨਾਲ ਜੇਲ੍ਹ ਭੋਗਣੀ ਪੈ ਰਹੀ ਹੈ।

# ਐਨ.ਆਰ.ਆਈ. ਥਾਣਿਆਂ 'ਚ ਹੀ ਨਜਿੱਠੇ ਜਾਣਗੇ ਪਰਵਾਸੀ ਭਾਰਤੀਆਂ ਦੇ ਕੇਸ

**ਚੰਡੀਗੜ੍ਹ:** ਪੰਜਾਬ ਦੇ ਛੇ ਜ਼ਿਲ੍ਹਿਆਂ ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਕਪੂਰਥਲਾ, ਮੋਗਾ ਤੇ ਹੁਸ਼ਿਆਰਪੁਰ ਦੇ ਵਾਸੀ ਪਰਵਾਸੀ ਭਾਰਤੀਆਂ ਨਾਲ ਸਬੰਧਤ ਪੁਲਿਸ ਕੇਸਾਂ ਦੀ ਸੁਣਵਾਈ ਹੁਣ ਸਬੰਧਤ ਜ਼ਿਲ੍ਹੇ ਦੇ ਐਨ.ਆਰ.ਆਈ. ਥਾਣੇ ਵਿਚ ਹੀ ਹੋਵੇਗੀ। ਇਸ ਬਾਰੇ ਪੰਜਾਬ ਸਰਕਾਰ ਨੇ ਪੁਰਾਣੇ ਨੋਟੀਫਿਕੇਸ਼ਨ ਵਿਚ ਸੋਧ ਕਰਕੇ ਨਵਾਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਜ਼ਿਲ੍ਹਾ ਜਲੰਧਰ ਤੇ ਲੁਧਿਆਣਾ ਵਿਚ ਪੁਲਿਸ ਕਮਿਸ਼ਨਰ ਰੈਂਕ ਦੇ ਅਹੁਦੇ ਬਣਨ ਪਿੱਛੋਂ ਦੋਵਾਂ ਜ਼ਿਲ੍ਹਿਆਂ ਦੇ ਵੱਖਰੇ ਦਿਹਾਤੀ ਪੁਲਿਸ ਜ਼ਿਲ੍ਹੇ ਬਣਾ ਕੇ ਵੱਖਰੇ ਐਸ.ਐਸ.ਪੀ. ਨਿਯੁਕਤ ਕਰ ਦਿੱਤੇ ਗਏ ਸਨ। ਦੋਵਾਂ ਜ਼ਿਲ੍ਹਿਆਂ ਦੇ ਦਿਹਾਤੀ ਇਲਾਕਿਆਂ ਦੇ ਪਰਵਾਸੀ ਭਾਰਤੀਆਂ ਦੇ ਕੇਸਾਂ ਦੀ ਸੁਣਵਾਈ ਐਨ.ਆਰ.ਆਈ. ਥਾਣਿਆਂ ਦੀ ਥਾਂ ਆਮ ਥਾਣਿਆਂ 'ਚ ਹੋਣ ਲੱਗੀ ਸੀ।

ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਕਮਲਜੀਤ ਸਿੰਘ ਹੇਅਰ ਨੇ ਇਸ ਬਾਰੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਪਰਵਾਸੀ ਭਾਰਤੀਆਂ ਦੇ ਸਭ ਕੇਸਾਂ ਦੀ ਸੁਣਵਾਈ ਐਨ.ਆਰ.ਆਈ. ਥਾਣਿਆਂ ਵਿਚ ਹੀ ਕੀਤੀ ਜਾਵੇ। ਸਰਕਾਰ ਨੇ ਇਸ ਬਾਰੇ 26 ਫਰਵਰੀ 2011 ਨੂੰ ਨਵਾਂ ਨੋਟੀਫਿਕੇਸ਼ਨ ਜਾਰੀ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਐਨ.ਆਰ. ਆਈ. ਥਾਣੇ (ਜਲੰਧਰ ਤੇ ਲੁਧਿਆਣਾ) ਰੈਵੀਨਿਊ ਜ਼ਿਲ੍ਹਿਆਂ ਮੁਤਾਬਕ ਕੇਸਾਂ ਦੀ ਸੁਣਵਾਈ ਕਰਨਗੇ।

ਜਲੰਧਰ ਵਿਚ ਪੁਲਿਸ ਕਮਿਸ਼ਨਰ ਦੀ ਨਿਯੁਕਤੀ ਪਿੱਛੋਂ ਜਲੰਧਰ ਦਿਹਾਤੀ ਪੁਲਿਸ ਜ਼ਿਲ੍ਹੇ ਨਾਲ ਸਬੰਧਤ ਪਰਵਾਸੀ ਭਾਰਤੀਆਂ ਦੇ ਕੇਸਾਂ ਦੀ ਸੁਣਵਾਈ ਲਈ ਐਸ.ਐਸ.ਪੀ. ਨੇ ਵੱਖਰਾ ਪ੍ਰਬੰਧ ਕੀਤਾ ਸੀ ਜਦਕਿ ਰੈਵੀਨਿਊ ਜ਼ਿਲ੍ਹਾ ਲੁਧਿਆਣਾ ਦੇ ਖੇਤਰ ਦੇ ਤਿੰਨ ਪੁਲਿਸ ਜ਼ਿਲ੍ਹੇ ਬਣਾ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਸ਼ਹਿਰੀ ਇਲਾਕੇ ਨੂੰ ਪੁਲਿਸ ਕਮਿਸ਼ਨਰ ਦੇ ਅਧੀਨ ਲਿਆਂਦਾ ਗਿਆ ਹੈ। ਜਗਰਾਓਂ ਤੇ ਜ਼ਿਲ੍ਹਾ ਲੁਧਿਆਣਾ ਦਿਹਾਤੀ ਵੱਖਰੇ ਜ਼ਿਲ੍ਹੇ ਬਣੇ ਹਨ ਜਿਸ ਕਾਰਨ ਉਥੇ ਵੀ ਇਨ੍ਹਾਂ ਇਲਾਕਿਆਂ ਦੇ ਪਰਵਾਸੀ ਭਾਰਤੀਆਂ ਨੂੰ ਮੁਸ਼ਕਲਾਂ ਪੇਸ਼ ਆ ਰਹੀਆਂ ਸਨ।



# ਦਲ ਖਾਲਸਾ ਅਲਾਇੰਸ

## ਵਲੋਂ ਯੂ ਐਨ ਓ ‘ਚ ਦਿੱਤਾ ਗਿਆ ਮੈਮੋਰਡਮ

# Memorandum

## Dal Khalsa Alliance 9th June, 2011

**Dal Khalsa Alliance**
**Suite 303, 1700 Shattuck Ave., Berkeley, CA 94709, USA**
**Parmjit Singh Sekhon, President**
**E-mail: pssekhon@gmail.com**

**MEMORANDUM**
**The Hon N. Pillay**
**High Commissioner**
**United Nations High Commission for Human Rights,**
**UN Human Rights Council**
**Palais des Nations, CH 1211 Geneva 10**
**SWITZERLAND**
**9th June, 2011**
**Your Excellency Mrs Pillay,**

**Human rights violations and genocide in particular of Sikhs in their holy and historical land, Punjab, and the non-Hindu minorities in general in predominantly Hindu India**

We, the Sikhs of Switzerland, European countries and North America, would like to apprise you, your Excellency, of human rights abuses of the Sikhs and other non-Hindu minorities in India which have taken place since 15th August, 1947. This was the day when the British India authorities transferred political power to the ‘unelected’ Hindu leadership and left the non-Hindu minorities, especially the Sikhs, at the mercy of the majority, the Hindus. Since receiving political power from the British Empire, despite the protest of the Sikhs at large and their leadership for not returning their first sovereign and independent Sikh Raj of South Asia, of their forefathers and monarch, Ranjit Singh (1799-1849). The predominantly Hindu India has exterminated more than 1.4 to 2.3 million Sikhs, more than one million in the decade of 1981-91 (Singh S 1995 The Sikhs in History ISBN 0-96475555-0-5; Dilgeer HS and Sekhon AS 1992 The Sikhs’ Struggle for Sovereignty An Historical Perspective (ed) A T Kerr ISBN 0-9695964-1-3 University of Alberta P O, Edmonton, AB T6G 2S5, Canada; Sekhon AS Dilgeer HS 1999 A White Paper On Khalistan (A True Story) The Sikh Nation (ed) AT Kerr ISBN 0-9695964-8-0; Sekhon AS Dilgeer HS 2002 India Kills the Sikhs, 3rd Ed, ISBN 0-9695964-9-9; Sekhon AS 2005 India’s Genocides of Sikhs, 1981-1991: History Revisited Int J Sikh Affairs 15(2), 28, 2005 (Chief Guest Editor: AT Kerr) ISSN 1481-5435; Sekhon AS 2010 The Sikhs: Sovereignty To Slavery ISBN 978-0-9811360-8-0). Since the brutal military “Operation Bluestar” of June, 1984, more than 260,000 Sikh infants, children, youth, male and female folks have been slaughtered [Int J Sikh Affairs 10(2): 27-29, 2000 ISSN 1481-5435; Sekhon AS 2000 Proc 8th Sikh Edu Conf, Toronto, ON, Sept 23; Walia AS Sudan TS 2001 Genesis of State Terrorism in Punjab. Released by Justice A S Bains, ihrf@yahoogroups.com; July 14, 2001; Kumar RN et al.2003 Reduced To Ashes: The Insurgency and Human Rights in Punjab ISBN 99933-53-57-4 <www.safhr.org <mailto:ihrf@yahoogroups.com; www.safhr.org>; Sekhon AS 2005 in Authentic Voices of South Asia India’s Broken Promises & Suppression of Dalits (ed) U Khalid ISBN 0-9548929-0-9]. Likewise, Hindu India has systematically killed other non-Hindu minorities (more than 500,000 Muslims; over 110,000 Kashmiri Muslims of the Internationally Disputed Areas of Jammu and Kashmir since 1988; more than 312,500 Christians; hundreds of thousands of Dalits, adivaasis (aboriginals or Moolnivasi of India), in numerous genocides, pogroms, massacres and staged encounters (25 Years After 1984 Assault on Durbar Sahib Laying Foundation of Khalistan (ed) Dr Awatar Singh Sekhon, June 2009, ISBN 0-9548929-4-1,a publication of London Institute of South Asia). The most recent examples of state sponsored pogroms are the killings of Sikhs in Chitisinghpora in Kashmir in February, 2000; killings of 6 Sikhs in Kashmir in February, 2001; beheading of a Sikh in Kashmir in March, 2001;destruction of 6 Mosques in Kanpur, U P, and Bhilwara (Asind), Rajasthan

(http://www.indianexpress.com<http://www.indianexpress.com/>; 2001; The Hon Edolphus Towns, Member of Congress (MC). Indian Government Found Responsible for Burning Sikh Homes and Temple in Kashmir. The US House of Representatives, June 27, 2001; The Hon Dan Burton, MC and Chairman, US House Government Committee. Indian Duplicity and Hypocrisy Exposed, House of Representatives, 31st July, 2001; The Hon Edolphus Towns, MC Indian Minorities Seeking Their Own States. The US House of Representatives, 107th Congress, July 11, 2001; The Hon Cynthia A McKinney, MC Self- Determination For Sikh Homeland Discussed on Capitol Hill, The US House of Representatives, June 28, 2001); slaughtering of 16 Muslims by the police; burning of the Muslim holy scripture, The Quran Shariff, in New Delhi, Patiala, and Amritsar, Punjab (March 24, 2000 <post #4279 & 4314, <http://www.yahoogroups.com/group/sikhyouth>. Addressing the House of

Representatives, Congress of the United States, the Hon Edolphus Towns, Member of Congress, said on 28th March, 2006 “Sikh activists Kanwarpal Singh Dhami and Dr. Jagjit Singh Chohan (now deceased) were arrested by the Indian Government on charges of sedition. Their crime was to speak in support of a sovereign Sikh Nation, Khalistan . Dr. Chohan also flur the Khalistan’s flag from his residence. When did free speech become a crime in a democracy? The Sikh homeland of Khalistan declared itself independent from India on October 7, 1987.” On 21st March, 2006, in a press release, Dr Gurmit Singh Aulakh, President of the Council of Khalistan, Washington DC, said, “What kind of democracy watches people for demanding freedom? Why don't they watch the Black Cats who have killed thousands of Sikhs under the protection of the Indian government?"

We would like to bring to your notice that the Sikh Nation, Punjab, the 'First Sovereign and Secular' nation of South Asia of monarch Ranjit Singh, 1799 to 14th March, 1849, was 'robbed' by the alleged Indian democracy on 15th August, 1947. The Sikhs' constitutional rights, Sikh religion and Sikh traditions were 'swallowed' in the Indian Constitution 1950, Article 25. The very Constitution 1950 was 'rejected', in the Indian parliament (Lok Sabha), in its draft and final forms, in 1948, 26 November 1949, 1950 and more recently on 6th September 1966. The Sikhs' elected representatives who 'rejected' the Constitution, on behalf of their people or constituents of Punjab, were Sardar Hukam Singh, Sardar Bhupinder Singh Maan and Sirdar Kapur Singh, ICS, MP, MLA and the National Professor of Sikhism. Since their 'rejection of the Indian Constitution 1950', none of the Sikhs' elected representatives has accepted/ endorsed /signed the Indian Constitution implemented by the deceitful, divisive, devious and apartheid practicing alleged Indian democracy of the 'Brahmins-Hindus'. It must be considered seriously that under what Constitutional rights, the apartheid practicing alleged Indian democracy has been ruling the 'Sikhs of Punjab (including Haryana, Himachal Pradesh and Punjabi-speaking areas of Punjab/Sikh Nation/the Sikh Raj of Ranjit Singh) since 15th August, 1947? The Sikhs of Punjab's story does not end here. Rather it has been continuing, since the Sikh Nation has been under the 'slavery and Tight Control' of the oppressive and suppressive alleged Indian democracy of the 'Brahmins- Hindus', who had been 'subservient' to the Afghans, Mughals, Sikhs, British, Portuguese, etc., for more than 3,500 years. Additionally, the excesses of the Indian forces can be summarized as follows:

On 5th November, 1978, the Hindu India police of Delhi fired at a Sikh procession and killed four Sikhs, including the president of the Delhi Akali Party [Sekhon AS and Dilgeer HS 1999, 2006 A White Paper On Khalistan (A True Story) The Sikh Nation (ed) A T Kerr ISBN 0-9695964-8-0]. Acting Mukh-Sewadar, or Chief of Akal Takht Sahib, the Supreme Seat of the Sikh Polity, Amritsar, Singh Sahib Bhai Gurdev Singh Kaunke, was abducted on 20th December 1993, tortured, killed and his body dumped in a canal on 3rd January 1994.

On October 27, 1995, the Human Rights activist of the Akali Dal (Badal), Sardar Jaswant Singh Khalra, was killed at the Chhabal police station, Amritsar. His body was thrown into the Harike Canal. A police officer, A. S. Sandhu (supposedly committed suicide), abducted a Sikh religious leader, Charan Singh, tortured him and was made to dispose of his body. Earlier, the same police officer had abducted Charan Singh’s brother and his driver. The latter was killed by tying his legs to two jeeps, which were driven off in opposite directions.

A former Punjab administration headed by a corrupt Sikh, Prakash Sinh Badal, attacked the Darbar Sahib Complex (mistakenly known as the Golden Temple Complex) on 7th February, 1998, desecrated its sanctity and deposed, using his state powers, Badal forcibly removed the Senior Minister or Custodian of Akal Takht Sahib, the Supreme Seat of the Sikh Polity, Bhai Ranjit Singh. The administration of Prakash Sinh Badal, has spent more than 20 million rupees for legal fees to protect the police officers who participated in the genocide of the Sikhs. Voted, under the Constitution of India, which has been ‘rejected by the Sikhs repeatedly’, out of the Punjab’s administration, for his maneuvering, his collision (Badal and associates’) with a Hindu militants and fundamentalists party, the Brahtiya Janata Party (BJP), is back as the Chief of the Punjab. Prakash Sinh Badal, is an agent of India’s Research and Analysis Wing (RAW; Gurtej Singh 2000 Chakarvyuh: Web of Indian Secularism ISBN 81- 85815-14-3) and a staunch turbaned Hindu in ‘The Sikh Identity’. Prakash Badal has kept his lips ‘sealed’ when the Punjab Legislative Assembly debated the ‘Freedom of Press, news media and the free speech recently (www.rozanaspokesman.com,8th-13th March, 2008). The freedom of speech and expression are the fundamental human rights in any democracy. This is the clear reflection of the democratic or ‘autocratic’ nature of Mr Badal.

His administration and police personnel are abused the Indian Penal Code Article 188, against Dr Sukhpreet Singh Udhoke of Amritsar. These are a few examples of the democracy of the New Delhi administration’s (NDA) blessed administration of Prakash Badal and his Akalis alliance with the BJP, in the Sikhs’ holy and historic Homeland of Sikhs, Punjab. On February 6, 2000, the death of a Dalit youth in police custody in Morinda, Ludhiana, was horrifying. He was killed in cold blood because he objected to police’s drinking session at a public place. This incidence revived memories of the dark period in the history of Punjab when countless innocent young men were killed in false encounters, but police records turned them into ruthless terrorists.

A mother of six sons, Bibi Jaswant Kaur, lost her husband in 1987. Three of her six sons succumbed to tuberculosis. The other three were abducted and killed by Punjab police. One of the three sons, Pragat Singh, 23-yrs-old, was arrested in 1987, kept in captivity for 14 months. After his release police raided his home on 9th September 1988, and shot him dead. The eldest son, Jagir Singh, 25-yrs-old, working as a volunteer in a Taran Taran Gurdwara, was taken by the police and did not return. The youngest son, Mohinder Singh (20-yrs-old) was with the religious man, Baba Charan Singh (see above). He was abducted by the police on 14th June 1991 and died in police custody. Jaswant Kaur has tried all possible avenues to get justice, but has had no luck (jkaurgrewal@yahoo.com; March 20, 2001; post #4181; http://www.yahoogroups.com/group/sikhyouth;<http://www.yahoogroups.com/group/sikhyouth>). Even outside India, Sikhs being harassed by the Indian government and its allies, according to the Hon Edolphus Towns, MC (Extensions of Remarks - February 27, 2001). Miscreants stormed a church and ransacked the premises while a spiritual meeting and prayers were in progress in Hyderabad, A P (www.burningpunjab.com; 24th March, 2001).

A group of men killed their rape victim, a mother of seven, in the village of Singana and then gouged out the eyes of two witnesses in India's lawless eastern state of Bihar, the Press Trust of India reported Thursday (February 8, 2001; AFP). The rapists then used the woman's sickle to hack her to death. They then attacked four labourers who witnessed the crime. Since 1998, Christian missionaries including

one from Australia (Father Graham Stains), his 8- & 10-yr-old sons, and Roman Catholic nuns, have been killed, burnt alive or raped by the Hindu fundamentalists. The burning, destruction and demolishing of the Houses of God of the non-Hindu minorities, the Sikh Gurdwaras, Churches and Mosques, looting and desecrating of the holy and historical places of the non-Hindu minorities are the modus operandi of successive Indian administrations and state- sponsored hoodlums (Hon John T Doolittle, MC India Coalition Partner Threaten To Engulf Country In Violence, House of Representatives, July 27, 2000, The US Congress; Hon Edolphus Towns, MC July 27, 2000. Christian Persecution in India, House of Representatives, The US Congress).

Militant Hindu hoodlums in Uttarpara, West Bengal, attacked a train carrying Sikh pilgrims and the Sikh Holy scriptures, Guru Granth Sahib, in June, 2001. The Hindu hoodlums stoned the Sikh pilgrims, burned the Holy Scriptures, and tried to set fire to the train (Press Release: Council of Khalistan. Train Attack Is Wake-Up Call for Sikh Nation, June 27, 2001< cok@khalistan.com>). In an affidavit filed on 28th August, 2000, by Mr Sartaj Singh, resident of Kathua, Jammu and Kashmir (under the occupation of Indian administration), Internationally Disputed areas by the United Nations, stated that he was tortured and received painful psychological harassment by the Indian police. The police personnel wanted him to confess for the things, which he never did. The police personnel also wanted him to tell the whereabouts of Neeta alias Ranjit Singh, a freedom fighter, Harbhajan Singh, Gian Singh and Joginder Singh, who are at large. The police personnel wanted him to make a false confession that 'we all know one another'.

Miss Manorama of Manipur was gang raped by the men of the Assam Rifles and was thrown out of the headquarters after mutilating her private parts in July, 2004. More recently (9th February, 2005), a 12-year-old girl was allegedly raped by a constable of the force in central Assam's Karbi Anglong district, triggering protests from women's organizations. In a blatant violation of human rights, the district police today tortured a Dalit youth to death after he refused to accept his involvement in a theft case (Jalandhar, February 6' tibruneindia.com).

The World Kashmir Diaspora Alliance reports that "since the Indian forces occupation, more than 195,000 innocent Kashmiris have been killed; more than 110,000 have disappeared, and the latter have been killed by the invader's troops or they have been languishing in Indian jails with no information to their families. In the last three months, the death toll the ongoing Kashmiri unrest is 96, as another youth Yasir Rafiq Sheikh, a cousin of Jammu and Kashmir Liberation Front chief, Muhammad Yasin Malik, succumbed to his injuries on late Wednesday night inflicted by the Indian personnel and kept in a New Delhi hospital. Additionally, at least 10 persons were injured by the alleged CRPF firing on protesters in Sopur. For the last six days Kashmir is under curfew round the clock (bangla-vision@yahoogroups.com, 18th September, 2010)."

The above are only a few of the hundreds of thousands of cases we would like to bring to your kind attention, your Excellency. We hereby request you to dispatch a fact finding mission to India to assess in depth the crimes committed against humanity by armed and law-enforcing agencies in 'uniforms' and bring the criminals before the International Court of Justice in the sameway as the U N has done to punish the criminals of the Rwanda and Serbia massacres in 2000; S. Milosevic of Serbia in July 2001; the former Serb police chief, Steven Todorovic, who pleaded guilty for torturing, murdering and sexually assaulting Muslims and Croats (National Post, 1st August, 2001, p A11); and Radislav Krstic for the Srebrenica genocide of Muslims in 1995 (National Post, August 3, 2001, p A3). The UN tribunal has taken a landmark decision recently to include "sex torture as a war crime" (National Post, February, 23, 2001). Also, the UN Secretary-General (former), His Excellency Kofi Annan's interview (Time, 4th September, 2000) will be welcomed by the justice-loving peoples of our civilized world that "those who commit crimes and those who watch as bystanders are equally responsible for the crime taking place." What we have brought to your attention, your Excellency, is just the 'tip of the iceberg' of human rights abuses, religious persecution(s), rapes,humiliation, dehumanization and crimes committed by the state-sanctioned armed personnel of what our civilized world terms as the "largest democracy" in the world, India. A leading magazine has pointed out "India is ruled by rascals." "Many Indians silently witness their country's unlawful events. Several members of the ruling party's youth wing have in the past been charged with rapes and kidnapping. Officials respond that all parties have their thugs. Politicians use thugs to capture polling booths and stuff ballot boxes (The Economist, 15th July, 1995, p. 26)." According to the Hon Dana Rohrabacher, for the Sikhs, Kashmiri Muslims, and other minorities "India might as well be Nazi Germany" (Press Release: Council of Khalistan, Washington DC; June 27, 2001 < khalistan@khalistan.com>). Another Sikh, Devinder Pal Singh Bhullar, is about to be put to death in India for a crime even India admitted he didn't commit (Hon Edolphus Towns, MC. Proc House of Representatives, Washington DC, 18th March, 2003).

Manmohan Singh, the present Chief, Council of Ministers, a non-elected 'Member of Parliament' of India, supposed to be an honest and clean person delivered his state address before the "World Conference on Human Rights Delegates in Vienna, Austria, on 24th June (14 to 25th June), 1993. He, then Finance Minister of the PV Rao's administration, said that " he being Sikh finds no abuses of Human Rights of Sikhs much less any minorities in India." Another person, Shahabuddin, Manmohan Singh's colleague of the Islamic faith, said the same of Muslims of India. Abuses of Human Rights in the Sikhs' holy and historic Homeland, Punjab, Khalistan (under the Brahmins-Hindus autocracy's occupation, have been taking place, since 15th August, 1947). Manmohan Singh's statement was 'refuted' in the strongest possible words by the human rights and peace-loving citizens (delegates) of North America and elsewhere.

Your Excellency, following the execution of "Operation Bluestar" of June, 1984, an 'undeclared' war on the Sikh Nation, Punjab by the Indian armed forces, according to Sekhon (2009 ISBN 0-9548929-4-1). During "Operation Bluestar, June 1984", every village of the Sikhs' holy and historic homeland, Punjab, was turned into a "Concentration Camp;" 'Open air' jails were established outside every village of Punjab. These jails were covered by the barbed wires, in the heat of June – August months, when the usual temperatures in Punjab are 47 C or more, had been under the supervision of the Indian armed personnel, were no less than the concentration camps of Adolf Hitler's times in the Nazi Germany.These 'open air' barbed wire concentration camps/jails were used to prison the Sikhs indiscriminately regardless of gender and age. Sanitary facilities were virtually non-existent. This reflects the treatment of Indira Gandhi and her administration of the Brahmins autocracy to the Sikhs."

Bibi Manjit Kaur Dakha (1992): Manjit Kaur Dakha and her husband sought political asylum in the United States after being tortured by the Indian armed personnel. Mrs. Dakha, her father, and her 6-mo-old daughter (Bhaghel Kaur) were tortured mercilessly, given repeated death threats, and her child was made to sit on a colony of ants by the Central Reserve Police Force (CRPF). The daughter and father were made to beat each other with clubs.

Sardar Surinder Singh Fauji (a retired army personnel), of Fatehabad, Tehsil: Khadur Sahib of Amritsar district of Punjab, has been physically, mentally and psychologically tortured by Punjab police since May 27, 1986. Valuable household articles were stolen by the police personnel from his residence never returned. Despite his writing to the Prime Minister (PV Rao), Home Minister of India (SB Chawan), Chief Justice, Supreme Court of India, Chief Justice, Punjab and Haryana High court, and the Senior Session Judge, Amritsar, there was no relief from the police excesses.

More than 35 Sikh youth, including Kanwarpal Singh Bittu and Sarbjit Singh Ghuman of the Dal Khalsa, were in police custody. Similarly, Jagtaar Singh Hawara, his wife and other family members are humiliated (by putting cigarettes and tobacco in his mouth), tortured and harassed by the Punjab and Delhi police (www.panthic.org 17th July, 2005). Another Sikh leader, Daljit Singh Bittu, President, Panch Pradhani, and thousand of Sikh youth are in jails, without trials and crimes.

A human rights lawyer and prominent Sikh nationalist Harpal Singh Cheema, after spending eight years in a California jail, whom Judge Dana Keener determined Singh did not pose a threat to national security. The Hon judge stopped short of granting him full asylum, but forbade the then-INS from deporting the couple. Indeed, she noted that Singh "is widely perceived as a moderate and a voice for reason (Camille T Tairara, Editor, New America Media, News Feature, Aug 07, 2006). To escape atrocities and persecution during custody of the Indian law-enforcing personnel until 1992, Mr Cheema and his wife sought asylum in the United States in1993 (www.news.ncmonline.com/news/views_article.htmal? Mr Cheema is separated from his wife and son. Both mother and son are too scared to return to India.

In the mid 2007, Sardar Simranjit Singh Mann,President, Shromani Akali Dal (Amritsar), Sardar Daljit Singh Bittu, the then Vice President, SAD-Amritsar, and Dr Sukhpreet Singh Udhoke were arrested, tortured and harassed by the Punjab police personnel and charged for the 'treason against the Indian union' for their peaceful demonstrations and free expression against the heavy handedness of the state personnel. In the alleged Indian democracy, the basic rights of citizens, i. e., free speech, are violated. Dr Udhoke's publication was ceased and he was arrested.

Recently, in the second week of February, 2010, the Punjab police killed 13 youth in Ludhina district of Punjab, while they were participating in the Birthday celebrations of Shaheed-Bilas Saint-soldier Jarnail Singh Khalsa, Punjab's political and religious leader of the 20th century (www.rozananaspokesman.com).

A mass Grave of Sikhs killed in November 1984 has been discovered after 26 years in village Hondh-Chillar, District Rewari, Haryana. The village was inhabited by several Sikh families. On November 2nd, 1984 in an organized and well planned attack, the entire village was burnt along with the Sikh population and Gurudwara. The village consisting of torched houses, a burnt Gurudwara and scattered human bones have now been discovered (www.punjabspectrum.com, 17th February, 2011).

It is learned from highly reliable sources that the Central Reserve Police Force (CRPF) had been operating at least four deep pans of boiled oil to kill alive the Sikh youth in Amritsar in the post-undeclared war on the occupied Sikh Nation, under the consent of the then administration of India.

Recently, in the second week of February, 2010, the Punjab police killed 13 youth in Ludhina district of Punjab, while they were participating in the Birthday celebrations of Shaheed-Bilas Saint-soldier Jarnail Singh Khalsa, Punjab's political and religious leader (www.punjabspectrum.com, February 21, 2011).

According to the Sikhs for Justice (SFJ), the summons against Congress have been issued pursuant to a class action lawsuit filed (SFJ v. Congress (I) SDNY (10 CV 2940)) under Alien Tort Claims Act (ATCA) and Torture Victim Protection Act (TVPA). The plaintiffs in the case against Congress (I) are "Sikhs For Justice" (SFJ) a US based human rights group along with several Sikhs from different states and cities of India who survived attacks in November 1984 (3rd March, 2011, posted by SFJ on many websites).

We request you to bring to justice the deceased or living politicians of Indian administrations (Indira Gandhi, Rajiv Gandhi, Chandershekhar, P Chidambaram (now Home Minister of India; one of the members of a 3-men Team in the 'War Room' during an 'undeclared' war on the 'Landless Sikh Nation, Punjab' in June, 1984). V P Sinh, Dev Gowda, P V Rao, A B Vajpayee and their cabinet colleagues, including Narendra Modi and his cabinet colleagues responsible for the Gujarat Massacre of Muslims (February to November, 2002), and/or appointees like HKL Bhagat, Jagdish Tytler, Arun Nehru, SD Sharma, SS Ray, Boota Singh, LK Advani, GL Nanda, Surjit Barnala, Balwant Singh, Beant Singh, PD Singh, JS Chohan(deceased),Surender Nath,Prakash Sinh Badal,GS Tohra,HS Longowal, Lalit Makan, to cite but a few; police officers JF Rebeiro, KPS Gill (the Butcher of Punjab), Sarbjit Singh, Sumedh Saini (Senior Superintendent Police), DR Bhatti for the killings of Professor (Dr) Rajinder Pal Singh Gill (Bulara), Dr Gurnam Singh Buttar, Bhai Gurbhej Singh of the Jalandhar district and others, Swarn Ghotna, Gobind Ram, AS Sandhu (declared deceased by the Indian administration and associates. However, he is living under fake identity in Halifax, NS, Canada, as reported by <http://www.rozanaspokesman.com/>; published from Chandigarh, Punjab in May 2007), RS Bhullar, Joginder Singh, Raghbir Singh, SS Virk; armed forces personnel like K Sunderji, AS Vaidya, KS Brar, RS Dayal, JS Bhullar, Arjan Singh, JS Jamwal, Tarlok Singh, Shamsher Singh, Gurdial Singh, and their subordinates (Report To The Nation: Oppression in Punjab. Library of Congress Card No. 86-60058, January, 1986; Gurtej Singh 2000 Chakarvyuh: Web of Indian Secularism ISBN 81-85815-14-3; Int J Sikh Affairs Vol 9, No. 1, 1999 ISSN 1481-5435; Sikh Shahadat, June 2005, p. 12-17).

We look forward to hearing from you and hope for your prompt action on all crimes committed against humanity.

**With warmest regards and best wishes.**
**Respectfully submitted,**
**Parmjit Singh Sekhon, *President, Dal Khalsa Alliance**
**Dr Awatar Singh Sekhon, Managing Editor and Editor in Chief**
**International Journal of Sikh Affairs ISSN 1481-5435**
**EDMONTON, AB T5T 2B8**
**E-mail: assekhon@shaw.ca**
**Advisor (Foreign Affairs), Dal Khalsa Alliance**
**Sikh Federation Swiss, Signed by: Amarjit Singh Khalsa***
**sikhfederationswiss@yahoo.com**
**Alla Singh Bhogal, Chairman, International Sikh Sabhiachar Society**
**E-mail: allasbhogal@yahoo.com**
**M. S. Randhawa, Senior Advisor, Council of Khalistan,Washington, DC, USA**
**Signed by: Dr Awatar Singh Sekhon**
**Gaganjit Singh, Dal Khalsa of America**
**E-mail: gensec@dalkhalsausa.org**
**Ram Singh, President, American Gurdwara Council, Ph: 1.408.667-3116**
**Karnail Singh Khalsa, President, Gurmat Chetna Lahar of USA,**
**Ph:510-557-9168**
**Harmindar Singh, President, Khalsa Jagriti Lahar of the United States of America**
**E-mail: hpaulsingh@sbcglobal.net**
**Sukhwinder Singh, President, Sikh Sahit Sabha, Ph:510-277-7560**
**Baljinder Singh, President, Sikh Sabhiachar Committee, Ph:510-774-5909**
**Denotes signed with the permission**

Advt.

# ਵਿਦੇਸ਼ਾਂ ਵਿਚ ਸ਼ੋਸ਼ਣ ਦੇ ਸ਼ਿਕਾਰ ਪੰਜਾਬੀ ਬਣ ਰਹੇ ਨੇ ਜਰਾਇਮ ਪੇਸ਼ਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼ਾਰਜਾਹ ਦੀ ਜੇਲ੍ਹ ਵਿਚੋਂ ਤਿੰਨ ਸਾਲ ਦੀ ਸਜ਼ਾ ਭੁਗਤ ਕੇ ਵਤਨ ਪਰਤੇ ਤਿੰਨ ਪੰਜਾਬੀ ਨੌਜਵਾਨਾਂ ਨੇ ਖੁਲਾਸਾ ਕੀਤਾ ਹੈ ਕਿ ਕੰਪਨੀਆਂ ਵੱਲੋਂ ਕੀਤੇ ਜਾ ਰਹੇ ਸੋਸ਼ਣ ਕਾਰਨ ਉਥੇ ਵਧੇਰੇ ਭਾਰਤੀ ਨੌਜਵਾਨ ਸ਼ਰਾਬ ਦੀ ਤਸਕਰੀ ਦੇ ਗ਼ੈਰ-ਕਾਨੂੰਨੀ ਧੰਦੇ ਵਿਚ ਫਸਦੇ ਜਾ ਰਹੇ ਹਨ ਜਿਸ ਕਾਰਨ ਲੜਾਈ-ਝਗੜੇ ਤੇ ਹੋਰ ਮਾਮਲਿਆਂ ਕਾਰਨ ਕਈ ਨੌਜਵਾਨ ਜੇਲ੍ਹਾਂ ਵਿਚ ਬੰਦ ਹਨ।

ਵਤਨ ਪਰਤੇ ਤਿੰਨ ਪੰਜਾਬੀ ਨੌਜਵਾਨਾਂ 'ਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਫਤਹਿਗੜ੍ਹ ਨਿਆੜਾ ਦਾ ਪ੍ਰਦੀਪ ਕੁਮਾਰ ਤੇ ਪਿੰਡ ਸੁਖਰੋਲੀ ਦਾ ਤਰਲੋਚਨ ਸਿੰਘ ਤੇ ਨਵਾਂ ਸ਼ਹਿਰ ਦਾ ਕਸ਼ਮੀਰੀ ਲਾਲ ਸ਼ਾਮਲ ਹਨ। ਤਿੰਨੇ ਪੰਜਾਬੀ ਨੌਜਵਾਨ ਸ਼ਾਰਜਾਹ ਦੀ ਜੇਲ੍ਹ ਵਿਚ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਨੌਜਵਾਨ ਦੇ ਕਤਲ ਤੇ ਸ਼ਰਾਬ ਦੀ ਤਸਕਰੀ ਦੇ ਕੇਸ ਵਿਚ ਬੰਦ ਸਨ। ਕਤਲ ਕੇਸ ਵਿਚ ਇਨ੍ਹਾਂ ਨੂੰ ਉਥੋਂ ਦੀ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਹੋਈ ਸੀ। ਉਥੋਂ ਦੇ ਇਸਲਾਮੀ ਕਾਨੂੰਨ ਅਨੁਸਾਰ ਪੀੜਤ ਪਰਿਵਾਰ ਨੂੰ 18 ਲੱਖ ਰੁਪਏ ਦੀ 'ਬਲੱਡ ਮਨੀ' ਦੇ ਕੇ ਮਿਲੀ ਮੁਆਫੀ ਤੋਂ ਬਾਅਦ ਸ਼ਾਰਜਾਹ ਦੀ ਅਦਾਲਤ ਨੇ ਤਿੰਨਾਂ ਨੂੰ ਕਤਲ ਕੇਸ ਵਿਚੋਂ ਰਿਹਾਅ ਕਰ ਦਿੱਤਾ ਹੈ। ਇਹ ਬਲੱਡ ਮਨੀ ਸ਼ਾਰਜਾਹ ਦੇ ਸਿੱਖ ਵਪਾਰੀ ਐਸ.ਪੀ. ਸਿੰਘ ਓਬਰਾਏ ਤੇ ਇਨ੍ਹਾਂ ਦੇ ਪਰਿਵਾਰਾਂ ਵੱਲੋਂ ਰਲ ਕੇ ਅਦਾ ਕੀਤੀ ਗਈ ਹੈ।



ਪ੍ਰਦੀਪ ਕੁਮਾਰ ਦੇ ਪਰਿਵਾਰ ਨੂੰ ਤਾਂ ਇਸ ਹਾਦਸੇ ਦਾ ਵੱਡਾ ਖਮਿਆਜ਼ਾ ਭੁਗਤਣਾ ਪਿਆ। ਮੌਤ ਦੀ ਸਜ਼ਾ ਦੇ ਸਦਮੇ ਕਾਰਨ ਉਸ ਦੀ ਦਾਦੀ

## ਸ਼ਾਰਜਾਹ ਦੀ ਜੇਲ੍ਹ 'ਚ 60 ਪੰਜਾਬੀ ਨਜ਼ਰਬੰਦ

ਪ੍ਰਕਾਸ਼ ਕੌਰ ਤੇ ਮਾਂ ਜੋਗਿੰਦਰ ਕੌਰ ਦੀ ਮੌਤ ਹੋਈ ਹੈ। ਉਹ ਤਕਰੀਬਨ 6 ਸਾਲ ਪਹਿਲਾਂ ਸ਼ਾਰਜਾਹ ਗਿਆ ਸੀ ਜਿਥੇ ਉਸ ਨੂੰ ਪਹਿਲਾਂ ਕੁਝ ਸਮਾਂ ਤਾਂ ਕੰਮ ਹੀ ਨਾ ਮਿਲਿਆ ਤੇ ਕੰਮ ਮਿਲਣ ਮਗਰੋਂ ਕੰਪਨੀ ਨੇ ਦੋ ਮਹੀਨੇ ਦੀ ਤਨਖਾਹ ਰੋਕ ਦਿੱਤੀ। ਸਿੱਟੇ ਵਜੋਂ ਉਹ ਖਾਣ-ਪੀਣ ਤੋਂ ਵੀ ਤੰਗ ਹੋ ਗਿਆ। ਮਜਬੂਰੀਵੱਸ ਉਹ ਸ਼ਰਾਬ ਦੀ ਤਸਕਰੀ ਦਾ ਨਾਜਾਇਜ਼ ਧੰਦਾ ਕਰ ਰਹੇ ਨੌਜਵਾਨਾਂ ਨਾਲ ਜੁੜ ਗਿਆ। 27 ਸਾਲਾ ਪ੍ਰਦੀਪ ਕੁਮਾਰ ਨੇ ਦੱਸਿਆ ਕਿ ਉਹ ਜਿਸ ਥਾਂ 'ਤੇ ਰਹਿੰਦੇ ਸਨ। ਉਸ ਇਲਾਕੇ ਵਿਚ ਹੋਏ ਕਤਲ ਸਬੰਧੀ ਉਸ ਨੂੰ ਤੇ ਕਸ਼ਮੀਰੀ ਲਾਲ ਨੂੰ ਕਾਬੂ ਕਰ ਲਿਆ ਗਿਆ। ਅਰਬੀ ਭਾਸ਼ਾ ਦਾ ਗਿਆਨ ਨਾ ਹੋਣ ਕਾਰਨ ਉਹ ਸ਼ਾਰਜਾਹ ਪੁਲੀਸ ਦੇ ਅਧਿਕਾਰੀਆਂ ਦੀ ਭਾਸ਼ਾ ਸਮਝਣ ਵਿਚ ਅਸਮਰਥ ਸਨ ਤੇ ਉਥੋਂ ਦੇ ਅਧਿਕਾਰੀ ਪੰਜਾਬੀ ਭਾਸ਼ਾ ਨੂੰ ਸਮਝਣ ਵਿਚ ਅਸਮਰੱਥ ਸਨ।

ਇਸ ਦੌਰਾਨ ਪੁਲੀਸ ਨੇ ਜ਼ਬਰਦਸਤੀ ਅਰਬੀ ਭਾਸ਼ਾ ਵਿਚ ਲਿਖੇ ਇਕਬਾਲੀਆ ਬਿਆਨ 'ਤੇ ਉਨ੍ਹਾਂ ਕੋਲੋਂ ਦਸਤਖ਼ਤ ਕਰਵਾ ਲਏ ਤੇ ਜੇਲ੍ਹ ਭੇਜ ਦਿੱਤਾ ਜਿਥੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਨੂੰ ਕਿਤਲ ਕੇਸ ਵਿਚ ਜੇਲ੍ਹ ਭੇਜ ਦਿੱਤਾ ਗਿਆ ਹੈ। ਜੇਲ੍ਹ ਵਿਚ ਹੀ ਉਨ੍ਹਾਂ ਦੀ ਮੁਲਾਕਾਤ ਤਰਲੋਚਨ ਸਿੰਘ ਨਾਲ ਹੋਈ। ਉਸ ਨੂੰ ਵੀ ਇਸੇ ਕਤਲ ਕੇਸ ਵਿਚ ਹੀ ਕਾਬੂ ਕੀਤਾ ਗਿਆ ਸੀ। ਤਰਲੋਚਨ ਸਿੰਘ ਉਥੇ ਤਰਖਾਣੀ ਦਾ ਕੰਮ ਕਰਦਾ ਸੀ। ਇਨ੍ਹਾਂ ਤਿੰਨਾਂ ਨੂੰ ਹੀ ਕਤਲ ਕੀਤੇ ਗਏ ਵਿਅਕਤੀ ਬਾਰੇ ਕੋਈ ਜਾਣਕਾਰੀ ਨਹੀਂ ਸੀ। ਜੇਲ੍ਹ ਵਿਚ ਇਨ੍ਹਾਂ 'ਤੇ ਅਣਮਨੁੱਖੀ ਤਸ਼ੱਦਦ ਵੀ ਕੀਤੇ ਗਏ। ਅਦਾਲਤ ਵੱਲੋਂ ਕਤਲ ਕੇਸ ਵਿਚ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਸੀ।ਇਸ ਦੌਰਾਨ ਜੇਲ੍ਹ ਵਿਚ ਹੀ ਐਸ.ਪੀ. ਸਿੰਘ ਓਬਰਾਏ ਨੇ ਇਨ੍ਹਾਂ ਨਾਲ ਮੁਲਾਕਾਤ ਕੀਤੀ ਤੇ ਇਨ੍ਹਾਂ ਦੀ ਸਜ਼ਾ ਮੁਆਫੀ ਲਈ ਉਪਰਾਲਾ ਆਰੰਭ ਕੀਤਾ।

ਨਵਾਂ ਸ਼ਹਿਰ ਵਾਸੀ ਕਸ਼ਮੀਰੀ ਲਾਲ ਨੇ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧਤ ਹੈ ਤੇ ਉਸ ਦੇ ਪਿਤਾ ਨੇ ਕਰਜ਼ਾ ਚੁੱਕ ਕੇ ਉਸ ਨੂੰ ਬਾਹਰ ਭੇਜਿਆ ਸੀ। ਸ਼ਾਰਜਾਹ ਦੀ ਕੰਪਨੀ ਵਿਚ ਕੰਮ ਕਰਦਿਆਂ ਉਸ ਦੀ ਤਨਖਾਹ ਰੋਕ ਲਈ ਗਈ ਜਿਸ ਦੇ ਸਿੱਟੇ ਵਜੋਂ ਉਹ ਹੋਰ ਕੰਮ ਦੀ ਭਾਲ ਕਰਨ ਲੱਗ ਪਿਆ। ਇਸ ਦੌਰਾਨ ਉਸ ਦਾ ਸ਼ਰਾਬ ਦੀ ਤਸਕਰੀ ਕਰਨ ਵਾਲਿਆਂ ਨਾਲ ਸੰਪਰਕ ਹੋ ਗਿਆ ਤੇ ਉਹ ਵੀ ਉਨ੍ਹਾਂ ਨਾਲ ਜੁੜ ਗਿਆ। ਤਰਲੋਚਨ ਸਿੰਘ ਨੇ ਦੱਸਿਆ ਕਿ ਇਕ ਦਿਨ ਅਚਨਚੇਤੀ ਪੁਲੀਸ ਉਸ ਨੂੰ ਫੜ ਕੇ ਲੈ ਗਈ ਤੇ ਕਤਲ ਕੇਸ ਨਾਲ ਜੋੜ ਦਿੱਤਾ। ਸ਼ਾਰਜਾਹ ਵਿਖੇ ਹੋਟਲ ਤੇ ਉਸਾਰੀ ਸਨਅਤ ਨਾਲ ਜੁੜੇ ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਇਹ ਤਿੰਨਾਂ ਨੌਜਵਾਨਾਂ ਦੀ ਫਾਂਸੀ ਦੀ ਸਜ਼ਾ ਮੁਆਫ ਕਰਾਉਣ ਲਈ ਉਥੋਂ ਦੇ ਇਸਲਾਮੀ ਕਾਨੂੰਨ ਅਨੁਸਾਰ ਪੀੜਤ ਪਰਿਵਾਰ ਕੋਲੋਂ ਮੁਆਫੀ ਦੁਆਈ ਗਈ ਹੈ।

ਉਨ੍ਹਾਂ ਦੱਸਿਆ ਕਿ ਇਸ ਵੇਲੇ ਸ਼ਾਰਜਾਹ ਦੀ ਜੇਲ੍ਹ ਵਿਚ 60 ਪੰਜਾਬੀ ਨੌਜਵਾਨ ਬੰਦ ਹਨ ਜਿਨ੍ਹਾਂ ਖਿਲਾਫ ਕਤਲ ਤੇ ਸ਼ਰਾਬ ਦੀ ਤਸਕਰੀ ਦੇ ਦੋਸ਼ ਹਨ। ਉਨ੍ਹਾਂ ਦੱਸਿਆ ਕਿ ਇਥੇ ਆਉਣ ਵਾਲੇ ਭਾਰਤੀ ਨੌਜਵਾਨਾਂ ਦੀ ਮਦਦ ਲਈ ਸਵੈ-ਸੇਵੀ ਜਥੇਬੰਦੀ ਕਾਇਮ ਕੀਤੀ ਹੋਈ ਹੈ ਜਿਸ ਵਿਚ ਇੰਡੀਅਨ ਪੰਜਾਬੀ ਸੁਸਾਇਟੀ ਤੇ ਸਰਬੱਤ ਦਾ ਭਲਾ ਸੁਸਾਇਟੀ ਸ਼ਾਮਲ ਹਨ।

## ਕਤਲ ਕੇਸ 'ਚ ਫਸੇ 17 ਪੰਜਾਬੀਆਂ ਦੀ ਰਿਹਾਈ ਦੀ ਆਸ ਬੱਝੀ

**ਅੰਮ੍ਰਿਤਸਰ:** ਸ਼ਾਰਜਾਹ ਦੀ ਜੇਲ੍ਹ ਵਿਚੋਂ ਪਹਿਲੀ ਵਾਰ ਤਿੰਨ ਪੰਜਾਬੀ ਨੌਜਵਾਨਾਂ ਦੀ ਹੋਈ ਰਿਹਾਈ ਤੋਂ ਬਾਅਦ ਉਥੇ ਜੇਲ੍ਹ ਵਿਚ ਬੰਦ ਹੋਰ ਪੰਜਾਬੀ ਨੌਜਵਾਨਾਂ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਵੀ ਆਪਣੇ ਲਾਡਲਿਆਂ ਦੀ ਰਿਹਾਈ ਦੀ ਆਸ ਬੱਝ ਗਈ ਹੈ। 17 ਪੰਜਾਬੀ ਨੌਜਵਾਨਾਂ ਨੂੰ ਪਾਕਿਸਤਾਨੀ ਦੇ ਕਤਲ ਕੇਸ ਵਿਚ ਉਥੋਂ ਦੀ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਹੋਈ ਹੈ।

ਇਨ੍ਹਾਂ ਪਰਿਵਾਰਾਂ ਵਿਚ ਸ਼ਾਮਿਲ ਰਣਜੀਤ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਧਰਮਪਾਲ ਸਿੰਘ ਵਾਸੀ ਫਿਰੋਜ਼ਪੁਰ ਕੁਝ ਵਰ੍ਹੇ ਪਹਿਲਾਂ ਸ਼ਾਰਜਾਹ ਗਿਆ ਸੀ ਜਿਥੇ ਉਸ ਨੂੰ ਪਾਕਿਸਤਾਨੀ ਮਿਸ਼ਰੀ ਖਾਨ ਦੇ ਕਤਲ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਹੈ।

ਸ੍ਰੀ ਓਬਰਾਏ ਨੇ ਦੱਸਿਆ ਕਿ ਅੱਠ ਹੋਰ ਨੌਜਵਾਨਾਂ ਦੀ ਰਿਹਾਈ ਲਈ 2 ਲੱਖ 60 ਹਜ਼ਾਰ ਦਰਹਾਮ ਦਾ ਭੁਗਤਾਨ ਕਰ ਦਿੱਤਾ ਗਿਆ ਹੈ ਤੇ ਹੁਣ ਇਸ ਮਾਮਲੇ ਵਿਚ ਅਦਾਲਤ ਵੱਲੋਂ ਰਿਹਾਈ ਦੇ ਆਦੇਸ਼ ਆਉਣ ਦੀ ਉਡੀਕ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਸਤੰਬਰ ਮਹੀਨੇ ਵਿਚ ਨੌਜਵਾਨਾਂ ਦੀ ਰਿਹਾਈ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਕਪੂਰਥਲਾ ਦੇ ਇਕ ਵਿਅਕਤੀ ਨੂੰ ਕਤਲ ਕਰਨ ਦੇ ਦੋਸ਼ ਹੇਠ 10 ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੋਈ ਹੈ ਜਿਨ੍ਹਾਂ ਵਿਚ ਸੱਤ ਪੰਜਾਬੀ, ਦੋ ਪਾਕਿਸਤਾਨੀ ਤੇ ਇਕ ਬੰਗਲਾਦੇਸ਼ੀ ਸ਼ਾਮਲ ਹੈ। ਇਸ ਮਾਮਲੇ ਵਿਚ ਵੀ ਸਮਝੌਤਾ ਹੋ ਚੁੱਕਾ ਹੈ ਤੇ ਅਦਾਲਤ ਵੱਲੋਂ ਅਗਲੀ ਸੁਣਵਾਈ 14 ਜੂਨ ਨੂੰ ਰੱਖੀ ਗਈ ਹੈ। ਇਸੇ ਤਰ੍ਹਾਂ ਦੋ ਹੋਰ ਮਾਮਲਿਆਂ ਵਿਚ ਚਾਰ ਪੰਜਾਬੀ ਨੌਜਵਾਨ ਸ਼ਾਮਲ ਹਨ ਤੇ ਉਨ੍ਹਾਂ ਦੀ ਰਿਹਾਈ ਲਈ ਵੀ ਬਲੱਡ ਮਨੀ ਦੇਣ ਲਈ ਗੱਲਬਾਤ ਜਾਰੀ ਹੈ। 17 ਪੰਜਾਬੀ ਨੌਜਵਾਨਾਂ ਦੀ ਰਿਹਾਈ ਲਈ ਵੀ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਉਨ੍ਹਾਂ 17 ਪੰਜਾਬੀ ਨੌਜਵਾਨਾਂ ਵੱਲੋਂ ਜੇਲ੍ਹ ਵਿਚੋਂ ਜਾਰੀ ਕੀਤਾ ਪੱਤਰ ਵੀ ਮੀਡੀਆ ਵਿਚ ਵੰਡਿਆ। ਇਸ ਪੱਤਰ ਵਿਚ ਨੌਜਵਾਨਾਂ ਨੇ ਦਸਤਖ਼ਤ ਕੀਤੇ ਹੋਏ ਹਨ ਤੇ ਉਨ੍ਹਾਂ ਦੋਸ਼ ਲਾਇਆ ਕਿ ਇਕ ਬਲਜੀਤ ਸਿੰਘ ਨਾਂ ਦਾ ਵਿਅਕਤੀ ਸਮਝੌਤਾ ਤੈਅ ਹੋਣ ਵਿਚ ਅੜਿੱਕਾ ਬਣਿਆ ਹੋਇਆ ਹੈ।








# ਅਮਰੀਕੀ ਜਿਊਰੀ ਵੱਲੋਂ ਤਹੱਵੁਰ ਰਾਣਾ ਨੂੰ ਬਰੀ ਕਰਨ ਤੋਂ ਭਾਰਤ ਖ਼ਫਾ

## ਲਸ਼ਕਰ ਦੀ ਮਦਦ ਕਰਨ ਅਤੇ ਡੈਨਮਾਰਕ ਹਮਲੇ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਕਰਾਰ

**ਸ਼ਿਕਾਗੋ:** ਅਮਰੀਕੀ ਅਦਾਲਤ ਨੇ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਨਾਗਰਿਕ ਤਹੱਵੁਰ ਹੁਸੈਨ ਰਾਣਾ ਨੂੰ ਮੁੰਬਈ ਹਮਲੇ ਦੇ ਕੇਸ ਵਿਚੋਂ ਬਰੀ ਕਰ ਦਿੱਤਾ ਹੈ ਜਿਸ 'ਤੇ ਭਾਰਤ ਨੂੰ ਕਾਫੀ ਨਿਰਾਸ਼ਾ ਹੋਈ ਹੈ। ਉਂਝ ਅਦਾਲਤ ਨੇ ਰਾਣਾ ਨੂੰ ਪਾਕਿਸਤਾਨੀ ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਦੀ ਮਦਦ ਕਰਨ ਤੇ ਡੈਨਮਾਰਕ ਵਿਚ ਅਤਿਵਾਦੀ ਹਮਲਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਕਰਾਰ ਦਿੱਤਾ ਹੈ।

ਇਸ ਦੋਸ਼ ਤਹਿਤ ਉਸ ਨੂੰ ਵੱਧ ਤੋਂ ਵੱਧ 30 ਸਾਲਾ ਕੈਦ ਦੀ ਸਜ਼ਾ ਹੋ ਸਕਦੀ ਹੈ ਪਰ ਜੇਕਰ ਰਾਣਾ ਨੂੰ 26/11 ਦੇ ਮੁੰਬਈ ਹਮਲੇ ਦਾ ਦੋਸ਼ੀ ਕਰਾਰ ਦਿੱਤਾ ਜਾਂਦਾ ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਹੋਣੀ ਸੀ। ਬਾਰ੍ਹਾਂ ਮੈਂਬਰੀ ਜਿਊਰੀ ਨੇ ਦੋ ਦਿਨਾਂ ਦੇ ਵਿਚਾਰ-ਵਟਾਂਦਰੇ ਤੋਂ ਬਾਅਦ 10 ਜੂਨ ਨੂੰ ਇਹ ਫ਼ੈਸਲਾ ਸੁਣਾਇਆ। 50 ਸਾਲਾ ਰਾਣਾ ਨੂੰ ਸਜ਼ਾ ਸੁਣਾਉਣ ਦੀ ਤਾਰੀਖ਼ ਹਾਲੇ ਤੈਅ ਨਹੀਂ ਕੀਤੀ ਗਈ।

ਜੱਜ ਹੈਰੀ ਡੀ. ਲੈਨਿਨਵੈਬਰ ਨੇ ਕਿਹਾ ਕਿ ਸਾਰੇ ਸਬੂਤ ਦੇਖਣ ਮਗਰੋਂ ਰਾਣਾ ਨੂੰ ਮੁੰਬਈ 'ਤੇ ਹਮਲਾ ਕਰਨ ਵਾਲੇ ਲਸ਼ਕਰ-ਏ-ਤੋਇਬਾ ਨੂੰ ਸਾਜ਼ੋ-ਸਾਮਾਨ ਮੁਹੱਈਆ ਕਰਾਉਣ ਤੇ ਡੈਨਮਾਰਕ ਦੇ ਅਖ਼ਬਾਰ ਜਿਸ ਨੇ ਹਜ਼ਰਤ ਮੁਹੰਮਦ ਦਾ ਕਾਰਟੂਨ ਛਾਪਿਆ ਸੀ, 'ਤੇ ਹਮਲਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ। ਅਮਰੀਕੀ ਨਿਆਂ ਵਿਭਾਗ ਦਾ ਕਹਿਣਾ ਹੈ ਕਿ ਜਿਨ੍ਹਾਂ ਦੋ ਮਾਮਲਿਆਂ ਵਿਚ ਰਾਣਾ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ, ਉਨ੍ਹਾਂ ਤਹਿਤ ਉਸ ਨੂੰ 30 ਸਾਲਾਂ ਦੀ ਬਗ਼ੈਰ ਕਿਸੇ ਜ਼ਮਾਨਤ ਤੋਂ ਸਜ਼ਾ ਹੋ ਸਕਦੀ ਹੈ। ਇਹ ਫ਼ੈਸਲਾ ਸੁਣਨ ਮਗਰੋਂ ਰਾਣਾ ਸੁੰਨ ਹੋ ਗਿਆ। ਉਸ ਦੇ ਵਕੀਲਾਂ ਨੇ ਕਿਹਾ ਕਿ ਕੇਸ ਵਿਚ ਕਈ ਖ਼ਾਮੀਆਂ ਹਨ ਜਿਸ ਕਰਕੇ ਉਹ ਫ਼ੈਸਲੇ ਖ਼ਿਲਾਫ਼ ਅਪੀਲ ਕਰਨਗੇ।



ਉਧਰ ਜਿਊਰੀ ਦੇ ਫ਼ੈਸਲੇ ਮਗਰੋਂ ਸਰਕਾਰੀ ਵਕੀਲ ਪੈਟਰਿਕ ਜੇ. ਫਿਟਜ਼ਗੇਰਾਲਡ ਨੇ ਕਿਹਾ ਕਿ ਮੁੰਬਈ ਹਮਲੇ ਦੇ ਮਾਮਲੇ 'ਚੋਂ ਰਾਣਾ ਨੂੰ ਬਰੀ ਕਰਨ ਤੋਂ ਹੈਰਾਨ ਹਨ। ਸਰਕਾਰੀ ਵਕੀਲ ਨੇ ਕਿਹਾ ਕਿ ਜਿਊਰੀ ਨੇ ਜਿਨ੍ਹਾਂ ਦੋ ਮਾਮਲਿਆਂ ਵਿਚ ਰਾਣਾ ਨੂੰ ਦੋਸ਼ੀ ਕਰਾਰ ਦਿੱਤਾ ਹੈ, ਉਸ ਤੋਂ ਉਹ ਸੰਤੁਸ਼ਟ ਹਨ।

## ਅਮਰੀਕੀ ਜਿਊਰੀ ਦੇ ਫ਼ੈਸਲੇ ਤੋਂ ਭਾਰਤ ਨਿਰਾਸ਼

**ਨਵੀਂ ਦਿੱਲੀ:** ਅਮਰੀਕਾ ਦੀ ਅਦਾਲਤ ਦੇ ਫ਼ੈਸਲੇ ਤੋਂ ਭਾਰਤ ਕਾਫ਼ੀ ਨਿਰਾਸ਼ ਹੋਇਆ ਹੈ। ਭਾਰਤੀ ਗ੍ਰਹਿ ਮੰਤਰਾਲੇ ਵਿਚਲੇ ਅੰਦਰੂਨੀ ਸੁਰੱਖਿਆ ਦੇ ਸਕੱਤਰ ਯੂ.ਕੇ. ਬਾਂਸਲ ਨੇ ਕਿਹਾ ਕਿ ਰਾਣਾ ਨੂੰ 26/11 ਦੇ ਹਮਲੇ ਵਿਚੋਂ ਬਰੀ ਕਰਨਾ ਲਈ ਵੱਡਾ ਧੱਕਾ ਹੈ। ਸਰਕਾਰ ਵੱਲੋਂ ਭਾਰਤ ਦੀ ਅਦਾਲਤ ਵਿਚ ਰਾਣਾ ਤੇ ਡੇਵਿਡ ਹੈਡਲੀ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕਰਨ ਬਾਰੇ ਛੇਤੀ ਹੀ ਫ਼ੈਸਲਾ ਕੀਤਾ ਜਾਵੇਗਾ। ਇਸੇ ਦੌਰਾਨ ਭਾਜਪਾ ਨੇ ਆਖਿਆ ਹੈ ਕਿ ਭਾਰਤ ਸਰਕਾਰ ਸ਼ਿਕਾਗੋ ਅਦਾਲਤ ਵੱਲੋਂ ਤਹੱਵੁਰ ਰਾਣਾ ਨੂੰ ਮੁੰਬਈ ਹਮਲੇ ਦੇ ਦੋਸ਼ ਵਿਚੋਂ ਬਰੀ ਕੀਤੇ ਜਾਣੇ ਦੇ ਫੈਸਲੇ ਨੂੰ ਚੁਣੌਤੀ ਦੇਵੇ। ਪਾਰਟੀ ਦੇ ਬੁਲਾਰੇ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਉਹ ਜਾਣਨਾ ਚਾਹੁੰਦੇ ਹਨ ਕਿ ਕਿਧਰੇ ਅਮਰੀਕਾ ਤੇ ਪਾਕਿ ਦੀਆਂ ਖ਼ੁਫ਼ੀਆ ਏਜੰਸੀਆਂ ਵਿਚਾਲੇ ਰਾਣਾ ਨੂੰ ਕਲੀਨ ਚਿੱਟ ਦੇਣ ਲਈ ਅੰਦਰਖਾਤੇ ਕੋਈ ਸਮਝੌਤਾ ਤਾਂ ਨਹੀਂ ਹੋਇਆ ਸੀ।ਕਿਉਂਕਿ ਜੇ ਐਫ.ਬੀ.ਆਈ. ਸਬੂਤ ਸਹੀ ਢੰਗ ਨਾਲ ਪੇਸ਼ ਕਰਦੀ ਤਾਂ ਰਾਣਾ ਬਰੀ ਨਹੀਂ ਸੀ ਹੋ ਸਕਦਾ।

ਉਧਰ ਭਾਰਤ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਅਮਰੀਕਾ ਵਿਚ ਚੱਲ ਰਹੇ ਮੁਕੱਦਮੇ ਦੌਰਾਨ ਲਸ਼ਕਰ-ਏ-ਤੋਇਬਾ ਦੇ ਤਹੱਵੁਰ ਰਾਣਾ ਤੇ ਡੇਵਿਡ ਹੈਡਲੀ ਵਿਚਲੇ ਸਬੰਧਾਂ ਦਾ ਖੁਲਾਸਾ ਹੋਣ ਤੋਂ ਬਾਅਦ ਉਹ ਹੁਣ 26/11 ਦੇ ਮੁੰਬਈ ਹਮਲੇ ਦੇ ਮਾਮਲੇ ਦੀ ਪੂਰੀ ਤਰ੍ਹਾਂ ਨਿਰਪੱਖ ਤੇ ਪਾਰਦਰਸ਼ੀ ਜਾਂਚ ਕਰਵਾਏ। ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਇਸ ਗੱਲ ਨੂੰ ਪਾਕਿਸਤਾਨ ਗੰਭੀਰਤਾ ਨਾਲ ਲਏ। ਇਹੀ ਉਸ ਦੇ ਖਿੱਤੇ ਦੇ ਤੇ ਦੁਵੱਲੇ ਸਬੰਧਾਂ ਦੇ ਹਿੱਤ ਵਿਚ ਹੈ।

## ਮੁਸ਼ੱਰਫ ਖ਼ਿਲਾਫ਼ ਪੱਕਾ .ਗੈਰ-ਜ਼ਮਾਨਤੀ ਵਾਰੰਟ ਜਾਰੀ

**ਇਸਲਾਮਾਬਾਦ:** ਦਹਿਸ਼ਤਵਾਦ ਵਿਰੋਧੀ ਪਾਕਿਸਤਾਨੀ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਖ਼ਿਲਾਫ਼ ਪੱਕਾ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਹਨ। ਉਨ੍ਹਾਂ 'ਤੇ ਦੋਸ਼ ਹੈ ਕਿ 2007 ਵਿਚ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਕਤਲ ਕੇਸ ਦੀ ਜਾਂਚ ਵਿਚ ਉਹ ਤਫਤੀਸ਼ਕਾਰਾਂ ਨਾਲ ਸਹਿਯੋਗ ਨਹੀਂ ਕਰ ਰਹੇ।

ਫੈਡਰਲ ਜਾਂਚ ਏਜੰਸੀ (ਐਫ.ਆਈ. ਏ.) ਦੇ ਇਸਤਗਾਸਾ ਨੇ ਰਾਵਲਪਿੰਡੀ ਸਥਿਤ ਦਹਿਸ਼ਤਵਾਦ ਵਿਰੋਧੀ ਅਦਾਲਤ ਦੇ ਜੱਜ ਰਾਣਾ ਨਿਸਾਰ ਅਹਿਮਦ ਨੂੰ ਦੱਸਿਆ ਕਿ ਮੁਸ਼ੱਰਫ ਖ਼ਿਲਾਫ਼ ਸੰਮਨ ਜਾਰੀ ਹੋਣ ਤੇ ਉਨ੍ਹਾਂ ਨੂੰ 'ਭਗੌੜਾ' ਐਲਾਨੇ ਜਾਣ ਦੇ ਬਾਵਜੂਦ ਉਹ ਅਦਾਲਤ ਵਿਚ ਪੇਸ਼ ਨਹੀਂ ਹੋਏ। ਉਨ੍ਹਾਂ ਅਦਾਲਤ ਨੂੰ ਸਥਾਈ ਹਿਰਾਸਤੀ ਵਾਰੰਟ ਜਾਰੀ ਕਰਨ ਲਈ ਕਿਹਾ। ਇਸ 'ਤੇ ਜੱਜ ਨੇ ਮੁਸ਼ੱਰਫ ਖ਼ਿਲਾਫ਼ ਨਵੇਂ ਸਿਰਿਓਂ ਸਥਾਈ ਤੇ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ। ਮੁਸ਼ੱਰਫ ਇਸ ਸਮੇਂ ਪਾਕਿਸਤਾਨ ਤੋਂ ਬਾਹਰ ਜਲਾਵਤਨੀ ਹੰਢਾਅ ਰਹੇ ਹਨ। ਇਸਤਗਾਸਾ ਨੇ ਅਦਾਲਤ ਨੂੰ ਮੁਸ਼ੱਰਫ ਦੀ ਚੱਲ ਤੇ ਅਚੱਲ ਸੰਪਤੀ ਜ਼ਬਤ ਕਰਨ ਦੇ ਹੁਕਮ ਦੇਣ ਦੀ ਵੀ ਬੇਨਤੀ ਕੀਤੀ। ਜੱਜ ਨੇ ਅਧਿਕਾਰੀਆਂ ਨੂੰ ਅਗਲੀ ਪੇਸ਼ੀ 'ਤੇ ਮੁਸ਼ੱਰਫ ਦੇ ਅਸਾਸਿਆਂ ਦੇ ਵੇਰਵੇ ਪੇਸ਼ ਕਰਨ ਲਈ ਕਿਹਾ ਤੇ ਸੁਣਵਾਈ ਦੋ ਹਫ਼ਤਿਆਂ ਲਈ ਮੁਲਤਵੀ ਕਰ ਦਿੱਤੀ।

## ਭਾਰਤ ਹੈਡਲੀ ਤੋਂ ਕਰੇਗਾ ਮੁੜ ਪੁੱਛ-ਪੜਤਾਲ!

**ਨਵੀਂ ਦਿੱਲੀ:** 26/11 ਦੇ ਮੁੰਬਈ ਹਮਲੇ ਦੇ ਮਾਮਲੇ ਵਿਚ ਤਹੱਵੁਰ ਰਾਣਾ ਨੂੰ ਸ਼ਿਕਾਗੋ ਦੀ ਅਦਾਲਤ ਵੱਲੋਂ ਬਰੀ ਕੀਤੇ ਜਾਣ ਤੋਂ ਬਾਅਦ ਭਾਰਤ ਵੱਲੋਂ ਹੈਡਲੀ ਤੋਂ ਮੁੜ ਪੁੱਛ-ਪੜਤਾਲ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਰਾਣਾ ਮਾਮਲੇ 'ਤੇ ਜਿਊਰੀ ਦਾ ਪੂਰਾ ਫੈਸਲਾ ਪੁੱਜ ਜਾਣ ਤੋਂ ਬਾਅਦ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਵੱਲੋਂ ਅਗਲੀ ਰਣਨੀਤੀ ਲਈ ਕੌਮਾਂਤਰੀ ਕਾਨੂੰਨਾਂ ਦੇ ਮਾਹਿਰਾਂ ਨਾਲ ਸਲਾਹ ਮਸ਼ਵਰਾ ਕੀਤਾ ਜਾਵੇਗਾ। ਇਸ ਰਣਨੀਤੀ ਤਹਿਤ ਹੈਡਲੀ ਤੋਂ ਭਾਰਤੀ ਜਾਂਚ ਟੀਮ ਪੁੱਛ-ਪੜਤਾਲ ਕਰ ਸਕਦੀ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਜੇ ਭਾਰਤ ਵੱਲੋਂ ਕੋਈ ਬੇਨਤੀ ਕੀਤੀ ਜਾਂਦੀ ਹੈ ਤਾਂ ਮੁੰਬਈ ਹਮਲਿਆਂ ਦੇ ਕੇਸ ਵਿਚ ਇਕਬਾਲ-ਏ-ਜੁਰਮ ਕਰਨ ਵਾਲੇ ਡੇਵਿਡ ਹੈਡਲੀ ਤੋਂ ਹੋਰ ਪੁੱਛ-ਪੜਤਾਲ ਲਈ ਰਸਾਈ ਦੇਣ 'ਤੇ ਵਿਚਾਰ ਕੀਤਾ ਜਾਵੇਗਾ।

ਵਿਦੇਸ਼ ਵਿਭਾਗ ਦੇ ਬੁਲਾਰੇ ਮਾਰਕ ਟੋਨਰ ਨੇ ਕਿਹਾ ਕਿ ਹੈਡਲੀ ਤਕ ਦੁਬਾਰਾ ਰਸਾਈ ਦੇਣ ਬਾਰੇ ਗੌਰ ਕੀਤੀ ਜਾਵੇਗੀ। ਪਿਛਲੇ ਸਾਲ ਭਾਰਤੀ ਅਫ਼ਸਰਾਂ ਦੀ ਟੀਮ ਨੇ ਲਸ਼ਕਰ-ਏ-ਤੋਇਬਾ ਦੇ ਅਮਰੀਕੀ-ਪਾਕਿਸਤਾਨੀ ਕਾਰਕੁਨ ਹੈਡਲੀ ਤੋਂ ਸ਼ਿਕਾਗੋ 'ਚ ਪੁੱਛ-ਪੜਤਾਲ ਕੀਤੀ ਸੀ। ਹੈਡਲੀ ਨੇ ਨਵੰਬਰ 2008 ਵਿਚ ਹੋਏ ਮੁੰਬਈ ਹਮਲਿਆਂ ਸਣੇ ਦਹਿਸ਼ਤਵਾਦ ਦੇ 12 ਦੋਸ਼ਾਂ ਵਿਚ ਇਕਬਾਲ-ਏ-ਜ਼ੁਰਮ ਕੀਤਾ ਸੀ। ਮੁੰਬਈ ਹਮਲਿਆਂ ਵਿਚ 160 ਤੋਂ ਵੱਧ ਲੋਕ ਮਾਰੇ ਗਏ ਸਨ।

ਐਨ.ਆਈ.ਏ. ਵੱਲੋਂ ਹੈਡਲੀ, ਰਾਣਾ ਤੇ ਹੋਰਾਂ ਖ਼ਿਲਾਫ਼ ਜਾਂਚ ਕੀਤੀ ਜਾ ਰਹੀ ਹੈ। ਇਸ ਏਜੰਸੀ ਵੱਲੋਂ ਇਨ੍ਹਾਂ ਖ਼ਿਲਾਫ਼ ਭਾਰਤੀ ਅਦਾਲਤ 'ਚ ਚਾਰਜਸ਼ੀਟ ਦਾਖਲ ਕਰਨ ਤੋਂ ਪਹਿਲਾਂ ਸ਼ਿਕਾਗੋ ਅਦਾਲਤ ਦੀ ਪ੍ਰਕਿਰਿਆ ਮੁਕੰਮਲ ਹੋਣ ਦਾ ਇੰਤਜ਼ਾਰ ਕੀਤਾ ਜਾਵੇਗਾ। ਏਜੰਸੀ ਨੇ ਸ਼ਿਕਾਗੋ ਅਦਾਲਤ ਵਿਚ ਪੇਸ਼ ਕੀਤੇ ਸਬੂਤ ਵੀ ਮੰਗੇ ਹਨ ਤਾਂ ਜੋ ਉਨ੍ਹਾਂ ਬਾਰੇ ਕੌਮਾਂਤਰੀ ਕਾਨੂੰਨੀ ਮਾਹਿਰਾਂ ਪਾਸੋਂ ਰਾਏ ਲਈ ਜਾ ਸਕੇ।

## ਅਮਰੀਕੀ ਅਦਾਲਤਾਂ 'ਤੇ ਭਰੋਸਾ ਨਹੀਂ: ਅਈਅਰ

**ਸ੍ਰੀਨਗਰ:** ਸ਼ਿਕਾਗੋ ਦੀ ਅਦਾਲਤ ਵੱਲੋਂ ਤਹੱਵੁਰ ਰਾਣਾ ਨੂੰ ਮੁੰਬਈ ਹਮਲਿਆਂ ਦੇ ਦੋਸ਼ਾਂ ਤੋਂ ਬਰੀ ਹੋਣ 'ਤੇ ਪ੍ਰਤੀਕਿਰਿਆ ਕਰਦੇ ਹੋਏ ਸੀਨੀਅਰ ਕਾਂਗਰਸ ਆਗੂ ਮਣੀ ਸ਼ੰਕਰ ਅਈਅਰ ਨੇ ਕਿਹਾ ਕਿ ਭਾਰਤ ਨੂੰ ਅਤਿਵਾਦੀ ਹਮਲਿਆਂ ਦੇ ਸ਼ੱਕੀਆਂ ਨੂੰ ਸਜ਼ਾ ਦੇਣ ਲਈ ਅਮਰੀਕੀ ਅਦਾਲਤਾਂ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਅਮਰੀਕੀ ਅਦਾਲਤਾਂ 'ਤੇ ਭਰੋਸਾ ਕਰਨ ਦੀ ਜਗ੍ਹਾ ਆਪਣੇ ਦੇਸ਼ ਵਿਚ ਕਦਮ ਉਠਾਉਣ ਦਾ ਇੰਤਜ਼ਾਰ ਕਰਨਾ ਚਾਹੀਦਾ ਹੈ। ਸ੍ਰੀ ਅਈਅਰ ਨੇ ਕਿਹਾ ਕਿ ਸਾਨੂੰ ਫਿਰ ਵੀ ਉਨ੍ਹਾਂ ਦੀ ਰਾਏ ਦਾ ਸਨਮਾਨ ਕਰਨਾ ਚਾਹੀਦਾ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਸਾਹਮਣੇ ਪੇਸ਼ ਕੀਤੇ ਸਬੂਤਾਂ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਰਾਣਾ 26/11 ਹਮਲਿਆਂ 'ਚ ਸ਼ਾਮਲ ਸੀ ਪਰ ਉਹ ਹੈਡਲੀ ਬਾਰੇ ਅਜਿਹਾ ਨਹੀਂ ਕਹਿ ਸਕਦੇ ਕਿਉਂਕਿ ਉਸ ਨੂੰ ਇਸਤਗਾਸਾ ਪੱਖ ਵਿਚ ਸ਼ਾਮਲ ਕੀਤਾ ਗਿਆ ਸੀ।

## ਅਮਰੀਕਾ ਵੱਲੋਂ ਅਤਿਵਾਦ ਬਾਰੇ ਸਬੂਤ ਪੇਸ਼ ਕਰਨ 'ਤੇ ਪਾਕਿਸਤਾਨ ਭੜਕਿਆ

**ਇਸਲਾਮਾਬਾਦ:** ਅਮਰੀਕਾ ਦੀ ਖੁਫੀਆ ਏਜੰਸੀ ਸੀ.ਆਈ.ਏ. ਵੱਲੋਂ ਪਾਕਿ ਖੁਫੀਆ ਏਜੰਸੀਆਂ ਦੇ ਅਤਿਵਾਦੀਆਂ ਨਾਲ ਸਬੰਧਾਂ ਬਾਰੇ ਸਬੂਤ ਪੇਸ਼ ਕੀਤੇ ਜਾਣ ਤੋਂ ਬਾਅਦ ਪਾਕਿਸਤਾਨ ਹੱਕਾ-ਬੱਕਾ ਰਹਿ ਗਿਆ। ਇਸ ਮਾਮਲੇ 'ਤੇ ਦੋਵਾਂ ਦੇਸ਼ਾਂ 'ਚ ਵਿਚਾਲੇ ਇਕ ਵਾਰ ਫਿਰ ਤਣਾਅ ਆ ਗਿਆ ਹੈ। ਸੀ.ਆਈ.ਏ. ਵੱਲੋਂ ਪਾਕਿਸਤਾਨੀ ਸੁਰੱਖਿਆ ਏਜੰਸੀਆਂ ਦੇ ਅਤਿਵਾਦੀਆਂ ਨਾਲ ਸਬੰਧਾਂ ਬਾਰੇ ਸਬੂਤ ਪੇਸ਼ ਕੀਤੇ ਗਏ ਹਨ। ਸੀ.ਆਈ.ਏ. ਨੇ ਬੀਤੇ ਕੁਝ ਹਫ਼ਤਿਆਂ ਦੌਰਾਨ ਪਾਕਿ ਖ਼ੁਫ਼ੀਆ ਏਜੰਸੀ ਨੂੰ ਅਤਿਵਾਦੀਆਂ ਦੇ ਟਿਕਾਣਿਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਸੀ ਪਰ ਜਦੋਂ ਪਾਕਿ ਸੁਰੱਖਿਆ ਏਜੰਸੀਆਂ ਨੇ ਟਿਕਾਣਿਆਂ 'ਤੇ ਛਾਪੇ ਮਾਰੇ ਤਾਂ ਅਤਿਵਾਦੀ ਉੱਥੋਂ ਪਹਿਲਾਂ ਹੀ ਫਰਾਰ ਹੋ ਚੁੱਕੇ ਸਨ। ਸੀ.ਆਈ.ਏ. ਦੇ ਮੁਖੀ ਲਿਓਨ ਪਨੇਟਾ ਨੇ ਇਸ ਬਾਰੇ ਪਾਸ਼ਾ ਨੂੰ ਸੈਟੇਲਾਈਟ ਤੇ ਹੋਰ ਖ਼ੁਫ਼ੀਆ ਸਬੂਤ ਦਿਖਾਏ। ਸੀ.ਆਈ.ਏ. ਨੂੰ ਯਕੀਨ ਹੈ ਕਿ ਪਾਕਿਸਤਾਨੀ ਸੁਰੱਖਿਆ ਏਜੰਸੀਆਂ ਅਤਿਵਾਦੀਆਂ ਦੀ ਮਦਦ ਕਰ ਰਹੀਆਂ ਹਨ।

ਸੀ.ਆਈ.ਏ. ਮੁਖੀ ਨੇ ਪਾਕਿਸਤਾਨੀ ਜਨਰਲਾਂ ਨੂੰ 10 ਮਿੰਟਾਂ ਦੀ ਇਕ ਵੀਡੀਓ ਵੀ ਦਿਖਾਈ ਜਿਸ ਵਿੱਚ ਵਜ਼ੀਰਿਸਤਾਨ 'ਚ ਅਤਿਵਾਦੀ ਦੋ ਬੰਬ ਫੈਕਟਰੀਆਂ ਵਿਚੋਂ ਭੱਜ ਰਹੇ ਹਨ। ਇਕ ਬੰਬ ਫੈਕਟਰੀ ਉੱਤਰੀ ਵਜ਼ੀਰਿਸਤਾਨ ਦੇ ਮੀਰਨਸ਼ਾਹ ਤੇ ਦੂਜੀ ਦੱਖਣੀ ਵਜ਼ੀਰਿਸਤਾਨ ਵਿਚ ਹੈ।

ਇਸ ਤਰ੍ਹਾਂ ਪਨੇਟਾ ਜਿਸ ਮਕਸਦ ਲਈ ਪਾਕਿਸਤਾਨ ਪੁੱਜੇ ਸਨ, ਉਹ ਉਸ ਨੂੰ ਪੂਰਾ ਕਰਨ ਵਿਚ ਨਾਕਾਮ ਰਹੇ ਤੇ ਉਹ ਆਈ.ਐਸ.ਆਈ. ਨਾਲ ਸਬੰਧ ਸੁਧਾਰਨ ਬਾਰੇ ਕਿਸੇ ਸਹਿਮਤੀ ਤੋਂ ਬਗੈਰ ਹੀ ਪਰਤ ਗਏ। ਪਨੇਟਾ 10 ਜੂਨ ਨੂੰ ਇਥੇ ਪੁੱਜੇ ਤੇ ਬਿਨ੍ਹਾਂ ਕੋਈ ਪ੍ਰਾਪਤੀ 11 ਜੂਨ ਨੂੰ ਵਾਪਸ ਪਰਤ ਗਏ।

ਉਨ੍ਹਾਂ ਨੇ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਤੇ ਆਈ.ਐਸ.ਆਈ. ਮੁਖੀ ਲੈਫ. ਜਨਰਲ ਅਹਿਮਦ ਸ਼ੂਜਾ ਪਾਸ਼ਾ ਨਾਲ ਮੁਲਾਕਾਤ ਕੀਤੀ ਪਰ ਉਹ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਨਹੀਂ ਮਿਲੇ। ਉਨ੍ਹਾਂ ਰਾਵਲਪਿੰਡੀ ਸਥਿਤ ਫੌਜ ਦੇ ਹੈਡਕੁਆਰਟਰ ਵਿਚ ਕਿਆਨੀ ਤੇ ਪਾਸ਼ਾ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਵਿਚ ਦੋਵਾਂ ਮੁਲਕਾਂ ਵੱਲੋਂ ਖੁਫੀਆ ਜਾਣਕਾਰੀ ਸਾਂਝੀ ਕਰਨ 'ਤੇ ਚਰਚਾ ਹੋਈ।


Global Multi Services

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant

DMV Lic No. 62822

Insurance Lic No. 0G73739

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.


Rajinder Singh

ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

# ਜਲਾਵਤਨ ਅਲਵਿਦਾਈ



ਚਿੱਤਰਾਂ ਬਣਾ ਰਹੇ ਮਕਬੂਲ ਫਿਦਾ ਹੁਸੈਨ

## ਭਾਰਤ ਦੇ ਪਿਕਾਸੋ ਐਮ.ਐਫ਼. ਹੁਸੈਨ ਨਹੀਂ ਰਹੇ

ਲੰਡਨ: ਆਪਣੇ ਚਿੱਤਰਾਂ ਲਈ ਬਰਾਬਰ ਦੀ ਵਾਹ-ਵਾਹ ਅਤੇ ਨਾਰਾਜ਼ਗੀ ਖੱਟਣ ਵਾਲੇ ਭਾਰਤ ਦੇ ਮਸ਼ਹੂਰ ਚਿੱਤਰਕਾਰ ਮਕਬੂਲ ਫਿਦਾ ਹੁਸੈਨ ਦਾ 9 ਜੂਨ ਨੂੰ ਹਸਪਤਾਲ 'ਚ ਦੇਹਾਂਤ ਹੋ ਗਿਆ। ਉਹ ਮਹੀਨੇ ਤੋਂ ਵੱਧ ਸਮੇਂ ਤੋਂ ਬਿਮਾਰ ਸਨ। 'ਭਾਰਤ ਦੇ ਪਿਕਾਸੋ' ਵਜੋਂ ਜਾਣੇ ਜਾਂਦੇ 95 ਸਾਲਾ ਐਮ.ਐਫ਼. ਹੁਸੈਨ ਨੇ ਰਾਇਲ ਬਰੰਪਟਨ ਹਸਪਤਾਲ 'ਚ ਸਥਾਨਕ ਸਮੇਂ ਅਨੁਸਾਰ 2.30 ਵਜੇ ਸਵੇਰੇ ਪ੍ਰਾਣ ਤਿਆਗੇ।

17 ਸਤੰਬਰ 1915 ਨੂੰ ਪੰਡਰਪੁਰ (ਮਹਾਰਾਸ਼ਟਰ) 'ਚ ਜਨਮੇ ਮਕਬੂਲ ਫਿਦਾ ਹੁਸੈਨ ਸ਼ੁਰੂ 'ਚ ਬੜੇ ਮਾਮੂਲੀ ਜਿਹੇ ਪੈਸਿਆਂ ਨਾਲ ਫਿਲਮਾਂ ਦੇ ਪੋਸਟਰ ਬਣਾਏ। ਹਾਲੀਆ ਬੋਨਹਾਮਜ਼ ਨਿਲਾਮੀਆਂ 'ਚ ਹੁਸੈਨ ਦੇ ਚਿੱਤਰ ਬੜੇ ਮਹਿੰਗੇ ਵਿਕੇ ਸਨ, ਅਤੇ ਕਿਸੇ ਭਾਰਤੀ ਕਲਾਕਾਰ ਲਈ ਇਹ ਸਭ ਤੋਂ ਵੱਧ ਭਾਅ ਸੀ। 2006 ਤੋਂ ਸਵੈ-ਜਲਾਵਤਨੀ ਭੋਗ ਰਹੇ ਹੁਸੈਨ ਨੂੰ ਹਿੰਦੂ ਦੇਵੀ-ਦੇਵਤਿਆਂ ਦੇ ਨਗਨ ਚਿੱਤਰ ਬਣਾਉਣ ਲਈ ਬਹੁਤ ਸਾਰੇ ਕਾਨੂੰਨੀ ਮਾਮਲਿਆਂ ਅਤੇ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ।

2010 'ਚ ਹੁਸੈਨ ਨੇ ਕਤਰ ਦੀ ਨਾਗਰਿਕਤਾ ਲੈ ਲਈ ਸੀ, ਤੇ ਆਖਰ ਤਕ ਉਸ ਨੂੰ ਆਪਣੇ ਵਤਨ ਪਰਤਣ ਦਾ ਵਿਗੋਚਾ ਰਿਹਾ। 1998 'ਚ ਹਿੰਦੂ ਜਥੇਬੰਦੀਆਂ ਨੇ ਉਸ ਦੇ ਘਰ 'ਤੇ ਹਮਲਾ ਕੀਤਾ ਅਤੇ ਉਸ ਦਾ ਕੰਮ ਤਹਿਸ-ਨਹਿਸ ਕਰ ਦਿੱਤਾ। ਫਰਵਰੀ 2006 'ਚ ਉਸ 'ਤੇ ਹਿੰਦੂ ਦੇਵੀ-ਦੇਵਤਿਆਂ ਦੇ ਨਗਨ ਚਿੱਤਰ ਬਣਾ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਲੱਗੇ। ਉਸ ਵਿਰੁੱਧ ਅਦਾਲਤ 'ਚ ਕਈ ਕੇਸ ਚੱਲੇ ਤੇ ਅਦਾਲਤੀ ਸੰਮਨਾਂ ਦੇ ਜਵਾਬ ਨਾ ਦੇਣ 'ਤੇ ਉਸ ਦੇ ਗੈਰ-ਜ਼ਮਾਨਤੀ ਵਾਰੰਟ ਵੀ ਜਾਰੀ ਹੋਏ। ਅੱਕ ਕੇ ਉਹ ਦੇਸ਼ ਛੱਡ ਕੇ ਚਲਿਆ ਗਿਆ। 1940ਵਿਆਂ 'ਚ ਹੀ ਕੰਮ ਪੱਖੋਂ ਮਸ਼ਹੂਰ ਹੋਇਆ ਹੁਸੈਨ 1947 'ਚ ਪ੍ਰੋਗਰੈਸਿਵ ਆਰਟਿਸਟਸ ਗਰੁੱਪ ਦਾ ਮੈਂਬਰ ਬਣ ਗਿਆ ਸੀ ਜੋ ਭਾਰਤੀ ਕਲਾ 'ਚ ਨਵਾਂ ਮੁਹਾਵਰਾ ਤਲਾਸ਼ ਰਿਹਾ ਸੀ।

ਭਾਰਤ 'ਚ ਮਾਣਮੱਤੇ ਪਦਮ ਭੂਸ਼ਨ ਤੇ ਪਦਮ ਵਿਭੂਸ਼ਣ ਜਿਹੇ ਪੁਰਸਕਾਰ ਲੈ ਚੁੱਕੇ ਇਸ ਕਲਾਕਾਰ ਨੇ ਭਾਰਤੀ ਸੱਭਿਆਚਾਰਕ ਚਿੰਨ੍ਹਾਂ, ਮਦਰ ਟੈਰੇਸਾ ਤੇ ਮਹਾਂਭਾਰਤ ਤੋਂ ਇਲਾਵਾ ਭਾਰਤੀ ਦੇਵੀ-ਦੇਵਤਿਆਂ ਦੇ ਚਿੱਤਰ ਬਣਾਏ। ਕ੍ਰਿਸਟੀ ਦੀ ਨਿਲਾਮੀ 'ਚ ਉਹ ਸਭ ਤੋਂ ਮਹਿੰਗਾ ਵਿਕਦਾ ਭਾਰਤੀ ਚਿੱਤਰਕਾਰ ਸੀ।


ਉਸ ਨੇ ਮਾਧੁਰੀ ਦੀਕਸ਼ਿਤ 'ਤੇ ਚਿੱਤਰ ਲੜੀ ਬਣਾਈ ਜਿਸ 'ਤੇ ਉਹਨੇ 'ਫਿਦਾ' ਨਾਮ ਹੇਠ ਹਸਤਾਖਰ ਕੀਤੇ ਹਨ। ਉਸ ਨੇ 'ਗਜ ਗਾਮਿਨੀ', 'ਮਿਨਾਕਸ਼ੀ-ਏ-ਟੇਲ ਆਫ ਥ੍ਰੀ ਸਿਟੀਜ਼' ਫਿਲਮਾਂ ਵੀ ਬਣਾਈਆਂ। ਅਮਾਨ ਦੇ ਰਾਇਲ ਇਸਲਾਮਿਕ ਸਟਰੈਟਜਿਕ ਸਟੱਡੀਜ਼ ਸੈਂਟਰ ਨੇ ਉਸ ਨੂੰ ਵਿਸ਼ਵ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ 500 ਮੁਸਲਮਾਨਾਂ 'ਚ ਸ਼ੁਮਾਰ ਕੀਤਾ। ਉਸ ਦੀ ਪਹਿਲੀ ਫਿਲਮ 'ਥਰੂ ਦ ਆਈਜ਼ ਆਫ ਏ ਪੇਂਟਰ' ਨੂੰ ਬਰਲਿਨ ਫਿਲਮ ਮੇਲੇ 'ਚ ਗੋਲਡਨ ਬੀਅਰ ਐਵਾਰਡ ਮਿਲਿਆ ਸੀ। 1971 ਸਾਓ ਪਾਓਲੋ ਬਾਇਨੀਅਲ 'ਚ ਉਸ ਨੂੰ ਪਾਬਲੋ ਪਿਕਾਸੋ ਨਾਲ ਵਿਸ਼ੇਸ਼ ਮਹਿਮਾਨ ਵਜੋਂ ਸੱਦਿਆ ਗਿਆ ਸੀ।

ਹੁਸੈਨ ਨੂੰ ਉਨ੍ਹਾਂ ਦੀ ਖ਼ਾਹਿਸ਼ ਮੁਤਾਬਕ ਸ਼ਹਿਰ ਦੇ ਬਾਹਰਵਾਰ ਸਰੀ ਵਿਚ ਵੋਕਿੰਗ ਵਿਖੇ ਸਥਿਤ ਬਰੁੱਕਵੁੱਡ ਕਬਰਿਸਤਾਨ ਵਿਚ ਸਪੁਰਦ-ਏ-ਖ਼ਾਕ ਕੀਤਾ। ਮਰਹੂਮ ਹੁਸੈਨ ਦੀ ਇਹ ਇੱਛਾ ਸੀ ਕਿ ਉਨ੍ਹਾਂ ਨੂੰ ਉੱਥੇ ਹੀ ਦਫ਼ਨਾਇਆ ਜਾਵੇ ਜਿੱਥੇ ਉਹ ਆਖ਼ਰੀ ਸਾਹ ਲੈਣਗੇ।



ਮਕਬੂਲ ਫਿਦਾ ਹੁਸੈਨ ਵੱਲੋਂ ਬਣਾਏ ਚਿੱਤਰ (ਕ੍ਰਮਵਾਰ ਖੱਬਿਓਂ) ਸਰਸਵਤੀ, ਭਾਰਤ ਮਾਤਾ ਤੇ ਲਕਸ਼ਮੀ। ਇਨ੍ਹਾਂ ਚਿੱਤਰਾਂ ਉਤੇ ਅਸ਼ਲੀਲ ਹੋਣ ਦਾ ਦੋਸ਼ ਲਾ ਕੇ ਉਸ ਨੂੰ ਤੰਗ ਕੀਤਾ ਗਿਆ।

# ਜੀਹਨੂੰ ਮਾਂ ਦੀ ਗੋਦੀ ਨਾ ਮਿਲੀ, ਉਹਦਾ ਕੋਈ ਵਤਨ ਨਹੀਂ



## ਮਕਬੂਲ ਫਿਦਾ ਹੁਸੈਨ ਨਾਲ ਪੱਤਰਕਾਰ ਸ਼ੇਖਰ ਗੁਪਤਾ ਦੀ ਗੁਫ਼ਤਗੂ

**ਕਲਾ ਦੇ ਹਿਸਾਬ ਨਾਲ ਦੁਬਈ ਨਾ ਤਾਂ ਪੈਰਿਸ ਹੈ ਅਤੇ ਨਾ ਹੀ ਨਿਊਯਾਰਕ। ਫਿਰ ਮਕਬੂਲ ਉੱਥੇ ਕੀ ਕਰ ਰਿਹਾ ਹੈ?**

-ਪਿਛਲੇ 5 ਦਹਾਕਿਆਂ ਤੋਂ ਮੈਂ ਜੱਗ-ਜਹਾਨ ਵਿਚ ਘੁੰਮ ਰਿਹਾ ਹਾਂ। ਮੇਰਾ ਕਿਤੇ ਕੋਈ ਸਟੂਡੀਓ ਨਹੀਂ। ਮੈਂ ਤਾਂ ਬੱਸ ਬੁਰਸ਼ ਅਤੇ ਰੰਗ ਲੈਨਾਂ, ਤੇ ਕਿਸੇ ਹੋਟਲ ਵਿਚ ਜਾ ਵੜਦਾਂ। ਕਦੀ-ਕਦੀ ਕਿਸੇ ਮਿੱਤਰ-ਪਿਆਰੇ ਦੇ ਘਰ ਵੀ ਚਲਾ ਜਾਨਾਂ। ਬੱਸ ਜਿੱਥੇ ਕਿਤੇ ਦਿਲ ਕਰਦਾ, ਚਲਿਆ ਜਾਨਾਂ।...ਮੇਰਾ ਇਕੋ ਹੀ ਤਾਂ ਕੰਮ ਹੈ-ਪੇਂਟਿੰਗ। ਜੱਗ-ਜਹਾਨ ਵਿਚ ਇਉਂ ਘੁੰਮਦੇ ਰਹਿਣ ਦਾ ਇਕ ਹੀ ਕਾਰਨ ਹੈ-ਮੈਨੂੰ ਮੇਰੀ ਮਾਂ ਦੀ ਗੋਦੀ ਦਾ ਨਿੱਘ ਨਹੀਂ ਮਿਲਿਆ। ਮੈਂ ਨਿੱਕਾ ਜਿਹਾ ਸਾਂ, ਜਦੋਂ ਮਾਂ ਸਬੂਤੀ ਅਲਵਿਦਾ ਕਹਿ ਗਈ। ਹੁਣ ਮੈਂ ਹਰ ਔਰਤ ਵਿਚੋਂ ਆਪਣੀ ਮਾਂ ਨੂੰ ਲੱਭਣ ਲੱਗ ਪੈਨਾਂ। ਪਤਾ ਨਹੀਂ ਵਿਚੋਂ ਗੱਲ ਕੀ ਹੈ! ਮੈਨੂੰ ਹੋਰ ਕੁਝ ਦਿਸਦਾ ਨਹੀਂ। ਜੇ ਦਿਸਦਾ ਹੈ ਤਾਂ ਬੜਾ ਧੁੰਦਲਾ ਜਿਹਾ।

**ਜੇ ਤੁਸੀਂ ਪੈਰਿਸ ਜਾਂ ਨਿਊਯਾਰਕ ਜਾਂ ਲੰਡਨ ਵਿਚ ਕੰਮ ਕਰਦੇ ਹੁੰਦੇ, ...ਤੇ ਤੁਹਾਡੇ ਨਾਲ ਉਹੀ ਵਿਹਾਰ ਕੀਤਾ ਜਾਂਦਾ ਜੋ ਹੁਣ ਭਾਰਤ ਵਿਚ ਕੀਤਾ ਜਾ ਰਿਹਾ ਹੈ, ਫਿਰ ਕੀ ਕਰਦੇ?**

-ਮੇਰੇ ਨਾਲ ਕੀ ਵਿਹਾਰ ਕੀਤਾ ਜਾ ਰਿਹੈ ਬਈ? ਕੁਝ ਵੀ ਤਾਂ ਨਹੀਂ। ਮੈਂ ਜੋ ਕੁਝ ਆਪਣੇ ਚਿੱਤਰਾਂ ਵਿਚ ਉਤਾਰਿਆ ਹੈ, ਉਹ ਮੇਰੀ ਕਲਪਨਾ ਦੀ ਪਰਵਾਜ਼ ਹੈ। ਮੈਂ ਆਧੁਨਿਕ ਕਲਾ ਨੂੰ ਵਰਤਮਾਨ ਦਾ ਲਿਬਾਸ ਪੁਆਇਆ ਹੈ। ਖ਼ਬਰੇ ਇਸੇ ਕਰਕੇ ਕੁਝ ਲੋਕਾਂ ਨੂੰ ਇਸ ਨੂੰ ਸਮਝਣ-ਸਮਝਾਉਣ ਵਿਚ ਦਿੱਕਤ ਆਉਂਦੀ ਹੈ। ਜਿੱਥੇ ਕਿਤੇ ਵੀ ਔਰਤ ਦਾ ਕੋਈ ਬਿੰਬ ਮੈਨੂੰ ਦਿਸਦਾ ਹੈ, ਭਾਵੇਂ ਕੋਈ ਝਾਉਲਾ ਹੀ ਪੈਂਦਾ ਹੈ, ਮੇਰੀ ਕਲਪਨਾ ਨੂੰ ਖੰਭ ਲੱਗ ਜਾਂਦੇ ਹਨ। ਇਹ ਬਿੰਬ ਨਿਰ-ਵਸਤਰ ਵੀ ਹੋ ਸਕਦਾ ਹੈ ਪਰ ਇਹ ਜ਼ਰੂਰੀ ਨਹੀਂ, ਇਹ ਸੱਚ-ਮੁੱਚ ਹੀ ਹੋਵੇ। ਮੈਂ ਔਰਤ ਦੇ ਇਕੱਲੇ-ਇਕੱਲੇ ਅੰਗ ਨਹੀਂ ਚਿਤਰਦਾ ਫਿਰਦਾ। ਜੇ ਗੱਲ ਕਰੀਏ ਤਾਂ ਸਾਡੇ (ਭਾਰਤ) ਦੇ ਮੰਦਰਾਂ ਵਿਚ ਬੜਾ ਕੁਝ ਪੂਰੇ ਵੇਰਵਿਆਂ ਸਹਿਤ ਪੇਸ਼ ਕੀਤਾ ਮਿਲਦਾ ਹੈ। ਹੁਣ ਜਿਸ ਨੂੰ ਨਗਨਤਾ ਕਿਹਾ ਜਾ ਰਿਹਾ ਹੈ, ਉਹ ਅਸ਼ ਵਿਚ ਸੁੱਚਮ ਅਤੇ ਸ਼ਕਤੀ ਦਾ ਅਲੰਕਾਰ ਹੈ।

**ਤੁਹਾਡੇ ਕਹਿਣ ਦਾ ਮਤਲਬ ਹੈ ਕਿ ਤੁਹਾਨੂੰ ਸਮਝਿਆ ਨਹੀਂ ਗਿਆ? ਜਾਂ ਇਹ ਕਿ ਕੁਝ ਲੋਕ ਜਾਣ-ਬੁੱਝ ਕੇ ਤੁਹਾਨੂੰ ਸਮਝਣਾ ਨਹੀਂ ਚਾਹੁੰਦੇ?**

-ਮੈਨੂੰ ਨਹੀਂ ਪਤਾ ਕਿ ਕਾਰਨ ਕੀ ਹੈ, ਪਰ ਮੈਨੂੰ ਜਾਪਦਾ ਹੈ ਅਜੇ ਹੋਰ ਸਮਾਂ ਲੱਗੇਗਾ। ਮਸ਼ਨ ਪੁਨਰ-ਜਾਗ੍ਰਿਤੀ ਦੀ ਮੁਹਿੰਮ ਨੂੰ ਪਹਿਲਾਂ ਕੁਝ ਲੋਕਾਂ ਨੇ ਯੂਰਪ ਵਿਚ ਉੱਕਾ ਹੀ ਰੱਦ ਕਰ ਦਿੱਤਾ ਸੀ ਪਰ ਹੁਣ ਇਹ ਕਲਾਸਿਕ ਚੀਜ਼ ਬਣ ਗਈ ਹੈ।

**ਰੱਬ ਨੂੰ ਮੰਨਦੇ ਹੋ?**

-ਹਾਂ, ਮੈਂ ਆਸਤਿਕ ਬੰਦਾ ਹਾਂ।

**ਤੁਸੀਂ ਪਹਿਲਾਂ ਫਿਲਮਾਂ ਦੇ ਬੋਰਡ ਪੇਂਟ ਕਰਦੇ ਹੁੰਦੇ ਸੀ। ਫਿਲਮਾਂ ਬਣਾਉਣ ਦਾ ਖਿਆਲ ਕਿਤੇ ਉਦੋਂ ਤਾਂ ਮਨ ਵਿਚ ਨਹੀਂ ਸੀ ਬੈਠ ਗਿਆ?**

-ਫਿਲਮਾਂ ਬਣਾਉਣ ਦੀ ਮੇਰੀ ਤਮੰਨਾ ਤਾਂ ਇਸ ਤੋਂ ਬਹੁਤ ਪਹਿਲਾਂ ਦੀ ਹੈ। ਮੁੰਬਈ ਪੁੱਜਣ ਤੋਂ 10-15 ਸਾਲ ਪਹਿਲਾਂ ਹੀ ਮੇਰਾ ਬੁਰਸ਼ ਚੱਲ ਪਿਆ ਸੀ। ਮੈਂ ਇਨਾਮ ਵੀ ਜਿੱਤੇ। ਮੁੰਬਈ ਵਿਚ ਮੈਨੂੰ ਕੋਈ ਵੀ ਨਹੀਂ ਸੀ ਜਾਣਦਾ, ਸੋ ਮੈਂ ਸਿਨੇਮਾ ਬੋਰਡ ਰੰਗਣੇ ਸ਼ੁਰੂ ਕਰ ਦਿੱਤੇ। ਪੇਂਟਿੰਗ ਜਾਰੀ ਰੱਖਣ ਦਾ ਮਸ਼ਾ ਵੀ ਸੀ। ਮਹਿੰਗਾ ਸੌਦਾ ਸੀ। ਪੈਸਾ ਬਹੁਤ ਚਾਹੀਦਾ ਸੀ। ਤੁਸੀਂ ਦੇਖੋ ਕਿ 1955 ਵਿਚ ਮੈਂ ਕੌਮੀ ਨੁਮਾਇਸ਼ ਲਈ ਜਿਹੜੀ ਪੇਂਟਿੰਗ ਤਿਆਰ ਕੀਤੀ ਸੀ, ਉਹ 15 ਫੁੱਟ ਲੰਮੀ ਸੀ। ਇਹਦਾ ਨਾਂ ਮੈਂ ਰੱਖਿਆ ਸੀ-ਜ਼ਮੀਨ, ਮਤਲਬ ਧਰਤੀ। ਇਸ ਵਿਚ ਸਿਨੇਮਾਈ ਰੰਗ ਹੀ ਤਾਂ ਸੀ। ਪਿੰਡ ਦੀ ਜ਼ਿੰਦਗੀ ਦਾ ਭਰਪੂਰ ਦ੍ਰਿਸ਼।

**ਤੁਸੀਂ ਢਾਬੇ 'ਤੇ ਵੀ ਕੰਮ ਕੀਤਾ?**

-ਹਾਂ। ਜਦੋਂ ਮੈਂ ਮੁੰਬਈ ਆਇਆ ਤਾਂ ਮੇਰੇ ਅੱਬਾ ਦੀ ਨੌਕਰੀ ਛੁੱਟ ਚੁੱਕੀ ਸੀ। ਉਸ ਪਾਸਿਓਂ ਕੋਈ ਮੱਦਦ ਨਹੀਂ ਸੀ ਮਿਲਣੀ। ਮੈਂ ਸੋਚਿਆ, ਮੈਂ ਆਪ ਕੰਮ ਕਿਉਂ ਨਾ ਕਰਾਂ। ਸੌਂਦਾ ਤਾਂ ਮੈਂ ਪਹਿਲਾਂ ਹੀ ਫੁੱਟ-ਪਾਥ ਉਤੇ ਸੀ। ਸੋ, ਬਹੁਤਾ ਫਰਕ ਨਹੀਂ ਸੀ ਪੈਣਾ। ਫਿਰ ਹੋਰਡਿੰਗ ਰੰਗਣ ਦਾ ਕੰਮ ਮਿਲ ਗਿਆ। ਉਦੋਂ ਮੈਨੂੰ ਦਿਹਾੜੀ ਦੇ 6 ਆਨੇ ਮਿਲਦੇ ਸਨ।

**ਛੇ ਆਨਿਆਂ ਤੋਂ ਲੱਖਾਂ ਡਾਲਰਾਂ ਤੱਕ। ਕਿਵੇਂ ਲਗਦੈ ਫਿਰ?**

-ਆਪਣੇ ਹਾਸ਼ਾਂ 'ਤੇ ਮੈਂ ਖੁਸ਼ ਹਾਂ, ਆਤਮ-ਵਿਸ਼ਵਾਸ ਵੀ ਭਰਿਆ ਹੈ। ਹੁਣ ਤਾਂ ਸਾਰਾ ਕੰਮ ਹੀ ਨਿਲਾਮੀ ਹਾਊਸਾਂ ਰਾਹੀਂ ਚੱਲਦਾ ਹੈ। ਕਰੇ ਕੋਈ, ਕਮਾਏ ਕੋਈ। ਉਦੋਂ ਮੈਨੂੰ ਮਿਹਨਤ ਦਾ ਮੁੱਲ ਮਿਲਦਾ ਸੀ। ਹੁਣ ਲੋਕ ਮੇਰੀਆਂ ਪੇਂਟਿੰਗਜ਼ ਲਈ ਮਿਹਨਤ-ਮੁਸ਼ੱਕਤ ਕਰਦੇ ਹਨ।

**ਪਰ ਤੁਸੀ ਤਾਂ ਪੈਸੇ ਦੇ ਪੀਰ ਨਹੀਂ ਬਣੇ, ਮਤਲਬ ਪੈਸੇ ਦੀ ਕੈਦ?**

-ਬਣ ਵੀ ਨਹੀਂ ਸਕਦਾ। ਮੇਰਾ ਕੋਈ ਬੈਂਕ ਨਹੀਂ। ਕੱਲ੍ਹ ਨੂੰ ਮੈਂ ਪਹਿਲਾਂ ਵਾਂਗ ਹੀ ਫੁੱਟ-ਪਾਥ 'ਤੇ ਬੈਠ ਸਕਦਾ ਹਾਂ। ਕੋਈ ਫਿਕਰ ਨਹੀਂ।

**ਤੁਸੀਂ ਮਾਰਕੀਟਿੰਗ ਦੇ ਮਾਸਟਰ ਓ?**

-ਮੈਂ ਤਾਂ ਭਾਈ ਮਾਰਕੀਟਿੰਗ ਨੂੰ ਵੀ ਕਲਾ ਦਾ ਈ ਹਿੱਸਾ ਮੰਨਦਾਂ। ਮੈਂ ਇਹ ਰਾਹ ਤਲਾਸ਼ ਕੀਤੇ ਕਿ ਮਾਰਕੀਟਿੰਗ ਕਰਨੀ ਕਿਵੇਂ ਹੈ। ਇਸ ਬਾਰੇ ਮੈਨੂੰ ਕੋਈ ਝੋਰਾ ਨਹੀਂ।

**ਲੋਕ ਕਹਿੰਦੇ ਨੇ ਕਿ ਹੁਸੈਨ ਮਾਰਕੀਟਿੰਗ ਦੇ ਵੱਸ ਪਿਆ ਹੋਇਐ। ਘੋੜਾ ਚਿੱਤਰ ਲਿਆ...ਨੰਗੇ ਪੈਰੀਂ ਤੁਰ ਲਿਆ...ਸਭ ਮਾਰਕੀਟਿੰਗ ਹੈ। ਇੱਦਾਂ ਈ ਏ ਸਭ ਕੁਝ?**

-ਇਹਦੇ 'ਚ ਗਲਤ ਵੀ ਤਾਂ ਕੁਝ ਨਹੀਂ! ਵੱਡੀ ਗੱਲ ਤਾਂ ਇਹ ਹੈ ਕਿ ਮੈਂ ਜੋ ਕੁਝ ਪੇਸ਼ ਕਰ ਰਿਹਾ ਹਾਂ, ਲੋਕਾਂ ਨੂੰ ਜੋ ਦੇ ਰਿਹਾ ਹਾਂ; ਜੇ ਉਸ ਵਿਚ ਜਾਨ ਨਾ ਹੁੰਦੀ ਤਾਂ ਮੈਂ ਮਾਰਕੀਟ ਵਿਚ 10 ਸਾਲ ਵੀ ਨਾ ਕੱਢ ਸਕਦਾ।

**ਨੰਗੇ ਪੈਰਾਂ ਦੀ ਕਹਾਣੀ ਸੁਣਾਓ?**

-ਦੇਖੋ, ਤੁਸੀਂ ਕਿਤੇ ਵੀ ਜਾਂਦੇ ਹੋ, ਤੁਹਾਡੀ ਜੁੱਤੀ ਸਭ ਤੋਂ ਵੱਧ ਧਿਆਨ ਖਿੱਚਦੀ ਹੈ। ਤੁਹਾਡਾ ਸਟੇਟਸ ਫਿਰ ਜੁੱਤੀ ਹੀ ਤੈਅ ਕਰਦੀ ਹੈ। ਮੈਨੂੰ ਇਹ ਸਭ ਬਕਵਾਸ ਲੱਗਦਾ।... ਅਸ਼ ਗੱਲ ਇਹ ਵੀ ਹੈ ਕਿ ਮੈਨੂੰ ਸ਼ਾਇਰੀ ਬੜੀ ਪਸੰਦ ਹੈ। ਚਾਲੀ ਸਾਲ ਪਹਿਲਾਂ ਦੀ ਗੱਲ ਹੈ। ਮੁਕਤੀ ਬੋਧ ਹਸਪਤਾਲ ਵਿਚ ਪਿਆ ਸੀ, ਬੇਹੋਸ਼। ਮਈ ਦੇ ਮਹੀਨੇ ਉਹ ਮਰ ਗਿਆ। ਮੈਂ ਉਹਦੇ ਸਸਕਾਰ 'ਤੇ ਗਿਆ। ਮੇਰੇ ਜ਼ਿਹਨ ਵਿਚ ਇਕ ਦਮ ਫਤੂਰ ਜਿਹਾ ਉਠਿਆ ਕਿ ਇਸ ਬੰਦੇ ਦੀ ਤਾਂ ਕਿਤਾਬ ਤੱਕ ਨਹੀਂ ਛਪ ਸਕੀ। ਮੈਂ ਉਹਨੂੰ ਹਿੰਦੀ ਦੇ ਮਹਾਨ ਸ਼ਾਇਰਾਂ ਵਿਚੋਂ ਮੰਨਦਾਂ। ਮੈਂ ਸੋਚਿਆ ਕਿ ਇਸ ਬੰਦੇ ਨੇ ਕਿੰਨੇ ਕਸ਼ਟ ਝੱਲੇ ਹਨ। ਮੈਨੂੰ ਵੀ ਝੱਲਣੇ ਚਾਹੀਦੇ ਨੇ। ਮੈਂ ਉਸੇ ਵੇਲੇ ਆਪਣੀ ਜੁੱਤੀ ਵਗਾਹ ਦਿੱਤੀ। ਤੇ ਫਿਰ ਮੈਂ ਨੰਗੇ ਪੈਰੀਂ ਤਪਦੀ ਸੜਕ ਉਤੇ ਤੁਰ ਰਿਹਾ ਸਾਂ।

**ਆਪਣੀ ਸ਼ਾਇਰੀ ਬਾਰੇ ਵੀ ਦੱਸੋ ਕੁਝ?**

-ਸਕੂਲ ਪੜ੍ਹਦੇ ਵਕਤ ਮੈਂ ਉਰਦੂ ਵਿਚ ਕਵਿਤਾ ਲਿਖਦਾ ਹੁੰਦਾ ਸੀ। ਮੁੰਬਈ ਆਇਆ ਤਾਂ ਅੰਗਰੇਜ਼ੀ ਵਿਚ ਸ਼ੁਰੂ ਹੋ ਗਿਆ। ਜਨੇਵਾ ਵਿਚ ਮੇਰੀ ਕਿਤਾਬ ਛਪੀ। ਇਸ ਦਾ ਨਾਂ ਸੀ- 'ਪੋਇਟਰੀ ਟੂ ਬੀ ਸੀਨ'। ਇਕ ਕਵਿਤਾ ਸਣਾਉਂਦਾ ਹਾਂ ਜਿਹੜੀ ਲੈਂਡਸਕੇਪ ਬਾਰੇ ਹੈ:

ਸ਼ਬਦ ਮੇਰੇ ਜੋ ਤੇਰੇ ਅੰਦਰੋਂ
ਸਿੰਮ ਰਹੇ ਨੇ
ਅਜੇ ਵੀ ਰਹਿ ਗਏ ਅਣਕਹੇ ਹੀ

ਇਹ ਸਤਰਾਂ ਮੈਂ ਆਪਣੀ ਸਹੇਲੀ ਲਈ ਲਿਖੇ ਸਨ। ਚੈਕੋਸ਼ੋਵਾਕੀਆ ਦੀ ਸੀ ਉਹ। ਬੜੀ ਪਿਆਰੀ। ਉਹਦੇ ਨਾਲ ਮੇਲ 1956 ਵਿਚ ਹੋਇਆ ਸੀ। ਫਿਰ ਮਿਲਾਪ ਵਧਦਾ ਚਲਾ ਗਿਆ। ਮੈਂ ਹਰ ਰੋਜ਼ ਉਹਨੂੰ ਖਤ ਲਿਖਦਾ ਸਾਂ। ਤੇ ਇਹ ਖਤਕਵਿਤਾ 'ਚ ਹੀ ਹੁੰਦੇ ਸਨ।

**ਇਸ ਉਮਰ ਵਿਚ ਵੀ ਐਨੀ ਊਰਜਾ (ਐਨਰਜੀ) ਦਾ ਰਾਜ਼ ਦੱਸੋ ਸਾਨੂੰ?**

-ਸਦਾ ਪਿਆਰ ਦਾ ਦੀਵਾ ਬਾਲ਼ੀ ਰੱਖੋ। ਖਾਓ ਘੱਟ। ਪੈਰੀਂ ਗਰਦਿਸ਼ ਰਹੇ, ਤੇ ਜ਼ਿਹਨ 'ਚ ਸੋਚ। ਕਲਪਨਾ ਦੀ ਉਡਾਰੀ 'ਤੇ ਤਾਂ ਕਿਸੇ ਦੀ ਕੋਈ ਬੰਦਿਸ਼ ਨਹੀਂ ਨਾ! ਫਿਰ ਉੱਡੀ ਚੱਲੋ!!

# ਦੋ .ਗਜ਼ ਜ਼ਮੀਂ ਨਾ ਮਿਲੀ ਕੂਆ-ਏ ਯਾਰ ਮੇਂ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਭਾਰਤੀ ਮੂਲ ਦੇ ਮਹਾਨ ਚਿੱਤਰਕਾਰ ਅਤੇ ਫਿਲਮਸਾਜ਼ ਮਕਬੂਲ ਫ਼ਿਦਾ ਹੁਸੈਨ ਦਾ ਲੰਘੀ 9 ਜੂਨ ਨੂੰ ਲੰਡਨ ਦੇ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਅਗਲੇ ਦਿਨ, ਜਾਣੀ 10 ਜੂਨ ਨੂੰ ਉਸ ਦੀ ਦੇਹ ਨੂੰ ਦੱਖਣੀ ਲੰਡਨ ਦੇ ਕਬਰਸਤਾਨ 'ਚ ਦਫ਼ਨ ਕਰ ਦਿੱਤਾ ਗਿਆ ਹੈ। ਇਹ 95 ਸਾਲਾ ਮਹਾਨ ਕਲਾਕਾਰ ਕੋਈ ਇਕ ਮਹੀਨੇ ਤੋਂ ਫੇਫੜਿਆਂ ਦੀ ਤਕਲੀਫ਼ ਕਾਰਨ ਜ਼ੇਰੇ ਇਲਾਜ ਸੀ। ਉਸ ਦੇ ਜੀਵਨ 'ਤੇ ਝਾਤ ਮਾਰੀਏ ਤਾਂ ਕਹਿ ਸਕਦੇ ਹਾਂ ਕਿ ਆਖ਼ਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨਾਲ ਉਸ ਦਾ ਕਈ ਕੁਝ ਸਾਂਝਾ ਸੀ। ਦੋਵੇਂ ਮੁਸਲਮਾਨ ਸਨ ਅਤੇ ਦੋਵੇਂ ਆਪਣੇ ਵਤਨ ਹਿੰਦੋਸਤਾਨ ਨੂੰ ਇਸ਼ਕ ਦੀ ਹੱਦ ਮੁਹੱਬਤ ਕਰਦੇ ਸਨ। ਦੋਨੇਂ ਕੋਮਲ ਦਿਲ ਕਲਾਕਾਰ, ਸਾਊ ਅਤੇ ਸਾਫ਼ ਬੰਦੇ ਸਨ। ਪਿਛਲੀ ਉਮਰੇ ਦੋਹਾਂ ਨੂੰ ਜਲਾਵਤਨੀ ਦਾ ਸੰਤਾਪ ਹੰਢਾਉਣਾ ਪਿਆ ਅਤੇ ਦੋਹਾਂ ਨੂੰ ਆਪਣੀ ਮਿੱਟੀ 'ਚ ਦਫ਼ਨ ਹੋਣਾ ਵੀ ਨਸੀਬ ਨਹੀਂ ਹੋਇਆ। ਬਹਾਦਰ ਸ਼ਾਹ ਜ਼ਫ਼ਰ ਦੀ ਜੇਲ੍ਹ 'ਚ ਲਿਖੀ ਗ਼ਜ਼ਲ ਦਾ ਇਹ ਸ਼ੇਅਰ ਉਨ੍ਹਾਂ ਦੇ ਸਾਂਝੇ ਦਰਦ ਦੀ ਬਾਖ਼ੂਬੀ ਤਰਜਮਾਨੀ ਕਰਦਾ ਹੈ:

ਕਿਤਨਾ ਹੈ ਬਦਨਸੀਬ 'ਜ਼ਫ਼ਰ'
ਕਿ ਦਫ਼ਨ ਕੇ ਲੀਏ,
ਦੋ ਗਜ਼ ਜ਼ਮੀਂ ਨਾ ਮਿਲੀ
ਕੂਆ-ਏ-ਯਾਰ ਮੇਂ

ਫਿਦਾ ਹੁਸੈਨ 17 ਸਤੰਬਰ 1915 ਦੇ ਦਿਨ ਮਹਾਰਾਸ਼ਟਰ ਦੇ ਪੰਡਰਪੁਰ ਕਸਬੇ 'ਚ ਪੈਦਾ ਹੋਇਆ। ਚਿਤਰਕਲਾ ਦੀ ਮੁੱਢਲੀ ਸਿੱਖਿਆ ਉਸ ਨੇ ਬੰਬਈ ਦੇ ਜੇ.ਜੇ. ਸਕੂਲ ਆਫ਼ ਆਰਟ ਤੋਂ ਪ੍ਰਾਪਤ ਕੀਤੀ। ਉਹ ਬੰਬਈ 'ਚ ਫਿਲਮਾਂ ਦੇ ਪੋਸਟਰ ਚਿਤਰਨ ਤੋਂ ਸ਼ੁਰੂ ਕਰਕੇ ਨਿਰੋਲ ਆਪਣੀ ਕਲਾ ਦੇ ਬਲਬੂਤੇ ਸੰਸਾਰ ਦਾ ਮਹਾਨ ਚਿੱਤਰਕਾਰ ਬਣਿਆ। ਨਿਊਯਾਰਕ ਅਤੇ ਲੰਡਨ ਵਰਗੇ ਸ਼ਹਿਰਾਂ 'ਚ ਉਸ ਦੇ ਬਣਾਏ ਚਿੱਤਰਾਂ ਦੀਆਂ ਨੁਮਾਇਸ਼ਾਂ ਲੱਗੀਆਂ। ਨਿਲਾਮੀ ਕੀਤੀ ਤੇ ਉਸਦੀਆਂ ਕਲਾ ਕਿਰਤਾਂ ਇੰਨੀ ਉਚੀ ਕੀਮਤ 'ਤੇ ਵੇਚੀਆਂ ਜਿਸ ਨੂੰ ਅੱਜ ਤੱਕ ਕੋਈ ਵੀ ਭਾਰਤੀ ਚਿੱਤਰਕਾਰ ਨਹੀਂ ਪਹੁੰਚ ਸਕਿਆ। ਉਸ ਨ 'ਥਰੂ ਦ ਆਈਜ਼ ਆਈਜ਼ ਆਫ ਏ ਪੇਂਟਰ', 'ਗ਼ਜਗਾਮਨੀ' ਤੇ 'ਮੀਨਾਕਸ਼ੀ' ਵਰਗੀਆਂ ਕਲਾਤਮਕ ਫਿਲਮਾਂ ਵੀ ਬਣਾਈਆਂ। ਉਸ ਦੀ ਫਿਲਮ 'ਥਰੂ ਦ ਆਈਜ਼ ਆਈਜ਼ ਆਫ ਏ ਪੇਂਟਰ' 1967 ਦੇ ਬਰਲਿਨ ਫਿਲਮ ਮੇਲੇ ਵਿਚੋਂ 'ਗੋਲਡਨ ਬੀਅਰ' ਜਿੱਤ ਕੇ ਲਿਆਈ। ਭਾਰਤ ਸਕਰਾਰ ਨੇ ਉਸ ਨੂੰ 1955 'ਚ ਪਦਮਸ੍ਰੀ, 1973 'ਚ ਪਦਮ ਭੂਸ਼ਣ ਅਤੇ 1991 'ਚ ਪਦਮ ਵਿਭੂਸ਼ਣ ਨਾਲ ਸਨਮਾਨਤ ਕੀਤਾ ਅਤੇ ਹੁਣ ਮੌਤ ਤੋਂ ਬਾਅਦ ਉਸ ਨੂੰ 'ਭਾਰਤ ਰਤਨ' ਦੇਣ ਦੀਆਂ ਗੱਲਾਂ ਹੋ ਰਹੀਆਂ ਹਨ।

ਜੇ ਉਸ ਦੀ ਕਲਾ ਕਾਰਨ ਉਸ 'ਤੇ ਮਾਨਾਂ-ਸਨਮਾਨਾਂ ਅਤੇ ਧਨ-ਦੌਲਤ ਦੀ ਝੜੀ ਲੱਗੀ ਤਾਂ ਉਸੇ ਕਲਾ ਲਈ ਉਸ 'ਤੇ ਤਨਕੀਦਾਂ ਤੇ ਤੋਹਮਤਾਂ ਦੀਆਂ ਬੁਛਾੜਾਂ ਵੀ ਹੋਈਆਂ। ਉਸ ਦੀ ਫਿਲਮ 'ਮੀਨਾਕਸ਼ੀ' ਨੂੰ ਸਿਨਮਾ ਘਰਾਂ 'ਚੋਂ ਉਤਾਰ ਕੇ ਇਸ ਲਈ ਡੱਬਿਆਂ 'ਚ ਬੰਦ ਕਰਨਾ ਪਿਆ ਕਿਉਂਕਿ ਉਸ ਵਿਚ ਗਾਈ ਕੱਵਾਲੀ ਨੂੰ ਲੈ ਕੇ ਦੇਸ਼ ਭਰ ਦੇ ਮੁਸਲਮਾਨਾਂ ਨੇ ਵਾਵੇਲਾ ਖੜ੍ਹਾ ਕਰ ਦਿੱਤਾ ਸੀ। ਉਸ ਵੱਲੋਂ ਆਪਣੇ ਦ੍ਰਿਸ਼ਟੀਕੋਣ ਤੋਂ ਬਣਾਏ ਗਏ ਹਿੰਦੂ ਦੇਵੀ-ਦੇਵਤਿਆਂ ਦੇ ਚਿੱਤਰਾਂ ਨੇ ਤਾਂ ਉਸ ਲਈ ਏਡਾ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਕਿ ਉਸ ਨੂੰ ਦੇਸ਼ ਛੱਡ ਕੇ ਜਲਾਵਤਨ ਹੋਣਾ ਪਿਆ। ਉਸ ਦੇ ਆਪਣੇ ਦੱਸਣ ਅਨੁਸਾਰ ਚਿੱਤਰਕਾਰ ਵਜੋਂ ਘੋੜਾ ਉਸ ਦਾ ਮਨਭਾਉਂਦਾ ਵਿਸ਼ਾ ਰਿਹਾ ਹੈ, ਕਿਉਂਕਿ ਘੋੜਾ ਉਸ ਅਨੁਸਾਰ ਸ਼ਕਤੀ ਅਤੇ ਸ਼ਿਸ਼ਟਤਾ (ਗਰੇਸ) ਦਾ ਪ੍ਰਤੀਕ ਹੈ। 1968 'ਚ ਰਾਮ ਮਨੋਹਰ ਲੋਹੀਆ ਨੇ ਉਸ ਨੂੰ ਰਮਾਇਣ ਦੀ ਚਿੱਤਰਕਾਰੀ ਕਰਨ ਲਈ ਕਿਹਾ ਤਾਂ ਉਸ ਨੇ ਬਾਲਮੀਕ ਅਤੇ ਕਾਲੀਦਾਸ ਦੀ ਰਮਾਇਣ ਦਾ ਨਿੱਠ ਕੇ ਅਧਿਐਨ ਕੀਤਾ। ਇਕ ਚਿੱਤਰਕਾਰ ਵਜੋਂ ਉਹ ਹਿੰਦੂ ਮਿਥਹਾਸ ਤੋਂ ਇੰਨਾ ਪ੍ਰਭਾਵਤ ਹੋਇਆ ਕਿ ਅਗਲੇ 10 ਸਾਲ 'ਚ ਉਸ ਨੇ ਹਿੰਦੂ ਮਿਥਹਾਸ ਅਤੇ ਕਲਚਰ ਨਾਲ ਸਬੰਧਤ ਲਗਾਤਾਰ 150 ਪੇਂਟਿੰਗਜ਼ ਬਣਾਈਆਂ। ਗੱਲ ਇੱਥੋਂ ਤੱਕ ਪਹੁੰਚ ਗਈ ਕਿ ਮਿਥਹਾਸ ਅਤੇ ਇਤਿਹਾਸ ਦੇ ਅਧਿਆਨ ਤੋਂ ਬਾਅਦ ਉਸ ਨੇ ਨਤੀਜਾ ਇਹ ਕੱਢਿਆ ਕਿ ਹਿੰਦੂ ਫਿਲਾਸਫੀ ਅਨੁਸਾਰ ਨਗਨਤਾ ਹੀ ਪਵਿੱਤਰਤਾ ਹੈ। ਇਸ ਦ੍ਰਿਸ਼ਟੀਕੋਣ ਤੋਂ ਹੀ ਉਸ ਨੇ ਹਿੰਦੂ ਦੇਵੀ-ਦੇਵਤਿਆਂ ਦੇ ਨਗਨ ਚਿੱਤਰ ਬਣਾਏ। ਦੁਰਗਾ ਅਤੇ ਸਰਸਵਤੀ ਦੀਆਂ ਜਿਹੜੀਆਂ ਨਗਨ ਪੇਂਟਿੰਗਜ਼ ਕਾਰਨ 1996 'ਚ ਆਰ.ਐਸ.ਐਸ., ਬਜਰੰਗ ਦਲ ਅਤੇ ਹਿੰਦੂ ਜਾਗਰਤੀ ਸਮਿਤੀ ਵਰਗੀਆਂ ਕੱਟੜ ਤਨਜ਼ੀਮਾਂ ਨੇ ਅਸਮਾਨ ਸਿਰ 'ਤੇ ਚੁੱਕਿਆ ਸੀ। ਅਸਲ 'ਚ ਇਹ ਚਿੱਤਰ ਹੁਸੈਨ ਨੇ 1970 'ਚ ਬਣਾਏ ਸਨ, ਪਰ ਉਸ ਵੇਲੇ ਇਨ੍ਹਾਂ ਕੱਟੜਪੰਥੀ ਲੋਕਾਂ ਲਈ ਸਿਆਸੀ ਮਾਹੌਲ ਇੰਨਾ ਸਾਜ਼ਗਾਰ ਨਹੀਂ ਸੀ, ਤੇ ਉਹ ਚੁੱਪ ਰਹੇ ਸਨ।

ਜਿਉਂ-ਜਿਉਂ ਭਾਰਤ 'ਚ ਭਾਜਪਾ ਆਪਣਾ ਪ੍ਰਭਾਵ ਜਮਾਉਂਦੀ ਗਈ, ਤਿਉਂ-ਤਿਉਂ ਬਜਰੰਗ ਦਲ ਵਰਗੀਆਂ ਹਿੰਦੂ ਮੂਲਵਾਦੀ ਜਮਾਤਾਂ ਨੇ ਵੀ ਸਮਾਜ 'ਚ ਆਪਣਾ ਸਿੱਕਾ ਜਮਾਉਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਜਮਾਤਾਂ ਵੱਲੋਂ ਅਖ਼ਬਾਰਾਂ ਅਤੇ ਐਲਾਨਾਂ ਰਾਹੀਂ ਇਨ੍ਹਾਂ ਪੇਟਿੰਗਜ਼ ਦੇ ਹਵਾਲੇ ਨਾਲ ਹੁਸੈਨ ਨੂੰ ਧਮਕੀਆਂ ਮਿਲਣ ਲੱਗੀਆਂ। ਜਨਤਕ ਇਕੱਠਾਂ 'ਚ ਉਸ ਨੂੰ ਬੁਰਾ ਭਲਾ ਕਿਹਾ ਜਾਣ ਲੱਗਾ। 1996 'ਚ ਤਾਂ ਇਨ੍ਹਾਂ ਮੂਲਵਾਦੀਆਂ ਨੇ ਮੁੰਬਈ ਵਿਖੇ ਉਸ ਦੇ ਘਰ 'ਤੇ ਹਮਲਾ ਬੋਲ ਦਿੱਤਾ। ਘਰ ਅਤੇ ਘਰ ਵਿਚਲੇ ਸਾਮਾਨ ਦੀ ਬੁਰੀ ਤਰ੍ਹਾਂ ਤੋੜ-ਭੰਨ ਕੀਤੀ। ਉਸ ਦੀਆਂ ਬੜੀਆਂ ਕੀਮਤੀ ਪੇਂਟਿੰਗਜ਼ ਨਸ਼ਟ ਕਰ ਦਿੱਤੀਆਂ ਗਈਆਂ। ਸ਼ਿਵ ਸੈਨਾ ਨੇ ਇਸ ਸਭ ਦੀ ਹਮਾਇਤ ਕੀਤੀ। ਧਾਰਮਿਕ ਬੇਹੁਰਮਤੀ, ਅਸ਼ਲੀਲਤਾ ਆਦਿ ਵਰਗੇ ਕਾਨੂੰਨਾਂ ਦੀ ਆੜ 'ਚ ਉਸ 'ਤੇ ਅਦਾਲਤਾਂ ਵਿਚ ਮੁਕੱਦਮੇ ਠੋਕ ਦਿੱਤੇ ਗਏ। ਜਦੋਂ ਉਹ ਦੇਸ਼ ਛੱਡ ਕੇ ਗਿਆ ਤਾਂ ਉਸ ਖ਼ਿਲਾਫ਼ 8 ਮੁਕੱਦਮੇ ਚਲ ਰਹੇ ਸਨ। ਨਾ ਹੀ ਸਰਕਾਰ ਅਤੇ ਨਾ ਹੀ ਕੋਈ ਹੋਰ ਅਦਾਰਾ ਉਸ ਦੀ ਸਿੱਧੀ ਹਮਾਇਤ 'ਤੇ ਆਇਆ। ਉਨ੍ਹਾਂ ਹੀ ਦਿਨਾਂ 'ਚ ਸਵੈਸੇਵੀ ਜਥੇਬੰਦੀ 'ਐਕਸ਼ਨ ਇੰਡੀਆ' ਦੀ ਕਾਰਕੁਨ ਨਫੀਸਾ ਅਲੀ ਨੇ 'ਆਰਟ ਫਾਰ ਮਿਸ਼ਨ ਕਸ਼ਮੀਰ' ਨਾਂ ਦੀ ਨਮਾਇਸ਼ ਲਈ 'ਇੰਡੀਆ ਟੂਡੇ' ਪਰਚੇ ਵਿਚ ਇਸ਼ਤਿਹਾਰ ਦਿੱਤਾ; ਜਿਸ ਵਿਚ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਹੁਸੈਨ ਦਾ ਭਾਰਤ ਮਾਤਾ ਦਾ ਉਹ ਚਿੱਤਰ ਦਿਖਾਇਆ; ਜਿਸ ਵਿਚ ਭਾਰਤ ਦੇ ਨਕਸ਼ੇ 'ਤੇ ਨਗਨ ਔਰਤ ਦੀ ਤਸਵੀਰ ਸੀ; ਜਿਸ ਦੇ ਸਰੀਰ 'ਤੇ ਦੇਸ਼ ਦੇ ਸਾਰੇ ਸੂਬਿਆਂ ਦੇ ਨਾਮ ਲਿਖੇ ਹੋਏ ਸਨ।

ਇਸ ਇਸ਼ਤਿਹਾਰ ਨੇ ਵੀ ਹਿੰਦੂ ਮੂਲਵਾਦੀਆਂ 'ਚ ਹੁਸੈਨ ਖ਼ਿਲਾਫ਼ ਗੁੱਸੇ ਨੂੰ ਹਵਾ ਦਿੱਤੀ। ਧਮਕੀਆਂ ਅਤੇ ਮੁਕੱਦਮਿਆਂ ਨਾਲ-ਨਾਲ ਉਸ ਖ਼ਿਲਾਫ਼ ਮੁਜ਼ਾਹਰੇ ਵੀ ਹੋ ਰਹੇ ਸਨ, ਅਰਥੀਆਂ ਵੀ ਫੂਕੀਆਂ ਜਾ ਰਹੀਆਂ ਸਨ ਪਰ ਹੁਸੈਨ ਦੀ ਭਾਰਤ ਮਾਤਾ ਦੀ ਇਹੋ ਪੇਂਟਿੰਗ 80 ਲੱਖ ਰੁਪਏ 'ਚ ਵਿਕੀ ਸੀ। ਇਸ ਤਰ੍ਹਾਂ ਦੇ ਮਾਹੌਲ 'ਚ ਉਸ ਨੇ ਆਪਣੀ ਕਲਾ 'ਤੇ ਤਾਂ ਕੰਮ ਕੀ ਕਰ ਸਕਣਾ ਸੀ, ਉਸ ਲਈ ਤਾਂ ਜਿਉਣਾ ਵੀ ਮੁਸ਼ਕਲ ਸੀ। ਸੋ 2006 'ਚ ਇਕ ਦਿਨ ਉਹ ਮੁਲਕ ਛੱਡ ਕੇ ਚਲਾ ਗਿਆ ਅਤੇ ਕਤਰ, ਦੁਬਈ ਅਤੇ ਲੰਡਨ ਵਿਖੇ ਚਿੱਤਰਕਾਰੀ ਕਰਨ ਲੱਗਾ।

ਦੇਸ਼ 'ਚੋਂ ਇਸ ਤਰ੍ਹਾਂ ਬੇਆਬਰੂ ਹੋ ਕੇ ਨਿਕਲਣ ਤੋਂ ਬਾਅਦ ਵੀ ਉਸ ਵਿਚਲਾ ਦੇਸ਼ ਪਿਆਰ ਘਟਿਆ ਨਹੀਂ, ਸਗੋਂ ਵਧਿਆ ਸੀ। ਉਹ ਹਮੇਸ਼ਾ ਇਕ ਦਿਨ ਦੇਸ਼ ਪਰਤਣ ਦੀ ਖਵਾਹਿਸ਼ ਕਰਦਾ ਰਿਹਾ। ਆਪਣੇ ਆਖਰੀ ਦਿਨਾਂ 'ਚ ਵੀ ਰਮਾਇਣ 'ਤੇ ਹੀ ਪੇਂਟਿੰਗ ਬਣਾ ਰਿਹਾ ਸੀ। ਜਲਾਵਤਨੀ ਦੌਰਾਨ ਉਸ ਨਾਲ ਮੀਡੀਆ ਵੱਲੋਂ ਕੀਤੀਆਂ ਗਈਆਂ ਮੁਲਾਕਾਤਾਂ ਤੋਂ ਪਤਾ ਲਗਦਾ ਹੈ ਕਿ ਉਹ ਚਾਹੁੰਦਾ ਸੀ ਕਿ ਦੇਸ਼ ਦੇ ਹਾਲਾਤ ਉਸ ਦੇ ਪਰਤਣ ਲਈ ਸਾਜ਼ਗਾਰ ਹੋ ਜਾਣ, ਤੇ ਉਹ ਆਪਣੇ ਆਖਰੀ ਸਾਹ ਆਪਣੇ ਵਤਨ ਦੀ ਧਰਤੀ 'ਤੇ ਲਵੇ, ਪਰ ਐਸਾ ਹੋ ਨਹੀਂ ਸਕਿਆ। 2008 'ਚ ਪੱਤਰਕਾਰ ਸੋਮਾ ਚੌਧਰੀ ਨੇ ਹੁਸੈਨ ਨਾਲ ਮੁਲਾਕਾਤ ਕੀਤੀ ਅਤੇ ਪੁੱਛਿਆ ਕਿ ਜੇ ਉਹ ਆਪਣੇ ਵਤਨ ਪਰਤਣ ਦੀ ਇੰਨੀ ਤੀਬਰ ਇੱਛਾ ਰੱਖਦਾ ਹੈ ਤਾਂ ਉਸ ਨੂੰ ਭਾਰਤ ਵਾਪਸ ਜਾਣ 'ਚ ਸਮੱਸਿਆ ਕੀ ਹੈ? ਹੁਸੈਨ ਦਾ ਜਵਾਬ ਸੀ ਕਿ ਉਹ ਇੰਨਾ ਬੁੱਢਾ ਅਤੇ ਕਮਜ਼ੋਰ ਹੋ ਚੁੱਕਾ ਹੈ ਕਿ ਗਲੀ 'ਚ ਕਿਸੇ ਕਮਜ਼ੋਰ ਹਮਲਾਵਰ ਤੋਂ ਵੀ ਆਪਣੀ ਰੱਖਿਆ ਨਹੀਂ ਕਰ ਸਕਦਾ। ਦੂਜੇ ਪਾਸੇ, ਸਰਕਾਰ ਤੋਂ ਐਸੀ ਸੁਰੱਖਿਆ ਦੀ ਉਸ ਨੂੰ ਉਮੀਦ ਨਹੀਂ। ਉਸ ਨੇ ਅੱਗੇ ਕਿਹਾ ਕਿ ਉਹ ਮਰਦੇ ਦਮ ਤੱਕ ਕੰਮ ਕਰਨਾ ਚਾਹੁੰਦਾ ਹੈ ਅਤੇ ਤਲਵਾਰ ਦੇ ਸਾਏ ਤਲੇ ਤਾਂ ਕੋਈ ਭੁੱਖਾ ਬੰਦਾ ਖਾਣਾ ਵੀ ਨਹੀਂ ਖਾ ਸਕਦਾ, ਤੇ ਚਿੱਤਰਕਾਰੀ ਵਰਗਾ ਕੋਮਲ ਕੰਮ ਕਿਵੇਂ ਹੋ ਸਕਦਾ ਹੈ? 2009 'ਚ ਟੀ.ਵੀ. ਚੈਨਲ 'ਟਾਈਮਜ਼ ਨਾਓ' ਨਾਲ ਮੁਲਾਕਾਤ 'ਚ ਉਸ ਨੇ ਕਿਹਾ ਸੀ ਕਿ ਜੇ ਉਹ ਜਨੂੰਨੀ ਲੱਠਮਾਰਾਂ ਤੋਂ ਡਰਦਾ ਚੁੱਪ-ਚਾਪ ਆਪਣਾ ਵਤਨ ਛੱਡ ਆਇਆ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਦੇ ਮਨ ਨੂੰ ਕੋਈ ਤਕਲੀਫ ਜਾਂ ਦੁੱਖ ਨਹੀਂ। ਉਹ ਹਰ ਪਾਲ ਆਪਣੇ ਵਤਨ ਦਾ ਵਿਛੋੜਾ ਮਹਿਸੂਸ ਕਰਦਾ ਹੈ, ਪਰ ਬੇਵਸ ਹੈ। ਜਦੋਂ ਉਸ ਨੇ ਕਤਰ ਸਰਕਾਰ ਵੀ ਪੇਸ਼ਕਸ਼ ਕਬੂਲ ਕਰਕੇ ਭਾਰਤ ਦੀ ਨਾਗਰਿਕਤਾ ਤਿਆਗ ਦਿੱਤੀ, ਤੇ ਉਹ ਤਕਰ ਦਾ ਨਾਗਰਿਕ ਬਣ ਗਿਆ ਤਾਂ ਭਾਰਤੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਉਸ ਨੂੰ ਸੁਨੇਹਾ ਭੇਜਿਆ ਕਿ ਉਸ ਖ਼ਿਲਾਫ਼ ਅਦਾਲਤੀ ਕੇਸ ਲਗਭਗ ਵਾਪਸ ਹੋ ਚੁੱਕੇ ਹਨ ਅਤੇ ਦੇਸ਼ ਵਿਚ ਸਰਕਾਰ ਉਸ ਦਾ ਪੂਰਾ ਖਿਆਲ ਰੱਖੇਗੀ, ਉਹ ਵਾਪਸ ਭਾਰਤ ਪਰਤ ਆਵੇ। ਹੁਸੈਨ ਨੇ ਬੜੇ ਭਰੇ ਮਨ ਨਾਲ ਉਤਰ ਦਿੱਤਾ ਸੀ, "ਭਾਰਤ ਮੇਰੀ ਮਾਤ ਭੂਮੀ ਹੈ। ਮੈਂ ਆਪਣੀ ਮਾਂ ਨੂੰ ਨਫ਼ਰਤ ਨਹੀਂ ਕਰ ਸਕਦਾ ਪਰ ਭਾਰਤ ਨੇ ਮੈਨੂੰ ਦੁਰਕਾਰ ਦਿੱਤਾ ਹੈ, ਫਿਰ ਮੈਂ ਭਾਰਤ 'ਚ ਕਿਉਂ ਰਹਾਂ? ਜਦੋਂ ਸੰਘ ਪਰਿਵਾਰ ਦੀਆਂ ਤਨਜ਼ੀਮਾਂ ਮੈਨੂੰ ਨਿਸ਼ਾਨਾ ਬਣਾ ਰਹੀਆਂ ਸਨ ਤਾਂ ਸਭ ਖਾਮੋਸ਼ ਰਹੇ। ਮੇਰੇ ਹੱਕ 'ਚ ਬੋਲਣ ਲਈ ਕੋਈ ਅੱਗੇ ਨਹੀਂ ਆਇਆ, ਨਾ ਕੋਈ ਸਿਆਸੀ ਪਾਰਟੀ ਜਾਂ ਨੇਤਾ ਅਤੇ ਨਾ ਕੋਈ ਕਲਾਕਾਰ ਜਾਂ ਬੁਧੀਜੀਵੀ ਅਤੇ ਨਾ ਉਨ੍ਹਾਂ ਦੀ ਕੋਈ ਜਮਾਤ, ਮੈਂ ਐਸੀ ਸਿਆਸੀ ਲੀਡਰਸ਼ਪ 'ਤੇ ਕਿਉਂ ਇਤਬਾਰ ਕਰਾਂ ਜਿਸ ਨੇ ਲੋੜ ਪੈਣ 'ਤੇ ਮੇਰੀ ਰੱਖਿਆ ਕਰਨ ਤੋਂ ਇਨਕਾਰ ਕਰ ਦਿੱਤਾ ਸੀ?" ਇਸ ਤਰ੍ਹਾਂ ਭਾਰਤ ਮਹਾਨ ਚਿੱਤਰਕਾਰ ਜਲਾਵਤਨੀ ਭੋਗਦਾ ਹੀ ਫੌਤ ਹੋ ਗਿਆ ਅਤੇ ਉਥੇ ਹੀ ਦਫ਼ਨਾ ਦਿਤਾ ਗਿਆ।

ਉਸ ਦੀ ਮੌਤ ਤੋਂ ਬਾਅਦ ਦੇਸ਼ ਦੀ ਪ੍ਰੈਜ਼ੀਡੈਂਟ ਅਤੇ ਪ੍ਰਧਾਨ ਮੰਤਰੀ ਤੋਂ ਲੈ ਕੇ ਹੇਠਾਂ ਤੱਕ ਕੁਰਸੀ 'ਤੇ ਬੈਠੇ ਕੁਰਸੀ ਹਥਿਆਣ ਦੀ ਤਾਕ ਵਿਚ ਖੜ੍ਹੇ ਹਰ ਨੇਤਾ ਨੇ ਹੁਸੈਨ ਦੀ ਮੌਤ 'ਤੇ ਡਾਢਾ ਦੁੱਖ ਪ੍ਰਗਟ ਕੀਤਾ ਹੈ। ਉਹ ਉਸ ਦੀ ਮਹਾਨਤਾ ਤੇ ਬੁਲੰਦ ਕਲਾ ਦਾ ਗੁਣ-ਗਾਣ ਕਰ ਰਹੇ ਹਨ। ਇਸ 'ਤੇ ਵੀ ਡੂੰਘੇ ਅਫਸੋਸ ਦਾ ਇਜ਼ਹਾਰ ਕਰ ਰਹੇ ਹਨ ਕਿ ਉਸ ਦੀ ਦੇਹ ਭਾਰਤ ਦੀ ਧਰਤੀ 'ਤੇ ਕਿਉਂ ਨਾ ਦਫ਼ਨਾਈ ਜਾ ਸਕੀ। ਇੱਥੋਂ ਤੱਕ ਕਿ ਭਾਜਪਾ ਦੇ ਜਨਰਲ ਸਕੱਤਰ ਅਨੰਤ ਕੁਮਾਰ ਨੇ ਵੀ ਕਿਹਾ ਹੈ ਕਿ ਹੁਸੈਨ ਮਹਾਨ ਸ਼ਖ਼ਸੀਅਤ ਸੀ। ਕਲਾ ਦੇ ਖੇਤਰ 'ਚ ਭਾਰਤ ਨੂੰ ਉਸ ਦੀ ਵੱਡੀ ਦੇਣ ਹੈ। ਉਸ ਨੇ ਇਹ ਵੀ ਮੰਗ ਕੀਤੀ ਸੀ ਕਿ ਉਸ ਨੂੰ ਭਾਰਤ 'ਚ ਦਫਨਾਇਆ ਜਾਵੇ। ਅਜਿਹਾ ਸਭ ਕੁਝ ਸੁਣ ਵਿਚਾਰ ਕੇ ਕਹਿ ਸਕਦੇ ਹਾਂ ਕਿ ਹੁਸੈਨ ਦੀ ਜ਼ਿੰਦਗੀ ਦੀ ਹੋਣੀ ਸਾਡੇ ਸਾਹਮਣੇ ਕੁਝ ਬੜੇ ਅਹਿਮ ਸਵਾਲ ਖੜ੍ਹੇ ਕਰਦੀ ਹੈ। ਭਾਰਤੀ ਰਿਆਸਤ ਭ੍ਰਿਸ਼ਟ ਨੇਤਾਵਾਂ 'ਤੇ ਅੱਗੇ ਉਨ੍ਹਾਂ ਦੀ ਬੀਵੀ, ਬੱਚਿਆਂ ਦੀ ਸੁਰੱਖਿਆ 'ਤੇ ਤਾਂ ਕਰੋੜਾਂ ਰੁਪਏ ਖ਼ਰਚ ਕਰ ਸਕਦੀ ਹੈ, ਪਰ ਆਪਣੇ ਹੀ ਦੇਸ਼ ਦੇ ਸੰਸਾਰ ਪ੍ਰਸਿੱਧ ਕਲਾਕਾਰ ਨੂੰ ਇੰਨੀ ਵੀ ਸੁਰੱਖਿਆ ਨਹੀਂ ਦੇ ਸਕਦੀ ਕਿ ਉਹ ਨਿਡਰ ਅਤੇ ਹਿਫ਼ਾਜ਼ਤ ਨਾਲ ਰਹਿ ਸਕੇ? ਕੀ ਭਾਰਤੀ ਸਮਾਜ ਸਹਿਣਸ਼ੀਲ ਤੇ ਭਾਈਚਾਰਕ ਸਮਾਜ ਹੈ ਜਾਂ ਨਹੀਂ? ਜੇ ਹੈ ਤਾਂ ਉਸ ਨੂੰ ਭਾਰਤ ਛੱਡ ਜਾਣ ਲਈ ਕਿਉਂ ਮਜਬੂਰ ਕੀਤਾ ਗਿਆ? ਕਿਉਂ ਤੇ ਕਿਵੇਂ ਇਹ ਬੁੱਢਾ ਚਿੱਤਰਕਾਰ ਇਨ੍ਹਾਂ ਜਨੂੰਨੀ ਵਾਹਰਾਂ ਦਾ ਸ਼ਿਕਾਰ ਹੋ ਗਿਆ ਅਤੇ ਅਸੀਂ ਸਭ ਨੇ ਉਸ ਨੂੰ ਇਸ ਹਾਲਾਤ 'ਚ ਇਕੱਲਿਆ ਛੱਡ ਦਿੱਤਾ?

ਅੱਜ ਸਭ ਕਹਿ ਰਹੇ ਹਨ ਕਿ ਐਸਾ ਨਹੀਂ ਸੀ ਹੋਣਾ ਚਾਹੀਦਾ, ਪਰ ਜਦੋਂ ਐਸਾ ਵਾਪਰ ਰਿਹਾ ਸੀ ਤਾਂ ਸਾਡੇ 'ਚੋਂ ਕੋਈ ਵੀ ਅੱਗੇ ਕਿਉਂ ਨਹੀਂ ਆਇਆ? ਉਦੋਂ ਕਿਸੇ ਨੇ ਵੀ ਉਸ ਦੀ ਬਾਂਹ ਕਿਉਂ ਨਾ ਫੜੀ?...ਤੇ ਉਸ ਭਾਰਤੀ ਧਰਮ ਨਿਰਪੱਖਤਾ ਦਾ ਮੂੰਹ ਚਿੜਾਉਂਦਾ ਹੋਇਆ ਚੁੱਪ-ਚਾਪ ਆਪਣੇ ਪਿਆਰੇ ਵਤਨ ਦੀਆਂ ਸਰਹੱਦਾਂ ਪਾਰ ਕਰ ਗਿਆ ਅਤੇ ਫਿਰ ਕਦੇ ਵੀ ਨਾ ਪਰਤਿਆ, ਮਰ ਕੇ ਵੀ ਨਾ।

***ਮਕਬੂਲ ਫ਼ਿਦਾ ਹੁਸੈਨ ਦੀ ਜ਼ਿੰਦਗੀ ਦੀ ਹੋਣੀ ਸਾਡੇ ਸਾਹਮਣੇ ਕੁਝ ਬੜੇ ਅਹਿਮ ਸਵਾਲ ਖੜ੍ਹੇ ਕਰਦੀ ਹੈ। ਭਾਰਤੀ ਰਿਆਸਤ ਭ੍ਰਿਸ਼ਟ ਨੇਤਾਵਾਂ ਤੇ ਅੱਗੇ ਉਨ੍ਹਾਂ ਦੀ ਬੀਵੀ, ਬੱਚਿਆਂ ਦੀ ਸੁਰੱਖਿਆ 'ਤੇ ਤਾਂ ਕਰੋੜਾਂ ਰੁਪਏ ਖ਼ਰਚ ਕਰ ਸਕਦੀ ਹੈ, ਪਰ ਆਪਣੇ ਹੀ ਦੇਸ਼ ਦੇ ਸੰਸਾਰ ਪ੍ਰਸਿੱਧ ਕਲਾਕਾਰ ਨੂੰ ਇੰਨੀ ਵੀ ਸੁਰੱਖਿਆ ਨਹੀਂ ਦੇ ਸਕਦੀ ਕਿ ਉਹ ਨਿਡਰ ਅਤੇ ਹਿਫ਼ਾਜ਼ਤ ਨਾਲ ਰਹਿ ਸਕੇ? ਕੀ ਭਾਰਤੀ ਸਮਾਜ ਸਹਿਣਸ਼ੀਲ ਤੇ ਭਾਈਚਾਰਕ ਸਮਾਜ ਹੈ ਜਾਂ ਨਹੀਂ? ਜੇ ਹੈ ਤਾਂ ਉਸ ਨੂੰ ਭਾਰਤ ਛੱਡ ਜਾਣ ਲਈ ਕਿਉਂ ਮਜਬੂਰ ਕੀਤਾ ਗਿਆ?***



## ਭਾਰਤ ਵੱਲੋਂ ਹੁਸੈਨ ਦੀ ਮੌਤ ਕੌਮੀ ਘਾਟਾ ਕਰਾਰ

**ਨਵੀਂ ਦਿੱਲੀ:** ਭਾਰਤ ਦੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਸ ਕਲਾਕਾਰ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ। ਸਰਕਾਰ ਵੱਲੋਂ ਇਹ ਪਛਤਾਵਾ ਵੀ ਪ੍ਰਗਟ ਕੀਤਾ ਗਿਆ ਕਿ ਕੁਝ 'ਤੰਗਦਿਲ' ਲੋਕਾਂ ਕਾਰਨ ਇਸ ਮਹਾਨ ਕਲਾਕਾਰ ਨੂੰ ਆਪਣੇ ਵਤਨ ਤੋਂ ਦੂਰ ਉਮਰ ਦਾ ਆਖਰੀ ਪੰਧ ਤੈਅ ਕਰਨ ਪਿਆ।



ਰਾਸ਼ਟਰਪਤੀ ਨੇ ਕਿਹਾ ਕਿ ਵਿਸ਼ਵ ਪ੍ਰਸਿੱਧ ਇਹ ਕਲਾਕਾਰ ਆਪਣੀ ਲਾਮਿਸਾਲ ਸ਼ੈਲੀ ਤੇ ਸਿਰਜਣ ਪ੍ਰਤਿਭਾ ਕਾਰਨ ਸਮਕਾਲੀ ਚਿੱਤਰਕਾਰ ਜਗਤ 'ਚ ਵਿਲੱਖਣ ਹਸਤੀ ਬਣਿਆ ਸੀ। ਉਨ੍ਹਾਂ ਕਿਹਾ ਕਿ ਬਹੁਪੱਖੀ ਪ੍ਰਤਿਭਾ ਦੇ ਮਾਲਕ ਹੁਸੈਨ ਦੀ ਮੌਤ ਨਾਲ ਸਿਰਜਣਾ ਦੇ ਜਗਤ 'ਚ ਵੱਡਾ ਖੱਪਾ ਪਿਆ ਹੈ। ਉਪ-ਰਾਸ਼ਟਰਪਤੀ ਹਾਮਿਦ ਅੰਸਾਰੀ ਤੇ ਲੋਕ ਸਭਾ ਸਪੀਕਰ ਨੇ ਵੀ ਕਿਹਾ ਕਿ ਬਹੁਤੇ ਭਾਰਤੀਆਂ ਲਈ ਉਹ ਆਧੁਨਿਕ ਭਾਰਤੀ ਕਲਾ ਦਾ ਪ੍ਰਤੀਨਿਧ ਸੀ। ਸੂਚਨਾ ਤੇ ਪ੍ਰਸਾਰਨ ਮੰਤਰੀ ਅੰਬਿਕਾ ਸੋਨੀ ਨੇ ਹੁਸੈਨ ਨੂੰ 'ਨਾਮਵਰ ਤੇ ਸਤਿਕਾਰਯੋਗ ਹਸਤੀ' ਕਰਾਰ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਪਤਾ ਨਹੀਂ ਕਿੰਨੇ ਮੌਕਿਆਂ 'ਤੇ ਭਾਰਤ ਵਾਪਸ ਸੱਦਿਆ ਗਿਆ ਸੀ ਪਰ ਇਹ ਮੰਦਭਾਗੀ ਗੱਲ ਹੈ ਕਿ ਕਈ 'ਤੰਗਦਿਲ' ਲੋਕ ਕਲਾ ਤੇ ਸਿਰਜਣਾ ਨੂੰ ਵੀ ਇਕ ਪੱਖ ਤੋਂ ਦੇਖਦੇ ਹਨ ਪਰ ਬਹੁਗਿਣਤੀ ਭਾਰਤੀ ਉਨ੍ਹਾਂ ਦੀ ਹਾਮੀ ਨਹੀਂ ਭਰਦੇ।

ਸ਼ਿਵ ਸੈਨਾ ਦੇ ਮੁਖੀ ਤੇ ਹੁਸੈਨ ਦੇ ਸਭ ਤੋਂ ਕੱਟੜ ਆਲੋਚਕ ਰਹੇ ਬਾਲ ਠਾਕਰੇ ਨੇ ਕਿਹਾ ਕਿ ਇਸ ਕਲਾਕਾਰ ਦੇ ਜਾਣ ਨਾਲ ਆਧੁਨਿਕ ਕਲਾ ਜਗਤ ਨੂੰ ਘਾਟਾ ਪਿਆ ਹੈ। ਅੱਲ੍ਹਾ ਉਨ੍ਹਾਂ ਦੀ ਆਤਮਾ ਨੂੰ ਸਕੂਨ ਬਖਸ਼ੇ। ਐਮ.ਐਨ.ਐਸ. ਦੇ ਰਾਜ ਠਾਕਰੇ ਨੇ ਕਿਹਾ ਕਿ ਹੁਸੈਨ ਨਾਲ ਜੁੜੇ ਵਿਵਾਦ ਉਸ ਦੇ ਚਲਾਣੇ ਨਾਲ ਹੀ ਠੱਪ ਹੋ ਜਾਣੇ ਚਾਹੀਦੇ ਹਨ ਤੇ ਜੇਕਰ ਉਸ ਦਾ ਪਰਿਵਾਰ ਉਸ ਦੀ ਦੇਹ ਭਾਰਤ ਲਿਆਉਣਾ ਚਾਹੁੰਦਾ ਹੈ ਤਾਂ ਉਸ ਨੂੰ ਅਜਿਹਾ ਕਰ ਲੈਣ ਦੇਣਾ ਚਾਹੀਦਾ ਹੈ। ਉਹ ਕੌਮੀ ਮਾਣ ਸੀ। ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਤੇ ਸੀ.ਪੀ.ਐਮ. ਦੇ ਆਗੂ ਸੀਤਾ ਰਾਮ ਯੇਚੁਰੀ ਨੇ ਵੀ ਉਨ੍ਹਾਂ ਦੇ ਕੰਮ ਨੂੰ ਸਲਾਹਿਆ।

## ਮਕਬੂਲ ਫਿਦਾ ਹੁਸੈਨ: ਜੀਵਨ ਝਾਤ

ਜਨਮ: 17 ਸਤੰਬਰ 1915
1947: ਪ੍ਰੋਗਰੈਸਿਵ ਆਰਟਿਸਟਸ ਗਰੁੱਪ ਜਾਇਨ ਕੀਤਾ।
1952: ਜ਼ਿਊਰਿਖ (ਜਰਮਨੀ) ਵਿਚ ਪਹਿਲੀ ਸੋਲੋ ਨੁਮਾਇਸ਼।
1955: ਪਦਮਸ੍ਰੀ ਪੁਰਸਕਾਰ ਮਿਲਿਆ।
1967: ਪਹਿਲੀ ਫਿਲਮ 'ਥਰੂ ਦ ਆਈਜ਼ ਆਈਜ਼ ਆਫ ਏ ਪੇਂਟਰ' ਬਣਾਈ।
1971: ਸਾਓ ਪਾਅਲੋ ਵਿਚ ਸਮਾਗਮਲਈ ਪਾਬਲੋ ਪਿਕਾਸੋ ਨਾਲ ਸੱਦਾ।
1973: ਪਦਮ ਭੂਸ਼ਣ ਪੁਰਸਕਾਰ ਮਿਲਿਆ।
1986: ਰਾਜ ਸਭ ਦਾ ਮੈਂਬਰ ਨਾਮਜ਼ਦ।
1991: ਪਦਮ ਵਿਭੂਸ਼ਣ ਪੁਰਸਕਾਰ ਮਿਲਿਆ।
1996: ਹਿੰਦੂ ਦੇਵੀ-ਦੇਵਤਿਆਂ ਦੇ ਚਿੱਤਰਾਂ 'ਤੇ ਰੌਲਾ
1998: ਬਜਰੰਗ ਦਲ ਵੱਲੋਂ ਘਰ 'ਤੇ ਹਮਲਾ।
2006: ਜਲਾਵਤਨ। ਅਮਰੀਕਾ ਵਿਚ 4 ਨਵੰਬਰ ਤੋਂ 3 ਜੂਨ 2007 ਤੱਕ ਨੁਮਾਇਸ਼।
2008:'ਬੈਟਲ ਆਫ ਗੰਗਾ ਐਂਡ ਜਮੁਨਾ-ਮਹਾਂਭਾਰਤ' ਰਿਕਾਰਡ 16 ਲੱਖ ਡਾਲਰ 'ਚ ਵਿਕੀ।
2010: ਕਤਰ ਦੀ ਨਾਗਰਿਕਤਾ ਲਈ।
2011: 9 ਜੂਨ ਨੂੰ ਲੰਡਨ ਦੇ ਹਸਪਤਾਲ ਵਿਚ ਦੇਹਾਂਤ।

# ਸਿਧਾਂਤਕ ਪ੍ਰਤਿਕੂਲਤਾ-ਚਰਿਤਰੋਪਾਖਿਆਨ

## ਗੁਰਮਤਿ ਚਿੰਤਨ

**ਡਾ. ਗੁਰਨਾਮ ਕੌਰ**

ਪਿਛਲੇ ਲੇਖ ਵਿਚ ਜ਼ਿਕਰ ਕੀਤਾ ਸੀ ਕਿ 'ਚਰਿਤਰੋਪਾਖਿਆਨ' ਦੀਆਂ ਕਥਾ-ਕਹਾਣੀਆਂ ਦਾ ਖ਼ਾਲਸੇ ਦੇ ਨੈਤਿਕ ਚਰਿਤਰ ਸਿਰਜਣ ਵਿਚ ਕੋਈ ਯੋਗਦਾਨ ਨਹੀਂ ਹੋ ਸਕਦਾ। 'ਚਰਿਤਰੋਪਾਖਿਆਨ' ਵਿਚ ਵਰਣਿਤ ਸਾਰੀਆਂ ਕਹਾਣੀਆਂ ਵਿਚ ਇਹੀ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਿਵੇਂ ਸਾਰੀ ਇਸਤਰੀ-ਜ਼ਾਤ ਧੋਖੇ, ਫਰੇਬ, ਛਲ-ਕਪਟ, ਸ਼ਰਾਰਤ ਨਾਲ ਭਰੀ ਹੋਈ, ਨੈਤਿਕ ਤੌਰ 'ਤੇ ਬਹੁਤ ਹੀ ਘਟੀਆ ਚਰਿਤਰ ਵਾਲੀ ਅਤੇ ਬੇਵਫਾ ਹੈ ਜੋ ਸਾਰਾ ਸਮਾਂ ਗੈਰਕਾਨੂੰਨੀ ਰਿਸ਼ਤਿਆਂ ਵਿਚ ਮਸਰੂਫ ਰਹਿੰਦੀ ਹੈ ਅਤੇ ਪਤੀ ਨੂੰ ਧੋਖਾ ਦਿੰਦੀ ਰਹਿੰਦੀ ਹੈ। ਦੂਸਰਾ ਧਿਆਨ ਦੇਣ ਯੋਗ ਨੁਕਤਾ ਇਨ੍ਹਾਂ ਕਹਾਣੀਆਂ ਵਿਚ ਇਹ ਹੈ ਕਿ ਇਸ ਦੇ ਪੁਰਸ਼ ਪਾਤਰ ਇਸ ਕਿਸਮ ਦੇ ਬੇਵਕੂਫ ਦਿਖਾਏ ਗਏ ਹਨ ਜੋ ਬੜੀ ਆਸਾਨੀ ਨਾਲ ਧੋਖੇ ਦਾ ਸ਼ਿਕਾਰ ਹੋ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੈਤਿਕ ਚਰਿਤਰ ਦੀ ਉਸਾਰੀ ਵਾਸਤੇ ਭਰਪੂਰ ਸਿੱਖਿਆ ਪ੍ਰਾਪਤ ਹੈ। ਫਿਰ ਗੁਰੂ ਸਾਹਿਬ ਬਾਣੀ ਅਨੁਸਾਰ ਖ਼ਾਲਸੇ ਦਾ ਚਰਿਤਰ ਕਿਉਂ ਨਹੀਂ ਉਸਾਰਨਗੇ? ਬੁਰੀਆਂ ਉਦਾਹਰਣਾਂ ਰਾਹੀਂ ਚੰਗੇ ਨਤੀਜੇ ਭਾਲਣੇ ਵੈਸੇ ਵੀ ਤਰਕਸੰਗਤ ਨਹੀਂ ਹਨ।



ਡਾ. ਗੁਰਨਾਮ ਕੌਰ

ਇਹ ਸੋਚਣ ਵਾਲੀ ਹੀ ਨਹੀਂ ਸਗੋਂ ਚਿੰਤਾ ਵਾਲੀ ਗੱਲ ਹੈ ਕਿ ਕਿਸ ਸਾਜਿਸ਼ ਤਹਿਤ ਇਸ ਕਿਸਮ ਦੀਆਂ ਰਚਨਾਵਾਂ ਗੁਰੂ ਸਾਹਿਬ ਦੇ ਨਾਮ ਨਾਲ ਜੋੜੀਆਂ ਗਈਆਂ ਹਨ, ਜਿਨ੍ਹਾਂ ਦਾ ਸਾਹਿਤਕ ਅਤੇ ਭਾਸ਼ਾ ਪੱਖੋਂ ਨਾ ਕੋਈ ਚੰਗਾ ਮਿਆਰ ਹੈ ਅਤੇ ਨਾ ਹੀ ਇਨ੍ਹਾਂ ਵਿਚੋਂ ਕਿਸੇ ਕਿਸਮ ਦੀ ਸਿੱਖਿਆ ਮਿਲਦੀ ਹੈ। ਬਹੁਤੇ ਚਰਿਤਰਾਂ ਦੀ ਭਾਸ਼ਾ ਤਾਂ ਇਥੇ ਦੁਹਰਾਈ ਹੀ ਨਹੀਂ ਜਾ ਸਕਦੀ ਪਰ ਕੁਝ ਇੱਕ ਵਿਚੋਂ ਦਿੱਤੀਆਂ ਪੰਕਤੀਆਂ ਤੋਂ ਪਾਠਕ ਆਪ ਅੰਦਾਜ਼ਾ ਲਗਾ ਸਕਦੇ ਹਨ ਕਿ ਇਹ ਕਿਹੜਾ ਉਦੇਸ਼ ਪੂਰਾ ਕਰਦੀਆਂ ਹਨ:

ਮਹਾਨੰਦ ਮੁਰਦਾਰ ਕੀ ਹੁਤੀ ਬਹੁਰਿਯਾ ਏਕ।
ਤਾ ਸੋ ਰਤਿ ਮਾਨਤ ਹੁਤੇ
ਹਿੰਦੂ ਤੁਰਕ ਅਨੇਕ।2।
ਮਹਾਨੰਦ ਮੁਰਦਾਰ ਕੀ ਘੁਰਕੀ ਤ੍ਰਿਯ ਕੋ ਨਾਮ।
ਕੋਪ ਸਮੈ ਨਿਜ ਨਾਰ ਕੋ
ਘੁਰਕਤ ਆਠੋ ਜਾਮ।3।

ਇੱਕ ਹੋਰ ਥਾਂ ਕਥਨ ਹੈ:

ਇਕ ਜੋਗੀ ਬਨ ਮੈ ਹੁਤੋ ਦ੍ਰੁਮ ਮੈ ਕੁਟੀ ਬਨਾਇ।
ਏਕ ਸਾਹ ਕੀ ਸੁਤਾ ਕੋ ਲੈ ਗਯੋ ਮੰਤ੍ਰ ਚਲਾਇ।3।

ਇਸ ਕਹਾਣੀ ਵਿਚ ਦੱਸਿਆ ਹੈ ਕਿ ਇੱਕ ਯੋਗੀ ਸ਼ਾਹ ਦੀ ਪੁੱਤਰੀ ਨੂੰ ਮੰਤਰ ਚਲਾ ਕੇ ਲੈ ਗਿਆ। ਇਥੇ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਸਿੱਖ ਧਰਮ ਮੰਤਰਾਂ ਵਿਚ ਵਿਸ਼ਵਾਸ ਨਹੀਂ ਕਰਦਾ। ਦੂਸਰੀ ਵਿਚਾਰਨ ਵਾਲੀ ਗੱਲ ਇਹ ਹੈ ਕਿ ਸਿੱਖ ਧਰਮ ਭਾਵੇਂ ਯੋਗ-ਸਾਧਨਾ ਨੂੰ ਮੁਕਤੀ ਪ੍ਰਾਪਤੀ ਦਾ ਜਾਂ ਪਰਮਾਤਮਾ ਨੂੰ ਮਿਲਣ ਦਾ ਰਸਤਾ ਨਹੀਂ ਮੰਨਦਾ ਅਤੇ ਪਰਮਾਤਮ-ਪ੍ਰਾਪਤੀ ਦੇ ਰਸਤੇ ਦੇ ਤੌਰ 'ਤੇ ਇਸ ਨੂੰ ਨਕਾਰਦਾ ਹੈ ਪਰ ਗੁਰੂ ਸਾਹਿਬ ਵਰਗੀ ਅਧਿਆਤਮਕ ਬੁਲੰਦੀਆਂ 'ਤੇ ਪਹੁੰਚੀ ਹੋਈ ਸ਼ਖਸੀਅਤ ਕਿਸੇ ਦੂਸਰੇ ਧਰਮ ਦੀ ਇਸ ਤਰ੍ਹਾਂ ਦੀ ਤੌਹੀਨ ਨਹੀਂ ਕਰ ਸਕਦੀ ਜਿਸ ਕਿਸਮ ਦੀ ਇਥੇ ਕਿਸੇ ਧਾਰਮਿਕ ਕਹੇ ਜਾਣ ਵਾਲੇ ਵਿਅਕਤੀ ਵੱਲੋਂ ਕਿਸੇ ਦੀ ਧੀ ਮੰਤਰਾਂ ਦਾ ਜਾਪ ਕਰਕੇ ਕੱਢ ਕੇ ਲੈ ਜਾਣ ਦੀ ਗੱਲ ਇਸ ਘਟਨਾ ਵਿਚ ਦੱਸੀ ਗਈ ਹੈ।

ਇਸ ਤੋਂ ਇਲਾਵਾ ਘਟਨਾ ਦੇ ਚਿਤਰਨ ਵਿਚ ਸਵੈ-ਵਿਰੋਧ ਵੀ ਝਲਕਦਾ ਹੈ ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਯੋਗੀ ਬਾਹਰੋਂ ਕਿਵਾੜ ਬੰਦ ਕਰਕੇ ਜਾਂਦਾ ਹੈ ਅਤੇ ਅੱਗੇ ਕਿਹਾ ਹੈ ਕਿ ਜਦੋਂ ਉਹ ਵਾਪਸ ਆਉਂਦਾ ਹੈ ਤਾਂ ਉਸ ਦੇ ਹੱਥਾਂ ਦੀ ਤਾੜੀ ਸੁਣਨ ਤੋਂ ਬਾਅਦ ਕੰਨਿਆਂ ਅੰਦਰੋਂ ਦਰਵਾਜ਼ਾ ਖੋਲ੍ਹਦੀ ਹੈ। ਰਾਜੇ ਦਾ ਪੁੱਤਰ ਯੋਗੀ ਦੇ ਪਿੱਛੇ ਪਿੱਛੇ ਆਉਂਦਾ ਹੈ ਅਤੇ ਬਿਰਛ 'ਤੇ ਚੜ੍ਹ ਕੇ, ਛੁਪ ਕੇ ਯੋਗੀ ਦਾ ਸਾਰਾ ਢੰਗ-ਤਰੀਕਾ ਦੇਖਦਾ ਹੈ। ਇਸ ਤਰ੍ਹਾਂ ਦੂਸਰੇ ਦਿਨ ਜਦੋਂ ਯੋਗੀ ਨਗਰ ਤੋਂ ਭਿੱਖਿਆ ਮੰਗਣ ਜਾਂਦਾ ਹੈ ਤਾਂ ਰਾਜੇ ਦਾ ਪੁੱਤਰ ਬਿਰਛ ਤੋਂ ਹੇਠਾਂ ਉਤਰਦਾ ਹੈ ਅਤੇ ਯੋਗੀ ਵਾਂਗ ਹੀ ਹੱਥਾਂ ਨਾਲ ਤਾੜੀ ਵਜਾਉਂਦਾ ਹੈ। ਲੜਕੀ ਦਰਵਾਜ਼ਾ ਖੋਲ੍ਹ ਦਿੰਦੀ ਹੈ ਅਤੇ ਰਾਜੇ ਦਾ ਪੁੱਤਰ ਉਸ ਨਾਲ ਭੋਗ ਕਰਦਾ ਹੈ। ਜ਼ਰਾ ਸੋਚੋ! ਇਹ ਘਟੀਆ ਕਿਸਮ ਦੀ ਕਹਾਣੀ ਸਿੱਖ ਧਰਮ ਦੀ ਕਿਹੜੀ ਸਿੱਖਿਆ ਦਿੰਦੀ ਹੈ? ਚਰਿਤਰ-ਚਿਤ੍ਰਣ ਦਾ ਜਾਤ, ਨਸਲ, ਮੱਤ ਅਤੇ ਧਰਮ ਦੇ ਆਧਾਰ 'ਤੇ ਸਧਾਰਨੀਕਰਨ ਕੀਤਾ ਗਿਆ ਹੈ ਜਿਵੇਂ ਉਪਰ ਯੋਗੀ ਦੇ ਸਬੰਧ ਵਿਚ ਬਿਆਨ ਕੀਤਾ ਹੈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਵੀ ਦੇਖੀਆਂ ਜਾ ਸਕਦੀਆਂ ਹਨ:

ਸਾਹਜਹਾਨਾਬਾਦ ਮੈ ਏਕ ਤੁਰਕ ਕੀ ਨਾਰਿ।
ਇਕ ਚਰਿਤ੍ਰ ਤਿਨ ਕਿਯੋ
ਸੋ ਤੁਹਿ ਕਹੋ ਸੁਧਾਰਿ।1।
ਅਤੇ:
ਸੋ ਇਕ ਰਹੈ ਮੁਗਲ ਕੀ ਬਾਮਾ।
ਜੈਨਾਬਾਦੀ ਤਾ ਕੋ ਨਾਮਾ।3।

ਇੱਕ ਚਰਿਤਰ ਵਿਚ ਜੱਟ ਨੂੰ ਪੂਰਾ ਮੂਰਖ ਅਤੇ ਰਿੱਛ ਵਰਗਾ ਕਿਹਾ ਹੈ:

ਏਕ ਬਧੂ ਥੀ ਜਾਟ ਕੀ ਦੂਜੇ ਬਰੀ ਗਵਾਰ।

ਇਸ ਕਹਾਣੀ ਵਿਚ ਜਾਤ ਦੇ ਤੌਰ 'ਤੇ 'ਜੱਟ' ਲਈ ਬਹੁਤ ਹੀ ਅਪਮਾਨਜਨਕ ਸ਼ਬਦ ਵਰਤੇ ਗਏ ਹਨ। ਗੁਰਬਾਣੀ ਵਿਚ ਜਾਤ, ਜਨਮ ਜਾਂ ਇਸਤਰੀ-ਪੁਰਸ਼ ਆਦਿ ਵੰਡ 'ਤੇ ਆਧਾਰਤ ਕਿਸੇ ਨੂੰ ਚੰਗਾ ਜਾਂ ਮਾੜਾ ਕਹਿਣ ਦੀ ਸਿਰਫ ਨਿਖੇਧੀ ਹੀ ਨਹੀਂ ਕੀਤੀ ਗਈ ਸਗੋਂ ਅਜਿਹੇ ਭੇਦ-ਭਾਵ ਨੂੰ ਮੰਨਣਾ ਮੁੱਢੋਂ ਨਕਾਰਿਆ ਗਿਆ ਹੈ। ਜਾਤ-ਪਾਤ 'ਤੇ ਆਧਾਰਤ ਪ੍ਰਬੰਧ ਨੂੰ ਹੀ ਪਰਮਾਤਮਾ ਦੇ ਹੁਕਮ ਦੀ ਖ਼ਿਲਾਫਤ ਮੰਨਿਆ ਗਿਆ ਹੈ। ਇਥੇ ਜੱਟ ਨੂੰ ਮਹਾਂ-ਮੂਰਖ ਦਸਿਆ ਗਿਆ ਹੈ ਜਿਵੇਂ ਅਕਲ ਕਦੀ ਉਸ ਦੇ ਨੇੜਿਓਂ ਵੀ ਨਾ ਲੰਘੀ ਹੋਵੇ। ਕੀ ਗੁਰੂ ਸਾਹਿਬ ਅਜਿਹੇ ਕਿਸੇ ਪੱਖਪਾਤ ਨੂੰ ਮੰਨਣਗੇ ਜਿਥੇ ਜੱਟ ਨੂੰ ਬੁੱਧੂ ਅਤੇ ਰਿੱਛ ਵਰਗਾ ਦਰਸਾਇਆ ਗਿਆ ਹੋਵੇ?

ਜਿਨ੍ਹਾਂ ਸਿਧਾਂਤਾਂ ਨੂੰ ਦ੍ਰਿੜ ਕਰਵਾਉਣ ਲਈ ਗੁਰੂ ਸਾਹਿਬਾਨ ਦਾ ਦੋ ਸੌ ਸਾਲ ਤੋਂ ਉਤੇ ਸਮਾਂ ਲੱਗ ਗਿਆ ਅਤੇ ਦਸਵੇਂ ਪਾਤਿਸ਼ਾਹ ਨੇ ਉਨ੍ਹਾਂ ਨੂੰ ਪਰਪੱਕ ਕਰਨ ਲਈ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਹੋਵੇ, ਕੀ ਅਜਿਹੀ ਰਚਨਾ ਰਾਹੀਂ ਉਹ ਆਪਣੇ ਪੂਰਵਜਾਂ ਦੇ ਦਿੱਤੇ ਸਿਧਾਂਤਾਂ ਦਾ ਖੰਡਨ ਕਰਨਗੇ? ਕਵੀ ਚਰਿਤਰ ਨੰਬਰ 7/145 ਅਤੇ ਹੋਰ ਕਈ ਚਰਿਤਰਾਂ ਰਾਹੀਂ ਇਹ ਦੱਸਣਾ ਚਾਹੁੰਦਾ ਹੈ ਕਿ ਇਸਤਰੀ ਭਰੋਸੇਯੋਗ ਵਿਅਕਤੀ ਨਹੀਂ ਹੁੰਦੀ। ਇਸ ਲਈ ਪੁਰਸ਼ ਨੂੰ ਆਪਣੇ ਮਨ ਦਾ ਭੇਦ ਇਸਤਰੀ ਨੂੰ ਹਰਗਿਜ਼ ਨਹੀਂ ਦੇਣਾ ਚਾਹੀਦਾ, ਜਿਵੇਂ:

ਤ੍ਰਿਯਹਿਨ ਅੰਤਰ ਦੀਜੀਐ ਤਾ ਕੋ ਲੀਜੈ ਭੇਦ।
ਬਹੁ ਪੁਰਖਨ ਕੇ ਕਰਤ ਹੈ ਹ੍ਰਿਦੈ ਚੰਚਲ ਛੇਦ।11।
ਗੰਧਰਵ ਜਛ ਭੁਜੰਗ ਨਰ ਬਪੁਰੇ ਕਿਨ ਮਾਹਿ।
ਦੇਵ ਅਦੇਵ ਤ੍ਰਿਯਾਨ ਕੇ ਭੇਵ ਪਛਾਨਤ ਨਾਹਿ।13।

ਕੀ ਗੁਰੂ ਸਾਹਿਬ ਇਸਤਰੀ ਪ੍ਰਤੀ ਉਪਰ ਦੱਸੇ ਵਿਚਾਰ ਪ੍ਰਗਟ ਕਰਨਗੇ, ਜਿਸ ਨੂੰ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਹਾਂ ਪੁਰਖਾਂ, ਰਿਸ਼ੀਆਂ-ਮੁਨੀਆਂ ਅਤੇ ਰਾਜਿਆਂ-ਮਹਾਰਾਜਿਆਂ, ਸੂਰਵੀਰਾਂ ਦੀ ਜਨਨੀ ਕਿਹਾ ਹੈ? ਉਨ੍ਹਾਂ ਨੇ ਤਾਂ ਇਸਤਰੀ ਦੀ ਮੰਦੀ ਹਾਲਤ ਲਈ ਵੀ ਪੁਰਸ਼-ਪ੍ਰਧਾਨ ਸਮਾਜ ਨੂੰ ਦੋਸ਼ੀ ਠਹਿਰਾਇਆ ਹੈ। 'ਦਸਮ ਗ੍ਰੰਥ' ਜਿਸ ਦਾ ਅਸਲੀ ਨਾਮ 'ਬਚਿਤ੍ਰ ਨਾਟਕ' ਰਿਹਾ ਹੈ, ਵਿਚ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਦਸਮ ਪਾਤਿਸ਼ਾਹ ਹਜ਼ੂਰ ਦੇ ਨਾਂ ਨਾਲ ਲਾਉਣ ਵਾਲੇ ਵਿਦਵਾਨ ਇਨ੍ਹਾਂ ਪ੍ਰਸ਼ਨਾਂ ਨੂੰ ਕਿਉਂ ਭੁੱਲ ਜਾਂਦੇ ਹਨ? ਜਾਂ ਫਿਰ ਇਹ ਸਾਰਾ ਕੁਝ ਜਾਣ-ਬੁੱਝ ਕੇ ਕਰਦੇ ਹਨ? ਬਹੁਤੀ ਵਾਰ 'ਚਰਿਤਰੋਪਾਖਿਆਨ' ਦੇ ਹੱਕ ਵਿਚ ਉਹ ਇਹ ਦਲੀਲ ਦਿੰਦੇ ਹਨ ਕਿ ਇਹ ਔਰਤਾਂ ਦੀ ਇੱਕ ਖ਼ਾਸ ਜਮਾਤ (ਭਾਵ 'ਵੇਸਵਾਗਿਰੀ' ਵਿਚ ਸ਼ਾਮਲ) ਬਾਰੇ ਉਚਾਰੀ ਗਈ ਰਚਨਾ ਹੈ। ਉਨ੍ਹਾਂ ਦੀ ਇਹ ਦਲੀਲ ਸਰਾਸਰ ਗਲਤ ਹੋ ਜਾਂਦੀ ਹੈ ਜੇ ਅਸੀਂ ਇਸ ਰਚਨਾ ਨੂੰ ਗੌਰ ਨਾਲ ਪੜ੍ਹੀਏ, ਕਿਉਂਕਿ ਇਸ ਵਿਚ ਵਰਣਿਤ ਬਹੁਤੀਆਂ ਕਹਾਣੀਆਂ ਪਰਿਵਾਰਕ ਜੀਵਨ ਬਸਰ ਕਰ ਰਹੀਆਂ ਔਰਤਾਂ ਨਾਲ ਸਬੰਧਤ ਹਨ ਅਤੇ ਉਨ੍ਹਾਂ ਨੂੰ ਆਪਣੇ ਪਤੀਆਂ ਨੂੰ ਧੋਖਾ ਦਿੰਦੀਆਂ ਦਿਖਾਇਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਆਪਣੇ ਮਨ ਦੀ ਵੇਦਨਾ ਦੱਸਣ ਲਈ 'ਮਾਂ' ਨੂੰ ਸੰਬੋਧਨ ਕੀਤਾ ਗਿਆ ਹੈ ਕਿਉਂਕਿ ਸਾਡੇ ਸਭਿਆਚਾਰ ਵਿਚ ਇਹ ਮੰਨਿਆ ਗਿਆ ਹੈ ਕਿ ਜਿਸ ਗਹਿਰਾਈ ਵਿਚ ਮਾਂ ਧੀ ਜਾਂ ਪੁੱਤਰ ਦੀ ਵੇਦਨਾ ਨੂੰ ਸਮਝ ਸਕਦੀ ਹੈ, ਓਨੀ ਗਹਿਰਾਈ ਵਿਚ ਪਿਤਾ ਨਹੀਂ ਸਮਝ ਸਕਦਾ:

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ॥
ਮਹਾ ਮੋਹ ਅਗਿਆਨਿ ਤਿਮਰਿ
ਮੋ ਮਨੁ ਰਹਿਓ ਉਰਝਾਈ॥1॥ਰਹਾਉ॥
(ਸੋਰਠਿ ਮਹਲਾ 9, ਪੰਨਾ 632)
ਮਾਈ ਮਨੁ ਮੇਰੋ ਬਸਿ ਨਾਹਿ॥
ਨਿਸ ਬਾਸੁਰ ਬਿਖਿਅਨ ਕਉ
ਧਾਵਤ ਕਿਹਿ ਬਿਧਿ ਰੋਕਉ ਤਾਹਿ॥1॥ਰਹਾਉ॥
(ਸੋਰਠਿ ਮਹਲਾ 9, ਪੰਨਾ 632-33)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਤਾਂ ਬੱਚੇ ਨੂੰ ਧਾਰਮਿਕ ਸੰਸਕਾਰ ਦੇਣ ਵਾਲੀ ਅਤੇ ਪਰਮਾਤਮਾ ਦਾ ਨਾਮ ਸਿਮਰਨ ਦੀ ਪ੍ਰੇਰਣਾ ਦੇਣ ਵਾਲੀ ਵੀ ਮਾਂ ਨੂੰ ਹੀ ਦਰਸਾਇਆ ਹੈ। ਮਾਂ ਹੀ ਪੁੱਤਰ ਨੂੰ ਇਹ ਅਸੀਸ ਦਿੰਦੀ ਦੱਸਦੀ ਹੈ ਕਿ ਤੈਨੂੰ ਪਰਮਾਤਮਾ ਇੱਕ ਪਲ ਲਈ ਵੀ ਨਾ ਵਿਸਰੇ। ਉਹ ਪਰਮਾਤਮਾ ਜਿਸ ਪਰਮਾਤਮਾ ਦਾ ਨਾਮ ਸਿਮਰਨ ਨਾਲ ਸਾਰੇ ਮੰਦੇ ਕਰਮ ਨਸ਼ਟ ਹੋ ਜਾਂਦੇ ਹਨ ਅਤੇ ਪਿਤਰਾਂ ਦਾ ਵੀ ਸੰਸਾਰ ਸਮੁੰਦਰ ਤੋਂ ਪਾਰ-ਉਤਾਰਾ ਹੋ ਜਾਂਦਾ ਹੈ, ਜਿਸ ਪਰਮਾਤਮਾ ਦੇ ਗੁਣਾਂ ਦੀ ਥਾਹ ਨਹੀਂ ਪਾ ਸਕੀਦੀ ਤੂੰ ਹਮੇਸ਼ਾ ਉਸਦਾ ਨਾਮ ਸਿਮਰਦਾ ਰਹੇਂ। ਸਤਿਗੁਰੂ ਤੇਰੇ ਤੇ ਸਦਾ ਕਿਰਪਾ ਕਰਦੇ ਰਹਿਣ ਅਤੇ ਗੁਰੂ ਨਾਲ ਤੇਰਾ ਪਿਆਰ ਬਣਿਆ ਰਹੇ। ਜਿਵੇਂ ਕਪੜਾ ਮਨੁੱਖ ਦੀ ਇਜ਼ਤ ਢਕਦਾ ਹੈ, ਇਸੇ ਤਰ੍ਹਾਂ ਪਰਮਾਤਮਾ ਤੇਰੀ ਇਜ਼ਤ ਰੱਖੇ ਅਤੇ ਪਰਮਾਤਮਾ ਦਾ ਗੁਣ-ਗਾਇਨ ਤੇਰੀ ਆਤਮਿਕ ਖੁਰਾਕ ਬਣਿਆ ਰਹੇ। ਪੁੱਤਰ ਤੂੰ ਆਤਮਿਕ ਅਨੰਦ ਦੇਣ ਵਾਲਾ ਨਾਮ-ਜਲ ਸਦਾ ਪੀਂਦਾ ਰਹੇਂ ਕਿਉਂਕਿ ਪਰਮਾਤਮਾ ਦੇ ਸਿਮਰਨ ਨਾਲ ਹੀ ਆਤਮਿਕ ਅਨੰਦ ਬਣਿਆ ਰਹਿੰਦਾ ਹੈ ਅਤੇ ਸਭ ਆਸਾਂ ਪੂਰੀਆਂ ਹੁੰਦੀਆਂ ਹਨ, ਕੋਈ ਚਿੰਤਾ ਨਹੀਂ ਬਿਆਪਦੀ। ਤੇਰਾ ਮਨ ਪਰਮਾਤਮਾ ਦੇ ਚਰਨਾਂ ਨਾਲ ਇਸ ਤਰ੍ਹਾਂ ਜੁੜਿਆ ਰਹੇ ਜਿਸ ਤਰ੍ਹਾਂ ਭੰਵਰਾ ਕੰਵਲ-ਫੁੱਲ ਨਾਲ ਜੁੜਿਆ ਰਹਿੰਦਾ ਹੈ ਅਤੇ ਜਿਵੇਂ ਪਪੀਹਾ ਜਲ ਦੀ ਬੂੰਦ ਪੀ ਕੇ ਖਿੜਦਾ ਹੈ:

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ
ਪਿਤਰੀ ਹੋਇ ਉਧਾਰੋ॥
ਸੋ ਹਰਿ ਹਰਿ ਤੁਮ ਸਦ ਹੀ ਜਾਪਹੁ
ਜਾ ਕਾ ਅੰਤੁ ਨ ਪਾਰੋ॥1॥
ਪੂਤਾ ਮਾਤਾ ਕੀ ਆਸੀਸ॥
ਨਿਮਖ ਨ ਬਿਸਰਉ ਤੁਮ ਕਉ
ਹਰਿ ਹਰਿ ਸਦਾ ਭਜਹੁ ਜਗਦੀਸ॥1॥ਰਹਾਉ॥
(ਗੂਜਰੀ ਮਹਲਾ 5, ਪੰਨਾ 496)

ਇਸ ਦੇ ਵਿਪਰੀਤ 'ਚਰਿਤਰੋਪਾਖਿਆਨ' ਦੀ ਇੱਕ ਕਹਾਣੀ ਵਿਚ ਦਸਿਆ ਗਿਆ ਹੈ ਕਿ ਆਪਣੀ ਐਸ਼ੋ-ਅਰਾਮ ਦੀ ਖ਼ਾਤਰ ਮਾਂ ਆਪਣੇ ਪੁੱਤਰ ਨੂੰ ਖ਼ੁਦ ਹੀ ਮਾਰ ਦਿੰਦੀ ਹੈ ਤਾਂ ਕਿ ਉਹ ਵਿਘਨ ਨਾ ਪਾਵੇ। ਇਸ ਕਥਾ ਨੂੰ ਪੜ੍ਹ ਕੇ ਪਾਠਕ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ ਕਿ ਇਹ ਕਹਾਣੀਆਂ ਖ਼ਾਲਸੇ ਦੀ ਕਿਸ ਕਿਸਮ ਦੀ ਚਰਿਤਰ ਉਸਾਰੀ ਕਰਦੀਆਂ ਹਨ:

ਜਬ ਸੁਤ ਭੂਖੋ ਹੋਇ ਪੁਕਾਰੈ।
ਤਬ ਮੁਖ ਸੌ ਯੌ ਜਾਰ ਉਚਾਰੈ।
ਤ੍ਰਿਯ ਯਾ ਕੋ ਤੁਮ ਚੁਪਨ ਕਰਾਵੋ।
ਹਮਰੇ ਚਿਤ ਸੋਕ ਮਿਟਾਵੋ।5।
ਉਠਿ ਅਸਥਨ ਤਾ ਕੋ ਤਿਨ ਦਯੋ।
ਲੈ ਅਸਥਨ ਚੁਪ ਬਾਲ ਨ ਭਯੋ।
ਨਿਜ ਸੁਤ ਕੋ ਨਿਜ ਕਰਨ ਸੰਘਾਰਿਯੋ।
ਆਨਿ ਮਿਤ੍ਰ ਕੋ ਸੋਕ ਨਿਵਾਰਿਯੋ।6।

ਇਸ ਉਪਰ ਦਿੱਤੇ 'ਪਖਿਆਨ' ਦੀ ਭਾਸ਼ਾ ਆਮ ਪੱਧਰ ਦੇ ਸਾਹਿਤ ਤੋਂ ਵੀ ਨੀਵੀਂ ਹੈ। ਅਜਿਹੀਆਂ ਰਚਨਾਵਾਂ ਦੇ ਹੱਕ ਵਿਚ ਬੋਲਣ ਵਾਲੇ ਵਿਦਵਾਨ ਖ਼ਾਲਸਾ ਪੰਥ ਨੂੰ ਕਿਹੋ ਜਿਹਾ ਨੈਤਿਕ ਸੁਨੇਹਾ ਦੇਣਾ ਚਾਹੁੰਦੇ ਹਨ? ਅਤੇ ਸਿੱਖ-ਧਰਮ ਚਿੰਤਨ ਤੋਂ ਅਣਜਾਣ ਸੰਸਾਰ ਨੂੰ ਜੇ ਇਹ ਰਚਨਾਵਾਂ ਗੁਰੂ ਸਾਹਿਬ ਦੇ ਨਾਮ ਨਾਲ ਲਾ ਕੇ ਪੜ੍ਹਨ ਲਈ ਕਿਹਾ ਜਾਵੇ ਤਾਂ ਉਨ੍ਹਾਂ 'ਤੇ ਕੀ ਪ੍ਰਭਾਵ ਜਾਵੇਗਾ? ਇਹ ਕਿਸ ਕਿਸਮ ਦੀ ਮਾਂ ਦੇ ਪੁੱਤਰ ਪ੍ਰਤੀ ਮੋਹ ਦੀ ਤਸਵੀਰ ਪੇਸ਼ ਕੀਤੀ ਗਈ ਹੈ? ਇਨ੍ਹਾਂ ਕਥਾ-ਕਹਾਣੀਆਂ ਨੂੰ ਪੜ੍ਹਨਾ ਬਹੁਤ ਹੀ ਘਿਰਣਾ-ਭਰਪੂਰ ਕੰਮ ਹੈ ਅਤੇ ਇਨ੍ਹਾਂ ਨੂੰ ਗੁਰੂ ਸਾਹਿਬ ਦੀ ਕਿਰਤ ਕਹਿਣਾ ਹੋਰ ਵੀ ਘਿਰਣਤ ਕਰਮ ਜਾਪਦਾ ਹੈ।

ਵਾਰ ਵਾਰ ਇੱਕ ਗੱਲ 'ਤੇ ਜ਼ੋਰ ਪਾਇਆ ਗਿਆ ਹੈ ਕਿ ਇਸਤਰੀ ਨੂੰ ਆਪਣੇ ਮਨ ਦਾ ਭੇਦ ਨਾ ਦਿੱਤਾ ਜਾਵੇ ਅਤੇ ਜੋ ਕੋਈ ਮਨ ਦਾ ਭੇਦ ਆਪਣੀ ਇਸਤਰੀ ਨੂੰ ਦੇਵੇਗਾ, ਉਸ ਨੂੰ ਪਛਤਾਉਣਾ ਪਵੇਗਾ। ਕਹਾਣੀ ਨੰਬਰ 12/205 ਵਿਚ ਕਵੀ ਯਮੁਨਾ ਦਰਿਆ ਵਿਚ ਕ੍ਰਿਸ਼ਨ ਅਤੇ ਰਾਧਾ ਦੀ ਪ੍ਰੇਮ-ਲੀਲ੍ਹਾ ਨੂੰ ਬਿਆਨ ਕਰਦਾ ਹੈ, ਜਿਸ ਤੋਂ ਉਹ ਰਾਧਾ-ਕ੍ਰਿਸ਼ਨ ਸੰਪਰਦਾ ਦਾ ਪੈਰੋਕਾਰ ਜਾਪਦਾ ਹੈ। ਇਸ ਪ੍ਰਸੰਗ ਦੇ ਅੰਤ ਵਿਚ ਵੀ ਉਹ ਆਪਣਾ ਖ਼ਾਸ ਉਦੇਸ਼ ਦੁਹਰਾਉਂਦਾ ਹੈ:

ਜੋ ਨਿਜੁ ਤ੍ਰਿਯ ਕੋ ਦੇਤ
ਪੁਰਖ ਭੇਦ ਕਛੁ ਆਪਨੋ।
ਤਾ ਕੋ ਬਿਧਨਾ ਲੇਤ ਪ੍ਰਾਨ
ਹਰਨ ਕਰਿ ਪਲਕ ਮੈ।30।1।

ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਦੇਸ਼, ਜਿਸ ਦਾ ਸੰਧਰਵ ਭਾਵੇਂ ਅਧਿਆਤਮਿਕ ਹੈ, ਕਿ ਇਕੱਠੇ ਬੈਠਣ ਨਾਲ ਮਹਿਜ ਦੰਪਤੀ ਨਹੀਂ ਬਣ ਜਾਂਦੀ ਬਲਕਿ ਦੋਹਾਂ ਪਤਨੀ ਅਤੇ ਪਤੀ ਦੇ ਇੱਕ-ਸੁਰ ਹੋਣ ਨਾਲ ਦੰਪਤੀ ਬਣਦੀ ਹੈ, ਅਸਲੀ ਮਿਲਾਪ ਹੁੰਦਾ ਹੈ:

ਧਨ ਪਿਰੁ ਏਹਿ ਨ ਆਖੀਅਨਿ
ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ
ਧਨ ਪਿਰੁ ਕਹੀਐ ਸੋਇ॥
(ਮਹਲਾ 3, ਪੰਨਾ 788)

ਇਹ ਗੁਰੂ ਗੋਬਿੰਦ ਸਿੰਘ ਜੀ ਦੀ ਅੰਤਰ-ਪ੍ਰੇਰਨਾ ਸਦਕਾ ਹੀ ਸੀ ਕਿ ਮਾਤਾ ਜੀ ਨੇ ਖ਼ਾਲਸੇ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਇਆ ਜਦੋਂ ਉਨ੍ਹਾਂ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਲੋਹੇ ਦੇ ਬਾਟੇ ਵਿਚ ਲਿਆ ਕੇ ਪਤਾਸੇ ਪਾਏ ਅਤੇ ਗੁਰੂ ਸਾਹਿਬ ਨੇ ਮਾਤਾ ਸਾਹਿਬ ਕੌਰ ਨੂੰ ਖ਼ਾਲਸੇ ਦੀ ਮਾਤਾ ਹੋਣ ਦਾ ਖ਼ਿਤਾਬ ਦਿੱਤਾ। ਇਨ੍ਹਾਂ ਚਰਿਤਰਾਂ ਵਿਚ ਪਾਤਰ ਬਹੁਤੀਆਂ ਇਸਤਰੀਆਂ ਸ਼ਾਦੀ-ਸ਼ੁਦਾ ਜਾਂ ਧੀਆਂ ਹਨ। ਜੇ ਵਿਆਹੁਤਾ ਇਸਤਰੀ ਦਾ ਚਰਿਤਰ ਅਜਿਹਾ ਚਿਤਵਿਆ ਗਿਆ ਹੈ ਤਾਂ ਫਿਰ ਗੁਰੂ ਸਾਹਿਬ ਰੂਹਾਨੀ ਪ੍ਰਾਪਤੀ ਲਈ ਗ੍ਰਿਹਸਥ ਜੀਵਨ ਨੂੰ ਲਾਜ਼ਮ ਕਿਉਂ ਕਰਦੇ? ਉਨ੍ਹਾਂ ਨੇ ਪਰਿਵਾਰਕ ਜੀਵਨ ਦੇ ਤਿਆਗ ਦਾ ਰਾਹ ਕਿਉਂ ਨਹੀਂ ਦੱਸਿਆ?

ਇਹ ਕਹਾਣੀਆਂ ਸਿਰਫ ਸਿੱਖ ਧਰਮ ਦੇ ਸਿਧਾਂਤਾਂ ਦੇ ਖ਼ਿਲਾਫ ਹੀ ਨਹੀਂ ਹਨ ਸਗੋਂ ਇਨ੍ਹਾਂ ਵਿਚ ਵਰਤੀ ਗਈ ਭਾਸ਼ਾ ਬਹੁਤ ਹੀ ਨੀਵੇਂ ਪੱਧਰ ਦੀ ਗੈਰ-ਸਾਹਿਤਕ ਹੈ, ਜਿਸ ਵਿਚ ਸਾਰੇ ਸਮਾਜਿਕ, ਧਾਰਮਿਕ ਅਤੇ ਨੈਤਿਕ ਨਿਯਮਾਂ ਅਤੇ ਰਿਸ਼ਤਿਆਂ ਨੂੰ ਛਿੱਕੇ ਟੰਗਿਆ ਗਿਆ ਹੈ। ਇਨ੍ਹਾਂ ਵਿਚ ਅਫ਼ੀਮ, ਤੰਬਾਕੂ, ਭੰਗ ਅਤੇ ਸ਼ਰਾਬ ਦੀ ਵਰਤੋਂ ਦਾ ਵਾਰ ਵਾਰ ਜ਼ਿਕਰ ਆਇਆ ਹੈ ਜਿਸ ਤੋਂ ਕਵੀ ਦੇ ਮਨ ਦਾ ਝੁਕਾ ਪ੍ਰਗਟ ਹੁੰਦਾ ਹੈ। ਕਵੀ ਵੱਲੋਂ ਕਈ ਥਾਂਵਾਂ 'ਤੇ ਆਪਣਾ ਨਾਂ ਰਾਮ ਲਿਖਿਆ ਮਿਲਦਾ ਹੈ:

ਕਥਾ ਸਤਵੀ ਰਾਮ ਕਬਿ ਉਚਰੀ ਹਿਤ ਚਿਤ ਲਾਇ। ਬਹੁਰਿ ਕਥਾ ਬੰਧਨ ਨਿਮਿਤ ਮੈ ਕਹਿਯੋ ਉਪਾਇ।18/352।

ਦੂਸਰੀ ਗੱਲ, ਕਵੀ ਨੇ ਇਹ ਚਰਿਤਰ ਕਿਸੇ ਨੈਤਿਕ ਉਦੇਸ਼ ਨੂੰ ਸਾਹਮਣੇ ਰੱਖ ਕੇ ਖ਼ਾਲਸੇ ਨੂੰ ਆਗਾਹ ਕਰਨ ਲਈ ਨਹੀਂ ਲਿਖੇ, ਜਿਵੇਂ ਕਈ ਵਿਦਵਾਨਾਂ ਵੱਲੋਂ ਦਾਅਵਾ ਕੀਤਾ ਜਾਂਦਾ ਹੈ। ਉਹ ਸਿਰਫ ਦੂਸਰੇ ਕਵੀਆਂ ਦੇ ਮਨ ਪ੍ਰਚਾਵੇ ਲਈ ਇਹ ਲਿਖ ਰਿਹਾ ਹੈ ਜਿਵੇਂ ਉਸ ਨੇ ਆਪ ਹੀ ਇਸ ਦਾ ਕਈ ਥਾਂਵਾਂ 'ਤੇ ਦਾਅਵਾ ਕੀਤਾ ਹੈ:

ਤਿਨ ਜੁ ਕਿਆ ਸੁ ਚਰਿਤ੍ਰ ਸੁਨਾਊ।
ਤਾ ਤੇ ਤੁਮਰੋ ਹ੍ਰਿਦੈ ਰਿਝਾਊ।3। (18/352)

ਇਹ ਚਰਿਤਰ ਚਿਤ੍ਰਣ ਇਸਤਰੀ ਜ਼ਾਤ ਅਤੇ ਸ਼ਾਦੀ ਦੀ ਸੰਸਥਾ ਦੇ ਖ਼ਿਲਾਫ ਹਨ। ਹਰ ਤਰ੍ਹਾਂ ਦੇ ਨਸ਼ਿਆਂ ਦੀ ਵਕਾਲਤ ਕਰਦੇ ਹਨ। ਇਸ ਲਈ ਇਹ ਸਿੱਖ ਸਿਧਾਂਤਾਂ ਦੀ ਮੁਖ਼ਾਲਫਤ ਕਰਦੇ ਹਨ। ਭਾਈ ਗੁਰਦਾਸ ਨੇ ਇੱਕ ਗੁਰਸਿੱਖ ਦੀ ਰਹਿਣੀ ਨੂੰ 'ਸੁਹਾਗਣ' ਦੇ ਰੂਪ ਵਿਚ ਦੱਸਣ ਲਈ ਇਸਤਰੀ ਦਾ ਜੋ ਬਿੰਬ ਲਿਆ ਹੈ ਉਸ ਵਿਚ ਉਸ ਨੂੰ 'ਮੋਖ ਦੁਆਰੀ' ਕਿਹਾ ਹੈ:

ਲੋਕ ਵੇਦ ਗੁਣੁ ਗਿਆਨ ਵਿਚਿ
ਅਰਧ ਸਰੀਰੀ ਮੋਖ ਦੁਆਰੀ।
ਗੁਰਮੁਖਿ ਸੁਖ ਫਲ ਨਿਹਚਉ ਨਾਰੀ। (16/5)

'ਦਸਮ ਗ੍ਰੰਥ' ਵਿਚ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਗੁਰੂ ਸਾਹਿਬ ਦੀਆਂ ਮੰਨਣ ਵਾਲੇ ਵਿਦਵਾਨ ਆਮ ਤੌਰ 'ਤੇ ਇਹ ਇਲਜ਼ਾਮ ਲਾਉਂਦੇ ਹਨ ਕਿ ਇਸ ਦਾ ਵਿਰੋਧ ਕਰਨ ਵਾਲਿਆਂ ਨੇ ਇਨ੍ਹਾਂ ਨੂੰ ਪੂਰਾ ਪੜ੍ਹਿਆ ਨਹੀਂ ਹੈ। ਪਰ ਮੇਰੀ ਬੇਨਤੀ ਹੈ ਕਿ ਜਿਹੜੇ ਇਨ੍ਹਾਂ ਸਾਰੀਆਂ ਰਚਨਾਵਾਂ ਦੀ ਹਮਾਇਤ ਕਰਦੇ ਹਨ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਅਤੇ ਸਿੱਖ ਸਿਧਾਂਤਾਂ ਨੂੰ ਸਮਝਿਆ ਹੀ ਨਹੀਂ ਹੈ। ਕਈਆਂ ਦਾ ਕਹਿਣਾ ਹੈ ਕਿ ਦਸਮ ਗੁਰੂ ਨੇ ਪਰਮਾਤਮਾ ਦੀ ਕਾਲ-ਅਕਾਲ ਜਾਂ ਮਹਾਂ ਕਾਲ ਦੇ ਰੂਪ ਵਿਚ ਅਰਾਧਨਾ ਕੀਤੀ। ਮੈਂ ਸਮਝਦੀ ਹਾਂ ਕਿ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਪਰਮਾਤਮਾ ਦੇ ਸੰਕਲਪ 'ਅਕਾਲ ਮੂਰਤਿ' ਨੂੰ ਹੀ ਧਿਆਇਆ, ਕਾਲ ਜਾਂ ਮਹਾਂ ਕਾਲ ਨੂੰ ਨਹੀਂ। ਚਰਿਤਰੋਪਾਖਿਆਨ ਵਿਚ ਕਈ ਹਵਾਲੇ ਮਿਲਦੇ ਹਨ ਜਿਥੇ ਮਹਾ ਕਾਲ ਦੀ ਪੂਜਾ ਕਰਨ ਵਾਲੇ ਨੂੰ ਸ਼ਰਾਬ, ਭੰਗ ਅਤੇ ਅਫ਼ੀਮ ਵਰਗੇ ਨਸ਼ਿਆਂ ਦਾ ਸੇਵਨ ਕਰਦੇ ਦੱਸਿਆ ਹੈ ਜੋ ਕਿ ਸਿੱਖ ਸਿਧਾਂਤਾਂ ਦੇ ਖ਼ਿਲਾਫ ਹੈ। ਇਸ ਲਈ ਇੱਕ ਉਦਾਹਰਣ ਕਾਫੀ ਹੈ:

ਇਹ ਛਲ ਸੋ ਸਿਮਰਿਹ ਛਲਾ
ਪਾਹਨੇ ਦਏ ਬਹਾਏ।
ਮਹਾ ਕਾਲ ਕੋ ਸਿਖ੍ਯ ਕਰਿ
ਮਦਰਾ ਭਾਂਗ ਪਿਵਾਇ।125।

## ਸਿਆਣਿਆਂ ਦਾ ਕਿਹਾ

(1) ਸਿਆਸਤ ਇੱਕ ਜੰਗਲ ਹੈ ਜਿਥੇ ਕਿਸਮਤ ਹਰ ਸ਼ਾਮ ਬਦਲ ਜਾਂਦੀ ਹੈ।

(2) ਬੰਦਾ ਉਦੋਂ ਮਰ ਜਾਂਦਾ ਹੈ ਜਦੋਂ ਨਬਜ਼ ਬੰਦ ਹੋ ਜਾਵੇ ਪਰ ਜਨਾਨੀ ਉਦੋਂ ਮਰ ਜਾਂਦੀ ਹੈ ਜਦੋਂ ਉਸ ਦੀ ਜ਼ੁਬਾਨ ਬੰਦ ਹੋਵੇ।

(3) ਵਿਆਹੁਤਾ ਹੋ ਤਾਂ ਦੋ ਗੱਲਾਂ ਯਾਦ ਰੱਖੋ- ਪਹਿਲੀ, ਜੇ ਬੀਵੀ ਨਾਲ ਕੋਈ ਵਾਅਦਾ ਕੀਤਾ ਹੈ ਤਾਂ ਜਰੂਰ ਪੂਰਾ ਕਰੋ। ਦੂਜੀ, ਬੀਵੀ ਨਾਲ ਕੋਈ ਵਾਅਦਾ ਨਾ ਕਰੋ।

(4) ਘਰ ਪੱਥਰਾਂ ਦੀਆਂ ਕੰਧਾਂ ਨਾਲ ਨਹੀਂ, ਪਰਿਵਾਰਕ ਮੈਂਬਰਾਂ ਨਾਲ ਬਣਦੇ ਹਨ।

(5) ਸਿੱਖ ਕੌਮ ਦਾ ਸਾਰੇ ਦਾ ਸਾਰਾ ਸਭਿਆਚਾਰ ਕ੍ਰਾਂਤੀਕਾਰੀ ਹੈ।

(6) ਸੰਸਥਾ ਦੇ ਬਿਨਾ ਕ੍ਰਾਂਤੀ ਨਹੀਂ ਹੁੰਦੀ, ਪਰ ਬਿਨਾ ਹਵਾ ਦੇ ਸੰਸਥਾ ਨਹੀਂ ਹੁੰਦੀ।

(7) ਰਿਵੋਲਿਊਸ਼ਨ ਅਤੇ ਰਿਐਕਸ਼ਨ ਵਿਚ ਬੜਾ ਫਰਕ ਹੈ।

(8) ਅੰਨਾ ਕ੍ਰੋਧ ਖਤਰਨਾਕ ਹੋ ਸਕਦਾ ਹੈ।

(9) ਪ੍ਰੇਸ਼ਾਨ ਹੋ ਜਾਣਾ ਇਕ ਗੱਲ ਹੈ, ਗਲਤ ਹੋ ਜਾਣਾ ਬਿਲਕੁਲ ਦੂਜੀ ਗੱਲ ਹੈ।

(10) ਪੁਰਾਣੇ ਨੂੰ ਤੋੜ ਦੇਣਾ ਬਹੁਤਾ ਔਖਾ ਨਹੀਂ ਹੈ, ਕ੍ਰੋਧ ਵਿਚ ਤੋੜਿਆ ਜਾ ਸਕਦਾ ਹੈ। ਪਰ ਪੁਰਾਣਾ ਫਿਰ ਬਣ ਜਾਏਗਾ, ਕਿਉਂਕਿ ਕ੍ਰੋਧ ਸਥਾਈ ਨਹੀਂ ਹੁੰਦਾ।

(11) ਮੰਦੇ ਬੋਲਾਂ ਦਾ ਦੂਜਾ ਹਿੱਸਾ ਪਛਤਾਵਾ ਹੈ।

(12) ਗਾਂਧੀਵਾਦੀ ਵੀ ਕ੍ਰਾਂਤੀਕਾਰੀ ਨਹੀਂ, ਕਿਉਂਕਿ ਉਹ ਧਮਕੀਆਂ ਦਿੰਦੇ ਹਨ ਸਤਿਆਗ੍ਰਹਿ ਦੇ ਨਾਂ 'ਤੇ।

(13) ਕਾਹਲੀ ਦੀ ਆਦਤ ਵੀ ਗੈਰ ਕ੍ਰਾਂਤੀਕਾਰੀ ਹੈ।

(14) ਪੰਜਾਬੀਓ! ਪੰਜਾਬ ਨੂੰ ਬਚਾਓ, ਵਰਨਾ ਤੁਸੀਂ ਵੀ ਪੰਜਾਬ ਦੇ ਵੈਰੀ ਗਰਦਾਨੇ ਜਾਵੋਗੇ।

(15) ਅਹਿਸਾਸ ਰੂਹ ਦੀ ਰੋਸ਼ਨੀ ਅਤੇ ਪ੍ਰਛਾਵਾਂ ਹੈ।

(16) ਜਿਥੇ ਲੋਕ ਕੰਮ ਛੱਡ ਕੇ ਹਾਰੂ ਹੋ ਬੈਠਣ ਉਥੇ ਗਿਆਨ ਵੀ ਸਿੱਥਲ ਬੀਮਾਰ ਬਣ ਜਾਂਦਾ ਹੈ।

(17) ਪਿਆਰ ਵਿਚ ਕੰਜੂਸੀ ਨਹੀਂ। ਚਾਹੇ ਉਹ ਧਰਮ ਨਾਲ ਹੋਵੇ, ਪਰਿਵਾਰ ਨਾਲ ਜਾਂ ਸਮਾਜ ਨਾਲ।

(18) ਪੰਜਾਬ, ਪੰਜਾਬੀ, ਪੰਜਾਬੀਅਤ ਮੇਰੀ ਮਾਂ ਹੈ ਅਤੇ ਉਹ ਨਿਰਦੋਸ਼ ਆ ਗਈ, ਦੁਸ਼ਮਣਾਂ, ਗੱਦਾਰਾਂ ਤੇ ਵਕਾਰਾਂ ਦੇ ਅੜਿੱਕੇ।

(19) ਜੇ ਸਰੀਰ ਵਿਚੋਂ ਲਹੂ ਖਿੱਚ ਲਿਆ ਜਾਵੇ, ਢਾਂਚਾ ਕਿੰਨਾ ਕੁ ਚਿਰ ਖਲੋਤਾ ਰਹਿ ਸਕਦਾ ਹੈ? ਇਹ ਹੀ ਹਾਲ ਅੱਜ ਪੰਜਾਬ ਦਾ ਹੈ।

(20) ਬਾਪੂ ਦੇ ਮਰਨੇ 'ਤੇ ਆਪਣਾ ਨਾਂ ਬਣਾਉਣ ਲਈ ਲੱਖਾਂ ਖਰਚ ਕਰ ਦਿੰਦੇ ਹਨ ਪਰ ਮੰਜੇ ਮਰਨ ਪਏ ਨੂੰ 100 ਰੁਪਏ ਦੀ ਦੁਆਈ ਨਹੀਂ ਦੁਆ ਸਕਦੇ।

(21) ਜਿਹੜੇ ਤੀਰ ਮਾਰਿਆਂ ਪੀੜ ਦੀ ਚੀਸ ਨਹੀਂ ਵਟਦੇ, ਉਨ੍ਹਾਂ ਪੱਥਰਾਂ ਨਾਲ ਸਿਰ ਮਾਰ ਕੇ ਕੀ ਹਮਦਰਦੀ ਜਿੱਤ ਲਵਾਂਗੇ।

(22) ਬਣਿਆ ਬਣਾਇਆ ਕੌਮੀ ਘਰ ਗਵਾ ਦੇਣ ਵਾਲਿਆਂ ਦਾ ਕੋਈ ਯਾਰ ਵੀ ਨਹੀਂ ਬਣਦਾ।

(23) ਪਾਣੀ ਖੋਹਿਆ, ਪਾਣੀ ਵਾਲੀ ਸਸਤੀ ਬਿਜਲੀ ਲੁੱਟੀ, ਮਰਜ਼ੀ ਦੇ ਭਾਅ ਫਸਲ ਚੁੱਕੀ, ਇੱਕ ਨੰਬਰ ਦਾ ਪੰਜਾਬੀ ਸੂਬਾ ਲੁੱਟ ਕੇ ਦਸ ਨੰਬਰ 'ਤੇ ਲੈ ਆਂਦਾ, ਹੁਣ ਲੁੱਟ ਪੁੱਟ ਕੇ ਅੱਧਾ ਪੰਜਾਬ ਬਾਹਰਲੇ ਦੇਸ਼ਾਂ ਵਿਚ ਵਾੜ ਦਿੱਤਾ। ਬਾਕੀ ਦੇ ਕਾਂਗਰਸ ਤੇ ਭਾਜਪਾ ਦੇ ਗੁਲਾਮ ਹੋ ਗਏ।

(24) ਪੰਜਾਬ ਦੀ ਧਰਤੀ ਕਦੇ ਸੂਰਮਿਆਂ ਤੋਂ ਵਾਂਝੀ ਨਹੀਂ ਰਹੀ ਪਰ ਅੱਜ ਗੱਦਾਰਾਂ ਅਤੇ ਅਖੌਤੀਆਂ ਦੇ ਘੇਰੇ ਵਿਚ ਹੈ।

(25) ਸਿੱਖ ਕੌਮ ਦਾ ਅਜੇ ਅਹਿਸਾਸ ਜਿਉਂਦਾ ਹੈ ਇਸ ਨੂੰ ਕੋਈ ਨਹੀਂ ਮਾਰ ਸਕਦਾ।

(26) ਚੱਲਣ ਦਾ ਦ੍ਰਿੜ ਇਰਾਦਾ ਸੌ ਤੁਫਾਨ ਚੀਰ ਸਕਦਾ ਹੈ।

(27) ਗੁਰੂ ਅਤੇ ਸੰਗਤ ਨੂੰ ਪ੍ਰਣ ਦੇ ਕੇ ਬੇੜਾ ਠੇਲ੍ਹ ਦਿਓ। ਜਿਹੜੇ ਠਿੱਲਣਗੇ, ਕਿਨਾਰਾ ਪਾਉਣਗੇ। ਜਿਹੜੇ ਤੁਰਨਗੇ, ਮੰਜ਼ਿਲ ਪਾਉਣਗੇ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

ISBN # 978-0-9781624-9-8

**To Advertise with Punjab Times Call: 847-359-0746**

## ਪ੍ਰਤੀਕਰਮ

# ਦਸਮ ਗ੍ਰੰਥ ਬਾਰੇ ਇਕ ਪਾਸੜ ਸੋਚ ਕਿੰਨੀ ਕੁ ਸਹੀ?

ਪੰਜਾਬ ਟਾਈਮਜ਼ ਦੇ 4 ਜੂਨ ਦੇ ਅੰਕ ਵਿਚ ਡਾ. ਗੁਰਨਾਮ ਕੌਰ ਦਾ ਲੇਖ "ਦਸਮ ਗ੍ਰੰਥ ਤੇ ਗੁਰਮਤਿ ਸਿਧਾਂਤਕ ਪ੍ਰਤੀਕੂਲਤਾ" ਪੜ੍ਹਿਆ। ਜਾਪਦਾ ਹੈ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਮੁਖਾਲਫਤ ਕਰਨ ਵਾਲਿਆਂ ਨੂੰ ਗੁਰਬਾਣੀ ਦੇ ਅਰਥਾਂ, ਸੁਭਾਅ ਅਤੇ ਪ੍ਰਕਰਣ ਦਾ ਗਿਆਨ ਨਹੀਂ। ਦੂਸਰਾ ਜਾਂ ਤਾਂ ਉਨ੍ਹਾਂ ਦਸਮ ਗ੍ਰੰਥ ਪੜ੍ਹਿਆ ਹੀ ਨਹੀਂ, ਜੇ ਪੜਿਆ ਤਾਂ ਸਮਝਿਆ ਨਹੀਂ।

ਸਭ ਤੋਂ ਪਹਿਲਾਂ ਸਮਝਣ ਵਾਲੀ ਗੱਲ ਹੈ ਕਿ ਦੋਨਾਂ ਗ੍ਰੰਥਾਂ ਵਿਚ ਨਿਰਾਕਾਰ ਦੀ ਗੱਲ ਕਿਥੇ ਹੈ? ਪੌਰਾਣਿਕ ਕਥਾਵਾਂ ਦਾ ਵਰਣਨ ਕਿਥੇ ਹੈ? ਕਿਹੜਾ ਸ਼ਬਦ ਕਿਸ ਭਾਵ ਵਿਚ ਹੈ ਅਤੇ ਕੀ ਸਾਰੇ ਸ਼ਬਦ ਸਿਰਫ ਸਿੱਖਾਂ ਵਾਸਤੇ ਹੀ ਹਨ? ਜਿਵੇਂ ਕਿ ਡਾ. ਗੁਰਨਾਮ ਕੌਰ ਨੇ ਲਿਖਿਆ ਹੈ ਕਿ ਦਸਮ ਗ੍ਰੰਥ ਵਿਚ ਕੇਸ ਕਤਲ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਜਿਸ ਨੂੰ ਸਿਧ ਕਰਨ ਵਾਸਤੇ ਉਨ੍ਹਾਂ ਨੇ ਜੋ ਪ੍ਰਮਾਣਿਕ ਸ਼ਬਦ ਦਸਮ ਗ੍ਰੰਥ ਵਿਚੋਂ ਲਿਆ ਹੈ, "ਅਰਿਹੰਤ ਦੇਵ ਅਵਤਾਰ ਕਥਨੰ", ਉਸ ਨੂੰ ਜੇ ਧਿਆਨ ਨਾਲ ਸਮਝਿਆ ਜਾਵੇ ਤਾਂ ਦੋ ਗੱਲਾਂ ਸਾਹਮਣੇ ਆਉਂਦਿਆਂ ਹਨ। ਪਹਿਲੀ, ਇਹ ਸ਼ਬਦ ਪੌਰਾਣਿਕ ਕਥਾ ਨਾਲ ਸਬੰਧਤ ਹੈ ਜਿਸ ਵਿਚ ਹਿੰਦੂ ਸ਼ਾਸਤਰਾਂ ਵਿਚ ਮੰਨੇ ਗਏ ਅਵਤਾਰ ਦਾ ਫਰੇਬ ਜ਼ਾਹਿਰ ਕੀਤਾ ਹੈ। ਦੂਸਰਾ, ਹਿੰਦੂ ਪੌਰਾਣਿਕ ਗ੍ਰੰਥਾਂ ਵਿਚ ਵੀ ਕੇਸਾਂ ਨੂੰ ਕਿੰਨੀ ਮਹਤਤਾ ਦਿੱਤੀ ਗਈ ਹੈ ਕਿ ਰਾਖਸ਼ਾਂ ਦੀ ਸ਼ਕਤੀ ਨੂੰ ਹੀਨ ਕਰਨ ਵਾਸਤੇ ਉਨ੍ਹਾਂ ਨੂੰ ਧੋਖੇ ਨਾਲ ਕੇਸਾਂ ਤੋਂ ਹੀਨ ਕਰ ਦਿੱਤਾ ਗਿਆ। ਜੇ ਇਸੇ ਹੀ ਅਗਿਆਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ ਜਾਵੇ ਤਾਂ ਬਹੁਤ ਭੁਲੇਖੇ ਪੈ ਸਕਦੇ ਹਨ। ਇੱਕ ਸ਼ਬਦ ਸੰਤ ਕਬੀਰ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ,

ਹਾਡ ਜਲੇ ਜੈਸੇ ਲਕਰੀ ਕਾ ਤੂਲਾ॥
ਕੇਸ ਜਲੇ ਜੈਸੇ ਘਾਸ ਕਾ ਪੂਲਾ॥

ਹੁਣ ਇਸ ਮੁਤਾਬਿਕ ਤਾਂ ਕੇਸ (ਗੁਰੂ ਕੀ ਮੋਹਰ) ਤਾਂ ਅੱਗ ਵਿਚ ਸੜ ਕੇ ਇਸ ਸੰਸਾਰ ਵਿਚ ਹੀ ਸਾਥ ਛਡ ਜਾਂਦੇ ਹਨ, ਉਸ ਲੋਕ ਵਿਚ ਗੁਰੂ ਦੀ ਕਿਹੜੀ ਮੋਹਰ ਸਹਾਈ ਹੋਵੇਗੀ? ਸੰਤ ਕਬੀਰ ਦਾ ਇੱਕ ਹੋਰ ਸ਼ਬਦ ਹੈ,

ਕਬੀਰ ਮਨੁ ਮੂੰਡਿਆ ਨਹੀਂ
ਕੇਸ ਮੁੰਡਾਏ ਕਾਇ॥
ਜੋ ਕਿਛੁ ਕੀਆ ਸੋ ਮਨ ਕੀਆ
ਮੂੰਡਾ ਮੂੰਡੁ ਅਜਾਇ॥

ਇਸ ਸ਼ਬਦ ਵਿਚ ਕਬੀਰ ਸਾਹਿਬ ਫਰਮਾਉਂਦੇ ਹਨ, ਮੁੰਨਣਾ ਤਾਂ ਮਨ ਸੀ (ਹੰਕਾਰ ਨੂੰ), ਕੇਸ ਕਿਸ ਵਾਸਤੇ ਮੁੰਡਾਏ। ਕੀ ਇਹ ਸ਼ਬਦ ਸਿੱਖਾਂ ਨੂੰ ਸੰਬੋਧਿਤ ਹੈ? ਨਹੀਂ, ਇਥੇ ਉਪਦੇਸ਼ ਸਰੇਵੜਿਆਂ ਨੂੰ ਹੈ। ਇਸੇ ਹੀ ਪ੍ਰਕਾਰ ਇੱਕ ਹੋਰ ਬਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ, ਜਿਸ ਨੂੰ ਗਲਤ ਸਮਝਿਆ ਜਾਵੇ ਤਾਂ ਅਨਰਥ ਹੋ ਜਾਵੇਗਾ। ਬਚਨ ਹੈ,

ਕਬੀਰ ਪ੍ਰੀਤਿ ਇਕ ਸਿਉ ਕੀਏ
ਤਾ ਦੁਬਿਧਾ ਜਾਇ॥
ਭਾਵੈ ਲਾਬੇ ਕੇਸ ਕਰੁ
ਭਾਵੈ ਘਰਰਿ ਮੁਡਾਇ॥25॥

ਕਬੀਰ ਸਾਹਿਬ ਕਹਿੰਦੇ ਹਨ, ਜਦ ਉਸ ਪਰਮੇਸ਼ਰ ਪ੍ਰਤੀ ਪ੍ਰੇਮਾ ਭਗਤੀ ਪੈਦਾ ਹੋ ਜਾਂਦੀ ਹੈ ਤਾਂ ਬਾਕੀ ਸਾਰੀ ਦੁਬਿਧਾ ਖਤਮ ਹੋ ਜਾਂਦੀ ਹੈ ਪਰ ਕੀ ਅਗਲੀ ਪੰਗਤੀ ਸਿੱਖਾਂ ਨੂੰ ਪ੍ਰੇਰਦੀ ਹੈ? ਨਹੀਂ, ਇਥੇ ਸਵਾਹ ਮਲਣ ਵਾਲੇ ਸਿੱਧਾਂ ਜਾਂ ਸਰੇਵੜਿਆਂ ਦੀ ਗੱਲ ਹੈ। ਜੇ ਕਿਸੇ ਨੇ ਭੁਲੇਖਾ ਪਾਉਣਾ ਹੋਵੇ ਤਾਂ ਇਨ੍ਹਾਂ ਸ਼ਬਦਾਂ ਨੂੰ ਗਲਤ ਅਰਥ ਦੇ ਸਕਦਾ ਹੈ। ਦਸਮ ਗ੍ਰੰਥ ਵਿਚ ਸਾਹਿਬ ਕਲਗੀਧਰ ਕਿਰਪਾ ਕਰਦੇ ਹਨ,

ਕਾਲ ਪੁਰਖ ਕੀ ਆਗਿਆ ਪਾਇ
ਪ੍ਰਗਟ ਭਯੋ ਰੂਪ ਮੁਨਿਵਰ ਕੋ॥
ਜਟਾ ਜੂਟ ਨਖ ਸਿਖ ਪਾਵਨ
ਭਗਤ ਸੂਰ ਦ੍ਵੈ ਰੂਪ ਨਰਵਰ ਕੋ॥...
ਪੰਥ ਖਾਲਸਾ ਭਯੋ ਪੁਨੀਤਾ
ਪ੍ਰਭ ਆਗਿਆ ਕਰ ਉਦਤ ਭਏ॥
ਮਿਟੀ ਦ੍ਵੈਤ ਸੁ ਜਗਤ ਉਪਾਧਿਨ
ਅਸੁਰ ਮਲੇਛਨ ਮੂਲ ਗਏ॥
ਧਰਮ ਪੰਥ ਖਾਲਸ ਪ੍ਰਚੁਰ ਭਯੋ
ਸਤ ਸ੍ਰੂਰੂਪ ਮੂਨ ਰੂਪ ਜਏ॥
ਕਛ ਕੇਸ ਕ੍ਰਿਪਾਨ ਤ੍ਰੈ ਮੁਦਰਾ
ਗੁਰ ਭਗਤਾਂ ਰਾਮਦਾਸ ਭਏ॥

ਇਹ ਸ਼ਬਦ ਖਾਲਸੇ ਦੇ ਸੰਤ ਸਿਪਾਹੀ ਸਰੂਪ ਦਾ ਵਰਣਨ ਕਰਦਾ ਹੈ। ਕੀ ਸਿੱਖ ਜਟਾ ਜੂਟ ਭਗਤ ਰੂਪ ਅਤੇ ਗੁਰੂ ਸਾਹਿਬ ਵਲੋਂ ਬਖਸ਼ੀ ਤ੍ਰੈ ਮੁਦਰਾ-ਕਛ, ਕੇਸ, ਕ੍ਰਿਪਾਨ ਦੇ ਧਾਰਨੀ ਖਾਲਸਾ ਪਰਮੇਸ਼ਰ ਦਾ ਹੀ ਰੂਪ ਹੋ ਜਾਂਦਾ ਹੈ। ਖਾਲਸੇ ਨੂੰ ਕੇਸਾਂ ਸਮੇਤ ਕਛਹਿਰਾ ਅਤੇ ਕ੍ਰਿਪਾਨ ਦਾ ਧਾਰਨੀ ਹੋਣ ਦਾ ਸਪਸ਼ਟ ਹੁਕਮ ਹੈ ਇਸ ਤਰ੍ਹਾਂ ਦਾ ਬਚਨ ਹੋਰ ਕਿਤੇ ਵੀ ਨਹੀਂ ਮਿਲਦਾ।

ਡਾ. ਗੁਰਨਾਮ ਕੌਰ ਨੇ ਦੂਸਰਾ ਪ੍ਰਸ਼ਨ ਉਠਾਇਆ ਹੈ ਕਿ ਕੇਸ ਤਾਂ ਗੁਰੂ ਦੀ ਬਖਸ਼ਿਸ਼ ਹਨ ਪਰ ਮਿਰਜ਼ਾ ਬੇਗ (ਔਰੰਗਜ਼ੇਬ ਦਾ ਪੁੱਤਰ) ਦੇ ਹੁਕਮ 'ਤੇ ਗੁਰੂ ਤੋਂ ਬੇਮੁਖ ਹੋਏ ਸਿੱਖਾਂ ਦਾ ਸਿਰ ਮੂਤਰ ਪਾ ਕੇ ਮੁੰਨਿਆ, ਸ਼ਹਿਰ ਵਿਚ ਫੇਰਿਆ ਅਤੇ ਉਨ੍ਹਾਂ ਦੇ ਘਰ ਵੀ ਗਿਰਾ ਦਿੱਤੇ ਗਏ। ਉਨ੍ਹਾਂ ਨੇ ਕਿਹਾ ਹੈ ਕਿ ਪੰਚਮ ਪਾਤਸ਼ਾਹ ਦੇ ਸਮੇਂ ਤੋਂ ਹੀ ਗੁਰੂ ਘਰ ਦਾ ਮੁਗਲ ਸਰਕਾਰ ਨਾਲ ਟਕਰਾ ਹੀ ਰਿਹਾ ਹੈ। ਫਿਰ ਮਿਰਜ਼ਾ ਬੇਗ ਨੇ ਗੁਰੂ ਤੋਂ ਬੇਮੁਖ ਹੋਏ ਸਿੱਖਾਂ ਦੇ ਸਿਰ ਵਿਚ ਮੂਤਰ ਪਾ ਕੇ ਉਨ੍ਹਾਂ ਨੂੰ ਕਿਉਂ ਮੁੰਨਿਆ?

ਡਾ. ਗੁਰਨਾਮ ਕੌਰ ਨੇ ਸ਼ਾਇਦ ਦਸਮ ਗ੍ਰੰਥ ਦੇ ਦਰਸ਼ਨ ਤੱਕ ਨਹੀਂ ਕੀਤੇ। ਸਿਰਫ ਸੁਣੇ ਸੁਣਾਏ ਸਵਾਲ ਹੀ ਉਠਾ ਦਿਤੇ ਹਨ। ਪਹਿਲੀ ਗੱਲ, ਮਿਰਜ਼ਾ ਬੇਗ ਔਰੰਗਜ਼ੇਬ ਦਾ ਪੁੱਤਰ ਨਹੀਂ ਸੀ। ਔਰੰਗਜ਼ੇਬ ਨੇ ਬਹਾਦੁਰ ਸ਼ਾਹ ਜ਼ਫਰ ਨੂੰ ਪੰਜਾਬ ਤੋਰਿਆ ਸੀ। ਮਿਰਜ਼ਾ ਬੇਗ ਨੂੰ ਬਹਾਦੁਰ ਸ਼ਾਹ ਜਫਰ ਨੇ ਆਪਣਾ ਅਹਿਲਕਾਰ ਥਾਪ ਕੇ ਭੇਜਿਆ ਸੀ। ਔਰੰਗਜ਼ੇਬ ਨੂੰ ਆਪਣੇ ਪੁੱਤਰ ਨੂੰ ਪੰਜਾਬ ਕਿਉਂ ਭੇਜਣਾ ਪਿਆ? ਕਿਨ੍ਹਾਂ ਦੇ ਸਿਰ ਮੂਤਰ ਪਾ ਕੇ ਮਿਰਜ਼ਾ ਬੇਗ ਨੇ ਮੁੰਨੇ? ਦਰਅਸਲ ਬਚਿਤਰ ਨਾਟਕ ਨੂੰ ਧਿਆਨ ਨਾਲ ਸਮਝਿਆ ਜਾਵੇ ਤਾਂ ਸਮਝ ਆਵੇਗਾ ਕਿ ਭੰਗਾਣੀ ਦੀ ਜੰਗ ਤੋਂ ਬਾਅਦ ਪਹਾੜੀ ਰਾਜਿਆਂ ਨੇ ਦਸਮ ਪਿਤਾ ਨਾਲ ਸੰਧੀ ਕਰ ਲਈ ਸੀ। ਔਰੰਗਜ਼ੇਬ ਦਖਣ ਵਿਚ ਜੰਗ ਵਿਚ ਰੁਝਿਆ ਹੋਇਆ ਸੀ, ਇਧਰ ਪਹਾੜੀ ਰਾਜਿਆਂ ਨੇ ਤਿੰਨ ਸਾਲ ਤੋਂ ਮਾਮਲਾ ਨਹੀਂ ਸੀ ਭਰਿਆ। ਸੋ ਲਾਹੌਰ ਦੇ ਸੂਬੇ ਦਿਲਾਵਰ ਖਾਂ ਨੇ ਅਲਫ ਖਾਂ ਨੂੰ ਪਹਾੜੀਆਂ ਕੋਲੋਂ ਮਾਮਲਾ ਵਸੂਲਣ ਲਈ ਭੇਜਿਆ ਪਰ ਪਹਾੜੀਆਂ ਨੇ ਗੁਰੂ ਸਾਹਿਬ ਦੀ ਮਦਦ ਨਾਲ ਉਸ ਨੂੰ ਹਰਾ ਕੇ ਭਜਾ ਦਿਤਾ। ਫਿਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਰੁਸਤਮ ਖਾਂ ਨੂੰ ਭੇਜਿਆ ਉਹ ਵੀ ਹਾਰ ਗਿਆ। ਫਿਰ ਇੱਕ ਯੋਧਾ ਹੁਸੈਨ ਨੇ ਬੀੜਾ ਚੁਕਿਆ। ਗੁਰੂ ਸਾਹਿਬ ਦੇ ਕਥਨ ਅਨੁਸਾਰ ਹੁਸੈਨ ਗੁਰੂ ਸਾਹਿਬ ਤੱਕ ਪਹੁੰਚਣ ਤੋਂ ਪਹਿਲਾਂ ਹੀ ਪਹਾੜੀਆਂ ਦੀ ਆਪਸੀ ਫੁੱਟ ਕਾਰਨ ਹੋਈ ਜੰਗ ਵਿਚ ਸ਼ਹੀਦ ਹੋ ਗਿਆ। ਵਾਰ ਵਾਰ ਦੀ ਹਾਰ ਤੋਂ ਤੰਗ ਆ ਕੇ ਔਰੰਗਜ਼ੇਬ ਨੇ ਆਪਣੇ ਪੁੱਤਰ ਮੁਅਜ਼ਾਮ ਖਾਂ (ਬਹਾਦੁਰ ਸ਼ਾਹ) ਨੂੰ ਪੰਜਾਬ ਤੋਰਿਆ,

ਇਹ ਬਿਧਿ ਸੋ ਬਧ ਭਯੋ ਜੁਝਾਰਾ॥
ਆ ਬਸੇ ਤਬ ਧਾਮ ਲੁਝਾਰਾ॥
ਤਬ ਅਉਰੰਗ ਮਨ ਮਾਹਿ ਰਿਸਾਵਾ॥
ਮਦ੍ਰ ਦੇਸ਼ ਕੋ ਪੂਤ ਪਠਾਵਾ॥

ਬਹਾਦੁਰ ਸ਼ਾਹ ਦੇ ਆਉਣ ਦਾ ਸੁਣ ਕੇ ਸਾਰੇ ਪਹਾੜੀ ਰਾਜੇ ਅਤੇ ਉਨ੍ਹਾਂ ਦੇ ਅਹਿਲਕਾਰ ਗੁਰੂ ਸਾਹਿਬ ਦਾ ਸਾਥ ਛਡ ਕੇ ਉਚੇ ਪਹਾੜਾਂ ਵਿਚ ਜਾ ਲੁਕੇ। ਜਦੋਂ ਮਿਰਜ਼ਾ ਬੇਗ (ਬਹਾਦੁਰ ਸ਼ਾਹ ਦਾ ਅਹਿਲਕਾਰ) ਪਹੁੰਚਾ ਤਾਂ ਕਿਸੇ ਨੂੰ ਵੀ ਨਾ ਪਾ ਕੇ ਗੁੱਸੇ ਵਿਚ ਆ ਗਿਆ। ਪੁੱਛਗਿੱਛ 'ਤੇ ਪਹਾੜੀਆਂ ਦੀ ਸਾਰੀ ਸ਼ਰਾਰਤ ਸਾਹਮਣੇ ਆ ਗਈ। ਬਹਾਦੁਰ ਸ਼ਾਹ ਦੇ ਮਨ ਵਿਚ ਦਸਮ ਪਿਤਾ ਦਾ ਸਤਿਕਾਰ ਸੀ ਅਤੇ ਉਨ੍ਹਾਂ ਦਾ ਰਿਸ਼ਤਾ ਵੀ ਕਿਸੇ ਤੋਂ ਲੁਕਿਆ ਨਹੀਂ ਹੈ। ਫਿਰ ਮਿਰਜ਼ਾ ਬੇਗ ਨੇ ਬਹਾਦੁਰ ਸ਼ਾਹ ਦੇ ਹੁਕਮ 'ਤੇ ਸਾਰੇ ਪਹਾੜੀ ਰਾਜਿਆਂ ਦੇ ਘਰ ਢਾਹ ਦਿੱਤੇ। ਉਨ੍ਹਾਂ ਨੂੰ ਸਬਕ ਸਿਖਾਉਣ ਲਈ ਗ੍ਰਿਫਤਾਰ ਕਰਕੇ ਸਿਰਾਂ ਵਿਚ ਪਿਸ਼ਾਬ ਪਾ ਕੇ ਸਿਰ ਮੁੰਨ ਕੇ ਪੂਰੇ ਸ਼ਹਿਰ ਵਿਚ ਫੇਰਿਆ। ਪਰ ਜੋ ਲੋਕ ਗੁਰੂ ਸਾਹਿਬ ਦਾ ਸਾਥ ਛਡ ਕੇ ਨਹੀਂ ਗਏ ਸਨ ਉਨ੍ਹਾਂ ਨੂੰ ਕੁਝ ਨਹੀਂ ਕਿਹਾ। ਪਹਾੜੀ ਰਾਜਿਆਂ ਤੋਂ ਤੰਗ ਆਏ ਹੋਏ ਲੋਕਾਂ ਨੇ ਵੀ ਰਾਜਿਆਂ ਨੂੰ ਜੁੱਤੀਆਂ ਮਾਰੀਆਂ। ਔਰੰਗਜ਼ੇਬ ਅਤੇ ਪਹਾੜੀਆਂ ਵਿਚਲੀ ਜੰਗ ਅਤੇ ਮੁਗਲ ਸਰਕਾਰ ਨੇ ਜਿਸ ਤਰ੍ਹਾਂ ਪਹਾੜੀਆਂ ਨੂੰ ਸਜ਼ਾਵਾਂ ਦਿਤੀਆਂ ਸਿਰਫ ਉਸ ਦਾ ਵਰਣਨ ਹੈ। ਇਸ ਨੂੰ ਸਿੱਖਾਂ ਨਾਲ ਜੋੜਨਾ ਅਗਿਆਨ ਹੈ। ਅਧੂਰੀ ਖੋਜ 'ਤੇ ਆਧਾਰਤ ਲੇਖ ਲਿਖ ਕੇ ਡਾ. ਗੁਰਨਾਮ ਕੌਰ ਨੇ ਸਿੱਖਾਂ ਵਿਚ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਹੈ।

ਡਾ. ਗੁਰਨਾਮ ਕੌਰ ਨੇ ਕ੍ਰਿਸ਼ਨਾ ਅਵਤਾਰ ਬਾਰੇ ਸਵਾਲ ਕੀਤਾ ਹੈ ਕਿ ਦਵਾਪਰ ਯੁਗ ਵਿਚ ਕੋਈ ਸਿੰਘ ਨਹੀਂ ਸੀ। ਜੋ ਕ੍ਰਿਸ਼ਨ ਨੇ ਰੁਕਮੀ, ਸੁੰਦਰ ਸਿੰਘ, ਸਾਹਿਬ ਸਿੰਘ ਆਦਿ ਨਾਲ ਕੀਤਾ ਓਹ ਵਾਜਿਬ ਨਹੀਂ ਸੀ। ਖੈਰ, ਇਥੇ ਵੀ ਗੱਲ ਉਹੀ ਹੈ, ਧਿਆਨ ਨਾਲ ਪੜ੍ਹਿਆ ਨਹੀਂ। ਹਿੰਦੂ ਸ਼ਾਸਤਰਾਂ ਵਿਚ ਅਵਤਾਰੀ ਪੁਰਸ਼ ਮੰਨੇ ਹੋਏ ਕ੍ਰਿਸ਼ਨ ਦੀ ਨੀਚਤਾ ਅਤੇ ਫਰੇਬ ਦਾ ਦਸਮ ਪਾਤਸ਼ਾਹ ਨੇ ਜ਼ਿਕਰ ਕੀਤਾ ਹੈ ਅਤੇ ਨਾਲ ਹੀ ਖਾਲਸੇ ਵਿਚ ਧਰਮ ਯੁਧ ਦਾ ਭਾਵ ਭਰਨ ਲਈ ਜੋ ਚਰਿਤਰ ਸਿੰਘਾਂ ਦਾ ਖਿਚਿਆ ਗਿਆ ਹੈ, ਬਾਕਮਾਲ ਹੈ। ਖੜਗ ਸਿੰਘ ਜਿਵੇਂ ਪੂਰੀ ਪਾਂਡਵ, ਕੌਰਵ ਸੈਨਾ ਨੂੰ ਜੰਗ ਵਿਚੋਂ ਭਜਣ 'ਤੇ ਮਜਬੂਰ ਕਰਦਾ ਹੈ, ਸਾਬਿਤ ਕਰਦਾ ਹੈ ਕਿ "ਕ੍ਰਿਸ਼ਨ ਅਵਤਾਰ" ਗੁਰੂ ਸਾਹਿਬ ਦੀ ਕਾਲਪਨਿਕ ਰਚਨਾ ਹੈ। ਭੀਸ਼ਮ ਪਿਤਾਮਾ, ਦਰੋਣਾਚਾਰੀਆ, ਜਰਾਸੰਧ, ਅਰਜੁਨ, ਭੀਮ, ਦੁਰਯੋਧਨ ਵਗੈਰਾ ਨੂੰ ਜਿਸ ਪ੍ਰਕਾਰ ਖੜਗ ਸਿੰਘ ਕੁੱਟਦਾ ਹੈ ਉਸ ਨੂੰ ਪੜ੍ਹ ਕੇ ਖਾਲਸੇ ਦਾ ਮਨੋਬਲ ਕਿਸ ਪ੍ਰਕਾਰ ਵਧਦਾ ਹੈ, ਸਿਰਫ ਖਾਲਸਾ ਹੀ ਜਾਣਦਾ ਹੈ। ਖਾਲਸੇ ਦੀ ਜੰਗ ਹਿੰਦੂ ਪਹਾੜੀ ਰਾਜਿਆਂ ਨਾਲ ਸੀ ਇਸ ਕਰਕੇ ਵੀ ਇਸ ਰਚਨਾ ਦਾ ਖਾਲਸਾ ਪੰਥ ਵਿਚ ਬਹੁਤ ਮਹੱਤਵ ਹੈ।

ਜਿਥੋਂ ਤੱਕ ਸਵਾਲ ਚਰਿਤ੍ਰੋਪਖਿਆਨ ਦੀ ਭਾਸ਼ਾ ਦਾ ਹੈ, ਜੇ ਉਹ ਇੰਨਾ ਸਾਫ਼ ਸਾਫ਼ ਲਿਖਿਆ ਪੜ੍ਹ ਕੇ ਵੀ ਇੰਨੇ ਵਡੇ ਭੁਲੇਖੇ ਦਾ ਸ਼ਿਕਾਰ ਹੋ ਸਕਦੇ ਹਨ ਤਾਂ ਚਰਿਤ੍ਰੋਪਖਿਆਨ ਬਾਰੇ ਤਾਂ ਕੀ ਕਹਿਣਾ? ਚਰਿਤ੍ਰੋਪਖਿਆਨ ਦੀਆਂ ਕਹਾਣੀਆਂ ਰਾਹੀਂ ਦੱਸਿਆ ਹੈ ਕਿ ਮੰਤਰੀ, ਕਾਮ ਵਿਚ ਗ੍ਰਸੇ ਹੋਏ ਰਾਜੇ ਨੂੰ ਉਸ ਦੇ ਗਲਤ ਫੈਸਲੇ ਤੋਂ ਕਿਸ ਪ੍ਰਕਾਰ ਰੋਕਦਾ ਹੈ? ਦੂਸਰਾ ਇਸ ਵਿਚ ਪੈਸੇ, ਤਾਕਤ ਵਿਚ ਲੁਪਤ ਵਿਭਚਾਰੀ ਵਿਅਕਤੀਆਂ ਅਤੇ ਉਨ੍ਹਾਂ ਦੇ ਪ੍ਰਭਾਵ ਵਿਚ ਉਨ੍ਹਾਂ ਦੇ ਪਰਿਵਾਰ ਦਾ ਜ਼ਿਕਰ ਹੈ। ਇਸਤਰੀ ਦੇ ਵੱਖ ਵੱਖ ਚਰਿੱਤਰਾਂ ਦਾ ਜ਼ਿਕਰ ਹੈ। ਅਗਰ ਇਸਤਰੀ ਦੀ ਉਚਤਾ ਦਿਖਾਈ ਗਈ ਹੈ ਤਾਂ ਉਸ ਦੀ ਗਿਰਾਵਟ ਵੀ ਦਿਖਾਈ ਗਈ ਹੈ। ਸਵਾਲ ਹੈ ਕਿ ਅਗਰ ਕਿਸੇ ਔਰਤ ਬਾਰੇ ਮਾੜੀਆਂ ਖਬਰਾਂ ਸੁਣੀਆਂ ਹੋਣ ਤਾਂ ਕੀ ਸਾਡੀ ਭੈਣ, ਮਾਂ, ਜਾਂ ਪਤਨੀ ਉਸ ਔਰਤ ਨਾਲ ਸਾਡੀ ਥੋੜੀ ਜਿੰਨੀ ਵੀ ਨੇੜਤਾ ਬਰਦਾਸ਼ਤ ਕਰੇਗੀ? ਸੋ ਖਾਲਸੇ ਨੂੰ ਦੋਹਾਂ ਹੀ ਪੱਖਾਂ ਤੋਂ ਸਾਹਿਬ ਨੇ ਜਾਣੂ ਕਰਵਇਆ ਹੈ ਤਾਂ ਕਿ ਰਾਜ ਮਿਲਣ 'ਤੇ ਖਾਲਸਾ ਇਨ੍ਹਾਂ ਵਿਭਚਾਰਾਂ ਦਾ ਸ਼ਿਕਾਰ ਨਾ ਹੋਵੇ। ਚਰਿਤ੍ਰੋਪਖਿਆਨ ਦਾ ਪਹਿਲਾ ਚਰਿਤਰ ਚੰਡੀ ਦਾ ਹੈ ਅਤੇ ਇਸ ਚਰਿਤਰ ਨੂੰ ਸਮਝਣ ਤੋਂ ਬਾਅਦ ਗਿਆਨ ਹੁੰਦਾ ਹੈ ਕਿ ਚੰਡੀ ਕੌਣ ਹੈ? ਇਸ ਚਰਿਤਰ ਵਿਚ ਚੰਡੀ ਕੋਈ ਔਰਤ ਜਾਂ ਮੂਰਤ ਨਹੀਂ, ਚੰਡੀ ਨੂੰ ਗੁਰਮਤਿ ਦਰਸਾਇਆ ਹੈ ਸਾਹਿਬ ਨੇ (ਪ੍ਰਚੰਡ ਗਿਆਨ ਦੇਣ ਵਾਲੀ)।

ਡਾ. ਗੁਰਨਾਮ ਕੌਰ ਨੇ "ਭਗੌਤੀ" ਨੂੰ ਵੀ ਦੇਵੀ ਹੀ ਮੰਨਿਆ ਹੈ। ਸਵਾਲ ਹੈ ਕਿ ਅਸੀਂ ਸਿੱਖ ਕਿਸ ਦੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਦੇ ਜਾਂ ਦਇਆ ਨੰਦ ਸਰਸ੍ਵਤੀ ਦੀ ਕਿਤਾਬ ਦੇ? ਕਿਓਂਕਿ ਭਗੌਤੀ ਨੂੰ ਦੇਵੀ ਸਿਰਫ ਦਇਆ ਨੰਦ ਸਰਸ੍ਵਤੀ ਮੰਨਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫੈਸਲਾ ਹੈ:

ਸੋ ਭਗਉਤੀ ਜੋ ਭਗਵੰਤੈ ਜਾਣੈ॥
ਗੁਰ ਪਰਸਾਦੀ ਆਪੁ ਪਛਾਣੈ॥
ਧਾਵਤੁ ਰਾਖੈ ਇਕਤੁ ਘਰਿ ਆਣੈ॥
ਜੀਵਤ ਮਰੈ ਹਰਿ ਨਾਮ ਵਖਾਣੈ॥
ਐਸਾ ਭਗਉਤੀ ਉਤਮੁ ਹੋਇ॥
ਨਾਨਕ ਸਾਚਿ ਸਮਾਵੈ ਸੋਇ॥
-ਸ੍ਰੀ ਗੁਰੂ ਅਮਰਦਾਸ

ਅਰਥਾਤ, ਭਗੌਤੀ ਉਹ ਹੈ ਜੋ ਭਗਵੰਤ ਨੂੰ ਜਾਣਦਾ ਹੈ ਭਾਵ ਆਪਣੇ ਮੂਲ ਦਾ ਗਿਆਨ ਹਾਸਿਲ ਕਰ ਲੈਂਦਾ ਹੈ। ਦੋਨਾਂ ਗ੍ਰੰਥਾਂ ਵਿਚ ਭਗੌਤੀ ਗੁਰਮੁਖਿ ਅਤੇ ਗੁਰਮਤਿ ਵਾਸਤੇ ਵਰਤਿਆ ਗਿਆ ਹੈ। ਡਾ. ਗੁਰਨਾਮ ਕੌਰ ਨੇ ਉਸ ਭਗੌਤੀ ਨੂੰ ਕਿਉਂ ਨਹੀਂ ਮੰਨਿਆ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਉਸ ਨੂੰ ਕਿਉਂ ਮੰਨਿਆ ਜੋ ਦਇਆ ਨੰਦ ਆਖਦਾ ਹੈ?

ਜਿਵੇਂ ਰਾਮ, ਸਿਆਮ, ਸ਼ਿਵ, ਬਿਸ਼ਨ, ਬ੍ਰਹਮ ਆਦਿ ਹਿੰਦੂ ਦੇਵਤਿਆਂ ਨੂੰ ਨਕਾਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਨਾਂਵਾਂ ਨੂੰ ਪਰਮੇਸ਼ਰ ਨਾਲ ਜੋੜਿਆ ਇਸੇ ਹੀ ਤਰ੍ਹਾਂ ਅਸੀਂ ਬਾਕੀ ਨਾਂਵਾਂ ਨੂੰ ਵੀ ਉਨ੍ਹਾਂ ਦੇ ਗੁਣਾਂ ਦੇ ਆਧਾਰ 'ਤੇ ਦੇਖਣਾ ਹੈ ਕਿ ਉਹ ਕਿਸ ਵੱਲ ਇਸ਼ਾਰਾ ਕਰਦੇ ਹਨ। ਬੇਨਤੀ ਹੈ ਕਿ ਸਿਰਫ ਇੱਕ ਤਰਫਾ ਫੈਸਲਾ ਕਰਨ ਦੀ ਥਾਂ ਸੁਹਿਰਦ ਭਾਵਨਾ ਨਾਲ ਖੁਦ ਖੋਜ ਕੀਤੀ ਜਾਵੇ। ਦਸਮ ਗ੍ਰੰਥ ਬਾਰੇ ਪ੍ਰਚਾਰੇ ਹੋਏ ਝੂਠ ਨੂੰ ਸੋਚ ਬੰਦ ਕਰਕੇ ਹੀ ਨਾ ਮੰਨ ਲਿਆ ਜਾਵੇ।

***-ਗੁਰਪ੍ਰੀਤ ਸਿੰਘ ਕੈਲੀਫੋਰਨੀਆ***
***ਫੋਨ:510-589-2124***

## ਦਸਮ ਗ੍ਰੰਥ ਬਾਰੇ ਸੱਚੋ-ਸੱਚ

'ਪੰਜਾਬ ਟਾਈਮਜ਼' ਦੇ ਚਾਰ ਜੂਨ ਵਾਲੇ ਅੰਕ ਵਿਚ ਡਾ. ਗੁਰਨਾਮ ਕੌਰ ਦਾ ਲੇਖ 'ਦਸਮ ਗ੍ਰੰਥ ਤੇ ਗੁਰਮਤਿ ਸਿਧਾਂਤਕ ਪ੍ਰਤੀਕੂਲਤਾ' ਪੜ੍ਹਿਆ। ਮਨ ਵਿਚ ਕਾਫ਼ੀ ਜਾਗ੍ਰਿਤੀ ਆਈ। ਉਨ੍ਹਾਂ ਨੇ ਅਖੌਤੀ ਦਸਮ ਗ੍ਰੰਥ ਵਿਚ ਦਰਜ ਅਸ਼ਲੀਲਤਾ, ਨਸ਼ਿਆਂ ਦੀ ਖੁਲ੍ਹੀ ਵਰਤੋਂ, ਕੇਸਾਂ ਦੀ ਬੇ-ਅਦਬੀ ਅਤੇ ਔਰਤ ਦੀ ਬੇਪਤੀ ਬਾਰੇ ਸਿੱਖ ਕੌਮ ਅਤੇ ਮੁਨੱਖਤਾ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਮੈਂ ਡਾ. ਗੁਰਨਾਮ ਕੌਰ ਦੀ ਹਰ ਗੱਲ ਨਾਲ ਸਹਿਮਤ ਹਾਂ। ਉਨ੍ਹਾਂ ਲਿਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਹਰ ਇਨਸਾਨ ਵਿਚ ਚੰਗੇ ਗੁਣ ਪੈਦਾ ਕਰਨ ਅਤੇ ਅਕਾਲ ਪੁਰਖ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਸ਼ਲੀਲਤਾ ਲਈ ਕੋਈ ਜਗ੍ਹਾ ਨਹੀਂ ਹੈ, ਨਸ਼ਿਆਂ ਅਤੇ ਕੇਸਾਂ ਦੀ ਬੇਅਦਬੀ ਦਾ ਸਖ਼ਤ ਵਿਰੋਧ ਹੈ। ਔਰਤ ਦਾ ਬਹੁਤ ਸਤਿਕਾਰ ਕੀਤਾ ਗਿਆ ਹੈ।

ਪਰ ਅਖੌਤੀ ਦਸਮ ਗ੍ਰੰਥ ਵਿਚ ਅਸ਼ਲੀਲਤਾ, ਨਸ਼ਿਆਂ ਦੇ ਸੇਵਨ ਦੀ ਵਕਾਲਤ ਔਰ ਇਸਤਰੀ ਦੀ ਮੁਖ਼ਾਲਫ਼ਤ ਕੀਤੀ ਗਈ ਹੈ; ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਦੁਰਗਾ ਦੇਵੀ ਦਾ ਭਗਤ ਦੱਸਿਆ ਗਿਆ ਹੈ। ਉਨ੍ਹਾਂ ਸਵਾਲ ਉਠਾਇਆ ਹੈ ਕਿ ਕੀ ਇਸ ਤਰ੍ਹਾਂ ਦੀਆਂ ਘਟੀਆ ਗੱਲਾਂ ਗੁਰੂ ਗੋਬਿੰਦ ਸਿੰਘ ਲਿਖ ਸਕਦੇ ਹਨ? ਇਹ ਕਦੇ ਵੀ ਨਹੀਂ ਹੋ ਸਕਦਾ। ਉਨ੍ਹਾਂ ਨੇ ਕੌਮ ਅਤੇ ਮਨੁੱਖਤਾ ਨੂੰ ਸੋਝੀ ਦੇਣ ਵਾਲੀਆਂ ਵਿਚਾਰਾਂ ਦਾ ਜ਼ਿਕਰ ਕੀਤਾ ਹੈ ਅਤੇ ਦੱਸਿਆ ਹੈ ਕਿ ਕੌਮ ਅਤੇ ਮਨੁੱਖਤਾ ਨੂੰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੱਸੇ ਹੋਏ ਮਾਰਗ 'ਤੇ ਚੱਲਣਾ ਚਾਹੀਦਾ ਹੈ।

ਸੱਚੇ ਪਾਤਸ਼ਾਹ ਡਾ. ਗੁਰਨਾਮ ਕੌਰ ਦੀ ਕਲਮ ਨੂੰ ਸਦਾ ਚੜ੍ਹਦੀ ਕਲਾ ਬਖ਼ਸ਼ੇ। ਉਹ ਕਲਮ ਰਾਹੀਂ ਕੌਮ ਨੂੰ ਅਖੌਤੀ ਗ੍ਰੰਥਾਂ ਤੋਂ ਜਾਗ੍ਰਿਤ ਕਰਦੇ ਰਹਿਣ। ਪੰਜਾਬ ਟਾਈਮਜ਼ ਵੀ ਪ੍ਰਸ਼ੰਸਾ ਦਾ ਹੱਕਦਾਰ ਹੈ ਜੋ ਚੰਗੇ ਲਿਖਾਰੀਆਂ ਦੇ ਲੇਖ ਆਪਣੇ ਛਾਪ ਕੇ ਕੌਮ ਅਤੇ ਮਨੁੱਖਤਾ ਨੂੰ ਜਾਗ੍ਰਿਤ ਕਰ ਰਿਹਾ ਹੈ।

***-ਭਾਈ ਜਸਮਿਤਰ ਸਿੰਘ ਮੁਜ਼ੱਫ਼ਰਪੁਰ***
***ਕਾਰਟਰੇਟ, ਨਿਊ ਜਰਸੀ, ਫੋਨ: 908-472-5367***

# ਰੂਹਾਨੀ ਤਸੱਲੀ ਤੋਂ ਸੱਖਣੇ ਹਨ ਸਟੀਫਨ ਹਾਅਕਿੰਗ

ਸਟੀਫਨ ਹਾਅਕਿੰਗ ਦੀ ਗਾਰਡੀਅਨ ਅਖਬਾਰ ਵਿਚ ਛਪੀ ਇੰਟਰਵਿਊ ਬਾਰੇ ਸ. ਕਰਮਜੀਤ ਸਿੰਘ ਦਾ ਲੇਖ ਪੜ੍ਹਿਆ। ਸ. ਕਰਮਜੀਤ ਸਿੰਘ ਨੇ ਹਾਅਕਿੰਗ ਦੇ ਬ੍ਰਹਿਮੰਡ ਦੇ ਕਿਸੇ ਰਚਨਹਾਰ ਅਤੇ ਮੌਤ ਤੋਂ ਬਾਅਦ ਜੀਵਨ ਤੋਂ ਇਨਕਾਰੀ ਹੋਣ 'ਤੇ ਕਿੰਤੂ ਕੀਤਾ ਹੈ ਅਤੇ ਕਿਹਾ ਹੈ ਕਿ ਹਾਅਕਿੰਗ ਦੇ ਵਿਚਾਰ ਕੱਚੇ-ਪਿਲੇ, ਅਧੂਰੇ ਅਤੇ ਰੂਹਾਨੀ ਤਸੱਲੀ ਤੋਂ ਮਹਿਰੂਮ ਹਨ। ਵਰਣਨਯੋਗ ਹੈ ਕਿ ਕਾਰਲ ਮਾਰਕਸ ਦੇ ਚਿੰਤਨ ਦੌਰਾਨ ਫਰਾਂਸੀਸੀ ਚਿੰਤਕ ਅਲਥਿਊਜ਼ਰ ਨੇ ਪ੍ਰਾਬਲਮੈਟਿਕ ਦਾ ਇਕ ਸੰਕਲਪ ਦਿੱਤਾ ਹੈ। ਅਲਥਿਊਜ਼ਰ ਮੁਤਾਬਕ ਹਰ ਵਿਚਾਰ ਤੰਤਰ ਦੀ ਆਪਣੀ ਇਕ ਅੰਦਰੂਨੀ ਇਕਾਈ ਹੁੰਦੀ ਹੈ ਜਿਸ ਨੂੰ ਉਹ ਪ੍ਰਾਬਲਮੈਟਿਕ ਦੀ ਸੰਗਿਆ ਦਿੰਦਾ ਹੈ। ਪ੍ਰਾਬਲਮੈਟਿਕ ਹੀ ਇਹ ਨਿਰਧਾਰਿਤ ਕਰਦਾ ਹੈ ਕਿ ਕਿਸ ਤਰ੍ਹਾਂ ਦੇ ਸਵਾਲ ਪੁੱਛੇ ਜਾ ਸਕਦੇ ਹਨ ਅਤੇ ਕਿਸ ਤਰ੍ਹਾਂ ਦੇ ਉਪਾਅ ਸੋਚੇ ਜਾ ਸਕਦੇ ਹਨ। ਹਾਅਕਿੰਗ ਅਤੇ ਕਰਮਜੀਤ ਦੋਵੇਂ ਆਪਣੇ ਵੱਖਰੇ-ਵੱਖਰੇ ਪ੍ਰਾਬਲਮੈਟਿਕ ਵਿਚੋਂ ਆਪਣੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਨ ਦਾ ਜਤਨ ਕਰ ਰਹੇ ਹਨ। ਹਾਅਕਿੰਗ ਦੇ ਵਿਗਿਆਨਕ ਪ੍ਰਾਬਮੈਟਿਕ ਵਿਚ ਜਿਸ ਤਰ੍ਹਾਂ ਦੀ ਰੂਹਾਨੀਅਤ ਅਤੇ ਇਲਾਹੀ ਸਿਰਜਣਹਾਰ ਦੀ ਗੱਲ ਕਰਮਜੀਤ ਹੁਰਾਂ ਨੇ ਕੀਤੀ ਹੈ, ਉਸ ਲਈ ਕੋਈ ਸਥਾਨ ਨਹੀਂ ਹੈ ਅਤੇ ਇਸੇ ਤਰ੍ਹਾਂ ਇਉਂ ਜਾਪਦਾ ਹੈ ਕਿ ਕਰਮਜੀਤ ਹੁਰਾਂ ਦੇ ਰੂਹਾਨੀਅਤ ਅਤੇ ਰਹੱਸਵਾਦੀ ਪ੍ਰਾਬਲਮੈਟਿਕ ਵਿਚ ਹਾਅਕਿੰਗ ਵਾਲੀ ਤਾਰਕਿਕ ਨਾਸਤਿਕਤਾ ਲਈ ਕੋਈ ਜਗ੍ਹਾ ਨਹੀਂ ਹੈ ਪਰ ਹਾਅਕਿੰਗ ਅਤੇ ਨਿਤਸ਼ੇ ਦੀ ਨਾਸਤਿਕਤਾ ਨੂੰ ਇਕ ਵਲ੍ਹੇਟੇ ਵਿਚ ਲੈਣਾ ਕੁੱਝ ਤਰਕਸੰਗਤ ਨਹੀਂ ਜਾਪਦਾ ਕਿਉਂਕਿ ਇਨ੍ਹਾਂ ਦੋਹਾਂ ਦੀ ਨਾਸਤਿਕਤਾ ਦੇ ਸੋਮੇ ਵੱਖਰੇ-ਵੱਖਰੇ ਹਨ।

ਹਾਅਕਿੰਗ ਦੀ ਨਾਸਤਿਕਤਾ ਦਾ ਆਧਾਰ ਵਿਗਿਆਨਕ ਤਰਕ ਹੈ ਜਦੋਂ ਕਿ ਨਿਤਸ਼ੇ ਦੀ ਨਾਸਤਿਕਤਾ ਉਸ ਵਲੋਂ ਇਸਾਈ ਨੈਤਿਕਤਾ ਤੋਂ ਇਨਕਾਰੀ ਹੋਣ ਵਿਚੋਂ ਜਨਮੀ ਹੈ ਕਿਉਂਕਿ ਨਿਤਸ਼ੇ ਮੁਤਾਬਕ ਇਸਾਈ ਨੈਤਿਕਤਾ ਮਹਿਜ਼ ਕਠੋਰ ਸੱਚਾਈ 'ਤੇ ਆਧਾਰਤ ਹੈ ਅਤੇ ਸੱਚ ਦਾ ਸੰਕਲਪ ਆਪਣੇ ਆਪ ਵਿਚ ਇਕ ਅਲੰਕਾਰ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ ਹੈ। ਰੱਬ ਦੀ ਮੌਤ ਦੇ ਐਲਾਨ ਤੋਂ ਬਾਅਦ ਵੀ ਨਿਤਸ਼ੇ ਦਾ ਸਾਰਾ ਗੁੱਸਾ ਵਿਗਿਆਨਕ ਅਤੇ ਵਸੀਲਾਤਮਕ ਤਰਕ ਦੇ ਸਿਰ 'ਤੇ ਹੀ ਫੁੱਟਦਾ ਹੈ। ਨਿਤਸ਼ੇ ਅਰਾਜਕ ਅਤਾਰਕਿਕਤਾ ਦਾ ਸ਼ਾਇਰ ਹੈ ਅਤੇ ਸਟੀਫਨ ਹਾਅਕਿੰਗ ਕਠੋਰ ਅਨੁਸ਼ਾਸਨ ਵਿਚ ਬੱਝਿਆ ਇਕ ਵਿਗਿਆਨੀ ਜਿਸ ਨੇ ਬ੍ਰਹਮੰਡ ਦੇ ਰਹੱਸ ਨੂੰ ਜਾਨਣ ਲਈ ਸਿਰਫ ਤਰਕ ਦਾ ਸਹਾਰਾ ਹੀ ਲਿਆ ਹੈ।

ਜਿੱਥੋਂ ਤੱਕ ਅੰਤਮ ਸੱਚ ਦਾ ਸਵਾਲ ਹੈ, ਅੰਤਮ ਸੱਚ ਜੀਵਨ ਦੇ ਨਿਰੰਤਰ ਵਗ ਰਹੇ ਪ੍ਰਵਾਹ ਨੂੰ ਸੰਕਲਪਾਂ ਵਿਚ ਕੈਦ ਕਰਕੇ ਬਿਰਤਾਂਤਕ ਸੰਯੋਗ ਦੇ ਘੇਰੇ ਵਿਚ ਬੰਨ੍ਹਣ ਦੇ ਜਤਨ ਵਧੇਰੇ ਜਾਪਦੇ ਹਨ।

***-ਡਾ. ਸਵਰਾਜ ਰਾਜ***
***ਅੰਗਰੇਜ਼ੀ ਵਿਭਾਗ,***
***ਸਰਕਾਰੀ ਮਹਿੰਦਰਾ ਕਾਲਜ,***
***ਪਟਿਆਲਾ।***

## ਕਾਵਿ-ਕਿਆਰੀ

### ਇਨਕਲਾਬ ਜ਼ਿੰਦਾਬਾਦ

ਭਗਤ ਸਿੰਘ ਦਾ ਨਾਅਰਾ ਹੈ
'ਇਨਕਲਾਬ ਜ਼ਿੰਦਾਬਾਦ'
ਮਿਸਰ ਨੂੰ ਪਿਆਰਾ ਹੈ
'ਇਨਕਲਾਬ ਜ਼ਿੰਦਾਬਾਦ'
ਅਰਬਾਂ ਵਿਚ ਛਾਇਆ ਹੈ
'ਇਨਕਲਾਬ ਜ਼ਿੰਦਾਬਾਦ'
ਅਜੇ ਭਾਰਤ ਨਾ ਥਿਆਇਆ ਹੈ
'ਇਨਕਲਾਬ ਜ਼ਿੰਦਾਬਾਦ'

ਮੌਤੋਂ ਨਾ ਡਰਦਾ ਹੈ
'ਇਨਕਲਾਬ ਜ਼ਿੰਦਾਬਾਦ'
ਧੱਕੇ ਨਹੀਂ ਜ਼ਰਦਾ ਹੈ
'ਇਨਕਲਾਬ ਜ਼ਿੰਦਾਬਾਦ'
ਟਿਊਨੀਸ਼ੀਆ ਤੋਂ ਤੁਰਦਾ ਹੈ
'ਇਨਕਲਾਬ ਜ਼ਿੰਦਾਬਾਦ'
ਵੇਖੋ ਪੰਜਾਬ ਵਿਚ ਕਦੋਂ ਵੜਦਾ ਹੈ
'ਇਨਕਲਾਬ ਜ਼ਿੰਦਾਬਾਦ'

'ਆਜ਼ਾਦ' ਦੀ ਹਸਤੀ ਹੈ
'ਇਨਕਲਾਬ ਜ਼ਿੰਦਾਬਾਦ'
'ਸਰਾਭੇ' ਦੀ ਮਸਤੀ ਹੈ
'ਇਨਕਲਾਬ ਜ਼ਿੰਦਾਬਾਦ'
ਯੋਧਿਆਂ ਦੀ ਬਸਤੀ ਹੈ
'ਇਨਕਲਾਬ ਜ਼ਿੰਦਾਬਾਦ'
ਮਹਿੰਗੀ ਹੈ, ਸਸਤੀ ਹੈ
'ਇਨਕਲਾਬ ਜ਼ਿੰਦਾਬਾਦ'

ਜਨਤਾ ਦੀ ਆਵਾਜ਼ ਹੈ
'ਇਨਕਲਾਬ ਜ਼ਿੰਦਾਬਾਦ'
ਸੱਚਾ ਇਕ ਕਾਜ ਹੈ
'ਇਨਕਲਾਬ ਜ਼ਿੰਦਾਬਾਦ'
ਜੋਕਾਂ ਲਈ ਬਾਜ਼ ਹੈ
'ਇਨਕਲਾਬ ਜ਼ਿੰਦਾਬਾਦ'
ਇਤਿਹਾਸ ਨੂੰ ਨਾਜ਼ ਹੈ
'ਇਨਕਲਾਬ ਜ਼ਿੰਦਾਬਾਦ'

***-ਸੁਖਵਿੰਦਰ ਬੋਦਲਾਂਵਾਲਾ,***
***ਫੋਨ:360-281-2624.***

**ਵਿਚਾਰ-ਚਰਚਾ**

# ਰਘੂਪਤੀ ਕਪੂਰ ਤੇ ਕੈਰੋਂ ਦੀ ਸਿੱਧੀ ਟੱਕਰ

***ਅਸੀਂ ਪੰਜਾਬੀ ਪਾਠਕਾਂ ਨੂੰ ਰਘੂਪਤੀ ਕਪੂਰ ਕੇਸ ਬਾਰੇ ਲੋੜੀਂਦੀ ਜਾਣਕਾਰੀ ਦੇਣ ਲਈ ਸ. ਪ੍ਰਤਾਪ ਸਿੰਘ ਕੈਰੋਂ ਦੇ ਸ਼ਰਧਾਲੂ ਅਤੇ ਉਨ੍ਹਾਂ ਦੇ ਆਪਣੇ ਗ੍ਰਹਿ ਮੰਤਰੀ ਪੰਡਿਤ ਮੋਹਣ ਲਾਲ ਵਲੋਂ ਕੈਰੋਂ ਕਾਲ ਬਾਰੇ ਲਿਖੀ ਪੁਸਤਕ 'ਹਸ਼ਰ ਪੰਜਾਬ ਦਾ'*** *(Disintegration of Punjab)* ***ਵਿਚੋਂ ਸਬੰਧਤ ਕਾਂਡ ਛਾਪ ਰਹੇ ਹਾਂ। ਕੈਰੋਂ ਕਾਲ ਬਾਰੇ ਇਹ ਅਜੇ ਵੀ ਇਕੋ ਇਕ ਬਹੁਮੁੱਲਾ ਇਤਿਹਾਸਕ ਦਸਤਾਵੇਜ ਹੈ। ਇਸ ਪੁਸਤਕ ਦਾ ਅਨੁਵਾਦ 1987 ਦੇ ਸਾਲ ਇਸ ਨੂੰ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਵਲੋਂ ਛਾਪਿਆ ਗਿਆ ਸੀ। -ਸੰਪਾਦਕ***

ਇਹ ਟਕਰਾਅ ਵੀ ਅਸਲ ਵਿਚ ਬੜੇ ਜ਼ਿੱਦੀ ਕਿਸਮ ਤੇ ਨਾ ਝੁਕਣ ਵਾਲੀਆਂ ਦੋ ਸ਼ਖਸੀਅਤਾਂ ਦਾ ਸੀ। ਪੰਜਾਹਵਿਆਂ ਦੇ ਸ਼ੁਰੂ ਵਿਚ ਮਦਰਾਸ ਕੇਡਰ ਦੇ ਇਕ ਆਈ.ਸੀ.ਐਸ. ਅਧਿਕਾਰੀ ਰਘੂਪਤੀ ਕਪੂਰ ਦੀ ਬਦਲੀ ਪੰਜਾਬ ਹੋ ਗਈ। ਉਸ ਬੰਦੇ ਵਿਚ ਮਜ਼ਬੂਤ ਇਰਾਦੇ ਤੇ ਦ੍ਰਿੜ ਇੱਛਾ ਵਰਗੇ ਅਜਿਹੇ ਗੁਣ ਸਨ ਜਿਹੜੇ ਮਨੁੱਖ ਨੂੰ ਕਈ ਵਾਰ ਅਜੀਬ ਕਿਸਮ ਦੀਆਂ ਮੁਸ਼ਕਿਲਾਂ ਵਿਚ ਪਾ ਦਿੰਦੇ ਸਨ। ਉਸ ਨੂੰ ਆਪਣੇ ਇਨ੍ਹਾਂ ਗੁਣਾਂ ਦਾ ਭਲੀਭਾਂਤ ਪਤਾ ਸੀ ਅਤੇ ਉਹ ਆਪਣੀ ਇੱਜ਼ਤ ਨਾਲੋਂ ਕਿਸੇ ਵੀ ਹੋਰ ਚੀਜ਼ ਨੂੰ ਵਧੇਰੇ ਮਹੱਤਵ ਨਹੀਂ ਸੀ ਦਿੰਦਾ। ਉਸ ਨੂੰ ਰਾਜਨੀਤੀ ਦਾ ਝੱਸ ਵੀ ਸੀ ਅਤੇ ਡਾ. ਰਾਧਾ ਕ੍ਰਿਸ਼ਨ ਵਰਗੇ ਰੋਸ਼ਨ-ਦਿਮਾਗ ਆਦਮੀ ਨਾਲ ਕੰਮ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਸੀ। ਅਖੀਰ ਵਿਚ ਉਸ ਨੇ ਆਈ.ਏ.ਐਸ. ਤੋਂ ਆਪਣੇ ਆਪ ਨੂੰ ਰੁਖਸਤ ਕਰ ਲਿਆ ਤੇ ਰਾਜਨੀਤੀ ਵਿਚ ਆ ਗਿਆ। ਕਾਂਗਰਸ (ਓ) ਵਿਚ ਸ਼ਾਮਲ ਹੋ ਗਿਆ ਤੇ 1971 ਵਿਚ ਕਰਨਾਲ ਪਾਰਲੀਮੈਂਟ ਹਲਕੇ ਤੋਂ ਚੋਣ ਲੜੀ ਪਰ ਹਾਰ ਗਿਆ। ਇਸ ਵੇਲੇ ਉਹ ਕਰਨਾਲ ਜ਼ਿਲ੍ਹੇ ਵਿਚ ਜੀ.ਟੀ. ਰੋਡ ਤੋਂ ਐਨ ਨੇੜੇ ਮਧੂ ਬਨ ਆਪਣੇ ਖੇਤੀ ਫਾਰਮ 'ਤੇ ਵਸਿਆ ਹੋਇਆ ਹੈ।

ਭੀਮ ਸੈਨ ਸੱਚਰ ਦੀ ਵਜ਼ਾਰਤ ਵਿਚ ਪ੍ਰਤਾਪ ਸਿੰਘ ਕੈਰੋਂ ਵਿਕਾਸ ਮੰਤਰੀ ਸਨ ਤੇ ਇਸੇ ਸਮੇਂ ਦੌਰਾਨ ਆਰ.ਪੀ. ਕਪੂਰ ਸਰਕਾਰ ਦੇ ਸਕੱਤਰ ਸਨ। ਇਨ੍ਹਾਂ ਦੋਹਾਂ ਦੀ ਆਪਸ ਵਿਚ ਚੰਗੀ ਬਣਦੀ ਸੀ। ਇਹ ਗੱਲ ਮੰਨੀ ਜਾਂਦੀ ਹੈ ਤੇ ਸੱਚਰ ਅਤੇ ਕੈਰੋਂ ਦੀ ਰਾਜਸੀ ਲੜਾਈ ਵਿਚ ਕਪੂਰ ਦੀ ਹਮਦਰਦੀ ਕੈਰੋਂ ਨਾਲ ਸੀ ਤੇ ਉਸ ਨੇ ਕੈਰੋਂ ਦੀ ਮੱਦਦ ਲਈ ਆਪਣੀ ਪੂਰੀ ਵਾਹ ਵੀ ਲਾਈ। ਕੈਰੋਂ ਅਤੇ ਲਾਲਾ ਜਗਤ ਨਰਾਇਣ ਦੀ ਲੜਾਈ ਵਿਚ ਵੀ ਕਪੂਰ ਨੇ ਕੈਰੋਂ ਦੀ ਪੁਜੀਸ਼ਨ ਮਜ਼ਬੂਤ ਕਰਨ ਲਈ ਭੂਮਿਕਾ ਨਿਭਾਈ। ਕੁਦਰਤੀ ਗੱਲ ਸੀ ਕਿ ਜਦੋਂ ਕੈਰੋਂ ਮੁੱਖ ਮੰਤਰੀ ਬਣੇ ਤਾਂ ਕਪੂਰ ਨੂੰ ਬਹੁਤ ਖੁਸ਼ੀ ਹੋਈ। ਕੈਰੋਂ ਨੇ ਵੀ ਇਸ ਖੁਸ਼ੀ ਦਾ ਇਸ ਢੰਗ ਨਾਲ ਹੁੰਗਾਰਾ ਭਰਿਆ ਕਿ ਕਪੂਰ ਨੂੰ ਪੰਜਾਬ ਦਾ ਗ੍ਰਹਿ ਸਕੱਤਰ ਨਿਯੁਕਤ ਕਰ ਦਿੱਤਾ। ਕਪੂਰ ਦੀਆਂ ਸੇਵਾਵਾਂ ਦੀ ਇਹ ਹਰ ਤਰ੍ਹਾਂ ਨਾਲ ਪ੍ਰਸੰਸਾ ਹੀ ਸੀ। ਕਿਸੇ ਵੀ ਰਾਜ ਵਿਚ ਗ੍ਰਹਿ ਸਕੱਤਰ ਦੀ ਪਦਵੀ ਬੜੀ ਅਹਿਮ ਹੁੰਦੀ ਹੈ।

ਕੁਝ ਦੇਰ ਦੋਵਾਂ ਦੀ ਚੰਗੀ ਨਿਭਦੀ ਰਹੀ। ਸਤੰਬਰ 1956 ਵਿਚ ਕਪੂਰ ਨੂੰ ਅੰਬਾਲਾ ਡਿਵੀਜ਼ਨ ਦਾ ਕਮਿਸ਼ਨਰ ਲਾਇਆ ਗਿਆ ਤੇ ਬੱਸ ਇਥੋਂ ਹੀ ਦੋਵਾਂ ਵਿਚਕਾਰ ਮਤਭੇਦ ਪੈਦਾ ਹੋ ਗਏ। ਇਨ੍ਹਾਂ ਦੇ ਆਪਸੀ ਵਿਗਾੜ ਦਾ ਕੋਈ ਹੋਰ ਸਪੱਸ਼ਟ ਕਾਰਨ ਤਾਂ ਨਹੀਂ ਸੀ ਲੱਗਦਾ ਪਰ ਕੈਰੋਂ ਨੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਸਥਾਪਤ ਕਰਕੇ ਤੇ ਸਿਆਸੀ ਮਾਮਲਿਆਂ ਵਿਚ ਆਪਣੀ ਪਕੜ ਮਜ਼ਬੂਤ ਕਰਕੇ ਆਪਣੇ ਉਪਕਾਰੀਆਂ ਤੇ ਭਲਾ ਕਰਨ ਵਾਲਿਆਂ ਦੀ ਬਹੁਤੀ ਪਰਵਾਹ ਕਰਨੀ ਛੱਡ ਦਿੱਤੀ ਸੀ। ਦੂਜੇ ਪਾਸੇ ਕਪੂਰ ਵੀ ਆਪਣੇ ਹੱਕਾਂ ਪ੍ਰਤੀ ਲੋੜੋਂ ਵੱਧ ਸੁਚੇਤ ਸੀ ਤੇ ਉਨ੍ਹਾਂ ਨੂੰ ਇੰਜ ਲੱਗਣ ਲੱਗ ਪਿਆ ਕਿ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਦੋਵਾਂ ਵਿਚ ਗਲਤਫਹਿਮੀਆਂ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ ਤੇ ਇਨ੍ਹਾਂ ਦੀ ਦੁਸ਼ਮਣੀ ਖੁੱਲ੍ਹ ਕੇ ਬਾਹਰ ਆ ਗਈ। ਇਕ ਮਿਆਨ ਵਿਚ ਦੋ ਤਲਵਾਰਾਂ ਨਾ ਸਮਾ ਸਕਣ ਵਾਲੀ ਕਹਾਵਤ ਇਨ੍ਹਾਂ ਦੋਹਾਂ ਉਪਰ ਖੂਬ ਢੁੱਕਦੀ ਹੈ।

ਅੰਬਾਲਾ ਡਵੀਜ਼ਨ ਦੇ ਕਮਿਸ਼ਨਰ ਹੋਣ ਦੀ ਹੈਸੀਅਤ ਵਿਚ ਸ੍ਰੀ ਕਪੂਰ ਰਿਜਨਲ ਟਰਾਂਸਪੋਰਟ ਅਥਾਰਟੀ ਦੇ ਚੇਅਰਮੈਨ ਵੀ ਸਨ, ਜਿਨ੍ਹਾਂ ਕੋਲ ਰੂਟ ਪਰਮਿਟ ਅਤੇ ਪਬਲਿਕ ਕੈਰੀਅਰ ਆਦਿ ਮਾਮਲਿਆਂ ਨੂੰ ਨਿਪਟਾਉਣ ਦਾ ਅਖਤਿਆਰ ਸੀ। ਇਸ ਅਥਾਰਟੀ ਨੇ 1400 ਰੂਟ ਪਰਮਿਟ ਜਾਰੀ ਕਰਨ ਦਾ ਫੈਸਲਾ ਕੀਤਾ। ਸ. ਕੈਰੋਂ ਦਾ ਵਿਚਾਰ ਸੀ ਕਿ ਇਹ ਪਰਮਿਟ ਚੰਡੀਗੜ੍ਹ ਹੈਡਕੁਆਰਟਰ ਤੋਂ ਜਾਰੀ ਕੀਤੇ ਜਾਣੇ ਚਾਹੀਦੇ ਹਨ ਜਦਕਿ ਸ੍ਰੀ ਕਪੂਰ ਨੇ ਕਿਹਾ ਕਿ ਮਾਮਲਾ ਨਿਰੋਲ ਟਰਾਂਸਪੋਰਟ ਅਥਾਰਟੀ ਦੇ ਅਖਤਿਅਰ ਵਿਚ ਆਉਂਦਾ ਹੈ।

ਸਰਕਾਰ ਦੇ ਜਿਹੜੇ ਇਕ ਹੋਰ ਫੈਸਲੇ ਨੇ ਸ੍ਰੀ ਕਪੂਰ ਨੂੰ ਆਵਾਜ਼ਾਰ ਕਰ ਦਿੱਤਾ, ਉਹ ਇਹ ਸੀ ਕਿ ਰਿਜਨਲ ਟਰਾਂਸਪੋਰਟ ਅਥਾਰਟੀ ਦੇ ਫੈਸਲਿਆਂ ਬਾਰੇ ਪ੍ਰੋਵਿੰਸ਼ਲ ਟਰਾਂਸਪੋਰਟ ਕੰਟਰੋਲਰ ਕੋਲ ਅਪੀਲ ਕੀਤੀ ਜਾ ਸਕੇਗੀ ਜਦਕਿ ਇਹ ਅਧਿਕਾਰੀ ਕਮਿਸ਼ਨਰ ਨਾਲੋਂ ਜੂਨੀਅਰ ਸੀ। ਸ੍ਰੀ ਕਪੂਰ ਨੇ ਇਨ੍ਹਾਂ ਫੈਸਲਿਆਂ ਦਾ ਸਖਤ ਨੋਟਿਸ ਲਿਆ ਤੇ ਮੁੱਖ ਸਕੱਤਰ ਨੂੰ ਇੱਕ ਚਿੱਠੀ ਲਿਖ ਕੇ ਕਿਹਾ ਕਿ ਪ੍ਰੋਵਿੰਸ਼ਲ ਟਰਾਂਸਪੋਰਟ ਕੰਟਰੋਲਰ, ਕਮਿਸ਼ਨਰ ਨਾਲੋਂ ਜੂਨੀਅਰ ਤਾਂ ਹੈ ਹੀ ਉਸ ਕੋਲ ਕੋਈ ਜੁਡੀਸ਼ਲ ਤਜਰਬਾ ਵੀ ਨਹੀਂ। ਇਸ ਕਰਕੇ ਉਸ ਨੂੰ ਅਪੀਲ ਦੇ ਅਖਤਿਆਰ ਦੇਣੇ ਵਾਜਬ ਨਹੀਂ ਹਨ। ਖੈਰ, ਸਰਕਾਰ ਆਪਣੇ ਫੈਸਲੇ 'ਤੇ ਅੜੀ ਰਹੀ।

ਇਹ ਗੱਲ ਸ੍ਰੀ ਕਪੂਰ ਨੂੰ ਬਹੁਤ ਚੁਭੀ ਤੇ ਉਨ੍ਹਾਂ ਨੇ ਇਸ ਨੂੰ ਆਪਣੇ ਵੱਕਾਰ ਦਾ ਸਵਾਲ ਬਣਾ ਲਿਆ। ਸਰਕਾਰ ਦੇ ਇਹ ਹੁਕਮ ਤਿੰਨਾਂ ਡਿਵੀਜ਼ਨਲ ਕਮਿਸ਼ਨਰਾਂ ਉਪਰ ਰਿਜਨਲ ਟਰਾਂਸਪੋਰਟ ਅਥਾਰਟੀ ਦੇ ਚੇਅਰਮੈਨ ਵਜੋਂ ਲਾਗੂ ਸਨ ਜਦਕਿ ਸਿਰਫ ਸ੍ਰੀ ਕਪੂਰ ਨੇ ਹੀ ਇਸ ਦਾ ਸਭ ਤੋਂ ਵਧੇਰੇ ਤਿੱਖਾ ਪ੍ਰਤੀਕਰਮ ਦਿਖਾਇਆ। ਦੂਜੇ ਦੋਹਾਂ ਨੇ ਜ਼ਿਕਰ ਤਾਂ ਕੀਤਾ ਪਰ ਮਾੜਾ ਜਿਹਾ। ਸ੍ਰੀ ਕਪੂਰ ਨੂੰ ਇੰਜ ਲੱਗਿਆ ਕਿ ਸ. ਪ੍ਰਤਾਪ ਸਿੰਘ ਕੈਰੋਂ ਰਿਜਨਲ ਟਰਾਂਸਪੋਰਟ ਅਥਾਰਟੀ ਦੇ ਚੇਅਰਮੈਨਾਂ ਦੇ ਨੀਮ-ਜੁਡੀਸ਼ਲ ਅਖਤਿਆਰ ਵਿਚ ਦਖਲ ਦੇ ਰਹੇ ਹਨ।

ਇਨ੍ਹਾਂ ਦੋਹਾਂ ਵਿਚਕਾਰ ਇਕ ਝਗੜਾ ਹੋਰ ਵੀ ਹੋਇਆ ਜੋ ਹਿੰਦੀ ਅੰਦੋਲਨ ਦੇ ਨਾਲ ਸੰਬੰਧਤ ਹੈ। ਸ੍ਰੀ ਕਪੂਰ ਨੇ ਇਸ ਗੱਲ ਉਤੇ ਦੁੱਖ ਪ੍ਰਗਟ ਕੀਤਾ ਕਿ ਇਸ ਅੰਦੋਲਨ ਨਾਲ ਨਿਪਟਣ ਸਮੇਂ ਉਨ੍ਹਾਂ ਨੂੰ ਬਿਲਕੁਲ ਨਜ਼ਰ ਅੰਦਾਜ਼ ਕੀਤਾ ਗਿਆ ਹੈ ਜਦਕਿ ਡੀ.ਆਈ.ਜੀ. ਪੁਲਿਸ ਚੌਧਰੀ ਰਾਮ



*ਸ. ਪ੍ਰਤਾਪ ਸਿੰਘ ਕੈਰੋਂ*

ਸਿੰਘ ਨੂੰ ਪੂਰੇ ਅਖਤਿਆਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਡਿਵੀਜ਼ਨ ਦੇ ਕਮਿਸ਼ਨਰ-ਇੰਚਾਰਜ ਵਜੋਂ ਉਨ੍ਹਾਂ ਦਾ ਹੱਕ ਹੈ ਕਿ ਉਨ੍ਹਾਂ ਦੀ ਗੱਲ ਮੰਨੀ ਜਾਵੇ ਪਰ ਪੁਲਿਸ ਦੇ ਡੀ.ਆਈ.ਜੀ. ਨੇ ਉਨ੍ਹਾਂ ਨੂੰ ਡਿਵੀਜ਼ਨਲ ਕਮਿਸ਼ਨਰ ਵਜੋਂ ਨਜ਼ਰ ਅੰਦਾਜ਼ ਕਰਕੇ ਇਕ ਬਰਾਬਰ ਦਾ ਪ੍ਰਸ਼ਾਸਨ ਕਾਇਮ ਕਰ ਲਿਆ ਸੀ। ਦੋਵਾਂ ਵਿਚਕਾਰ ਮਤਭੇਦ ਹੋਰ ਤਿੱਖੇ ਹੋ ਗਏ। ਆਪਸੀ ਮਤਭੇਦਾਂ ਦੀਆਂ ਕੁਝ ਗੱਲਾਂ ਦਾ ਉਦੋਂ ਵੀ ਲੋਕਾਂ ਨੂੰ ਨਹੀਂ ਸੀ ਪਤਾ ਲੱਗ ਸਕਿਆ। ਇਸ ਲਈ ਉਨ੍ਹਾਂ ਦਾ ਹੁਣ ਜ਼ਿਕਰ ਕੀਤੇ ਜਾਣ ਦੀ ਮੈਂ ਲੋੜ ਨਹੀਂ ਸਮਝਦਾ। ਹਮੇਸ਼ਾਂ ਦੀ ਤਰ੍ਹਾਂ ਹੱਥ-ਠੋਕਿਆਂ ਨੇ ਆਪਣੀ ਚੰਗੀ ਭੂਮਿਕਾ ਨਿਭਾ ਦਿੱਤੀ। ਦੋਵਾਂ ਵਿਚਕਾਰ ਦਰਾੜ ਐਨ ਮੁਕੰਮਲ ਹੋ ਗਈ। ਬੜੀ ਸਿਆਣਪ ਵਰਤ ਕੇ ਸ੍ਰੀ ਕਪੂਰ ਛੁੱਟੀ 'ਤੇ ਚਲੇ ਗਏ ਤੇ ਇਸ ਦੇ ਨਾਲ ਜਿਹੜਾ ਸੰਕਟ ਐਨ ਸਾਹਮਣੇ ਦਿਸ ਰਿਹਾ ਸੀ, ਉਹ ਫਿਲਹਾਲ ਟਲ ਗਿਆ।

ਨਵੰਬਰ 1958 ਵਿਚ ਸ੍ਰੀ ਕਪੂਰ ਛੁੱਟੀ ਤੋਂ ਵਾਪਸ ਮੁੜੇ ਤੇ ਜਨਵਰੀ 1959 ਵਿਚ ਉਨ੍ਹਾਂ ਨੂੰ ਅੰਬਾਲਾ ਡਿਵੀਜ਼ਨ ਦਾ ਐਡੀਸ਼ਨਲ ਕਮਿਸ਼ਨਰ ਲਗਾ ਦਿੱਤਾ ਗਿਆ। ਕੁਦਰਤੀ ਗੱਲ ਸੀ ਕਿ ਉਹ ਇਸ 'ਤੇ ਬੜੇ ਆਵਾਜ਼ਾਰ ਹੋਏ ਕਿਉਂਕਿ ਜਿਸ ਬੰਦੇ ਨੂੰ ਇਸ ਵੇਲੇ ਅੰਬਾਲਾ ਡਿਵੀਜ਼ਨ ਦਾ ਕਮਿਸ਼ਨਰ ਲਾਇਆ ਹੋਇਆ ਸੀ ਉਹ ਸ੍ਰੀ ਕਪੂਰ ਤੋਂ ਜੂਨੀਅਰ ਸੀ। ਖੈਰ, ਉਨ੍ਹਾਂ ਨੂੰ ਮਗਰੋਂ ਪਟਿਆਲਾ ਡਿਵੀਜ਼ਨ ਵਿਚ ਬਤੌਰ ਕਮਿਸ਼ਨਰ ਹੀ ਤਬਦੀਲ ਕਰ ਦਿੱਤਾ ਗਿਆ। ਉਹ ਤਬਾਦਲੇ ਉਤੇ ਵੀ ਨਾ ਖੁਸ਼ ਸਨ ਕਿਉਂਕਿ ਉਹ ਸਮਝਦੇ ਸਨ ਕਿ ਉਨ੍ਹਾਂ ਨੂੰ ਸਭ ਤੋਂ ਘੱਟ ਅਹਿਮ ਡਿਵੀਜ਼ਨ ਦਿੱਤੀ ਗਈ ਹੈ। ਜੋ ਵੀ ਗੱਲਾਂ ਵਾਪਰਦੀਆਂ ਰਹੀਆਂ ਉਨ੍ਹਾਂ ਨੇ ਸ੍ਰੀ ਕੈਰੋਂ ਤੇ ਸ੍ਰੀ ਕਪੂਰ ਵਿਚਲੀ ਦਰਾੜ ਨੂੰ ਹੋਰ ਵਧਾਇਆ।

ਇਸੇ ਦੌਰਾਨ ਘਟਨਾਵਾਂ ਬਹੁਤ ਤੇਜ਼ੀ ਨਾਲ ਵਾਪਰੀਆਂ। ਪੰਜਾਬ ਹਾਈਕੋਰਟ ਦੇ ਇਕ ਸੀਨੀਅਰ ਐਡਵੋਕੇਟ ਐਮ.ਐਲ. ਸੇਠੀ, ਜਿਸ ਦੇ ਸ੍ਰੀ ਕਪੂਰ ਨਾਲ ਬੜੇ ਵਧੀਆ ਸਬੰਧ ਸਨ, ਨੇ ਮੁੱਖ ਮੰਤਰੀ ਕੋਲ ਸ੍ਰੀ ਕਪੂਰ ਤੇ ਉਨ੍ਹਾਂ ਦੀ ਸੱਸ ਵਿਰੁਧ ਲਿਖਤੀ ਸ਼ਿਕਾਇਤ ਕਰ ਦਿੱਤੀ। ਇਸ ਮਾਮਲੇ ਦੀ ਪੜਤਾਲ ਦਾ ਕੰਮ 23 ਦਸੰਬਰ, 1958 ਨੂੰ ਐਡੀਸ਼ਨਲ ਆਈ.ਜੀ. ਪੁਲਿਸ ਨੂੰ ਸੌਂਪਿਆ ਗਿਆ। ਇਸ ਕੇਸ ਵਿਚ 18 ਜੁਲਾਈ, 1959 ਨੂੰ ਸ੍ਰੀ ਕਪੂਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਨਾਲ ਹੀ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ। ਕੈਰੋਂ ਵੱਲੋਂ ਚੁੱਕਿਆ ਗਿਆ ਇਹ ਇਕ ਹੋਰ ਸਖਤ ਕਦਮ ਸੀ ਜਿਸ ਨੇ ਉਨ੍ਹਾਂ ਦੀਆਂ ਮੁਸ਼ਕਿਲਾਂ ਵਿਚ ਵਾਧਾ ਕੀਤਾ।

ਕੇਸ ਇਸ ਤਰ੍ਹਾਂ ਸੀ ਕਿ ਸ੍ਰੀ ਕਪੂਰ ਦੀ ਸੱਸ ਸ੍ਰੀਮਤੀ ਕੌਸ਼ੱਲਿਆ ਦੇਵੀ ਕੋਲ ਦਿੱਲੀ ਵਿਚ ਕੁਝ ਜ਼ਮੀਨ ਸੀ ਜਿਹੜੀ 21 ਮਾਰਚ, 1958 ਨੂੰ ਉਨ੍ਹਾਂ ਨੇ ਐਮ.ਐਲ. ਸੇਠੀ ਕੋਲ ਵੇਚ ਦਿੱਤੀ। ਇਸ ਜ਼ਮੀਨ ਉਤੇ ਉਸ ਵੇਲੇ ਐਕੁਆਇਰ ਕੀਤੇ ਜਾਣ ਵਾਲੀ ਕਾਰਵਾਈ ਹੋ ਰਹੀ ਸੀ। ਗੱਲ ਕੀ, ਜ਼ਮੀਨ ਐਕੁਆਇਰ ਕਰ ਹੀ ਲਈ ਗਈ ਸੀ। ਲੈਂਡ ਐਕਵੀਜ਼ੀਸ਼ਨ ਅਫਸਰ ਨੇ ਅਕੂਤਬਰ 1958 ਵਿਚ ਇਸ ਜ਼ਮੀਨ ਦੇ ਮੁਆਵਜ਼ੇ ਦੀ ਰਕਮ ਦਾ ਅੰਦਾਜ਼ਾ ਲਾ ਦਿੱਤਾ ਸੀ ਪਰ ਮੁਆਵਜ਼ੇ ਦੀ ਰਕਮ ਸੇਠੀ ਵੱਲੋਂ ਦਿੱਤੀ ਗਈ ਰਕਮ ਦੇ ਮੁਕਾਬਲੇ ਬਹੁਤ ਘੱਟ ਸੀ। ਕੁਦਰਤੀ ਗੱਲ ਸੀ ਕਿ ਸ੍ਰੀ ਸੇਠੀ ਨੂੰ ਇਸ ਨਾਲ ਕਾਫੀ ਮਾਇਕ ਨੁਕਸਾਨ ਹੋਇਆ।

ਸ੍ਰੀ ਸੇਠੀ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਕਿ ਸ੍ਰੀ ਕਪੂਰ ਨੇ ਉਨ੍ਹਾਂ ਨੂੰ ਇਸ ਗੱਲੋਂ ਹਨੇਰੇ ਵਿਚ ਰੱਖਿਆ ਕਿ ਇਹ ਜ਼ਮੀਨ ਸਰਕਾਰ ਵੱਲੋਂ ਐਕੁਆਇਰ ਕੀਤੀ ਜਾ ਰਹੀ ਹੈ ਜਦਕਿ ਇਸ ਜ਼ਮੀਨ ਦਾ ਸੌਦਾ ਸ੍ਰੀ ਕਪੂਰ ਨੇ ਆਪ ਹੀ ਕਰਵਾਇਆ। ਆਪਣੀ ਸ਼ਿਕਾਇਤ ਵਿਚ ਸ੍ਰੀ ਸੇਠੀ ਨੇ ਸ੍ਰੀ ਕਪੂਰ ਉਤੇ ਧੋਖਾਦੇਹੀ ਦਾ ਦੋਸ਼ ਲਾਇਆ। ਸ੍ਰੀ ਕਪੂਰ ਨੇ ਆਪਣੇ ਪੱਖ ਵਿਚ ਕਿਹਾ ਕਿ ਜ਼ਮੀਨ ਦਾ ਸੌਦਾ ਪੂਰੇ ਇਕ ਸਾਲ ਦੀ ਗੱਲਬਾਤ ਚਲਣ ਤੋਂ ਪਿੱਛੋਂ ਤੈਅ ਹੋਇਆ ਜਦ ਕਿ ਜ਼ਮੀਨ ਐਕੁਆਇਰ ਕੀਤੇ ਜਾਣ ਵਾਲੀ ਕਾਰਵਾਈ ਮਾਰਚ 1957 ਤੋਂ ਹੀ ਲਮਕਦੀ ਆ ਰਹੀ ਹੈ ਤੇ ਇਸ ਬਾਰੇ ਸਰਕਾਰੀ ਗਜਟ ਵਿਚ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਹੈ ਅਤੇ ਇਸ ਬਾਰੇ ਸ੍ਰੀਮਤੀ ਕੌਸ਼ਲਿਆ ਦੇਵੀ ਨੇ ਸ੍ਰੀ ਸੇਠੀ ਨੂੰ ਬਾਕਾਇਦਾ ਸੂਚਿਤ ਕਰ ਦਿੱਤਾ ਸੀ। ਇਸ ਸਾਰੇ ਕਾਸੇ ਪਿਛੋਂ ਸ੍ਰੀ ਸੇਠੀ ਨੇ ਬੜੇ ਸੁਚੇਤ ਪੱਧਰ ਉਤੇ ਅਤੇ ਇਸ ਗੱਲ ਦੇ ਖਤਰੇ ਨੂੰ ਆਪਣੇ ਸਿਰ ਲੈਂਦਿਆਂ ਇਹ ਜ਼ਮੀਨ ਖਰੀਦ ਲਈ ਸੀ। ਇਹ ਕੋਈ ਫੌਜਦਾਰੀ ਦਾ ਨਹੀਂ ਦੀਵਾਨੀ ਦਾ ਕੇਸ ਸੀ।

ਕਾਫੀ ਦੇਰ ਤੱਕ ਇਸ ਮਾਮਲੇ ਦੀ ਪੜਤਾਲ ਚਲਦੀ ਰਹੀ ਤੇ ਸ. ਕੈਰੋਂ ਨੇ ਇਸ ਨਾਲ ਲਗਾਤਾਰ ਸੰਪਰਕ ਰੱਖਿਆ। ਸ੍ਰੀ ਕਪੂਰ ਨੂੰ ਜਾਪਿਆ ਕਿ ਸ. ਕੈਰੋਂ ਇਸ ਕੇਸ ਵਿਚ ਨਿੱਜੀ ਦਿਲਚਸਪੀ ਲੈ ਰਹੇ ਹਨ ਤੇ ਪੜਤਾਲ ਕਰਨ ਵਾਲੇ ਅਧਿਕਾਰੀ ਵੀ ਸ. ਕੈਰੋਂ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੇ ਹਨ। ਉਹ ਸ. ਕੈਰੋਂ ਨੂੰ ਜਾਤੀ ਤੌਰ ਉਤੇ ਆਪ ਮਿਲੇ ਤੇ ਸਾਰਾ ਕੇਸ ਉਨ੍ਹਾਂ ਨੂੰ ਵੇਰਵੇ ਨਾਲ ਦੱਸ ਦਿੱਤਾ। ਉਨ੍ਹਾਂ ਨੇ ਸ. ਕੈਰੋਂ ਨੂੰ ਬੇਨਤੀ ਕੀਤੀ ਕਿ ਉਹ ਇਸ ਬਾਰੇ ਛੇਤੀ ਆਪਣੇ ਆਦੇਸ਼ ਜਾਰੀ ਕਰ ਦੇਣ। ਕੁਝ ਦੇਰ ਬਾਅਦ ਸ੍ਰੀ ਕਪੂਰ ਨੂੰ ਸ਼ੱਕ ਪੈ ਗਿਆ ਤੇ ਉਹ ਬੇ-ਸਬਰ ਹੋ ਉਠੇ।

ਇਸੇ ਦੌਰਾਨ ਕੁਝ ਹੋਰ ਪਹਿਲੂ ਇਸ ਵਿਚ ਆ ਰਲੇ ਜਿਨ੍ਹਾਂ ਨੇ ਇਹ ਮਾਮਲਾ ਹੋਰ ਵੀ ਪੇਚੀਦਾ ਬਣਾ ਦਿੱਤਾ। ਉਨ੍ਹਾਂ ਵਿਚੋਂ ਦੋ ਦਾ ਇਥੇ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ:

1. ਕੋਰਟ ਆਫ ਵਾਰਡ ਦਾ ਕੇਸ, ਜਿਸ ਵਿਚ ਸ. ਪ੍ਰਤਾਪ ਸਿੰਘ ਕੈਰੋਂ ਦੀ ਨੂੰਹ ਤੇ ਸੁਰਿੰਦਰ ਸਿੰਘ ਕੈਰੋਂ ਦੀ ਪਤਨੀ ਇਕ ਧਿਰ ਸੀ, ਫੈਸਲੇ ਲਈ ਪਟਿਆਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਕਪੂਰ ਸਾਹਮਣੇ ਆਇਆ। ਇਹ ਦਸ ਲੱਖ ਰੁਪਏ ਦੀ ਜਾਇਦਾਦ ਦਾ ਮਾਮਲਾ ਸੀ। ਇਸ ਕੇਸ ਉਤੇ ਸੰਗਰੂਰ ਦੇ ਕੁਲੈਕਟਰ ਵਲੋਂ ਵਿਚਾਰ ਕੀਤਾ ਜਾ ਚੁੱਕਾ ਸੀ ਜਿਨ੍ਹਾਂ ਨੇ ਕਮਿਸ਼ਨਰ ਨੂੰ ਬਾਕਾਇਦਾ ਰਿਪੋਰਟ ਭੇਜੀ। ਸ੍ਰੀ ਕਪੂਰ ਨੇ ਦੋਸ਼ ਲਾਇਆ ਕਿ ਸ. ਪ੍ਰਤਾਪ ਸਿੰਘ ਕੈਰੋਂ ਦੀ ਪਤਨੀ ਤੇ ਉਨ੍ਹਾਂ ਦੇ ਬੇਟੇ ਸੁਰਿੰਦਰ ਸਿੰਘ ਕੈਰੋਂ ਨੇ ਜਾਤੀ ਤੌਰ 'ਤੇ ਉਨ੍ਹਾਂ ਨੂੰ ਮਿਲ ਕੇ ਆਪਣਾ ਇਹ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਕੇਸ ਵਿਚ ਫੈਸਲਾ ਸੁਰਿੰਦਰ ਸਿੰਘ ਦੀ ਪਤਨੀ ਤੇ ਉਸ ਦੀਆਂ ਭੈਣਾਂ ਦੇ ਹੱਕ ਵਿਚ ਕੀਤਾ ਜਾਵੇ। ਸ੍ਰੀ ਕਪੂਰ ਨੇ ਦੱਸਿਆ ਕਿ ਉਨ੍ਹਾਂ ਨੇ ਸ੍ਰੀਮਤੀ ਕੈਰੋਂ ਅਤੇ ਸ. ਸੁਰਿੰਦਰ ਸਿੰਘ ਕੈਰੋਂ ਕੋਲ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਕਿ ਜੁਡੀਸ਼ਲ ਕਾਰਵਾਈ ਵਿਚ ਉਨ੍ਹਾਂ ਦੀ ਇਸ ਤਰ੍ਹਾਂ ਨਾਲ ਦਖਲ ਅੰਦਾਜ਼ੀ ਨਾਵਾਜਬ ਸੀ।

2. ਸ੍ਰੀ ਕਪੂਰ ਨੇ ਇਹ ਵੀ ਦੋਸ਼ ਲਾਇਆ ਕਿ ਜੂਨ 1959 ਵਿਚ ਜਦੋਂ ਕਿ ਦਿੱਲੀ ਦੇ ਐਡੀਸ਼ਨਲ ਸੈਸ਼ਨ ਜੱਜ ਡੀ. ਐਸ. ਗਰੇਵਾਲ ਤੇ ਹੋਰਾਂ ਸੰਬੰਧੀ ਮੁਕੱਦਮੇ ਦੀ ਕਾਰਵਾਈ ਕਰ ਰਹੇ ਸਨ ਤਾਂ ਉਨ੍ਹਾਂ (ਫਾਜ਼ਲ ਜੱਜ ਨੇ) ਇਸਤਿਗਾਸੇ ਕੋਲੋਂ ਪੁੱਛਿਆ ਸੀ ਕਿ ਕੀ ਉਹ ਉਸ ਵੇਲੇ ਦੇ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ (ਜੋ ਕਿ ਸ੍ਰੀ ਰਘੂਪਤੀ ਕਪੂਰ ਹੀ ਸਨ) ਨੂੰ ਗਵਾਹ ਵਜੋਂ ਪੇਸ਼ ਕਰਨਗੇ ਤਾਂ ਉਨ੍ਹਾਂ ਨੇ ਨਾਂਹ ਵਿਚ ਜਵਾਬ ਦਿੱਤਾ ਸੀ। ਸ੍ਰੀ ਕਪੂਰ ਨੇ ਇਹ ਵੀ ਦੋਸ਼ ਲਾਇਆ ਕਿ ਸ. ਕੈਰੋਂ ਨੇ ਸੈਸ਼ਨ ਜੱਜ ਦਾ ਇਸ਼ਾਰਾ ਸਮਝਦਿਆਂ ਹੋਇਆਂ ਉਨ੍ਹਾਂ (ਆਰ.ਪੀ. ਕਪੂਰ) ਨੂੰ ਕੇਸ ਦੇ ਹੱਕ ਵਿਚ ਗਵਾਹੀ ਦੇਣ ਲਈ ਕਿਹਾ ਸੀ ਪਰ ਉਨ੍ਹਾਂ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਜਿਸ ਕਾਰਨ ਸ. ਕੈਰੋਂ ਨੂੰ ਵਿਰੋਧ ਵਿਚ ਹੋਣ ਦਾ ਹੋਰ ਬਹਾਨਾ ਮਿਲ ਗਿਆ। ਇਸ ਗੱਲ ਦਾ ਤਾਂ ਨਹੀਂ ਪਤਾ ਕਿ



*ਸਿਰਦਾਰ ਕਪੂਰ ਸਿੰਘ*

ਦੋਵਾਂ ਵਿਚਕਾਰ ਕੀ ਵਾਪਰਿਆ ਪਰ ਉਨ੍ਹੀਂ ਦਿਨੀਂ ਇਹ ਗੱਲ ਆਮ ਹੋ ਗਈ ਸੀ ਕਿ ਗਰੇਵਾਲ ਕੇਸ ਵਿਚ ਸ੍ਰੀ ਕਪੂਰ ਗਵਾਹ ਵਜੋਂ ਪੇਸ਼ ਹੋਣਗੇ।

ਸ੍ਰੀ ਸੇਠੀ ਅਤੇ ਸ੍ਰੀ ਢੀਂਗਰਾ ਵਲੋਂ ਪੁਲਿਸ ਕੋਲ ਸ੍ਰੀ ਆਰ. ਪੀ. ਕਪੂਰ ਅਤੇ ਉਨ੍ਹਾਂ ਦੀ ਸੱਸ ਦੇ ਵਿਰੁਧ ਜਿਹੜਾ ਕੇਸ ਦਰਜ ਕੀਤਾ ਗਿਆ, ਉਸ ਦਾ ਮੁਕੱਦਮਾ ਬੜੀ ਦੇਰ ਤੱਕ ਚਲਦਾ ਰਿਹਾ। ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚੋਂ ਵੀ ਇਸ ਦਾ ਫੈਸਲਾ ਸ੍ਰੀ ਕਪੂਰ ਦੇ ਵਿਰੁਧ ਹੋਇਆ। 18 ਜੁਲਾਈ 1959 ਨੂੰ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਤੇ ਇਹ ਆਦੇਸ਼ ਉਦੋਂ ਤੱਕ (4 ਅਪ੍ਰੈਲ 1963) ਲਾਗੂ ਰਹੇ ਜਦ ਤੱਕ ਅਲਾਹਾਬਾਦ ਹਾਈਕੋਰਟ ਨੇ ਉਨ੍ਹਾਂ ਨੂੰ ਸਭ ਕੇਸਾਂ ਵਿਚੋਂ ਬਰੀ ਨਾ ਕਰ ਦਿੱਤਾ ਪਰ 5 ਅਪ੍ਰੈਲ, 1963 ਨੂੰ ਉਨ੍ਹਾਂ ਨੂੰ ਪਬਲਿਕ ਸਰਵੈਂਟਸ (ਇਨਕੁਆਰੀਜ਼) ਐਕਟ 1950 ਦੇ ਤਹਿਤ ਫਿਰ ਮੁਅੱਤਲ ਕਰ ਦਿੱਤਾ ਗਿਆ।

18 ਜੁਲਾਈ 1959 ਨੂੰ ਹੋਈ ਆਪਣੀ ਮੁਅੱਤਲੀ ਵਿਰੁਧ ਸ੍ਰੀ ਕਪੂਰ ਨੇ 16 ਫਰਵਰੀ 1962 ਨੂੰ ਹਾਈਕੋਰਟ ਵਿਚ ਸੰਵਿਧਾਨਿਕ ਤੇ ਕਾਨੂੰਨੀ ਅਧਾਰ ਉਤੇ ਪਟੀਸ਼ਨ ਕੀਤੀ ਸੀ। ਪੰਜਾਬ ਹਾਈਕੋਰਟ ਦੇ ਡਿਵੀਜ਼ਨ ਬੈਂਚ ਨੇ ਪਟੀਸ਼ਨ 'ਤੇ ਵਿਚਾਰ ਕਰਨ ਪਿਛੋਂ 21 ਸਤੰਬਰ 1962 ਨੂੰ ਇਸ ਨੂੰ ਰੱਦ ਕਰ ਦਿੱਤਾ। ਸ੍ਰੀ ਕਪੂਰ ਨੇ ਇਨ੍ਹਾਂ ਹੁਕਮਾਂ ਦੇ ਵਿਰੁਧ ਸੁਪਰੀਮ ਕੋਰਟ ਵਿਚ ਅਪੀਲ ਕੀਤੀ। 11 ਸਤੰਬਰ 1963 ਨੂੰ ਜਦੋਂ ਇਹ ਪਟੀਸ਼ਨ ਅਜੇ ਸੁਪਰੀਮ ਕੋਰਟ ਵਿਚ ਕਾਰਵਾਈ ਹਿਤ ਪੇਸ਼ ਹੋਈ ਸੀ, ਪੰਜਾਬ ਦੇ ਰਾਜਪਾਲ ਨੇ ਸ੍ਰੀ ਕਪੂਰ ਦੀ 18 ਜੁਲਾਈ, 1959 ਤੋਂ ਹੀ ਬਹਾਲੀ ਦੇ ਹੁਕਮ ਜਾਰੀ ਕਰ ਦਿੱਤੇ। ਇਸੇ ਤਰੀਕ ਤੋਂ ਉਨ੍ਹਾਂ ਨੂੰ ਮੁਅੱਤਲ ਕੀਤਾ ਗਿਆ ਸੀ। ਮਗਰੋਂ 19 ਨਵੰਬਰ, 1963 ਨੂੰ ਸੁਪਰੀਮ ਕੋਰਟ ਨੇ ਵੀ ਸ੍ਰੀ ਕਪੂਰ ਦੇ ਹੱਕ ਵਿਚ ਫੈਸਲਾ ਦੇ ਦਿੱਤਾ ਤੇ ਕਿਹਾ ਕਿ ਅੰਤਰਿਮ ਕਾਰਵਾਈ ਦੇ ਤੌਰ 'ਤੇ ਪੰਜਾਬ ਰਾਜਪਾਲ ਇਹ ਮੁਅੱਤਲੀ ਨਹੀਂ ਸੀ ਕਰ ਸਕਦੇ। ਇਹ ਕਾਰਵਾਈ ਸਿਰਫ ਭਾਰਤ ਸਰਕਾਰ ਹੀ ਕਰ ਸਕਦੀ ਸੀ। ਪਰ ਰਾਜ ਸਰਕਾਰ ਦੀ ਸਿਫਾਰਸ਼ ਉਤੇ 10 ਫਰਵਰੀ, 1964 ਨੂੰ ਰਾਸ਼ਟਰਪਤੀ ਨੇ ਸ੍ਰੀ ਆਰ.ਪੀ. ਕਪੂਰ ਨੂੰ ਉਨ੍ਹਾਂ ਵਿਰੁਧ ਜਾਂਚ ਚੱਲ ਰਹੀ ਹੋਣ ਕਰਕੇ ਅੰਤਰਿਮ ਕਾਰਵਾਈ ਦੇ ਤੌਰ 'ਤੇ ਮੁਅੱਤਲ ਕਰ ਦਿੱਤਾ।

ਇਸ ਪਿੱਛੋਂ ਜੋ ਕੁਝ ਵਾਪਰਿਆ, ਉਸ ਦੇ ਵੇਰਵੇ ਇਥੇ ਦੇਣੇ ਲੋੜੀਂਦੇ ਨਹੀਂ। ਪਰ ਇਹ ਜ਼ਰੂਰ ਹੈ ਕਿ ਸ੍ਰੀ ਕਪੂਰ ਨੂੰ ਉਸ ਵਕਤ ਬਹਾਲ ਕਰ ਦਿੱਤਾ ਗਿਆ ਜਦੋਂ ਸ. ਪ੍ਰਤਾਪ ਸਿੰਘ ਕੈਰੋਂ ਇਸ ਦੁਨੀਆਂ ਵਿਚ ਨਹੀਂ ਸਨ ਰਹੇ। ਸ. ਕੈਰੋਂ ਨੂੰ 6 ਫਰਵਰੀ, 1965 ਨੂੰ ਕਤਲ ਕਰ ਦਿੱਤਾ ਗਿਆ। ਮਗਰੋਂ ਰਾਮ ਕਿਸ਼ਨ ਵਜ਼ਾਰਤ ਵੇਲੇ ਸ੍ਰੀ ਕਪੂਰ ਨੂੰ ਦਿੱਲੀ ਵਿਚ ਪੰਜਾਬ ਦਾ ਚੀਫ ਲਾਇਜ਼ਨ ਅਫਸਰ ਨਿਯੁਕਤ ਕਰ ਦਿੱਤਾ ਗਿਆ ਪਰ ਉਹ ਆਪਣੀ ਇਸ ਨਿਯੁਕਤੀ ਨਾਲ ਵੀ ਸੰਤੁਸ਼ਟ ਨਾ ਹੋਏ ਤੇ ਉਨ੍ਹਾਂ ਨੇ ਇਹ ਦਾਅਵਾ ਕੀਤਾ ਕਿ ਸੀਨੀਆਰਟੀ ਦੇ ਆਧਾਰ ਉਤੇ ਉਨ੍ਹਾਂ ਨੂੰ ਵਿੱਤ ਕਮਿਸ਼ਨਰ ਨਿਯੁਕਤ ਕੀਤਾ ਜਾਣਾ ਬਣਦਾ ਹੈ। ਰਾਜ ਸਰਕਾਰ ਨੇ ਉਨ੍ਹਾਂ ਦੀ ਇਹ ਗੱਲ ਨਾ ਮੰਨੀ ਤੇ ਅਖੀਰ ਸ੍ਰੀ ਕਪੂਰ ਸਿਵਲ ਸਰਵਿਸਿਜ਼ ਤੋਂ ਅਸਤੀਫਾ ਦੇ ਕੇ ਸਰਗਰਮ ਸਿਆਸਤ ਵਿਚ ਕੁੱਦ ਪਏ।

ਸ੍ਰੀ ਕਪੂਰ ਦੇ ਇਸ ਮੁਕੱਦਮੇ ਨਾਲ ਸੰਬੰਧਤ ਹੋਰ ਵੀ ਬਹੁਤ ਸਾਰੀਆਂ ਗੱਲਾਂ ਸਨ ਪਰ ਮੈਂ ਜਾਣ ਬੁੱਝ ਕੇ ਨਹੀਂ ਕੀਤੀਆਂ। ਮੈਂ ਤਾਂ ਸਿਰਫ ਦੋ ਤਕੜੇ ਬੁੱਧੀਜੀਵੀਆਂ ਦੀ ਦੋਸਤੀ ਤੇ ਦੁਸ਼ਮਣੀ ਦੀ ਗੱਲ ਹੀ ਕੀਤੀ ਹੈ, ਇਹ ਦੱਸਣ ਲਈ ਕਿ ਮਨੁੱਖੀ ਰੌਂਅ ਵਿਚ ਕਿੰਨੀ ਲਚਕ ਹੁੰਦੀ ਹੈ।

ਸ੍ਰੀ ਕਪੂਰ ਨੇ ਮਾਨਸਿਕ ਤੇ ਮਾਇਕ, ਦੋਹਾਂ ਤਰ੍ਹਾਂ ਨਾਲ ਬਹੁਤ ਨੁਕਸਾਨ ਉਠਾਇਆ। ਆਪਣੇ ਸਮਾਜਿਕ ਵਜੂਦ ਵਿਚ ਵੀ ਉਨ੍ਹਾਂ ਨੂੰ ਠੇਸ ਪੁੱਜੀ। ਉਨ੍ਹਾਂ ਨੇ ਆਪਣਾ ਭਵਿੱਖ ਖਰਾਬ ਕਰ ਲਿਆ ਤੇ ਉਚੀਆਂ ਇੱਛਾਵਾਂ ਦੀ ਗੱਲ ਤਾਂ ਇਕ ਪਾਸੇ ਰਹੀ, ਉਨ੍ਹਾਂ ਦਾ ਜੋ ਹੱਕ ਸੀ, ਉਹ ਵੀ ਉਨ੍ਹਾਂ ਨੂੰ ਨਾ ਮਿਲ ਸਕਿਆ। ਆਪਣੇ ਸੇਵਾਕਾਲ ਦੇ ਅਖੀਰ ਵਿਚ ਉਹ ਆਈ.ਸੀ.ਐਸ. ਵਰਗੇ ਅਜਿਹੇ ਕੇਡਰ 'ਚੋਂ ਅਸਤੀਫਾ ਦੇ ਕੇ ਸਿਆਸਤ ਵਿਚ ਚਲੇ ਆਏ, ਜਿਸ ਨੂੰ ਸਾਰੇ ਤਰਸਦੇ ਫਿਰਦੇ ਹਨ। ਇਹ ਅਸਤੀਫਾ ਵੀ ਉਨ੍ਹਾਂ ਨੇ ਇਸੇ ਪ੍ਰੇਸ਼ਾਨੀ ਵਿਚੋਂ ਹੀ ਦਿੱਤਾ ਪਰ ਸਿਆਸਤ ਵਿਚ ਵੀ ਉਹ ਅਸਫਲ ਹੀ ਰਹਿ ਗਏ।

ਦੂਜੇ ਪਾਸੇ ਸ. ਪ੍ਰਤਾਪ ਸਿੰਘ ਕੈਰੋਂ ਜਿਹੜੇ ਕੁਲ ਹਿੰਦ ਸਿਆਸਤ ਵਿਚ ਰੋਸ਼ਨ ਹੋ ਸਕਦੇ ਸਨ, ਪੰਜਾਬ ਦੀ ਚਾਰਦੀਵਾਰੀ ਦੇ ਅੰਦਰ ਹੀ ਸਰਕਾਰੀ ਅਫਸਰ ਤੇ ਹੋਰਨਾਂ ਨਾਲ ਵਿਅਕਤੀਗਤ ਲੜਾਈਆਂ ਵਿਚ ਉਲਝ ਗਏ ਤੇ ਆਪਣਾ ਏਨੀ ਬੁਰੀ ਤਰ੍ਹਾਂ ਨੁਕਸਾਨ ਕਰ ਲਿਆ ਜੋ ਫੇਰ ਕਦੇ ਪੂਰਾ ਨਾ ਹੋ ਸਕਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸ. ਪ੍ਰਤਾਪ ਸਿੰਘ ਕੈਰੋਂ ਅਤੇ ਰਘੂਪਤੀ ਕਪੂਰ ਨੇ ਲੋੜੋਂ ਵੱਧ ਆਪਣੀ ਬਾਜੀ ਲਈ ਜ਼ੋਰ ਲਾਇਆ। ਦੋਹਾਂ ਦੀ ਨਾ ਦਬਾਈ ਜਾ ਸਕਣ ਵਾਲੀ ਹਉਮੈ ਨੇ ਉਨ੍ਹਾਂ ਨੂੰ ਅਜਿਹੀਆਂ ਨ੍ਹੇਰੀਆਂ ਨੁੱਕਰਾਂ 'ਚ ਉਤਾਰ ਦਿੱਤਾ ਜਿਨ੍ਹਾਂ ਨੂੰ ਉਂਜ ਸਹਿਜੇ ਹੀ ਟਾਲਿਆ ਜਾ ਸਕਦਾ ਸੀ। ਪੰਜਾਬ ਦੀ ਸੇਵਾ ਲਈ ਦੋਹਾਂ ਦੇ ਅੰਦਰ ਇਕ ਚਿਣਗ ਸੀ ਪਰ ਜਾਤੀ ਝਗੜਿਆਂ ਨੇ ਇਨ੍ਹਾਂ ਦਾ ਇਹ ਰਸਤਾ ਰੋਕ ਲਿਆ।

ਸਾਂਝੇ ਦੋਸਤਾਂ ਨੇ ਇਨ੍ਹਾਂ ਦੋਹਾਂ ਵਿਚਕਾਰ ਸੁਲਾਹ ਕਰਾਉਣ ਦੇ ਯਤਨ ਵੀ ਕੀਤੇ ਪਰ ਵਿਅਰਥ। ਸ੍ਰੀ ਕਪੂਰ ਵਲੋਂ ਲਾਏ ਗਏ ਦੋਸ਼ਾਂ ਤੇ ਸ. ਕੈਰੋਂ ਏਨੇ ਜ਼ਿਆਦਾ ਨਾਰਾਜ਼ ਹੋ ਗਏ ਸਨ ਤੇ ਉਨ੍ਹਾਂ ਨੇ ਆਪਣਾ ਰਵੱਈਆ ਏਨਾ ਸਖਤ ਕਰ ਲਿਆ ਸੀ ਕਿ ਉਨ੍ਹਾਂ ਨੂੰ ਨਰਮ ਹੋ ਜਾਣ ਲਈ ਮਨਾਇਆ ਹੀ ਨਾ ਜਾ ਸਕਿਆ। ਅਜਿਹੇ ਯਤਨ ਕਰਨ ਵਾਲਿਆਂ ਵਿਚ ਮੈਂ ਵੀ ਸਾਂ। ਖਾਨ ਅਬਦੁਲ ਗੱਫਾਰ ਖਾਨ, ਐਮ.ਐਲ.ਏ. ਜਿਹੜੇ ਕਿ ਉਸ ਸਮੇਂ ਦੇ ਬਹੁਤ ਸਤਿਕਾਰਤ ਸਿਆਸਤਦਾਨ ਸਨ ਤੇ ਕੈਰੋਂ ਦੇ ਬੜੇ ਨਜ਼ਦੀਕ ਸਨ, ਨੇ ਵੀ ਬੜੀ ਸੁਹਿਰਦਤਾ ਨਾਲ ਸ. ਕੈਰੋਂ ਨੂੰ ਕਿਹਾ ਕਿ ਉਹ ਸ੍ਰੀ ਕਪੂਰ ਦੀਆਂ ਗਲਤੀਆਂ ਨਜ਼ਰ ਅੰਦਾਜ਼ ਕਰਕੇ ਸੁਲਾਹ ਕਰ ਲੈਣ ਪਰ ਸ. ਕੈਰੋਂ ਨੇ ਸਾਨੂੰ ਦੋਹਾਂ ਨੂੰ ਨਾਂਹ ਕਰ ਦਿੱਤੀ। ਖਾਨ ਸਾਹਿਬ ਨੂੰ ਕਹਿਣ ਲੱਗੇ, "ਤੁਹਾਡਾ ਪੂਰਾ ਸਤਿਕਾਰ ਆਪਣੇ ਮਨ ਵਿਚ ਕਾਇਮ ਰਖਦਿਆਂ ਵੀ ਮੈਂ ਇਸ ਗੱਲ ਲਈ ਆਪਣੇ ਆਪ ਨੂੰ ਮਨਾ ਨਹੀਂ ਸਕਿਆ। ਇਸ ਲਈ ਮੈਂ ਤੁਹਾਨੂੰ ਕੋਈ ਅਜਿਹਾ ਵਚਨ ਨਹੀਂ ਦੇ ਸਕਦਾ ਜੋ ਨਿਭਾਇਆ ਨਾ ਜਾ ਸਕੇ।" ਤੇ ਇੰਜ ਦੋਹਾਂ ਦੀ ਲੜਾਈ ਬੇਰੋਕ ਚਲਦੀ ਰਹੀ।

# ਸਿਰਦਾਰ ਕਪੂਰ ਸਿੰਘ ਅਤੇ ਰਘੂਪਤੀ ਕਪੂਰ ਦੇ ਕੇਸਾਂ ਦੀ ਅਸਮਾਨਤਾ

## ਛੱਡੋ ਯਾਰੋ, ਉਹ ਤਾਂ ਗੱਲਾਂ ਹੀ ਹੋਰ ਨੇ!!

ਅਕਾਲੀ-ਸਿੱਖ ਨੇਤਾਵਾਂ ਦੇ ਰਾਜਸੀ ਪ੍ਰਵਚਨ ਦੇ ਵਿਰੋਧਾਭਾਸਾਂ ਦੇ ਪ੍ਰਤੀਕਰਮ ਵਿਚ ਕੈਲੀਫੋਰਨੀਆ ਤੋਂ ਵੀਰ ਦੇਵਿੰਦਰ ਸਿੰਘ ਖਟਕੜ ਦਾ 'ਪਹਿਲਾਂ ਸਿੱਖਾਂ ਨਾਲ ਵਿਤਕਰੇ ਦੀ ਗੱਲ ਕਰੋ' ਸਿਰਲੇਖ ਹੇਠ 11 ਜੂਨ ਦੇ 'ਪੰਜਾਬ ਟਾਈਮਜ਼' ਵਿਚ ਛਪਿਆ ਲੇਖ ਪੜ੍ਹਿਆ, ਖੁਸ਼ੀ ਭਰੀ ਤਸੱਲੀ ਹੋਈ ਕਿ ਇਹ ਵੀਰ ਕਰਮ ਬਰਸਟ ਦੀਆਂ ਲਿਖਤਾਂ ਨੂੰ ਇਤਨੇ ਗਹੁ ਨਾਲ ਪੜ੍ਹਦਾ ਆ ਰਿਹਾ ਹੈ ਪਰ ਨਾਲ ਹੀ ਨਿਰਾਸ਼ਾ ਵੀ ਹੋਈ ਕਿ ਉਹ ਕਰਮ ਦੀਆਂ ਲਿਖਤਾਂ ਵਿਚੋਂ ਮਨਮਰਜ਼ੀ ਦੇ ਅਰਥ ਕੱਢੀ ਜਾ ਰਿਹਾ ਹੈ ਅਤੇ ਲਿਖਤ ਉਸ ਦੀ ਮੀਂਹ ਪੈਣ ਤੋਂ ਬਾਅਦ ਖਾਧੇ ਖਰਬੂਜੇ ਤੋਂ ਵੀ ਵੱਧ ਬਕਲੀ ਹੋਈ ਹੈ। (ਇਹ ਦੋਸਤ ਆਪਣੀ 14 ਮਈ ਵਾਲੀ ਚਿੱਠੀ ਵਿਚ ਕਰਮ ਨੂੰ ਪਹਿਲਾਂ ਹੀ ਕਰਮ ਚੰਦ ਲਿਖ ਕੇ ਹਿੰਦੂਤਵੀ ਖੇਮੇ ਵਿਚ ਧੱਕ ਚੁੱਕਿਆ ਹੈ। ਇਹ ਮਿਹਣਾ ਵੀ ਮਾਰ ਚੁੱਕਿਆ ਹੈ ਕਿ "ਜੇਕਰ ਕਰਮ ਚੰਦ ਬਰਸਟ ਦਾ ਕੋਈ ਰਿਸ਼ਤੇਦਾਰ ਪੁਲਿਸ ਦੇ ਸਾਹਮਣੇ ਜਲਾਇਆ ਗਿਆ ਹੁੰਦਾ, ਤਾਂ..।" ਤਾਜ਼ਾ ਚਿੱਠੀ ਵਿਚ ਤਾਂ ਉਸਨੇ ਕਰਮ ਨੂੰ ਸਿੱਧਾ ਹੀ ਆਰ. ਐਸ. ਐਸ. ਦਾ ਵੱਡਾ ਏਜੰਟ ਹੋਣ ਦਾ ਫ਼ਤਵਾ ਜਾਰੀ ਕਰ ਦਿੱਤਾ ਹੈ ਅਤੇ ਮੇਜ਼ 'ਤੇ ਬੈਠ ਕੇ ਗੱਲ ਕਰਨ ਲਈ ਚੁਣੌਤੀ ਦੇ ਰਿਹਾ ਹੈ, ਜਿਵੇਂ ਮੱਲ-ਯੁੱਧ ਲਈ ਲਲਕਾਰ ਰਿਹਾ ਹੋਵੇ। ਕਦੇ ਸ. ਤਰਲੋਚਨ ਸਿੰਘ ਦੁਪਾਲਪੁਰ ਕੋਲੋਂ ਕਰਮ ਲਈ ਠੋਕਵੇਂ ਜਵਾਬ ਦੀ ਉਮੀਦ ਕਰ ਰਿਹਾ ਹੈ ਅਤੇ ਨਾਲ ਹੀ ਐਸ. ਅਸ਼ੋਕ ਭੌਰਾ ਨੂੰ ਵੀ ਸਤਿ ਸ੍ਰੀ ਅਕਾਲ ਬੁਲਾਈ ਜਾਂਦਾ ਹੈ, ਜਦੋਂ ਕਿ ਇਨ੍ਹਾਂ ਦੋਵਾਂ ਹੀ ਵਿਦਵਾਨਾਂ ਦਾ ਕਾਰਜ ਖੇਤਰ ਹੀ ਵੱਖਰਾ ਹੈ)... ਕਿੱਥੇ ਅਜਮੇਰ ਸਿੰਘ ਦੀਆਂ ਲਿਖੀਆਂ/ਲਿਖਵਾਈਆਂ ਗਈਆਂ ਲਿਖਤਾਂ ਅਤੇ ਕਿੱਥੇ ਦੇਵਿੰਦਰ ਸਿੰਘ ਖਟਕੜ ਦਾ ਬੇਲਜ਼ਤ/ਬੇਸੁਰਾ ਵਿਖਿਆਨ। ਬਾਈ ਅਜਮੇਰ ਸਿੰਘ ਨਾਲ ਅਸੀਂ ਸਹਿਮਤ ਹੋਈਏ ਜਾਂ ਨਾ, ਇਹ ਵੱਖਰੀ ਗੱਲ ਹੈ ਅਤੇ ਕਰਮ ਬਰਸਟ ਉਸ ਨਾਲ ਆਪਣੀ ਅਸਹਿਮਤੀ ਵਾਲੇ ਨੁਕਤੇ ਪੂਰਨ ਸਮਰੱਥਾ ਅਤੇ ਵਿਸਥਾਰ ਨਾਲ ਵਾਰ ਵਾਰ ਦੱਸ ਵੀ ਚੁੱਕਾ ਹੈ ਪਰ ਇਹ ਮੰਨਣ ਵਿਚ ਸਾਨੂੰ ਜਾਂ ਕਿਸੇ ਵੀ ਹੋਰ ਨੂੰ ਕੀ ਇਤਰਾਜ਼ ਹੋ ਸਕਦਾ ਹੈ ਕਿ ਉਹ ਪੰਜਾਬੀ ਭਾਸ਼ਾ ਦਾ ਬੜਾ ਹੀ ਸਮਰੱਥ ਅਤੇ ਪ੍ਰਮਾਣਿਕ ਸ਼ੈਲੀਕਾਰ ਹੈ। ਉਹ ਆਪਣੀਆਂ ਲਿਖਤਾਂ ਵਿਚ ਜਦੋਂ ਕਾਰਤੂਸਾਂ ਵਾਂਗੂ ਦਲੀਲਾਂ ਨੂੰ ਬੀੜਦਾ ਹੈ ਤਾਂ ਸੱਚੀਓਂ ਹੀ ਇਕ ਵਾਰ ਤਾਂ ਡਾਡਾਂ ਕਢਵਾ ਦਿੰਦਾ ਹੈ।

ਫਿਰ ਵੀ ਇਹ ਚੰਗੀ ਗੱਲ ਹੈ ਕਿ ਸ. ਕਰਮਜੀਤ ਸਿੰਘ ਦੀਆਂ ਅਤਿ ਜਜ਼ਬਾਤੀ ਅਤੇ ਭੜਕਾਊ ਲਿਖਤਾਂ ਤੋਂ ਬਾਅਦ ਇਸ ਬਹਿਸ ਵਿਚ ਦੂਸਰੇ ਪਾਸਿਓਂ ਅਜਮੇਰ ਸਿੰਘ ਦੀ ਸਿੱਧੀ ਨਿਗਰਾਨੀ ਤੋਂ ਬਿਨਾ ਵੀ ਕੋਈ ਗੁਸੈਲਾ ਪ੍ਰਤੀਕਰਮ ਆਇਆ ਹੈ।

ਸੰਨ '47 ਦੇ ਖਰਾਬੇ ਅਤੇ ਬਦਨਾਮ ਬਟਵਾਰੇ ਤੋਂ ਬਾਅਦ ਜਵਾਨ ਹੋਈ ਪੰਜਾਬੀਆਂ ਦੀ ਪੀੜ੍ਹੀ 'ਚੋਂ ਰਾਜਨੀਤੀ 'ਚ ਭੋਰਾ ਭਰ ਵੀ ਮੱਸ ਰੱਖਣ ਵਾਲਾ ਸ਼ਾਇਦ ਕੋਈ ਵਿਰਲਾ ਟਾਂਵਾਂ ਹੀ ਇਨਸਾਨ ਹੋਵੇ ਜੋ ਸਿਰਦਾਰ ਕਪੂਰ ਸਿੰਘ ਦੇ ਨੌਕਰੀਓਂ ਵੱਖ ਕੀਤੇ ਜਾਣ ਜਾਂ ਰਘੂਪਤੀ ਕਪੂਰ ਵਰਗੇ ਖੱਬੀਖਾਨ ਅਫਸਰ ਤੇ ਸ. ਪ੍ਰਤਾਪ ਸਿੰਘ ਕੈਰੋਂ ਦੀ ਦੁਸ਼ਮਣੀ ਬਾਰੇ ਪ੍ਰਚਲਿਤ ਹੋਈਆਂ 'ਦੰਤ ਕਥਾਵਾਂ' ਤੋਂ ਅਣਜਾਣ ਹੋਵੇ। ਅਜਿਹੀ ਹੀ ਇਕ ਦੰਤਕਥਾ ਪਾਕਿਸਤਾਨੋਂ ਆ ਕੇ ਕਰਨਾਲ ਜ਼ਿਲ੍ਹੇ ਵਿਚ ਵੱਸੇ ਹਜ਼ਾਰਾ ਸਿੰਘ ਤੇ ਪਿਆਰਾ ਸਿੰਘ ਨਾਂ ਦੇ ਦੋ ਤਕੜੇ ਖੱਬੀਖਾਨ ਭਰਾਵਾਂ ਦੇ ਕੈਰੋਂ ਦੇ ਰਾਜ ਵਿਚ ਝੂਠੇ ਪੁਲਿਸ ਮੁਕਾਬਲੇ ਵਿਚ ਮਾਰ ਖਪਾਏ ਜਾਣ ਬਾਰੇ ਵੀ ਹੈ। ਉਦੋਂ ਕਰਨਾਲ ਜ਼ਿਲ੍ਹੇ ਦਾ ਪੁਲਿਸ ਕਪਤਾਨ ਸ. ਡੀ. ਐਸ. ਗਰੇਵਾਲ ਹੁੰਦਾ ਸੀ। ਲੋਕ ਦੱਸਦੇ ਹਨ ਕਿ ਹਜ਼ਾਰਾ ਤੇ ਪਿਆਰਾ ਦੋਵੇਂ ਭਰਾ ਕੈਰੋਂ ਦੇ ਪਿਆਦੇ ਸਨ ਅਤੇ ਉਹ ਉਨ੍ਹਾਂ ਦੇ ਪੁਲਿਸ ਨਾਲ ਕਥਿਤ ਮੁਕਾਬਲੇ 'ਚ ਮਾਰੇ ਜਾਣ ਦੇ ਸਵਾਲ 'ਤੇ ਡੀ. ਐਸ. ਗਰੇਵਾਲ ਨਾਲ ਵੱਟ ਖਾ ਗਿਆ ਸੀ। ਸਮੇਂ ਸਮੇਂ ਦੀਆਂ ਬਾਤਾਂ ਹਨ। ਆਪਣੇ ਜ਼ਮਾਨੇ ਦੇ ਉਸ ਧਾਕੜ ਪੁਲਿਸ ਕਪਤਾਨ ਵਿਰੁੱਧ ਝੂਠਾ ਮੁਕਾਬਲਾ ਬਣਾਉਣ ਦਾ ਕੇਸ ਦਰਜ ਹੋ ਗਿਆ ਸੀ। ਲੰਮਾ ਕੇਸ ਚੱਲਿਆ ਅਤੇ ਕੇਂਦਰ ਵਿਚੋਂ ਕਈ ਰਸੂਖ ਵਾਲੀਆਂ ਧਿਰਾਂ ਵੀ ਕੈਰੋਂ ਵਿਰੁਧ ਗਰੇਵਾਲ ਦੇ ਹੱਕ ਵਿਚ ਭੁਗਤ ਗਈਆਂ ਸਨ।

ਕੈਰੋਂ ਦੇ ਰਾਜ 'ਚ ਉਨ੍ਹਾਂ ਦੇ ਪੁੱਤਰ ਸੁਰਿੰਦਰ ਸਿੰਘ ਕੈਰੋਂ ਦੇ ਸਰਕਾਰੀ ਨਿਯਮਾਂ ਨਾਲ ਖਿਲਵਾੜ ਕਰਨ; ਸਿਨਮੇ ਵਗੈਰਾ ਬਣਾ ਲੈਣ ਅਤੇ ਹੋਰ ਪਤਾ ਨਹੀਂ ਕੀ-ਕੀ ਕਰੀ ਜਾਣ ਦੀਆਂ ਕਈ ਹੋਰ ਵੀ ਦੰਤਕਥਾਵਾਂ ਪ੍ਰਚਲਿਤ ਸਨ। ਹਜ਼ਾਰਾ ਸਿੰਘ ਗਿੱਲ ਨੂੰ ਸ. ਕੈਰੋਂ ਨੇ ਹੀ ਪਾਲਿਆ ਅਤੇ 'ਬੱਬਰ ਸ਼ੇਰ' ਬਣਾਇਆ ਸੀ ਪਰ ਪਿੱਛੋਂ ਕਿਸੇ ਗਲਤਫਹਿਮੀ ਕਾਰਨ ਉਨ੍ਹਾਂ ਦਾ ਆਪਸ 'ਚ ਵੈਰ ਪੈ ਗਿਆ। ਸਿੱਟਾ ਜੋ ਨਿਕਲਿਆ, ਸਾਰੇ ਪੰਜਾਬੀਆਂ ਨੂੰ ਪਤਾ ਹੈ।

ਫਗਵਾੜੇ ਦੇ ਨੇੜੇ ਉਚੇ ਪਿੰਡ ਦੇ ਨਾਲ ਲਗਦੇ ਨਗਰ ਦੇ ਸੁੱਚੇ ਦੇ ਨਾਂ ਤੋਂ ਭਲਾ ਕੌਣ ਨਹੀਂ ਵਾਕਫ। ਉਸ ਬਾਰੇ ਦੰਤ ਕਥਾ ਹੈ ਕਿ ਉਹ 50ਵਿਆਂ ਤੇ 60ਵਿਆਂ ਦੇ ਸ਼ੁਰੂ ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਦਾ ਨਾਮੀ ਵਿਦਿਆਰਥੀ/ਪਹਿਲਵਾਨ ਸੀ। ਸੁਣਿਆ ਉਸ ਦੀ ਸੁਰਿੰਦਰ ਕੈਰੋਂ ਨਾਲ ਵੀ ਯਾਰੀ ਸੀ। ਪਰ ਵੱਧ ਯਾਰੀ ਉਸ ਦੀ ਅਜੀਤ ਸਿੰਘ ਉਚਾ ਪਿੰਡ ਨਾਂ ਦੇ ਆਪਣੇ ਹੀ ਕਿਸੇ ਹੋਰ ਗਿਰਾਈਂ ਨਾਲ ਸੀ। ਦੰਤਕਥਾ ਅਨੁਸਾਰ ਅਜੀਤ ਸਿੰਘ ਦੀ ਭੈਣ ਪਾਕਿਸਤਾਨ ਵਲੋਂ ਉਜੜ ਕੇ ਆਏ ਹੋਏ ਇਕ ਪਰਿਵਾਰ ਦੇ ਹੀ ਕਸਬਾ ਬੁਤਾਲਾ ਦੇ ਰਣਜੀਤ ਸਿੰਘ ਬੱਲ ਨਾਂ ਦੇ ਸਖਸ਼ ਨਾਲ ਵਿਆਹੀ ਹੋਈ ਸੀ। ਦੋਵੇਂ ਬੇਹੱਦ ਖੁਦਦਾਰ ਸ਼ਖਸੀਅਤ ਵਾਲੇ ਸਨ। ਨਤੀਜਾ ਪਤੀ-ਪਤਨੀ ਦਾ ਤਕਰਾਰ ਸ਼ੁਰੂ ਹੋ ਗਿਆ। ਰਣਜੀਤ ਸਿੰਘ ਬੱਲ ਅਜੀਤ ਸਿੰਘ ਹੱਥੋਂ ਮਾਰਿਆ ਗਿਆ। ਇਸ ਕੇਸ ਵਿਚ ਅਜੀਤ ਸਿੰਘ ਅਤੇ ਉਸ ਦਾ ਬਾਪ ਵੀਰ ਸਿੰਘ-ਦੋਵੇਂ ਫਾਹੇ ਲੱਗ ਗਏ।

ਬਦਕਿਸਮਤੀ ਨਾਲ ਸ. ਕੈਰੋਂ ਦਾ ਬੱਲ ਪਰਿਵਾਰ ਨਾਲ ਪੁਰਾਣਾ ਹੀ ਨੇੜ ਸੀ। ਬਲਕਿ ਦੱਸਣ ਵਾਲੇ ਤਾਂ ਇਹ ਵੀ ਦੱਸਦੇ ਹਨ ਕਿ ਕੈਰੋਂ ਅਤੇ ਰਣਜੀਤ ਦੇ ਬਾਪ ਸ. ਬੇਅੰਤ ਸਿੰਘ ਬੱਲ ਦੀ ਪੱਗ ਵਟੀ ਹੋਈ ਸੀ। ਉਧਰ ਅਜੀਤ ਸਿੰਘ ਦੇ ਜਿਗਰੀ ਯਾਰ ਸੁੱਚੇ 'ਸੂਰਮੇ' ਨੂੰ ਸ਼ੱਕ ਪੈ ਗਿਆ ਕਿ ਅਜੀਤ ਸਿੰਘ ਅਤੇ ਉਸ ਦੇ ਬਾਪ ਨੂੰ ਫਾਹੇ ਲਗਵਾਉਣ ਵਿਚ ਕੈਰੋਂ ਦਾ ਹੱਥ ਲਾਜ਼ਮੀ ਰਿਹਾ ਹੋਵੇਗਾ। ਇਹ ਸ਼ੱਕ ਮੂਲੋਂ ਹੀ ਨਿਰਮੂਲ ਸੀ ਪਰ ਸਰਦਾਰ ਕੈਰੋਂ ਨੂੰ ਆਪਣੇ ਅੱਖੜ ਸੁਭਾਅ ਦੀ ਬਹੁਤ ਵੱਡੀ ਕੀਮਤ ਤਾਰਨੀ ਪਈ।

ਸਾਡੀ ਪੰਜਾਬ ਦੀਆਂ ਯੂਨੀਵਰਸਿਟੀਆਂ 'ਚ ਬੈਠੇ ਬੁੱਧੀਜੀਵੀਆਂ ਅੱਗੇ ਤਜਵੀਜ਼ ਹੈ ਕਿ ਉਹ ਪੰਜਾਬ ਦੇ ਕੈਰੋਂ ਕਾਲ-ਜੋ ਕਿ ਜੇਕਰ ਮਾੜਾ ਸਮਾਂ ਸੀ ਅਤੇ ਕਈ ਪੱਖਾਂ ਤੋਂ ਸੁਨਹਿਰੀ ਕਾਲ ਵੀ ਉਹੋ ਹੀ ਸੀ; ਦੇਵਿੰਦਰ ਸਿੰਘ ਖਟਕੜ ਸ਼ਾਇਦ ਸਹਿਮਤ ਨਾ ਹੋਵੇ ਪਰ ਹੋਰ ਬਥੇਰੇ ਸਿੱਖ/ਪੰਜਾਬੀ ਸਹਿਮਤ ਹੋ ਜਾਣਗੇ ਕਿ ਉਹ ਸਮਾਂ ਅੱਜ ਦੇ ਸਮਿਆਂ ਤੋਂ ਹਜ਼ਾਰਾਂ ਦਰਜੇ ਬੇਹਤਰ ਸਨ-ਨਾਲ ਜੁੜੀਆਂ ਵਿਕਾਸ ਸਕੀਮਾਂ ਬਾਰੇ ਨਾ ਸਹੀ, ਉਸ ਨਾਲ ਸਬੰਧਤ ਦੰਤਕਥਾਵਾਂ ਬਾਰੇ ਜ਼ਰੂਰ ਹੀ ਕੋਈ ਦਸਤਾਵੇਜ਼ ਤਿਆਰ ਕਰਨ। ਉਹ ਆਪਣੀ ਹੀ ਕਿਸਮ ਦਾ ਪੰਜਾਬ ਦਾ ਤੈਹਾਂ ਹੇਠਲਾ ਮੌਖਿਕ ਇਤਿਹਾਸ ਹੋਵੇਗਾ।

ਜੇਕਰ ਉਸ ਕਾਲ ਵਿਚ ਅਜਿਹੀ ਫਿਰਕਾਪ੍ਰਸਤੀ ਪ੍ਰਚੰਡ ਹੁੰਦੀ, ਜਿਸ ਤਰ੍ਹਾਂ ਦੀ ਅਜਮੇਰ ਸਿੰਘ ਆਪਣੀਆਂ ਦਸਤਾਵੇਜ਼ੀ ਪੁਸਤਕਾਂ ਵਿਚ ਦਿਖਾਈ ਜਾਂਦਾ ਹੈ ਤਾਂ ਫਿਰ ਰਘੂਪਤੀ ਕਪੂਰ ਵਰਗੇ ਗੈਰ ਸਿੱਖ ਅਤੇ ਖੁਦਦਾਰ ਅਧਿਕਾਰੀ ਨੇ ਨਾ ਤਾਂ ਸਮੇਂ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਵਿਰੁਧ ਕੈਰੋਂ ਦਾ ਸਾਥ ਦੇਣਾ ਸੀ ਅਤੇ ਨਾ ਹੀ ਸ਼ਹਿਰੀ 'ਹਿੰਦੂ ਸਮਾਜ' ਦੇ ਕਥਿਤ ਭੀਸ਼ਮ ਪਿਤਾਮਾ ਅਖਬਾਰ-ਨਵੀਸ ਲਾਲਾ ਜਗਤ ਨਰਾਇਣ ਵਿਰੁਧ ਹੀ ਲੱਕ ਬੰਨ ਕੇ ਭੁਗਤਣਾ ਸੀ। ਕੀਹਨੂੰ ਨਹੀਂ ਪਤਾ ਕਿ ਗੱਲ ਜੇਕਰ ਭੱਦਰ ਸਿਆਸਤ ਦੀ ਹੀ ਕਰਨੀ ਹੈ ਤਾਂ ਭੀਮ ਸੈਨ ਸੱਚਰ ਬਹੁਤ ਹੀ ਇਮਾਨਦਾਰ ਅਤੇ ਸ਼ੁੱਧ ਸਿਆਸਤਦਾਨ ਸੀ।

ਚੰਗਾ ਰਹੇ ਕਿ ਦੇਵਿੰਦਰ ਸਿੰਘ ਖਟਕੜ ਸਿਰਦਾਰ ਕਪੂਰ ਸਿੰਘ ਅਤੇ ਰਘੂਪਤੀ ਕਪੂਰ ਦੇ ਕੇਸਾਂ ਨੂੰ ਆਪਸ ਵਿਚ ਖਲਤ ਮਲਤ ਨਾ ਹੀ ਕਰੇ। ਦੋਵਾਂ ਕੇਸਾਂ ਵਿਚ ਹੀ ਅੰਦਰਲੀਆਂ ਗੱਲਾਂ ਹੋਰ ਸਨ।

ਉਦਾਹਰਣ ਦੇ ਤੌਰ 'ਤੇ ਮੈਨੂੰ ਯਾਦ ਆ ਰਹੀ ਹੈ, ਅੱਜ ਤੋਂ 15-20 ਵਰ੍ਹੇ ਪਹਿਲਾਂ ਕਰਨਾਲ ਦੇ ਉਘੇ ਐਡਵੋਕੇਟ ਸ. ਜੋਗਿੰਦਰ ਸਿੰਘ ਚੀਮਾ ਨਾਲ ਇਸੇ ਸਵਾਲ 'ਤੇ ਹੋਈ ਗੱਲਬਾਤ। ਮੈਂ ਕਿਸੇ ਨਿੱਜੀ ਕੰਮ ਲਈ ਸਵੇਰੇ ਸਵੇਰੇ ਆਪਣੇ ਇਕ ਮਿੱਤਰ ਨੂੰ ਨਾਲ ਲੈ ਕੇ ਸਾਬਕਾ ਐਡਵੋਕੇਟ ਜਨਰਲ ਰਜਿੰਦਰ ਸਿੰਘ ਚੀਮਾ ਨੂੰ ਮਿਲਣ 18 ਸੈਕਟਰ, ਚੰਡੀਗੜ੍ਹ ਵਿਚਲੀ ਉਨ੍ਹਾਂ ਦੀ ਕੋਠੀ ਗਿਆ ਸਾਂ। ਉਦੋਂ ਉਹ ਐਡਵੋਕੇਟ ਜਨਰਲ ਅਜੇ ਨਹੀਂ ਬਣਿਆ ਸੀ। ਐਤਵਾਰ ਦਾ ਦਿਨ ਸੀ। ਰਜਿੰਦਰ ਸਿੰਘ ਚੀਮਾ ਤਾਂ ਮਿਲੇ ਨਾ ਪ੍ਰੰਤੂ ਉਨ੍ਹਾਂ ਦੇ ਬਜ਼ੁਰਗ ਪਿਤਾ ਸ. ਜੋਗਿੰਦਰ ਸਿੰਘ ਚੀਮਾ ਨਾਲ ਮੁਲਾਕਾਤ ਹੋ ਗਈ। ਦੋ ਕੁ ਮਿੰਟ ਗੱਲਾਂ ਕਰਨ ਤੋਂ ਬਾਅਦ ਹੀ ਪਤਾ ਲੱਗ ਗਿਆ ਸੀ ਕਿ ਬਜ਼ੁਰਗ ਚੀਮਾ ਸਧਾਰਨ ਵਕੀਲ ਨਹੀਂ ਸੀ ਬਲਕਿ ਉਹ ਸੰਨ 47 ਵਾਲੀ ਵੰਡ ਤੋਂ ਪਹਿਲਾਂ ਤੇ ਵੰਡ ਤੋਂ ਬਾਅਦ ਅਤੇ ਫਿਰ ਸੰਨ 1966 ਵਾਲੀ ਵੰਡ ਤੋਂ ਪਹਿਲਾਂ ਅਤੇ ਇਸ ਵੰਡ ਤੋਂ ਪਿੱਛੋਂ ਦੇ ਸਮਿਆਂ ਦੇ ਪੰਜਾਬ ਦਾ ਜਿਉਂਦਾ ਜਾਗਦਾ ਇਤਿਹਾਸ ਸੀ। ਉਨ੍ਹਾਂ ਦਾ ਸਰਦਾਰ ਕੈਰੋਂ ਨਾਲ ਨਿੱਘਾ ਯਾਰਾਨਾ ਸੀ ਅਤੇ ਉਹ ਯਾਰਾਨਾ ਪਿਆ ਵੀ ਹਜ਼ਾਰਾ-ਪਿਆਰਾ ਭਰਾਵਾਂ ਦੇ ਪੁਲਿਸ ਮੁਕਾਬਲੇ 'ਚ ਮਾਰੇ ਜਾਣ ਤੋਂ ਬਾਅਦ ਹੀ ਸੀ।

ਕੈਰੋਂ ਦੀ ਗੱਲ ਸ਼ੁਰੂ ਹੁੰਦੇ ਸਾਰ ਸ. ਚੀਮਾ ਤਕੜੇ ਜਲੌ ਵਿਚ ਆ ਗਏ ਸਨ। ਉਨ੍ਹਾਂ ਦੇ ਵਾਕ 'ਨਹੀਂ ਮਿਲਣਾ, ਪੰਜਾਬ ਨੂੰ ਮੁੜ ਕੇ ਉਹੋ ਜਿਹਾ ਜਰਨੈਲ ਨਹੀਂ ਮਿਲਣਾ' ਅੱਜ ਵੀ ਮੇਰੇ ਮਨ ਅੰਦਰ ਗੂੰਜ ਰਹੇ ਹਨ। ਮੈਂ ਖੁਦ ਇਸ ਗੱਲ ਨਾਲ ਸਹਿਮਤ ਤਾਂ ਨਹੀਂ ਪਰ ਮੈਨੂੰ ਯਾਦ ਹੈ ਕਿ ਇਹੋ ਗੱਲ ਮਹਿੰਦਰ ਸਿਘ ਰੰਧਾਵਾ ਵੀ ਮਰਦੇ ਦਮ ਤੱਕ ਕਹਿੰਦੇ ਰਹੇ।

ਹਜ਼ਾਰਾ ਅਤੇ ਪਿਆਰਾ-ਦੋਵੇਂ ਸਰਦਾਰ ਕੈਰੋਂ ਦੇ ਸਧਾਰਨ ਪਿਛਲੱਗ ਨਹੀਂ ਸਨ। ਬਲਕਿ ਉਹ ਵਿਰਕ ਟੱਪੇ ਦੇ ਤਕੜੇ ਵਿਓਂ ਵਾਲੇ ਨਰ ਜੱਟ ਸਨ। ਕਰਨਾਲ ਜ਼ਿਲ੍ਹੇ ਦਾ ਬੱਚਾ ਬੱਚਾ ਅੱਜ ਵੀ ਜਾਣਦਾ ਹੈ ਕਿ ਉਹ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਸਨ। ...ਤੇ ਜਰਾ ਸੋਚੋ ਕਿ ਉਹ ਕੇਹੇ 'ਭਲੇ ਦਿਨ' ਹੋਣਗੇ ਜਦੋਂ ਪੰਜਾਬ ਦਾ ਧੱਕੜ ਮੁੱਖ ਮੰਤਰੀ ਉਨ੍ਹਾਂ ਪੁਲਿਸ ਮੁਕਾਬਲਿਆਂ ਦੇ ਵਿਰੁਧ ਆਪਣੇ ਹੀ ਪੁਲਿਸ ਕਪਤਾਨ ਦੇ ਵਿਰੁਧ ਡਟਵਾਂ ਸਟੈਂਡ ਲੈ ਰਿਹਾ ਸੀ। ਪੁਲਿਸ ਕਪਤਾਨ ਡੀ.ਐਸ. ਗਰੇਵਾਲ ਨਾਲ ਇਸੇ ਗੱਲੋਂ ਤਾਂ ਉਸ ਦੀ ਖੜਕ ਪਈ ਸੀ। ਮੈਡਮ ਇੰਦਰਾ ਗਾਂਧੀ ਦਾ ਪਤੀ ਫਿਰੋਜ਼ ਗਾਂਧੀ ਉਨ੍ਹੀਂ ਦਿਨੀ 'ਨੈਸ਼ਨਲ ਹੈਰਲਡ' ਅਖਬਾਰ ਦਾ ਮਾਲਕ ਸੀ। ਉਹ ਹਰ ਰੋਜ਼ ਪੰਜਾਬ ਵਿਚ 'ਕੈਰੋਂਸ਼ਾਹੀ' ਆਖ ਕੇ ਸਰਦਾਰ ਕੈਰੋਂ ਦੇ ਵਿਰੁਧ ਧੜਾਧੜ ਲੇਖ ਲਿਖੀ ਜਾ ਰਿਹਾ ਸੀ। ਪਾਰਲੀਮੈਂਟ ਵਿਚ ਉਸ ਨੇ ਇਸ ਸਵਾਲ 'ਤੇ ਤਕੜਾ ਹੋ ਹੱਲਾ ਮਚਾਇਆ ਹੋਇਆ ਸੀ।

ਜੋਗਿੰਦਰ ਸਿੰਘ ਚੀਮਾ ਦੇ ਦੱਸਣ ਅਨੁਸਾਰ ਫਿਰੋਜ਼ ਗਾਂਧੀ ਨੂੰ ਕੈਰੋਂ ਦੇ ਗਲੋਂ ਉਨ੍ਹਾਂ ਨੇ ਹੀ ਫਿਰੋਜ਼ ਗਾਂਧੀ ਨਾਲ ਬੜੇ ਨਾਟਕੀ ਤਰੀਕੇ ਨਾਲ ਮੁਲਾਕਾਤ ਕਰਕੇ ਅਤੇ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਹਜ਼ਾਰੇ-ਪਿਆਰੇ ਦੇ 'ਪੁਲਿਸ ਕਤਲ' ਦੇ ਬਾਰੀਕ ਨੁਕਤੇ ਸਾਮ੍ਹਣੇ ਲਿਆ ਕੇ ਲਾਹਿਆ ਸੀ। ਹੈਰਾਨੀ ਦੀ ਗੱਲ ਹੈ ਕਿ ਫਿਰੋਜ ਗਾਂਧੀ ਜੋ ਕਿ ਵੱਡੇ ਚੀਮਾ ਸਾਹਿਬ ਨੂੰ ਪਹਿਲਾਂ ਮਿਲਣ ਦਾ ਸਮਾਂ ਤੱਕ ਨਹੀਂ ਦੇ ਰਿਹਾ ਸੀ, ਉਨ੍ਹਾਂ ਦੀ ਗੱਲਬਾਤ ਤੋਂ ਇਤਨਾ ਸ਼ਾਂਤ ਹੋ ਗਿਆ ਕਿ ਉਸ ਨੇ ਅਗਲੇ ਹੀ ਦਿਨ 'ਨੈਸ਼ਨਲ ਹੈਰਲਡ' ਅਖਬਾਰ ਵਿਚ ਸਰਦਾਰ ਕੈਰੋਂ ਨਾਲ ਬੇਇਨਸਾਫੀ ਕਰ ਬੈਠਣ ਲਈ ਸ਼ਰੇਆਮ ਲਿਖਤੀ ਅਫਸੋਸ ਪ੍ਰਗਟਾ ਦਿੱਤਾ ਸੀ।

ਸ. ਜੋਗਿੰਦਰ ਸਿੰਘ ਚੀਮਾ ਦੇ ਨਿਰਣਿਆਂ ਨਾਲ ਭਾਵੇਂ ਸਾਡੀ ਸਹਿਮਤੀ ਨਹੀਂ ਹੈ। ਫਿਰ ਵੀ ਕੈਰੋਂ ਦੇ ਜ਼ਮਾਨਿਆਂ ਦਾ 'ਰੁਮਾਂਸ' ਹੀ ਵੱਖਰਾ ਸੀ। ਘੱਟੋ ਘੱਟ ਉਂਜ ਦੀ ਸ਼ਾਇਦ ਕੋਈ ਗੱਲ ਨਹੀਂ ਸੀ, ਜਿਵੇਂ ਦੀ ਦੇਵਿੰਦਰ ਖਟਕੜ ਦੱਸ ਰਿਹਾ ਹੈ। ਦੇਵਿੰਦਰ ਖਟਕੜ ਨੂੰ ਸਾਡੀ ਮੁੜ ਸ. ਬਲਕਾਰ ਸਿੰਘ ਵਾਲੀ ਹੀ ਉਹੋ ਸਲਾਹ ਹੈ, 'ਏਤਰਾਂ ਨਾ ਕਰੋ ਯਾਰੋ-ਨਾ ਕਰੋ ਏਤਰਾਂ!!' ਨਾਲੇ ਉਵੇਂ ਵੀ ਉਹ ਤਾਂ ਗੱਲਾਂ ਹੀ ਹੋਰ ਸਨ। !!!

*ਹਿਤੂ*
*ਡਾ. ਸੁਰਜੀਤ ਸਿੰਘ*

# ਬਥੇਰਾ ਸੰਤਾਪ ਹੰਢਾ ਲਿਆ ਹੈ ਪੰਜਾਬ ਨੇ, ਹੁਣ ਬਸ ਕਰੋ

ਸੰਪਾਦਕ ਜੀ,

ਪੰਜਾਬ ਟਾਈਮਜ਼ ਜਦੋਂ ਤੋਂ ਨਿਊ ਯਾਰਕ ਵਿਚ ਮਿਲਣੀ ਸ਼ੁਰੂ ਹੋਈ ਹੈ, ਮੈਂ ਲਗਾਤਾਰ ਇਸ ਦਾ ਪਾਠਕ ਹਾਂ ਅਤੇ ਇਸ ਦੇ ਹਰ ਅਗਲੇ ਅਡੀਸ਼ਨ ਦੀ ਬੇਸਬਰੀ ਨਾਲ ਉਡੀਕ ਕਰਦਾ ਹਾਂ। ਪਿਛਲੇ ਕੁਝ ਸਮੇਂ ਤੋਂ ਪੰਜਾਬ ਟਾਈਮਜ਼ ਦੇ ਪੰਨਿਆਂ 'ਤੇ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਚੱਲ ਰਹੀ ਬਹਿਸ ਵੀ ਮੈਂ ਲਗਾਤਾਰ ਪੜ੍ਹਦਾ ਆ ਰਿਹਾ ਹਾਂ। ਮੇਰਾ ਖਿਆਲ ਹੈ ਕਿ ਪੰਜਾਬ ਨੇ 1980ਵਿਆਂ ਅਤੇ 90ਵਿਆਂ ਦੌਰਾਨ ਜੋ ਸੰਤਾਪ ਹੰਢਾਇਆ ਹੈ, ਉਸ ਨੂੰ ਵਾਰ ਵਾਰ ਯਾਦ ਕਰਵਾਉਣ ਦੀ ਲੋੜ ਨਹੀਂ ਕਿਉਂਕਿ ਜਿਸ ਉਤੇ ਇਹ ਕਹਿਰ ਬੀਤਿਆ ਹੈ, ਉਸੇ ਨੂੰ ਹੀ ਪਤਾ ਹੈ ਕਿ ਇਹ ਕਹਿਰ ਕੀ ਸੀ? ਕਿਸੇ ਬੇਗਾਨੇ ਨੇ ਕਿਸੇ ਦੀ ਬਾਂਹ ਨਹੀਂ ਫੜ੍ਹੀ। ਖੈਰ, ਸਾਨੂੰ ਅੱਜ ਦੇ ਸਮੇਂ ਵਿਚ 1857 ਤੱਕ ਪਹੁੰਚਣ ਦੀ ਲੋੜ ਨਹੀਂ ਕਿ ਆਜ਼ਾਦੀ ਦੀ ਲੜਾਈ ਦੇ ਕੀ ਕਾਰਨ ਸਨ ਤੇ ਇਹ ਫੇਲ੍ਹ ਕਿਉਂ ਹੋਈ, ਨਾ ਹੀ ਸਾਨੂੰ 1699 ਤੱਕ ਪਹੁੰਚਣ ਦੀ ਲੋੜ ਹੈ। ਸਭ ਜਾਣਦੇ ਹਨ ਕਿ ਉਹ ਸਮਾਂ ਕੈਸਾ ਸੀ।

ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਚੱਲ ਰਹੀ ਇਸ ਬਹਿਸ ਪ੍ਰਤੀ ਇਕ ਰਵੱਈਆ ਇਹ ਹੋ ਸਕਦਾ ਹੈ ਕਿ ਦੋਹਾਂ ਧਿਰਾਂ ਨੇ ਆਪੋ ਆਪਣੀ ਗੱਲ ਕਹਿੰਦੇ ਰਹਿਣਾ ਹੈ ਅਤੇ ਅੰਤ ਇਸ ਵਿਚੋਂ ਕੁਝ ਨਹੀਂ ਨਿਕਲਣਾ ਪਰ ਦੂਜੇ ਪਾਸੇ ਇਹ ਵਿਚਾਰ ਵੀ ਹੈ ਕਿ ਪੰਜਾਬ ਅਤੇ ਸਿੱਖ ਪੰਥ ਨੂੰ ਦਰਪੇਸ਼ ਮਸਲਿਆਂ ਉਤੇ ਵੱਖ ਵੱਖ ਵਿਚਾਰ ਪੜ੍ਹ ਕੇ ਪਾਠਕਾਂ ਨੂੰ ਸਹੀ ਰਾਹ ਚੁਣਨ ਦਾ ਮੌਕਾ ਮਿਲੇਗਾ। ਮੈਨੂੰ ਕਰਮ ਬਰਸਟ, ਡਾ. ਬਲਕਾਰ ਸਿੰਘ, ਹਰਪਾਲ ਸਿੰਘ ਪੰਨੂ ਅਤੇ ਅਭੈ ਸਿੰਘ ਦੇ ਵਿਚਾਰ ਪੜ੍ਹ ਕੇ ਸੱਚਮੁੱਚ ਹੀ ਬਹੁਤ ਗਿਆਨ ਹਾਸਲ ਹੋਇਆ ਹੈ।

ਸੱਚ ਕੌੜਾ ਹੁੰਦਾ ਹੈ ਪਰ ਸਾਲਾਂ ਬਾਅਦ ਸੱਚ ਆਪਣਾ ਰੰਗ ਵਿਖਾ ਜਾਂਦਾ ਹੈ। ਮੈਂ ਇਥੇ ਪੱਤਰਕਾਰ ਸ. ਦਲਬੀਰ ਸਿੰਘ ਗੰਨਾ ਪਿੰਡ ਦੀ ਪੁਸਤਕ 'ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ' ਦਾ ਜ਼ਿਕਰ ਕਰਨਾ ਚਾਹਾਂਗਾ। ਇਸ ਪੁਸਤਕ ਵਿਚ ਸ. ਦਲਬੀਰ ਸਿੰਘ ਨੇ ਲਿਖਿਆ ਹੈ ਕਿ ਉਨ੍ਹਾਂ ਇਕ ਵਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਆਪਣੀ ਅਖਬਾਰ ਕੱਢਣ ਲਈ ਦਲੀਲ ਦਿੱਤੀ। ਸੰਤਾਂ ਨੇ ਅੱਗੋਂ ਪੁੱਛਿਆ ਕਿ ਖਰਚਾ ਕਿੰਨਾ ਆਵੇਗਾ? ਸ. ਦਲਬੀਰ ਸਿੰਘ ਦੀ ਜ਼ੁਬਾਨੀ, ਉਨ੍ਹਾਂ ਦੱਸਿਆ ਕਿ ਦੋ ਕਰੋੜ ਰੁਪਏ। ਸੰਤਾਂ ਨੇ ਫਿਰ ਕਿਹਾ ਕਿ ਇੰਨੇ ਪੈਸਿਆਂ ਨਾਲ ਕਿੰਨੀਆਂ ਏ.ਕੇ. ਸੰਤਾਲੀ ਆਉਣਗੀਆਂ? ਦਲਬੀਰ ਸਿੰਘ ਹੋਰੀਂ ਸੋਚੀਂ ਪੈ ਗਏ। ਸੰਤਾਂ ਨੇ ਆਖਿਆ, ਪ੍ਰੈਸ ਲਾਉਣ ਦੀ ਕੀ ਲੋੜ ਹੈ? ਜਦੋਂ 2-4 ਮੁਕਾਬਲੇ ਕਿਸੇ ਪੁਲ ਉਤੇ ਹੋਏ ਤਾਂ ਮੀਡੀਆ ਤਾਂ ਆਪੇ ਇਕੱਠਾ ਹੋ ਜਾਏਗਾ। ਇਹ ਉਹ ਚੀਜ਼ ਹੈ ਜੋ ਦਲਬੀਰ ਸਿੰਘ ਹੋਰਾਂ ਆਪ ਲਿਖੀ ਹੈ।

ਮੇਰੇ ਮਨ 'ਚ ਸਵਾਲ ਉਠਦਾ ਹੈ ਕਿ ਮੁਕਾਬਲੇ ਕਿਨ੍ਹਾਂ ਨਾਲ? ਹਾਂ ਜਿਨ੍ਹਾਂ ਦੇ ਮੁਕਾਬਲੇ ਹੋਏ ਹਨ, ਮਰਨ ਅਤੇ ਮਾਰਨ ਵਾਲਿਆਂ-ਦੋਹਾਂ ਦੀ ਬਰਬਾਦੀ ਹੋਈ ਹੈ। ਕਈ ਮਾਂਵਾਂ ਉਨ੍ਹਾਂ ਦੀ ਰਾਹ ਤਕਦੀਆਂ ਹੀ ਇਸ ਜਹਾਨੋਂ ਤੁਰ ਗਈਆਂ। ਇਸ ਵਿਸ਼ੇ 'ਤੇ ਬਹੁਤ ਕੁਝ ਲਿਖਿਆ ਜਾ ਚੁਕਾ ਹੈ ਸਿਰਫ ਸੰਜੀਦਗੀ ਨਾਲ ਗੌਰ ਕਰਨ ਦੀ ਲੋੜ ਹੈ। ਅੱਜ ਸਿੱਖ ਕੌਮ ਨੂੰ ਆਪਣੇ ਹਿੱਤਾਂ ਲਈ ਜਾਗਰੂਕ ਹੋਣ ਦੀ ਲੋੜ ਤਾਂ ਹੈ ਪਰ ਜ਼ਹਿਰ ਘੋਲਦੀਆਂ ਲਿਖਤਾਂ ਰਾਹੀਂ ਹੋਰ ਵੰਡੀਆਂ ਪਾਉਣ ਅਤੇ ਮੁਸੀਬਤਾਂ ਪੈਦਾ ਕਰਨ ਦੀ ਨਹੀਂ। ਮੇਰੀ ਬੇਨਤੀ ਹੈ, ਪੰਜਾਬ ਨੇ ਬਥੇਰਾ ਸੰਤਾਪ ਹੰਢਾ ਲਿਆ ਹੈ, ਹੁਣ ਬਸ ਕਰੋ। ਮੇਰੀ ਸਭ ਲੇਖਕਾਂ ਨੂੰ ਬੇਨਤੀ ਹੈ ਕਿ ਇਸ ਬਹਿਸ ਨੂੰ ਨਿਜੀ ਬਹਿਸ ਨਾ ਬਣਾਇਆ ਜਾਵੇ, ਸਗੋਂ ਇਸ ਗੱਲ ਉਤੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਏ ਕਿ ਖਾੜਕੂ ਲਹਿਰ ਦੌਰਾਨ ਕਿਥੇ ਗਲਤੀਆਂ ਹੋਈਆਂ ਅਤੇ ਪੰਜਾਬ ਨੂੰ ਮੁੜ ਅਜਿਹੇ ਸੰਤਾਪ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ? ਸਮੇਂ ਨੂੰ ਸੇਧ ਦੇਣ ਦੀ ਥਾਂ ਸਾਨੂੰ ਖੁਦ ਆਪਣੇ ਆਪ ਨੂੰ ਸੇਧ ਦੇਣ ਦੀ ਲੋੜ ਹੈ।

*-ਹਰਬੰਸ ਬੱਧਣ, ਨਿਊ ਯਾਰਕ*
*ਫੋਨ:646-361-8676*

# 'ਸਾਨੂੰ ਕੀ' ਦੀ ਸੌੜੀ ਸੋਚ ਵਿਚ ਗਲਤਾਨ ਪੰਜਾਬੀ...

**ਸੁਖਦੀਪ ਗਿੱਲ ਮੋਗਾ***

ਸੂਰਬੀਰ, ਦਲੇਰ, ਅਣਖੀਲੇ ਤੇ ਹੱਕਾਂ ਦੇ ਰਾਖੇ ਅਖਵਾਉਣ ਵਾਲੇ ਪੰਜਾਬੀ ਅੱਜ ਇਸ ਕਦਰ ਸਵਾਰਥੀ ਹੋ ਗਏ ਨੇ ਕਿ ਮੈਨੂੰ ਇਹ ਕਹਿਣ ਵਿਚ ਰੱਤੀ ਭਰ ਵੀ ਝਿਜਕ ਨਹੀਂ ਕਿ ਉਨ੍ਹਾਂ ਦੀ ਸੋਚ ਬੌਣੀ ਹੋ ਗਈ ਹੈ। ਕਿਸੇ ਵੇਲੇ ਲੋਕ ਲਹਿਰਾਂ ਪ੍ਰਚੰਡ ਕਰਨ ਵਾਲੇ ਅੱਜ ਨਿੱਜੀ ਸਵਾਰਥਾਂ ਖਾਤਰ ਭਿੱਜੀ ਬਿੱਲੀ ਬਣੇ ਬੈਠੇ ਨੇ। ਆਪਣੇ ਘਰ ਸਾਫ ਰੱਖਣ ਤੱਕ ਸੀਮਿਤ ਹੋਏ ਉਹ ਆਪਣੇ ਘਰ ਦੇ ਬੂਹੇ ਅੱਗੇ ਲੱਗੇ ਕੂੜੇ ਦੇ ਢੇਰ ਨੂੰ ਤੱਕਣਾ ਤੱਕ ਨਹੀਂ ਚਾਹੁੰਦੇ, ਸਾਫ ਕਰਨਾ ਤਾਂ ਦੂਰ ਦੀ ਗੱਲ ਹੈ। ਆਖਰ ਕਿਉਂ?

ਆਖਰ ਕੀ ਵਜ੍ਹਾ ਹੈ ਜਿਸ ਨੇ ਸਾਡੀ ਸੋਚ ਖੁੰਡੀ ਕਰ ਛੱਡੀ ਤੇ ਸਾਨੂੰ ਚੰਗੇ ਮਾੜੇ ਦੀ ਪਰਖ ਭੁੱਲ ਗਈ। ਕੀ ਅਸੀਂ ਕੁਰਸੀ ਦੀ ਸਿਆਸਤ 'ਚ ਇੰਨੇ ਮਗਨ ਹੋ ਚੁੱਕੇ ਹਾਂ ਕਿ ਇਸ ਤੋਂ ਬਿਨਾ ਕੁਝ ਨਜ਼ਰ ਹੀ ਨਹੀਂ ਆਉਂਦਾ। ਹਕੀਕਤ ਇਹ ਹੈ ਕਿ ਪੰਜਾਬ ਅੰਦਰੋਂ ਖੋਖਲਾ ਹੋ ਚੁੱਕਾ ਹੈ ਦੋਸਤੋ। ਕੁਝ ਅਖੌਤੀ ਲੀਡਰਾਂ ਵੱਲੋਂ ਪੰਜਾਬ ਦੇ ਖੁਸ਼ਹਾਲ ਹੋਣ ਦਾ ਰੌਲਾ ਪਾਇਆ ਜਾ ਰਿਹਾ ਹੈ ਜੋ ਇੱਕ ਲੱਕੜ ਦੇ ਮੁੰਡੇ ਤੋਂ ਵੱਧ ਕੁਝ ਨਹੀਂ। ਜੇ ਪੰਜਾਬ ਖੁਸ਼ਹਾਲ ਹੁੰਦਾ ਤਾਂ ਅੱਜ ਮੁੰਡੇ-ਕੁੜੀਆਂ ਨੂੰ ਇੰਗਲੈਂਡ ਦੇ ਕੂੜੇਦਾਨਾਂ ਵਿਚ ਨਾ ਸੌਣਾ ਪੈਂਦਾ, ਕੁਆਰੀਆਂ ਧੀਆਂ ਦਾ ਬਾਪ ਫਾਹਾ ਲੈ ਕੇ ਜ਼ਿੰਦਗੀ ਦੀ ਖੇਡ ਨਾ ਹਾਰਦਾ, ਗੱਭਰੂ ਨਸ਼ੇ ਕਰਨ ਦੀ ਥਾਂ ਵਧੀਆ ਕੰਮ ਧੰਦਿਆਂ ਵਿਚ ਲੱਗੇ ਹੁੰਦੇ, ਅੱਸੀ ਸਾਲ ਦਾ ਬਾਬਾ ਦਿਹਾੜੀ ਲਾਉਣ ਲਈ ਮੋਗੇ ਦੇ ਨੀਵੇਂ ਪੁਲ ਕੋਲ ਆ ਕੇ ਨਾ ਬੈਠਦਾ। ਜੋ ਸਿਆਸਤ ਇਸ ਵੇਲੇ ਪੰਜਾਬ 'ਚ ਹੋ ਰਹੀ ਹੈ ਉਹ ਮਾੜੇ ਨੂੰ ਕਦੀ ਵੀ ਤਕੜਾ ਨਹੀਂ ਹੋਣ ਦੇਵੇਗੀ। ਇੱਕ ਨਾਇਕ ਉਭਰ ਕੇ ਆਇਆ ਹੈ ਤੇ ਪੰਜਾਬ ਲਈ ਆਪਣੇ ਦਿਲਾਂ ਅੰਦਰ ਤੜਫ ਰੱਖਣ ਵਾਲੇ ਪੰਜਾਬੀ ਉਸ ਨਾਇਕ ਦੇ ਦਲੇਰਾਨਾ ਕਦਮ ਦੀ ਸ਼ਲਾਘਾ ਕਰਦੇ ਨੇ।

ਹੁਣ ਸਾਡਾ ਵੀ ਫਰਜ਼ ਹੈ ਕਿ ਅਸੀਂ ਨਿੱਜੀ ਹਿੱਤਾਂ ਤੋਂ ਉਤੇ ਉਠ ਕੇ ਕੋਈ ਉਪਰਾਲਾ ਕਰੀਏ ਤੇ ਸਮਾਜ ਨੂੰ ਸੱਭਿਅਕ ਰੂਪ ਦੇਣ ਵਿਚ ਬਣਦਾ ਯੋਗਦਾਨ ਪਾਈਏ। ਇੱਕ ਢਾਡੀ ਸਿੰਘ ਦੀ ਆਖੀ ਗੱਲ ਯਾਦ ਆ ਰਹੀ ਹੈ ਕਿ ਜੇ ਊਧਮ ਸਿੰਘ ਦੀ ਸੋਚ ਨੂੰ ਵੀ ਸਵਾਰਥ ਦਾ ਘੁਣ ਲੱਗਾ ਹੁੰਦਾ ਤਾਂ ਅੱਜ ਪੰਜਾਬੀ ਹਿੱਕ ਤਾਣ ਕੇ ਲੰਡਨ ਦੀਆਂ ਗਲੀਆਂ ਵਿਚ ਨਾ ਘੁੰਮਦੇ। ਜਲ੍ਹਿਆਂਵਾਲੇ ਬਾਗ ਦੇ ਗੋਲੀ ਕਾਂਡ ਵਿਚ ਨਾ ਉਸ ਦਾ ਪਿਉ ਮੋਇਆ ਸੀ, ਨਾ ਉਸ ਦਾ ਚਾਚਾ ਤੇ ਨਾ ਕੋਈ ਹੋਰ ਰਿਸ਼ਤੇਦਾਰ ਪਰ ਦੇਖੋ ਉਸ ਅਣਖੀਲੇ ਪੰਜਾਬੀ ਨੇ ਸਾਰੇ ਦੇਸ਼ਵਾਸੀਆਂ ਨੂੰ ਆਪਣੇ ਰਿਸ਼ਤੇਦਾਰ ਮੰਨਿਆ ਤੇ ਉਨ੍ਹਾਂ ਦਾ ਬਦਲਾ 21 ਸਾਲਾਂ ਪਿਛੋਂ ਲੰਡਨ 'ਚ ਜਨਰਲ ਓਡਵਾਇਰ ਨੂੰ ਮਾਰ ਕੇ ਲਿਆ। ਸਲਾਮ ਹੈ ਉਸ ਯੋਧੇ ਦੀ ਸੋਚ ਨੂੰ।

ਭਗਤ ਸਿੰਘ ਦੇ ਜਨਮ ਦਿਹਾੜੇ ਜਾਂ ਸ਼ਹੀਦੀ ਦਿਵਸ 'ਤੇ ਓਹਦੇ ਵਰਗੀ ਦਿੱਖ ਬਣਾਉਣ ਨਾਲ ਭਗਤ ਸਿੰਘ ਦੇ ਸੁਪਨੇ ਪੂਰੇ ਨਹੀਂ ਹੋਣ ਲੱਗੇ। ਕਦੇ ਇਹ ਪਤਾ ਕਰਨ ਦਾ ਹੀਲਾ ਵੀ ਕਰ ਲਿਆ ਕਰੋ ਕਿ ਭਗਤ ਸਿੰਘ ਚਾਹੁੰਦਾ ਕੀ ਸੀ? ਕਿਸੇ ਸਾਜਿਸ਼ ਅਧੀਨ ਭਗਤ ਸਿੰਘ ਨੂੰ ਅਤਿਵਾਦੀ ਬਣਾ ਕੇ ਪੇਸ਼ ਕਰਨ ਵਾਲੇ ਇਹ ਕਿਉਂ ਨਹੀਂ ਦੱਸਦੇ ਕਿ ਉਹ ਇੱਕ ਫਿਲਾਸਫਰ ਵੀ ਸੀ। ਅਸੀਂ ਭਗਤ ਸਿੰਘ ਦੇ ਵਾਰਸ ਤਾਂ ਹਾਲੇ ਵੀ ਉਸ ਨੂੰ ਟੋਪੀ ਅਤੇ ਪੱਗ ਦੀ ਲੜਾਈ ਵਿਚ ਮਧੋਲੀ ਫਿਰਦੇ ਹਾਂ, ਉਹਦੀ ਸੋਚ 'ਤੇ ਪਹਿਰਾ ਦੇਣਾ ਤਾਂ ਦੂਰ ਦੀ ਗੱਲ ਹੈ। ਇੱਕ ਗੱਲ ਮੈਂ ਦਾਅਵੇ ਨਾਲ ਆਖਦਾਂ ਕਿ ਜੇ ਅਸੀਂ ਆਪਣੀ ਖੁੰਡੀ ਹੋ ਚੁੱਕੀ ਸੋਚ ਨੂੰ ਤਰਕ ਦੀ ਸਾਣ 'ਤੇ ਨਾ ਚੜ੍ਹਾਇਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮੁਆਫ ਨਹੀਂ ਕਰਨਗੀਆਂ। ਅੱਜ ਭ੍ਰਿਸ਼ਟਾਚਾਰ, ਬੇਈਮਾਨੀ, ਨਸ਼ਾਖੋਰੀ, ਮੌਕਾਪ੍ਰਸਤੀ ਵਰਗੀਆਂ ਬੀਮਾਰੀਆਂ ਦਾ ਬੋਲਬਾਲਾ ਹੈ। ਪੰਜਾਬ ਅੱਜ ਮਜਬੂਤ ਸਹਾਰਿਆਂ ਦੀ ਆਸ ਤੁਹਾਡੇ ਕੋਲੋਂ ਲਾਈ ਬੈਠਾ ਹੈ ਕਿ ਮੇਰੇ ਅਣਖੀਲੇ ਪੰਜਾਬੀ ਮੈਨੂੰ ਇਸ ਤਰ੍ਹਾਂ ਬੇ-ਕਦਰ ਨਹੀਂ ਹੋਣ ਦੇਣਗੇ। ਰੈਲੀਆਂ 'ਚ ਤਾੜੀਆਂ ਮਾਰਨ ਦੀ ਥਾਂ ਸਵਾਲ ਕਰਿਆ ਕਰੋ, ਉਹ ਸਵਾਲ, ਜੋ ਜਵਾਬ ਮੰਗਦੇ ਨੇ!

**ਫੋਨ:91-99884-28859*

# ਪੰਜਾਬ ਦੀ ਕੋਇਲ ਸੁਰਿੰਦਰ ਕੌਰ

*ਪੰਜਾਬੀ ਗਾਉਣਾਂ ਦੀ ਰੂਹ ਸੁਰਿੰਦਰ ਕੌਰ (25 ਨਵੰਬਰ 1929-15 ਜੂਨ 2006) ਨੂੰ ਸਰੀਰਕ ਤੌਰ 'ਤੇ ਇਸ ਸੰਸਾਰ ਤੋਂ ਗਿਆਂ ਭਾਵੇਂ 5 ਵਰ੍ਹੇ ਹੋ ਗਏ ਹਨ ਪਰ ਉਸ ਦੀ ਆਵਾਜ਼ ਅੱਜ ਵੀ ਪੰਜਾਬ ਦੀ ਫਿਜ਼ਾ ਵਿਚ ਗੂੰਜ ਰਹੀ ਹੈ। ਇਹ ਆਵਾਜ਼ ਦਰਅਸਲ ਪੰਜਾਬ ਦੀ ਰੂਹ ਨਾਲ ਇਕ-ਮਿੱਕ ਹੋ ਚੁੱਕੀ ਹੈ ਅਤੇ ਪੀੜ੍ਹੀ-ਦਰ-ਪੀੜ੍ਹੀ ਲਗਾਤਾਰ ਸਫਰ ਕਰ ਰਹੀ ਹੈ। ਇਸ ਸਫਰ ਵਿਚ ਉਨ੍ਹਾਂ ਗੀਤਾਂ ਵਿਚ ਪਰੋਇਆ ਦਰਦ ਵੀ ਸ਼ਾਮਲ ਹੈ ਜੋ ਵੱਖ-ਵੱਖ ਸ਼ਾਇਰਾਂ ਨੇ ਆਪਣੀ ਸ਼ਾਇਰੀ ਵਿਚ ਭਰਿਆ ਅਤੇ ਜਿਸ ਨੂੰ ਸੁਰਿੰਦਰ ਕੌਰ ਨੇ ਆਪਣੀ ਆਵਾਜ਼ ਦਿੱਤੀ। ਉਸ ਨੇ 31 ਅਗਸਤ, 1943 ਨੂੰ ਲਾਹੌਰ ਰੇਡੀਓ ਤੋਂ ਆਪਣੀ ਪਹਿਲੀ ਪੇਸ਼ਕਾਰੀ ਦਿੱਤੀ ਸੀ ਅਤੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸ ਦੀ ਧੀ ਡੌਲੀ ਗੁਲੇਰੀਆ ਨੇ ਹਾਲ ਹੀ ਵਿਚ 'ਮੈਂ ਤੈਨੂੰ ਯਾਦ ਆਵਾਂਗੀ' ਐਲਬਮ ਨਾਲ ਆਪਣੀ ਮਾਂ ਅਤੇ ਪੰਜਾਬ ਦੀ ਇਸ ਧੀ ਨੂੰ ਯਾਦ ਕੀਤਾ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਥੇ ਅਸੀਂ ਬਲਵੰਤ ਗਾਰਗੀ ਵੱਲੋਂ ਲਿਖਿਆ ਸ਼ਬਦ-ਚਿੱਤਰ ਛਾਪ ਰਹੇ ਹਾਂ ਜੋ ਉਸ ਨੇ ਕਈ ਦਹਾਕੇ ਪਹਿਲਾਂ ਲਿਖਿਆ ਸੀ। -ਸੰਪਾਦਕ*



**ਬਲਵੰਤ ਗਾਰਗੀ**

1969 ਵਿਚ ਮੈਂ ਗੁਰੂ ਨਾਨਕ ਦੇਵ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ 'ਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ 'ਜਗ ਚਾਨਣ ਹੋਆ' ਲਿਖਿਆ। ਸ਼ਿਵ ਕੁਮਾਰ ਬਟਾਲਵੀ ਨੇ ਇਸ ਦੇ ਗੀਤ ਲਿਖੇ। ਇਸ ਪ੍ਰੋਗਰਾਮ ਦੇ ਡਾਇਰੈਕਟਰ ਕਰਨਲ ਗੁਪਤੇ ਨੂੰ ਮੈਂ ਆਖਿਆ ਕਿ ਉਹ ਸੁਰਿੰਦਰ ਕੌਰ ਨੂੰ ਗੀਤ ਗਾਉਣ ਲਈ ਕਹੇ, ਖਾਸ ਤੌਰ 'ਤੇ ਸ਼ਬਦ ਤੇ ਲੋਕ ਸੁਰਾਂ 'ਤੇ ਆਧਾਰਿਤ ਗੀਤ। ਕਰਨਲ ਗੁਪਤੇ ਨੇ ਸਰਕਾਰੀ ਖ਼ਰਚ ਦੀਆਂ ਮਜਬੂਰੀਆਂ ਕਰਕੇ ਸੁਰਿੰਦਰ ਕੌਰ ਨੂੰ ਸਿਰਫ਼ 300 ਰੁਪਏ ਪੇਸ਼ ਕੀਤੇ।

ਇਸ ਨਿਗੂਣੀ ਪੇਸ਼ਕਸ਼ 'ਤੇ ਸੁਰਿੰਦਰ ਕੌਰ ਨੂੰ ਹੈਰਾਨੀ ਹੋਈ।

ਉਸ ਦਾ ਪਤੀ ਜੋਗਿੰਦਰ ਸਿੰਘ ਸੋਢੀ ਗੁੱਸੇ ਵਿਚ ਤਮਤਮਾ ਉਠਿਆ। ਉਹ ਬੋਲਿਆ, "ਸਰਕਾਰ ਆਪਣੇ ਅਫ਼ਸਰਾਂ ਦੀਆਂ ਕਾਰਾਂ 'ਤੇ ਤਾਂ ਪੈਸਾ ਰੋੜ੍ਹ ਰਹੀ ਹੈ, ਪਰ ਸੁਰਿੰਦਰ ਦੀ ਫੀਸ ਵਿਚ ਕਟੌਤੀ ਕਿਉਂ?"

ਸੁਰਿੰਦਰ ਕੌਰ ਨੇ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ।

ਰਿਕਾਰਡਿੰਗ ਵਾਲੇ ਦਿਨ ਪੰਜਾਬੀ ਕੁੜੀਆਂ ਦੇ ਇਕ ਗਰੁੱਪ ਨੇ ਗੀਤ ਦੀ ਰਿਹਰਸਲ ਕੀਤੀ। ਹਰ ਚੀਜ਼ ਤਿਆਰ ਸੀ। ਅਸੀਂ ਗੀਤ ਦੀ ਰਿਕਾਰਿਡਿੰਗ ਕਰਨ ਹੀ ਲੱਗੇ ਸੀ ਕਿ ਸੁਰਿੰਦਰ ਕੌਰ ਪ੍ਰਗਟ ਹੋ ਗਈ।

ਉਹ ਆਖਣ ਲੱਗੀ, "ਮੈਂ ਆਪਣੇ ਘਰ ਵਿਚ ਦੁਖੀ ਬੈਠੀ ਸਾਂ, ਗੁੱਸੇ ਵਿਚ ਕੱਪੜੇ ਧੋਣੇ ਸ਼ੁਰੂ ਕਰ ਦਿੱਤੇ। ਅਚਾਨਕ ਮੇਰੇ ਅੰਦਰ ਧੂਹ ਪਈ। ਘਰ ਵਿਚ ਬੈਠੀ ਕੀ ਪਈ ਕਰਦੀ ਹਾਂ। ਮੈਂ ਉਥੇ ਕਿਉਂ ਨਹੀਂ ਪਹੁੰਚੀ? ਕਿੰਨੀ ਕਮਲੀ ਹਾਂ ਮੈਂ ਕਿ ਇੱਥੇ ਕੱਪੜੇ ਨਿਚੋੜ ਰਹੀ ਹਾਂ ਜਦ ਕਿ ਕੁੜੀਆਂ ਗੁਰੂ ਨਾਨਕ ਦੇ ਪੁਰਬ 'ਤੇ ਗੀਤ ਗਾ ਰਹੀਆਂ ਹਨ। ਮੈਂ ਇਹ ਬਰਦਾਸ਼ਤ ਨਾ ਕਰ ਸਕੀ। ਕੱਪੜੇ ਟੱਬ ਵਿਚ ਪਏ ਰਹਿਣ ਦਿੱਤੇ, ਟੈਕਸੀ ਲਈ ਤੇ ਇਥੇ ਪਹੁੰਚ ਗਈ। ਢੋਲਕੀ ਦੀ ਤਾਲ ਸੁਣੀ, ਮੇਰਾ ਦਿਲ ਤੇਜ਼ੀ ਨਾਲ ਧੜਕਣ ਲੱਗਾ...ਮੈਂ ਵੇਲੇ ਸਿਰ ਪਹੁੰਚ ਗਈ...ਮੈਨੂੰ ਸਭ ਕੁਝ ਭੁਲ ਗਿਆ। ਆਪਣੇ ਟਿਕਾਣੇ ਪਹੁੰਚ ਗਈ ਸਾਂ ਮੈਂ...ਸਟੂਡੀਓ ਵਿਚ...ਇਸ ਦੀ ਖਾਸ ਮਹਿਕ, ਤੇ ਮਹੌਲ ਮੈਨੂੰ ਗਾਉਣ ਵਿਚ ਖੁਸ਼ੀ ਮਿਲਦੀ ਹੈ।"

ਬਹੁਤ ਘੱਟ ਪੰਜਾਬੀ ਅਖ਼ਬਰਾਂ ਅਤੇ ਰਸਾਲਿਆ ਨੇ ਉਹਦੇ ਬਾਰੇ ਕੁਝ ਲਿਖਿਆ ਹੈ। ਲਿਖਤੀ ਜ਼ਿਕਰ ਭਾਵੇਂ ਉਸ ਦਾ ਘੱਟ ਹੋਇਆ ਹੈ, ਫਿਰ ਵੀ ਉਹ ਪੰਜਾਬ ਦੀ ਸਭ ਤੋਂ ਵੱਧ ਹਰਮਨ ਪਿਆਰੀ ਗਾਇਕਾ ਹੈ। ਜਦ ਉਹ ਲੋਕਾਂ ਸਾਹਮਣੇ ਗਾਉਂਦੀ ਹੈ ਤਾਂ ਲੋਕ ਝੂਮ ਉੱਠਦੇ ਹਨ।

ਇਕ ਵਾਰ ਦਿੱਲੀ ਦੀ ਚੈਮਜ਼ਫੋਰਡ ਕਲੱਬ ਦੇ ਸਕੱਤਰ ਨੇ ਉਸ ਨੂੰ ਕਲੱਬ ਦੀ ਮੈਂਬਰ ਬਣਨ ਲਈ ਆਖਿਆ। ਕਲੱਬ ਦੀ ਦਾਖ਼ਲਾ ਫੀਸ ਪੰਜ ਹਜ਼ਾਰ ਰੁਪਏ ਸੀ ਤੇ ਨਵੇਂ ਮੈਂਬਰਾਂ ਲਈ ਦਾਖ਼ਲਾ ਬਿਲਕੁਲ ਬੰਦ ਸੀ। ਸੁਰਿੰਦਰ ਕੌਰ ਨੇ ਪੁੱਛਿਆ, "ਕਲੱਬ ਦੀ ਮੈਂਬਰ ਬਣਨ ਲਈ ਮੈਨੂੰ ਕੀ ਦੇਵੋਗੇ?" ਉਸ ਨੇ ਮੁਫਤ ਮੈਂਬਰਸ਼ਿਪ ਲੈਣ ਤੋਂ ਨਾਂਹ ਹੀ ਕਰ ਦਿੱਤੀ। ਉਹ ਆਖਣ ਲੱਗੀ, "ਜੇ ਮੈਂ ਉਨ੍ਹਾਂ ਦੀ ਮੈਂਬਰ ਬਣ ਜਾਂਦੀ ਤਾਂ ਉਨ੍ਹਾਂ ਨੇ ਹਰ ਫੰਕਸ਼ਨ 'ਤੇ ਗਾਉਣ ਲਈ ਆਖਣਾ ਸੀ। ਉਨ੍ਹਾਂ ਮੈਨੂੰ ਘਰ ਦੀ ਮੁਰਗੀ ਦਾਲ ਬਰਾਬਰ ਸਮਝਣਾ ਸੀ। ਹੁਣ ਉਹ ਕਲੱਬ ਆਉਣ ਲਈ ਮੇਰੇ ਹਾੜ੍ਹੇ ਕੱਢਦੇ ਹਨ ਤੇ ਜਦੋਂ ਮੈਂ ਉਥੇ ਪੈਰ ਰੱਖਦੀ ਹਾਂ ਤਾਂ ਇਸ ਨੂੰ ਉਹ ਆਪਣਾ ਮਾਣ ਸਮਝਦੇ ਹਨ। ਮੈਂਬਰ ਬਣ ਕੇ ਕੀ ਲੈਣਾ ਸੀ?"

ਸ਼ਿਵ ਕੁਮਾਰ ਬਟਾਲਵੀ ਉਸ ਕੋਲ ਆਪਣੀਆਂ ਨਜ਼ਮਾਂ ਗਾਉਂਦਾ ਹੁੰਦਾ ਸੀ। ਸੁਰਿੰਦਰ ਕੌਰ ਉਸ ਦੀ ਤਰਜ਼ ਫੜਦੀ, ਇਸ ਨੂੰ ਸੰਵਾਰਦੀ, ਇਸ ਵਿਚ ਕਰੁਣਾ ਭਰਦੀ ਤੇ ਲੋਕਾਂ ਸਾਹਮਣੇ ਗਾਉਂਦੀ। ਉਸ ਨੇ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ਦੇ ਬਹੁਤ ਸਾਰੇ ਗੀਤ ਰੇਡੀਓ ਤੇ ਟੈਲੀਵੀਜ਼ਨ 'ਤੇ ਗਾਏ ਤੇ ਇਨ੍ਹਾਂ ਨੂੰ ਹੋਰ ਮਕਬੂਲ ਬਣਾਇਆ। "ਨਜ਼ਮਾਂ ਦੀ ਕਿਤਾਬ ਦੀਆਂ ਪੰਜ ਸਾਲਾਂ ਵਿਚ ਮਸਾਂ ਹਜ਼ਾਰ ਕਾਪੀਆਂ ਵਿਕਦੀਆਂ ਹਨ", ਉਹ ਆਖਦੀ ਹੈ, "ਪਰ ਪਬਲਿਕ ਵਿਚ ਗਾਇਆ ਹੋਇਆ ਗੀਤ ਇਕੋ ਵੇਲੇ ਦਸ ਹਜ਼ਾਰ ਲੋਕਾਂ ਤੱਕ ਪੁੱਜ ਜਾਂਦਾ ਹੈ। ਸਮਝੋ ਦਸ ਮਿੰਟਾਂ ਵਿਚ ਕਿਤਾਬ ਦੀਆਂ ਦਸ ਹਜ਼ਾਰ ਕਾਪੀਆਂ ਵਿਕ ਗਈਆਂ।"


ਉਹ ਨੰਦ ਲਾਲ ਨੂਰਪੁਰੀ ਦੇ ਗੀਤਾਂ ਨੂੰ ਪਸੰਦ ਕਰਦੀ ਹੈ ਤੇ ਆਖਦੀ ਹੈ, "ਉਹ ਬਹੁਤ ਵੱਡਾ ਗੀਤਕਾਰ ਸੀ। ਉਸ ਦੇ ਗੀਤਾਂ ਵਿਚ ਪੰਜਾਬ ਦੇ ਪੇਂਡੂ ਜੀਵਨ, ਪਿਆਰ ਤੇ ਜਜ਼ਬਿਆਂ ਦਾ ਨਿਚੋੜ ਹੈ। ਹਰ ਕਿਸੇ ਨੇ ਉਸ ਦੇ ਬਿੰਬਾਂ ਤੇ ਉਸ ਦੀਆਂ ਤਰਜ਼ਾਂ ਨੂੰ ਸਲਾਹਿਆ, ਪਰ ਸਾਹਿਤਕ ਜਗਤ ਵਿਚ ਉਸ ਨੂੰ ਘੱਟ ਹੀ ਮਾਣ ਮਿਲਿਆ।"

ਸੁਰਿੰਦਰ ਕੌਰ ਨੇ ਕਲਾਸਕੀ ਸੰਗੀਤ ਦੀ ਸਿੱਖਿਆ ਲਈ ਹੈ ਜਿਸ ਤੋਂ ਉਸ ਨੂੰ ਲੋਕ ਗੀਤ ਗਾਉਣ ਵਿਚ ਬਹੁਤ ਮਦਦ ਮਿਲੀ। ਉਹ ਆਖਦੀ ਹੈ, "ਸਾਡੇ ਲੋਕ ਸੰਗੀਤ ਦਾ ਆਧਾਰ ਕਲਾਸਕੀ ਹੈ...ਹੋ ਸਕਦਾ ਹੈ ਗਲੀ ਵਿਚ ਮੰਗਤਾ ਵੀ ਸ਼ੁਧ ਭੈਰਵੀ ਜਾਂ ਆਸਾਵਰੀ ਵਿਚ ਗਾ ਰਿਹਾ ਹੋਵੇ, ਪਰ ਉਸ ਨੂੰ ਖੁਦ ਇਸ ਗੱਲ ਦਾ ਗਿਆਨ ਨਾ ਹੋਵੇ। ਸਾਧੂ ਤੇ ਜੋਗੀ ਕਲਾਸਕੀ ਰੀਤ ਵਿਚ ਭਜਨ ਗਾਉਂਦੇ ਹਨ। ਵਿਆਹ ਦੇ ਗੀਤ ਗਾ ਰਹੀਆਂ ਔਰਤਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਦਰਅਸਲ ਉਹ ਪਹਾੜੀ ਜਾਂ ਆਸਾ ਜਾਂ ਭੈਰਵੀ ਵਿਚ ਹੀ ਗਾ ਰਹੀਆਂ ਹਨ। ਸੰਗੀਤ ਸਾਡੀ ਆਤਮਾ ਦਾ ਹਿੱਸਾ ਹੈ। ਅਸੀਂ ਕਲਾਸਕੀ ਧੁਨਾਂ ਦਾ ਹੁੰਗਰਾ ਭਰਦੇ ਹਾਂ, ਕਈ ਵਾਰੀ ਸਮਝਣ 'ਤੇ ਬਹੁਤੀ ਵਾਰੀ ਬਿਨਾਂ ਸਮਝ ਤੋਂ।"

ਸੁਰਿੰਦਰ ਕੌਰ ਦੇ ਬਹੁਤ ਮਕਬੂਲ ਗੀਤ

'ਅੜੀ ਵੇ ਅੜੀ
ਲੱਗੀ ਸੌਣ ਦੀ ਝੜੀ
ਦੁੱਧ ਪੀ ਲੈ ਬਾਲਮਾ
ਵੇ ਮੈਂ ਕਦੋਂ ਦੀ ਖੜੀ'

ਵਿਚ ਮੁਟਿਆਰ ਆਪਣੇ ਪ੍ਰੇਮੀ ਨੂੰ ਦੁੱਧ ਪੀ ਲੈਣ ਲਈ ਹਾੜ੍ਹੇ ਕੱਢਦੀ ਹੈ। ਇਹ ਗੀਤ ਵਫ਼ਾਦਾਰ ਪਤਨੀ ਦਾ ਚਿੱਤਰ ਹੀ ਨਹੀਂ ਉਭਾਰਦਾ ਸਗੋਂ ਕਾਮ ਚਿੱਤਰ ਵੀ ਉਭਰ ਕੇ ਸਾਹਮਣੇ ਆਉਂਦਾ ਹੈ। ਬਰਖਾ ਰੁੱਤ ਕਾਮਨਾ, ਤੜਫ ਤੇ ਮਿਲਾਪ ਨਾਲ ਜੁੜੀ ਹੋਈ ਹੈ। ਕਈ ਸਾਹਿਤ ਪਾਰਖੂਆਂ ਨੇ ਸੁਰਿੰਦਰ ਕੌਰ ਦੇ ਗੀਤਾਂ ਨੂੰ ਅਸ਼ਲੀਲ ਆਖ ਕੇ ਭੰਡਿਆ। ਸੁਰਿੰਦਰ ਕੌਰ ਭਖ ਕੇ ਬੋਲੀ, "ਅਸ਼ਲੀਲਤਾ ਤੁਹਾਡੇ ਮਨਾਂ ਅੰਦਰ ਹੈ, ਗੀਤਾਂ ਵਿਚ ਨਹੀਂ। ਮੇਰੇ ਗੀਤ ਲੋਕਾਂ ਦੀ ਪਸੰਦ ਨੂੰ ਖੁੰਢਿਆਂ ਨਹੀਂ ਕਰਦੇ ਸਗੋਂ ਚੰਡਦੇ ਹਨ ਮੈਂ ਉਨ੍ਹਾਂ ਦੇ ਰਸਮਾਂ-ਰਿਵਾਜ਼ਾਂ ਦੀ ਖ਼ੂਬਸੂਰਤੀ ਉਘਾੜਦੀ ਹਾਂ। ਜੇ ਬੰਦਾ ਅੰਦਰੋਂ ਸੁੱਚਾ ਹਵੇ ਤਾਂ ਉਸ ਨੂੰ ਕੋਈ ਚੀਜ਼ ਪਲੀਤ ਨਹੀਂ ਕਰ ਸਕਦੀ।"



*ਸੁਰਿੰਦਰ ਕੌਰ (ਸੱਜੇ) 1967 'ਚ ਨੈਰੋਬੀ ਵਿਖੇ ਆਪਣੀ ਭੈਣ ਪ੍ਰਕਾਸ਼ ਕੌਰ ਅਤੇ ਦੀਦਾਰ ਸਿੰਘ ਪਰਦੇਸੀ ਨਾਲ।*

ਉਹ ਇਨ੍ਹਾਂ ਲੋਕ ਗੀਤਾਂ ਦੇ ਸੁੱਚੇਪਣ ਲਈ ਲੜੀ ਅਤੇ ਇਨ੍ਹਾਂ ਨੂੰ ਪੇਂਡੂ ਤੇ ਸ਼ਹਿਰੀ ਘਰਾਂ ਵਿਚ ਮਾਣ ਦਿਵਾਇਆ।

ਸੁਰਿੰਦਰ ਕੌਰ ਦਾ ਦਾਦਾ ਲੱਧਾ ਸਿੰਘ ਗੁਰਸਿੱਖ ਸੀ। ਪਿਤਾ ਨੇ ਬਚਪਨ ਵਿਚ ਵਾਲ ਕਟਾ ਦਿੱਤੇ ਅਤੇ ਬਿਸ਼ਨ ਸਿੰਘ ਦੀ ਥਾਂ ਦੀਵਾਨ ਬਿਸ਼ਨ ਦਾਸ ਬਣ ਗਿਆ। ਮਾਤਾ ਮਾਇਆ ਦੇਵੀ ਹਿੰਦੂ ਘਰਾਣੇ ਦੀ ਸੀ, ਪਰ ਘਰ ਵਿਚ ਸਿੱਖ ਰਹੁ-ਰੀਤਾਂ ਕਾਇਮ ਸਨ। ਸੁਰਿੰਦਰ ਕੌਰ 25 ਨਵੰਬਰ 1929 ਨੂੰ ਲਾਹੌਰ ਵਿਚ ਪੈਦਾ ਹੋਈ। ਠੰਢੀ ਸਵੇਰ ਸੀ ਅਤੇ ਉਸ ਦੀ ਮਾਂ ਦੁੱਧ ਰਿੜਕ ਕੇ ਹਟੀ ਸੀ।

ਜੁਆਨ ਹੋ ਰਹੀ ਸੁਰਿੰਦਰ ਕੌਰ ਘੰਟਿਆਂ ਬੱਧੀ ਸੰਗੀਤ ਦਾ ਰਿਆਜ਼ ਕਰਦੀ। ਉਸ ਦੀ ਮਾਂ ਅੰਮ੍ਰਿਤ ਵੇਲੇ ਉਸ ਨੂੰ ਉਠਾ ਦਿੰਦੀ ਤੇ ਸ਼ਬਦ ਗਾਇਨ ਲਈ ਆਖਦੀ। ਇਸ ਤੋਂ ਪਿੱਛੋਂ ਹੀ ਉਸ ਨੂੰ ਨਾਸ਼ਤਾ ਮਿਲਣਾ। "ਚੜ੍ਹਦੀ ਜੁਆਨੀ ਦੇ ਦਿਨਾਂ ਵਿਚ ਮੈਂ ਆਪਣੇ ਕਮਰੇ ਦੇ ਦਰਵਾਜ਼ੇ 'ਤੇ ਖਿੜਕੀਆਂ ਬੰਦ ਕਰ ਲੈਂਦੀ। ਇੱਥੋਂ ਤੀਕ ਕਿ ਪੱਖਾ ਵੀ, ਤੇ ਫਿਰ ਉਚੀ ਆਵਾਜ਼ ਵਿਚ ਗਾਉਂਦੀ।" ਉਹ ਆਖਦੀ ਹੈ, "ਮੈਂ ਡਰਦੀ ਸੀ ਕਿ ਕੋਈ ਸੁਣ ਨਾ ਲਵੇ। ਰਿਆਜ਼ ਨੂੰ ਆਪ-ਆਪਣੇ ਤੀਕ ਰੱਖਣਾ ਚਾਹੁੰਦੀ ਸਾਂ। ਹੁਣ ਮੈਂ ਆਪਣੇ ਲਈ ਹੀ ਗਾਉਂਦੀ ਹਾਂ। ਇਕੱਲੀ ਮੈਂ ਘੰਟਿਆਂ ਬੱਧੀ ਗਾ ਸਕਦੀ ਹਾਂ...ਇਸ ਤਰ੍ਹਾਂ ਆਪਣੇ-ਆਪ ਵਿਚੋਂ ਸ਼ਕਤੀ ਮਿਲਦੀ ਹੈ।"

ਦੇਸ਼ ਦੀ ਵੰਡ ਪਿੱਛੋਂ ਉਹ ਦਾ ਪਰਿਵਾਰ ਦਿੱਲੀ ਤੋਂ ਬਾਰਾਂ ਮੀਲ ਦੂਰ ਜਮਨਾ ਦੇ ਪਾਰ ਗਾਜ਼ੀਆਬਾਦ ਵਿਚ ਆ ਗਿਆ।

ਉਸ ਦਾ ਵਿਆਹ ਜੋਗਿੰਦਰ ਸਿੰਘ ਸੋਢੀ ਨਾਲ ਹੋਇਆ ਜੋ ਮਨੋਵਿਗਿਆਨ ਦੀ ਐਮ.ਏ. ਅਤੇ ਸੰਗੀਤ ਦਾ ਪ੍ਰੇਮੀ ਸੀ। ਉਹ ਸਰੀਰ ਦਾ ਭਾਰਾ ਸੀ, ਪਰ ਬੈਡਮਿੰਟਨ ਦਾ ਚੰਗਾ ਖਿਲਾੜੀ ਸੀ। ਮੈਂ ਉਸ ਨੂੰ ਲਾਹੌਰ ਅਤੇ ਪ੍ਰੀਤ ਨਗਰ ਤੋਂ ਜਾਣਦਾ ਸਾਂ। ਪ੍ਰੀਤ ਨਗਰ ਦੇ ਸਭਿਆਚਾਰਕ ਜੀਵਨ ਵਿਚ ਉਹ ਬਹੁਤ ਮਕਬੂਲ ਸੀ। ਮੇਰੇ ਨਾਟਕ 'ਰਾਈ ਦਾ ਪਹਾੜ' ਵਿਚ ਉਸ ਨੇ ਘੁਮੰਡੀ ਪੁਲਿਸ ਇੰਸਪੈਕਟਰ ਦਾ ਰੋਲ ਕੀਤਾ। ਉਸ ਦਾ ਢੋਲ ਵਰਗਾ ਢਿੱਡ ਸੀ ਤੇ ਬਰੀਕ ਆਵਾਜ਼। ਜਿਸਮ ਦੇ ਇਸ ਵਿਰੋਧਾਭਾਸ ਨੇ ਇੰਸਪੈਕਟਰ ਦੇ ਪਾਤਰਾਂ ਦੇ ਵਿਸ਼ਲੇਸ਼ਣ ਦੀਆਂ ਬੈਠਕਾਂ ਵਿਚ ਤੇ ਸਿਆਸੀ ਬਹਿਸਾਂ ਵਿਚ ਅਕਸਰ ਮਿਲਦੇ। ਦੇਸ਼ ਦੀ ਵੰਡ ਵੇਲੇ ਮੈਨੂੰ ਪਤਾ ਨਾ ਲੱਗਾ ਕਿ ਉਹ ਕਿੱਥੇ ਚਲਾ ਗਿਆ ਸੀ।

28 ਜਨਵਰੀ, 1948 ਨੂੰ ਮੇਰੇ ਕਰਜ਼ਨ ਰੋਡ ਵਾਲੇ ਘਰ ਵਿਚ ਇਕ ਦਿਨ ਉਹ ਅਚਾਨਕ ਪਹੁੰਚ ਗਿਆ। ਉਨ੍ਹੀਂ ਦਿਨੀਂ ਮੇਰਾ ਦੋਸਤ ਗਿਆਨ ਸਚਦੇਵ ਅਤੇ ਉਸ ਦੀ ਐਕਟ੍ਰੈੱਸ ਬੀਵੀ ਅਚਲਾ ਮੇਰੇ ਕੋਲ ਰਹਿ ਰਹੇ ਸਨ। ਅਸੀਂ ਤਿੰਨੇ ਪੀਪਲਜ਼ ਥੀਏਟਰ ਦੇ ਨਾਟਕਾਂ ਵਿਚ ਕੰਮ ਕਰ ਰਹੇ ਸਾਂ। ਖੁਸ਼ੀ ਨਾਲ ਸੋਢੀ ਨੂੰ ਮਿਲੇ। ਉਸ ਨੇ ਖੁੱਲ੍ਹਾ ਸੂਟ ਪਾਇਆ ਹੋਇਆ ਸੀ ਤੇ ਸਿਰ 'ਤੇ ਉਨਾਬੀ ਪਗੜੀ। ਰਾਤ ਉਹ ਸਾਡੇ ਕੋਲ ਰਿਹਾ, ਤੇ ਦੱਸਿਆ ਕਿ ਅਗਲੇ ਦਿਨ ਉਸ ਦੀ ਸ਼ਾਦੀ ਸੀ।

"ਕਿਸ ਨਾਲ?" ਅਸੀਂ ਪੁੱਛਿਆ।

"ਸੁਰਿੰਦਰ ਕੌਰ ਨਾਲ।" ਉਸ ਜੁਆਬ ਦਿੱਤਾ।

ਅਸੀਂ ਸੋਚਿਆ ਐਵੇਂ ਮਜ਼ਾਕ ਕਰ ਰਿਹਾ ਹੈ। ਉਸ ਕੋਲ ਨਾ ਕੋਈ ਕੱਪੜਾ-ਲੱਤਾ ਸੀ, ਨਾ ਪਰਿਵਾਰ ਦਾ ਕੋਈ ਮੈਂਬਰ ਤੇ ਨਾ ਹੀ ਕੋਈ ਰਿਸ਼ਤੇਦਾਰ। ਏਦਾਂ ਕਿਵੇਂ ਉਹ ਸੁਰਿੰਦਰ ਕੌਰ ਨਾਲ ਵਿਆਹ ਕਰ ਸਕਦਾ ਸੀ?

ਉਹ ਮੁਸਕਰਾਇਆ ਤੇ ਆਖਣ ਲੱਗਾ, "ਸੱਚ ਮੰਨੋ! ਮੈਂ ਸੁਰਿੰਦਰ ਕੌਰ ਨਾਲ ਵਿਆਹ ਕਰ ਰਿਹਾ ਹਾਂ। ਕੱਲ੍ਹ ਆਨੰਦ ਕਾਰਜ ਹੈ, ਗਾਜ਼ੀਆਬਾਦ।"

ਸਾਨੂੰ ਉਸ ਨੇ ਅਗਲੀ ਸਵੇਰ ਲਈ ਟੈਕਸੀ ਦਾ ਪ੍ਰਬੰਧ ਕਰਨ ਲਈ ਆਖਿਆ।

ਬਰਾਤ ਵਾਲੀ ਟੈਕਸੀ ਗਾਜ਼ੀਆਬਾਦ ਗਈ, ਬੱਸ ਚੌਹਾਂ ਦੀ ਬਰਾਤ। ਸੁਰਿੰਦਰ ਕੌਰ ਦੇ ਮਾਪਿਆਂ,

## ਸਫ਼ਰ ਜ਼ਿੰਦਗੀ ਦਾ

ਭੈਣਾਂ ਤੇ ਭਰਾਵਾਂ ਨੇ ਸਾਡਾ ਸੁਆਗਤ ਕੀਤਾ।

ਠੰਢੀ ਪੀਲੀ ਸਵੇਰ ਸੀ। ਨਾ ਤੰਬੂ ਨਾ ਕਨਾਤਾਂ, ਨਾ ਸ਼ਹਿਨਾਈਆਂ, ਨਾ ਬੈਂਡ ਵਾਜਾ। ਘਰ ਦੇ ਕੱਚੇ ਵਿਹੜੇ ਵਿਚ ਸੁਰਿੰਦਰ ਕੌਰ ਢੋਲਕੀ ਵਜਾ ਰਹੀ ਸੀ ਤੇ ਗਾ ਰਹੀ ਸੀ। ਸ਼ਾਦੀ ਦੇ ਗੀਤ। ਉਸ ਦੀ ਆਵਾਜ਼ ਫਿਜ਼ਾ ਵਿਚ ਗੂੰਜ ਰਹੀ ਸੀ। ਉਹ ਗਾ ਰਹੀ ਸੀ: "ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ, ਟੁੱਟਦੀ ਐ ਕਹਿਰਾਂ ਦੇ ਨਾਲ।" ਮਾਂ ਤੇ ਧੀ ਦੀ ਸਦੀਵੀ ਦੋਸਤੀ ਨੂੰ ਬਿਆਨ ਕਰ ਰਹੀ ਸੀ। ਕਾਹਦੇ ਬਾਰੇ ਗਾ ਰਹੀ ਸੀ ਉਹ? ਮਾਂ ਤੇ ਧੀ ਦੀ ਕਿਹੜੀ ਦੋਸਤੀ ਬਾਰੇ? ਬੰਧਨ ਟੁੱਟ ਰਹੇ ਸਨ ਤੇ ਸੁਰਿੰਦਰ ਆਪਣੀ ਅੰਮੜੀ ਦੀ ਅਟੁੱਟ ਮਮਤਾ ਤੇ ਦੋਸਤੀ ਨੂੰ ਸ਼ਗਨਾਂ ਭਰੀ ਆਵਾਜ਼ ਵਿਚ ਪੁਕਾਰ ਰਹੀ ਸੀ। ਇਹ ਮਾਂ ਤੇ ਧੀ ਦੇ ਸਦੀਵੀ ਬੰਧਨ ਦਾ ਗੀਤ ਸੀ। ਖ਼ੂਨ ਦਾ ਬੰਧਨ। ਨਾੜੂਏ ਦਾ ਬੰਧਨ ਜੋ ਧੀ ਦੇ ਵਿਆਹੇ ਜਾਣ 'ਤੇ ਵੀ ਮਾਂ ਨਾਲੋਂ ਨਹੀਂ ਟੁੱਟਦਾ। ਇਸ ਗੀਤ ਦੀਆਂ ਸੁਰਾਂ ਮਾਂ ਤੇ ਧੀ ਨੂੰ ਸਾਰੀ ਉਮਰ ਤੜਫਾਉਂਦੀਆਂ ਰਹਿੰਦੀਆਂ ਹਨ। ਵਿਛੋੜੇ ਦਾ ਇਹ ਗੀਤ ਸੁਣ ਕੇ ਸ਼ਾਦੀ ਵਿਚ ਆਏ ਮਹਿਮਾਨਾਂ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਇਸ ਵੇਲੇ ਸੁਰਿੰਦਰ ਕੌਰ ਮਾਂ ਤੇ ਧੀ ਦੇ ਰਿਸ਼ਤੇ ਦੀ ਸਮੁੱਚੀ ਭਾਵੁਕ ਚੇਤਨਾ ਦਾ ਪ੍ਰਗਟਾਵਾ ਕਰ ਰਹੀ ਸੀ। ਉਸ ਦੇ ਚਿਹਰੇ 'ਤੇ ਮੁਸਕਰਾਹਟ ਸੀ, ਅੱਖਾਂ ਵਿਚ ਚਮਕ ਤੇ ਆਵਾਜ਼ ਵਿਚ ਗੂੰਜ।

ਵਿਹੜੇ ਵਿਚ ਬੈਠੀ ਉਸ ਦੀ ਮਾਂ ਆਪਣੇ ਅੱਥਰੂ ਪੂੰਝ ਰਹੀ ਸੀ।

ਸ਼ਾਦੀ ਤੋਂ ਪਿੱਛੋਂ ਸੁਰਿੰਦਰ ਤੇ ਸੋਢੀ ਸਿੱਧੇ ਮੇਰੇ ਘਰ ਆਏ ਤੇ ਕੁਝ ਦਿਨ ਠਹਿਰੇ, ਤੇ ਫਿਰ ਬੰਬਈ (ਹੁਣ ਮੁੰਬਈ) ਚਲੇ ਗਏ।

ਬੰਬਈ ਵਿਚ ਸੁਰਿੰਦਰ ਕੌਰ ਆਪਣੀ ਭੈਣ ਮਹਿੰਦਰ ਕੌਰ ਕੋਲ ਰਹੀ। ਇਕ ਦਿਨ ਫਿਲਮ ਮਿਊਜ਼ਕ ਡਾਇਰੈਕਟਰ ਹਸਨ ਲਾਲ ਭਗਤ ਰਾਮ ਉਸ ਦੇ ਘਰ ਆਏ ਤੇ ਸੁਰਿੰਦਰ ਕੌਰ ਦੀ ਆਵਾਜ਼ ਸੁਣੀ। ਉਨ੍ਹਾਂ ਨੇ ਫੌਰਨ ਉਸ ਨੂੰ 'ਪਿਆਰ ਕੀ ਜੀਤ' ਫਿਲਮ ਵਿਚ ਗੀਤ ਗਾਉਣ ਲਈ ਆਖਿਆ। ਸੰਗੀਤਕਾਰ ਗੁਲਾਮ ਹੈਦਰ ਨੇ 'ਸ਼ਹੀਦ' ਫਿਲਮ ਦੇ ਗੀਤ ਤੇ ਗ਼ਜ਼ਲਾਂ ਗਾਉਣ ਦੀ ਪੇਸ਼ਕਸ਼ ਕੀਤੀ। ਇਸੇ ਫਿਲਮ ਦਾ ਮਸ਼ਹੂਰ ਗੀਤ ਸੀ 'ਬਦਨਾਮ ਨਾ ਹੋ ਜਾਏ ਮੁਹੱਬਤ ਕਾ ਫ਼ਸਾਨਾ' ਜੋ ਕਾਮਨੀ ਕੌਸ਼ਲ 'ਤੇ ਫਿਲਮਾਇਆ ਗਿਆ। ਉਸ ਨੇ ਤਕਰੀਬਨ ਬਾਰਾਂ ਫਿਲਮਾਂ ਵਿਚ ਗੀਤ ਗਾਏ ਜਿਨ੍ਹਾਂ ਵਿਚੋਂ 'ਸਿੰਗਾਰ', 'ਸਬਕ' ਅਤੇ 'ਏਕ ਨਜ਼ਰ' ਮਸ਼ਹੂਰ ਹਨ। ਦੌਲਤ ਸੁਰਿੰਦਰ ਕੌਰ ਦੇ ਪੈਰ ਚੁੰਮਣ ਲੱਗੀ।

ਫਿਰ ਉਹ ਵੋਰਲੀ ਵਿਚ ਸ਼ਾਨਦਾਰ ਬੰਗਲੇ ਵਿਚ ਰਹੀ। ਉਨ੍ਹੀਂ ਦਿਨੀਂ ਬਲਰਾਜ ਸਾਹਨੀ ਅਤੇ ਇਪਟਾ ਦੇ ਐਕਟਰ ਤੇ ਗਾਇਕ ਉਨ੍ਹਾਂ ਕੋਲ ਆਉਂਦੇ ਅਤੇ ਸਾਹਿਤਕ ਤੇ ਸਿਆਸੀ ਬਹਿਸਾਂ ਕਰਦੇ। ਸੁਰਿੰਦਰ ਕੌਰ ਉਨ੍ਹਾਂ ਨੂੰ ਸੁਣਦੀ ਤੇ ਉਸ ਨੇ ਇਨ੍ਹਾਂ ਬਹਿਸਾਂ ਦੀ ਰੂਹ ਤੇ ਜਜ਼ਬੇ ਨੂੰ ਆਪਣੇ ਅੰਦਰ ਗ੍ਰਹਿਣ ਕੀਤਾ।

ਉਸ ਦਾ ਪਤੀ ਸੋਢੀ ਜੁਗਿੰਦਰ ਸਿੰਘ ਖੱਬੇ ਪੱਖੀ ਰੁਚੀ ਵਾਲਾ ਚਿੰਤਕ ਸੀ। ਉਸ ਨੇ ਸੁਰਿੰਦਰ ਕੌਰ ਨੂੰ ਇਨਕਲਾਬੀ ਚੇਤਨਾ ਨਿਖਾਰਨ ਵਾਲੇ ਗੀਤ ਗਾਉਣ ਲਈ ਪ੍ਰੇਰਿਆ। ਸੁਰਿੰਦਰ ਕੌਰ 1952 ਵਿਚ ਬੰਬਈ ਛੱਡ ਕੇ ਆਪਣੇ ਪਤੀ ਅਤੇ ਬੱਚੀ ਨਾਲ ਦਿੱਲੀ ਆ ਗਈ। ਉਹਦੇ ਅੰਦਰ ਪੰਜਾਬੀ ਪਰੰਪਰਾ ਨਾਲ ਜੁੜੇ ਰਹਿਣ ਦੀ ਤਮੰਨਾ ਸੀ। ਕੋਲ ਪੈਸਾ ਨਹੀਂ ਸੀ। ਉਸ ਵੇਲੇ ਬੰਬਈ ਵਿਚ ਉਸ ਦੀ ਮਹੀਨੇ ਦੀ ਆਮਦਨੀ ਦਸ ਹਜ਼ਾਰ ਰੁਪਿਆ ਸੀ, ਜੋ ਅੱਜ-ਕੱਲ੍ਹ ਦੇ ਡੇਢ ਲੱਖ ਰੁਪਏ ਦੇ ਬਰਾਬਰ ਹੈ। ਸੁਰਿੰਦਰ ਕੌਰ ਨੇ ਸਾਰਾ ਰੁਪਿਆ ਆਪਣੀ ਸ਼ਾਹ-ਦਿਲੀ ਦੀ ਵਜ੍ਹਾ ਨਾਲ ਲੁਟਾ ਦਿੱਤਾ ਤੇ ਆਉਣ ਵਾਲੇ ਕੱਲ੍ਹ ਦੀ ਕਦੇ ਪ੍ਰਵਾਹ ਨਾ ਕੀਤੀ।

ਸੋਢੀ ਮਾਰਕਸਵਾਦੀ ਸਾਹਿਤ ਤੇ ਦਰਸ਼ਨ ਪੜ੍ਹਦਾ ਅਤੇ ਸਿਆਸਤ ਤੇ ਕਲਾ 'ਤੇ ਬਹਿਸਾਂ ਬੁਲਾਉਂਦਾ। ਅਮਨ ਤਹਿਰੀਕ ਦੇ ਕਾਰਜਕਰਤਾ ਦੇ ਆਗੂ ਮੇਰੇ ਘਰ ਆਉਂਦੇ ਅਤੇ ਅਸੀਂ ਕਲਾਕਾਰਾਂ ਦੇ ਸਮਾਜਕ ਰੋਲ 'ਤੇ ਭਖਵੀਆਂ ਬਹਿਸਾਂ ਕਰਦੇ। ਸੁਰਿੰਦਰ ਕੌਰ ਉਨ੍ਹੀਂ ਦਿਨੀਂ ਪੰਜਾਬ ਦੇ ਹਰ ਕਸਬੇ ਵਿਚ ਹੋ ਰਹੀਆਂ ਅਮਨ ਕਾਨਫਰੰਸਾਂ ਵਿਚ ਗਾਉਣ ਲਈ ਗਈ। ਉਹਨੇ ਸਖ਼ਤ ਗਰਮੀ ਦੇ ਝੁਲਸਦੀ ਲੂ ਵਿਚ ਸੋਢੀ ਨਾਲ ਸਫ਼ਰ ਕੀਤਾ ਅਤੇ ਲੋਕਾਂ ਦੇ ਹਜੂਮ ਸਾਹਮਣੇ ਗਾਇਆ।

ਦਿੱਲੀ ਰਹਿੰਦਿਆਂ ਘਰ ਦਾ ਖਰਚਾ ਤੋਰਨ ਲਈ ਉਹ ਰੇਡੀਓ ਸਟੇਸ਼ਨਾਂ 'ਤੇ ਗਾਉਂਦੀ, ਪਰ ਇਵਜ਼ਾਨਾ ਬਹੁਤ ਥੋੜ੍ਹਾ ਮਿਲਦਾ। ਫਿਰ ਵਿਆਹ ਸ਼ਾਦੀਆਂ 'ਤੇ ਗਾਉਣ ਲੱਗੀ। ਜਦੋਂ ਕਿਸੇ ਨੇ ਕਿੰਤੂ ਕੀਤਾ ਕਿ ਸੁਰਿੰਦਰ ਕੌਰ ਨੇ ਆਪਣੇ ਪੱਧਰ ਨੂੰ ਗਿਰਾ ਦਿੱਤਾ ਹੈ, ਤੇ ਕੱਵਾਲ ਵਰਗੀ ਬਣ ਗਈ ਹੈ, ਉਹ ਨੇ ਉਸੇ ਵੇਲੇ ਗੱਲ ਮੂੰਹ 'ਤੇ ਮਾਰੀ,

"ਮੈਂ ਕੱਵਾਲਾਂ ਦਾ ਆਦਰ ਕਰਦੀ ਹਾਂ। ਉਹ ਸਾਡੀ ਪਰੰਪਰਾ ਦੇ ਮਹਾਨ ਗਾਇਕ ਹਨ।"

ਸੁਰਿੰਦਰ ਕੌਰ ਨੇ ਪਹਿਲਾਂ-ਪਹਿਲਾਂ ਸੰਗੀਤ ਲਾਹੌਰ ਦੇ ਮਾਸਟਰ ਅਨਾਇਤ ਹੁਸੈਨ ਕੋਲੋਂ ਸਿੱਖਿਆ। ਫਿਰ ਨਿਆਜ਼ ਹੁਸੈਨ ਸ਼ਾਮੀ ਤੋਂ ਜੋ ਨਜ਼ਾਕਤ ਤੇ ਸਲਾਮਤ ਭਰਾਵਾਂ ਦਾ ਚਾਚਾ ਸੀ। ਉਸ ਦਾ ਪਹਿਲਾ ਗਾਣਾ ਆਲ ਇੰਡੀਆ ਰੇਡੀਓ, ਲਾਹੌਰ ਤੋਂ 1943 ਵਿਚ ਬ੍ਰਾਡਕਾਸਟ ਹੋਇਆ। ਉਹ ਸਿਰਫ਼ ਸਾਢੇ ਤੇਰਾਂ ਵਰ੍ਹਿਆਂ ਦੀ ਸੀ। ਉਹ ਬੱਚਿਆਂ ਦੇ ਪ੍ਰੋਗਰਾਮ ਲਈ ਗਈ ਸੀ, ਪਰ ਆਵਾਜ਼ ਵਿਚ ਇੰਨੀ ਪੁਖਤਗੀ ਸੀ ਕਿ ਰੇਡੀਓ ਸਟੇਸ਼ਨ ਵਾਲਿਆਂ ਨੇ ਉਸ ਨੂੰ ਬਾਲਗਾਂ ਦੇ ਪ੍ਰੋਗਰਾਮ ਲਈ ਚੁਣ ਲਿਆ।

'ਹਿਜ਼ ਮਾਸਟਰਜ਼ ਵਾਇਸ' ਦੁਆਰਾ ਉਸ ਦੀ ਸਭ ਤੋਂ ਪਹਿਲੀ ਰਿਕਾਰਡਿੰਗ 'ਮਾਵਾਂ ਤੇ ਧੀਆਂ ਦੀ ਦੋਸਤੀ ਨੀ ਮਾਏ' ਗੀਤ ਦੀ ਸੀ ਜੋ ਉਸ ਨੇ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਗਾਇਆ। ਦੋਹਾਂ ਦੀਆਂ ਆਵਾਜ਼ਾਂ ਇਕ ਸੁਰ ਅਤੇ ਇਕ ਲੈਅ ਵਿਚ ਰੇਸ਼ਮੀ ਡੋਰੀ ਵਾਂਗ ਜਾਪਦੀਆਂ ਸਨ। ਇਹ ਗੀਤ ਬਚਪਨ ਵਿਚ ਉਸ ਨੇ ਆਪਣੀ ਮਾਂ ਕੋਲੋਂ ਸਿੱਖਿਆ ਸੀ, ਪਰ ਉਹਦੀ ਮਾਂ ਦਾ ਇਹ ਗੀਤ ਬਿਨਾਂ ਕਿਸੇ ਨਿਯਮਬੱਧ ਤਾਲ ਤੋਂ ਸੀ। ਸੰਗੀਤਕ ਹੁੰਗਰ ਵੇਦਨਾ ਨਾਲ ਭਰੀ ਹੋਈ ਜਿਵੇਂ ਵੈਣ ਪਾ ਰਹੀ ਹੋਵੇ। ਸੁਰਿੰਦਰ ਕੌਰ ਨੇ ਇਸ ਗੀਤ ਨੂੰ ਲੈਅ-ਬੱਧ ਕਰਕੇ ਇਸ ਦੀ ਚਾਲ ਨੂੰ ਤਿਖੇਰਾ ਕੀਤਾ ਅਤੇ ਢੋਲਕੀ ਨਾਲ ਗਾਉਣ ਲੱਗੀ। ਪੰਜਾਹ ਸਾਲ ਪਹਿਲਾਂ ਗਾਇਆ ਹੋਇਆ ਇਹ ਗੀਤ ਅਜੇ ਵੀ ਤਾਜ਼ਾ ਹੈ।

ਉਹ ਆਖਦੀ ਹੈ, "ਜਦੋਂ ਮੇਰੀ ਮਾਂ ਨੇ ਇਹ ਗੀਤ ਗਾਇਆ, ਇਹ ਵੈਣ ਵਰਗਾ ਸੀ। ਅਸੀਂ ਹੱਸਦੇ ਹੁੰਦੇ ਸਾਂ, ਪਰ ਹੁਣ ਮਹਿਸੂਸ ਹੁੰਦਾ ਹੈ, ਕਿੰਨਾ ਦਰਦ ਸੀ ਇਹਦੇ ਵਿਚ...ਧੀ ਦਾ ਵਿਛੋੜਾ...ਇਸ ਵੈਣ ਦਾ ਅਰਥ।" ਇਨ੍ਹਾਂ ਗੀਤਾਂ ਦੀਆਂ ਧੁਨਾਂ ਉਨ੍ਹਾਂ ਤੀਵੀਆਂ ਨੇ ਤਿਆਰ ਕੀਤੀਆਂ ਜਿਨ੍ਹਾਂ ਨੂੰ ਕੋਈ ਨਹੀਂ ਜਾਣਦਾ। ਉਨ੍ਹਾਂ ਨੇ ਇਹ ਗੀਤ ਰੋਟੀਆਂ ਥੱਪਦਿਆਂ, ਫੁਲਕਾਰੀਆਂ ਕੱਢਦਿਆਂ ਅਤੇ ਵਿਹੜਿਆਂ ਵਿਚ ਕੱਤਦੀਆਂ ਨੇ ਸਿਰਜੇ। ਤੀਵੀਂ ਦੀ ਸਿਰਜਣਾ ਵਧੇਰੇ ਕਰਕੇ ਧਰਤੀ ਨਾਲ ਜੁੜੀ ਹੁੰਦੀ ਹੈ। ਇਸ ਵਿਚ ਭਾਈਚਾਰੇ ਦੀ ਡੂੰਘੀ ਪਰੰਪਰਾ ਲੁਕੀ ਹੁੰਦੀ ਹੈ।

ਸੁਰਿੰਦਰ ਕੌਰ ਨੇ ਲੋਕ ਗੀਤ ਵੱਖਰੀਆਂ ਸ਼ੈਲੀਆਂ, ਲੈਆਂ ਅਤੇ ਧੁਨਾਂ ਵਿਚ ਗਾਏ ਹਨ, ਤੇ ਇਨ੍ਹਾਂ 'ਤੇ ਆਪਣੀ ਮੁਹਰ ਲਾ ਦਿੱਤੀ ਹੈ। ਖਾਸ ਤੌਰ 'ਤੇ ਦਿਲ ਨੂੰ ਧੂਹ ਪਾਉਣ ਵਾਲੇ ਉਸ ਦੇ ਲੰਮੇ ਗੀਤ, ਘੋੜੀਆਂ ਤੇ ਸੁਹਾਗ ਹਨ। ਲੰਮੇ ਗੀਤਾਂ ਵਿਚ ਅਕਸਰ ਕੋਈ ਕਹਾਣੀ ਹੁੰਦੀ ਹੈ, ਜਿਵੇਂ ਇਹ ਗੀਤ: ਇਕ ਮੁਟਿਆਰ ਘੜਾ ਲੈ ਕੇ ਖੂਹ ਤੋਂ ਪਾਣੀ ਭਰਨ ਜਾਂਦੀ ਹੈ ਤੇ ਉਸ ਨੂੰ ਪਰਦੇਸੀ ਮਿਲਦਾ ਹੈ ਜੋ ਉਸ ਨੂੰ ਪਾਣੀ ਪਿਆਉਣ ਲਈ ਆਖਦਾ ਹੈ। ਉਹ ਉਸ ਨੂੰ ਸਿਰ 'ਤੇ ਘੜਾ ਚੁਕਾਉਂਦਾ ਹੈ। ਮੁਟਿਆਰ ਲਮ 'ਤੇ ਗਏ ਆਪਣੇ ਪਤੀ ਨੂੰ ਉਡੀਕ ਰਹੀ ਹੁੰਦੀ ਹੈ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਪਰਦੇਸੀ ਉਸ ਦਾ ਪਤੀ ਹੀ ਸੀ। ਜਾਂ ਇਹ ਲੰਮਾ ਗੀਤ ਉਸ ਮੁਟਿਆਰ ਬਾਰੇ ਹੈ ਜਿਸ ਨੂੰ ਰਾਹੇ ਰਾਹ ਜਾਂਦਿਆਂ ਕੰਡਾ ਚੁੱਭ ਜਾਂਦਾ ਹੈ। ਉਹ ਖੁਦ ਕੰਡਾ ਨਹੀਂ ਕੱਢ ਸਕਦੀ। ਸੱਸ ਤੇ ਨਨਾਣ ਵੀ ਇਹ ਕੰਡਾ ਨਹੀਂ ਕੱਢਦੀਆਂ ਤੇ ਨਾ ਹੀ ਕੋਈ ਹੋਰ। ਇਹ ਕੰਡਾ ਅਸਲ ਵਿਚ ਤਾਹਨਿਆਂ ਦੇ ਦੁੱਖਾਂ ਦਾ ਕੰਡਾ ਹੈ ਜੋ ਮੁਟਿਆਰ ਆਪਣੀ ਸੱਸ ਕੋਲੋਂ ਝੱਲਦੀ ਹੈ, ਜਦੋਂ ਉਸ ਦਾ ਪਤੀ ਪਰਦੇਸ ਗਿਆ ਹੋਵੇ। ਉਹ ਆਪਣੇ ਪਤੀ ਨੂੰ ਉਡੀਕਦੀ ਹੈ ਕਿਉਂਕਿ ਉਹ ਹੀ ਉਸ ਦਾ ਦੁੱਖ ਦੂਰ ਕਰ ਸਕਦਾ ਹੈ। ਇਹ ਸਮਾਜਕ ਤੇ ਜਜ਼ਬਾਤੀ ਕੰਡਾ ਹੈ-ਦਰਦ ਦਾ, ਸੰਤਾਪ ਦਾ, ਇਕੱਲ ਦਾ ਕੰਡਾ।

ਸੁਰਿੰਦਰ ਕੌਰ ਅਜਿਹੇ ਗੀਤਾਂ ਨੂੰ ਡੂੰਘੀ ਧੂਹ ਨਾਲ ਗਾਉਂਦੀ ਹੈ। ਇਹ ਲੰਮੇ ਗੀਤ ਉਸ ਨੂੰ ਬਹੁਤ ਪਸੰਦ ਹਨ। ਤੀਵੀਆਂ ਇਨ੍ਹਾਂ ਨੂੰ ਮੌਲਿਕ ਰੂਪ ਵਿਚ ਗਾਉਂਦੀਆਂ ਹਨ, ਕਿਉਂਕਿ ਇਹ ਉਨ੍ਹਾਂ ਦੇ ਨਿੱਜੀ ਤਜਰਬੇ ਅਤੇ ਸਮੁੱਚੀ ਇਸਤਰੀ ਜਾਤੀ ਦੀਆਂ ਸਵੈ-ਜੀਵਨੀਆਂ ਹਨ।

ਉਸ ਦੇ 'ਸੁਹਾਗ' ਤੇ 'ਘੋੜੀਆਂ' ਵੀ ਉਤਨੇ ਹੀ ਦਿਲ ਟੁੰਬਵੇਂ ਹਨ। 'ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉੱਡ ਜਾਣਾ' ਵਰਗੇ ਸੁਹਾਗ ਗੀਤ ਵਿਛੜਨ ਦੇ ਗੀਤ ਹਨ, ਜਦੋਂ ਧੀ ਆਪਣੇ ਬਾਬਲ ਦਾ ਵਿਹੜਾ ਛੱਡਦੀ ਹੈ, ਜਿੱਥੇ ਉਹ ਗੀਏ ਖੇਡਦੀ ਵੱਡੀ ਹੋਈ ਸੀ। ਹੁਣ ਘੜੀ ਆ ਗਈ ਹੈ, ਕੰਤ ਨਾਲ ਪਰਾਏ ਦੇਸ਼ ਜਾਣ ਦੀ। 'ਘੋੜੀਆਂ' ਲਾੜੇ ਦੇ ਘਰ ਵਿਚ ਖੁਸ਼ੀ ਦੇ ਗੀਤ ਹਨ। ਇਨ੍ਹਾਂ ਵਿਚੋਂ ਕੁਝ ਬਹੁਤ ਮਕਬੂਲ ਗੀਤ ਇਹ ਹਨ: "ਸੁੱਚੇ ਨੀ ਮੈਂ ਵਾਰ-ਵਾਰ ਪਈ ਡੋਲ੍ਹਦੀ" ਤੇ "ਮੱਥੇ ਤੇ ਚਮਕਣ ਵਾਲ, ਮੇਰੇ ਬੰਨੜੇ ਦੇ।" ਇਹ ਗੀਤ ਖੁਸ਼ੀ ਨਾਲ ਡੁੱਲ੍ਹ-ਡੁੱਲ੍ਹ ਪੈਂਦੇ ਹਨ ਜਦ ਲਾੜਾ ਵਿਆਹ ਤੋਂ ਪਹਿਲੀਆਂ ਰਸਮਾਂ ਕਰਦਾ ਹੈ ਤੇ ਘੋੜੀ ਚੜ੍ਹਦਾ ਹੈ ਤੇ ਤੀਵੀਆਂ ਲੰਮੀ ਹੇਕ ਵਿਚ ਪਿਆਰ ਤੇ ਖੁਸ਼ੀ ਨਿਛਾਵਰ ਕਰਦੀਆਂ ਹਨ।

ਪਿਛਲੇ ਪੰਜਾਹ ਸਾਲਾਂ ਵਿਚ ਸੁਰਿੰਦਰ ਕੌਰ ਦੇ ਪੰਜ ਹਜ਼ਾਰ ਦੇ ਕਰੀਬ ਗੀਤ ਰੀਕਾਰਡ ਹੋਏ। ਹਨ। ਉਹਦੇ ਬਹੁਤ ਵਿਕਣ ਵਾਲੇ ਰਿਕਾਰਡਾਂ ਵਿਚੋਂ ਇਕ ਗੀਤ ਇਹ ਹੈ:

'ਮਧਾਣੀਆਂ
ਹਾਏ ਓ ਮੇਰੇ ਡਾਢਿਆ ਰੱਬਾ
ਕਿਨ੍ਹਾਂ ਜੰਮੀਆਂ ਕਿਨ੍ਹਾਂ ਨੇ ਲੈ ਜਾਣੀਆਂ'"

ਜੋ ਜੀਵਨ ਦੀ ਹੋਣੀ ਬਿਆਨ ਕਰਦਾ ਹੈ। ਕਿਵੇਂ ਮਾਂ ਆਪਣੀ ਧੀ ਨੂੰ ਢਿੱਡ ਵਿਚ ਪਾਲਦੀ ਹੈ ਤੇ ਜਣਦੀ ਹੈ? ਕਿਵੇਂ ਲਾਡ ਲਡਾ ਕੇ ਵੱਡਿਆਂ ਕਰਦੀ ਹੈ ਤੇ ਕਿਵੇਂ ਕੋਈ ਪਰਦੇਸੀ ਆਉਂਦਾ ਹੈ ਤੇ ਉਸ ਨੂੰ ਲੈ ਜਾਂਦਾ ਹੈ। ਸਾਡੇ ਲੋਕ ਗੀਤਾਂ ਵਿਚਲੀ ਧੂਹ ਨੂੰ ਪੇਸ਼ ਕਰਨ 'ਚ ਸੁਰਿੰਦਰ ਕੌਰ ਦਾ ਕੋਈ ਮੁਕਾਬਲਾ ਨਹੀਂ।

ਬਹੁਤ ਸਾਰੇ ਪੰਜਾਬੀ ਲੋਕ ਗੀਤ ਜਾਂ ਤਾਂ ਭੈਰਵੀ ਰਾਗ ਵਿਚ ਹਨ ਜਾਂ ਪਹਾੜੀ ਵਿਚ। "ਉੱਤਰੀ ਭਾਰਤ ਵਿਚ ਅਸੀਂ ਆਪਣੇ ਸਾਹ ਵਿਚ ਹੀ ਭੈਰਵੀ ਰਾਗ ਲੈ ਕੇ ਜੰਮੇ ਹਾਂ", ਉਹ ਆਖਦੀ ਹੈ, "ਮੱਧ ਪੂਰਬੀ ਦੇਸ਼ਾਂ ਦੇ ਲੋਕਾਂ ਦਾ ਸੰਗੀਤ ਵਧੇਰੇ ਕਰਕੇ ਭੈਰਵ ਤੇ ਭੈਰਵੀ ਦਾ ਮਿਸ਼ਰਣ ਹੈ... ਭੈਰਵੀ ਵਿਚ ਦੂਹਰੇ ਕੋਮਲ ਤੇ ਤੀਬਰ ਨਾਲ ਬਾਰਾਂ ਦੇ ਬਾਰਾਂ ਸੁਰ ਹਨ। ਇਸ ਵਿਚ ਕਿਸੇ ਧੁਨ ਨੂੰ ਸੁਰਾਂ ਦੇ ਨਵੇਂ ਸੁਮੇਲ ਨਾਲ ਖ਼ੂਬਸੂਰਤ ਬਣਾਉਣ ਦੀ ਬਹੁਤ ਗੁੰਜਾਇਸ਼ ਹੁੰਦੀ ਹੈ ਪਰ ਹੋਰਨਾਂ ਰਾਗਾਂ ਵਿਚ ਸੁਰ ਸੀਮਤ ਹੁੰਦੇ ਹਨ ਤੇ ਉਹਨਾਂ ਤੋਂ ਬਾਹਰ ਨਹੀਂ ਜਾਇਆ ਜਾ ਸਕਦਾ। ਪਰ ਭੈਰਵੀ ਸਦਾ ਸੁਹਾਗਣ ਹੈ। ਇਸ ਨੂੰ ਕਿਸੇ ਵੇਲੇ ਵੀ ਗਾਓ, ਇਹ ਫੱਬਦੀ ਹੈ। ਮੈਨੂੰ ਭੈਰਵੀ ਤੇ ਪਹਾੜੀ ਰਾਗ ਚੰਗੇ ਲਗਦੇ ਹਨ।"

ਲੋਕ ਗੀਤਾਂ ਵਿਚ ਇਕੋ ਅਸਥਾਈ ਅਤੇ ਅੰਤਰੇ ਨੂੰ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਤੀਵੀਆਂ ਗੀਤਾਂ ਵਿਚ ਸੁਆਲ-ਜੁਆਬ ਕਰਦੀਆਂ ਉਨ੍ਹਾਂ ਸੁਰਾਂ ਨੂੰ ਹੀ ਘੰਟਿਆਂ ਬੱਧੀ ਦੁਹਰਾਈ ਜਾਂਦੀਆਂ ਹਨ। ਉਨ੍ਹਾਂ ਦੇ ਕੰਮ ਦੀ ਆਪਣੀ ਹੀ ਸੰਗੀਤਕ ਲੈਅ ਹੁੰਦੀ ਹੈ ਜੋ ਗੀਤਾਂ ਦੇ ਦੁਹਰਾਏ ਜਾਣ ਵੇਲੇ ਸੰਗੀਤ ਨਾਲ ਮੇਲ ਖਾਂਦੀ ਹੈ। ਸੁਰਿੰਦਰ ਕੌਰ ਨੇ ਇਸ ਲੰਮੇ ਦੁਹਰਾਓ ਨੂੰ ਬਦਲ ਕੇ ਹਰ ਅੰਤਰੇ ਵਿਚ ਨਵਾਂ ਚਾਅ ਅਤੇ ਚੀਸ ਭਰੀ ਹੈ। ਅਜਿਹਾ ਕਰਨ ਨਾਲ ਉਸ ਦੇ ਗੀਤਾਂ ਨੂੰ ਚਮਕਾਇਆ ਹੈ, ਪਰ ਉਨ੍ਹਾਂ ਦੀ ਆਤਮਾ ਤੇ ਭਾਵ ਨੂੰ ਨਹੀਂ ਬਦਲਿਆ। ਲੋਕ ਗੀਤਾਂ ਨੂੰ ਤਰਾਸ਼ਦਿਆਂ ਹੋਇਆਂ ਉਹ ਇਨ੍ਹਾਂ ਵਿਚਲੇ ਤੱਤ ਨੂੰ ਗੁਆਚਣ ਨਹੀਂ ਦਿੰਦੀ। ਉਹ ਇਨ੍ਹਾਂ ਦੇ ਜਜ਼ਬਾਤੀ ਪੱਖ ਨੂੰ ਕੇਂਦ੍ਰਿਤ ਕਰਦੀ ਹੈ ਤੇ ਸ਼ਬਦਾਂ ਨੂੰ ਸਜੀਵ ਕਰਦੀ ਹੈ।

ਕਈ ਲੋਕਾਂ ਨੇ ਮਸ਼ਹੂਰ ਗੀਤ 'ਲੰਘ ਆ ਜਾ ਪੱਤਣ ਝਨਾਂ ਦਾ, ਓ ਯਾਰ ਲੰਘ ਆ ਜਾ", ਸਿੰਧੀ ਚੁਸਤ ਲੈਅ ਵਿਚ ਗਾਇਆ ਹੈ ਤੇ ਬਹੁਤ ਸਾਰਿਆਂ ਨੇ ਧੁਨ ਦੇ ਅੰਦਰੂਨੀ ਅਰਥ ਨੂੰ ਗੁਆ ਦਿੱਤਾ ਹੈ ਪਰ ਸੁਰਿੰਦਰ ਕੌਰ ਨੂੰ ਗਿਆਨ ਹੈ ਕਿ ਲਫ਼ਜ਼ ਕਿਵੇਂ ਬਿਆਨ ਕਰਨੇ ਹਨ। ਉਹ ਆਖਦੀ ਹੈ, "ਜਦੋਂ ਮੈਂ ਕਹਿੰਦੀ ਹਾਂ 'ਲੰਘ ਆ ਜਾ' ਮੇਰਾ ਪੂਰਾ ਆਪਾ ਪੰਘਰ ਜਾਂਦਾ ਹੈ। 'ਆ ਜਾ' ਦੇ ਬੋਲ ਅੰਦਰੂਨੀ ਤੜਫ ਨਾਲ ਗਾਏ ਜਾਂਦੇ ਹਨ। ਸਾਡੇ



ਡੌਲੀ ਗੁਲੇਰੀਆ

ਲੋਕ ਉਸਤਾਦਾਂ ਕੋਲ ਸੰਗੀਤ ਤੇ ਜਜ਼ਬੇ ਦੀ ਬਹੁਮੁੱਲੀ ਦਾਤ ਸੀ। ਇਸ ਗੱਲ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।"

ਉਹ ਆਖਦੀ ਹੈ, "ਜਦ ਮੈਂ 'ਆ ਮਿਲ ਮੇਰਿਆ ਰਾਂਝਣਾ, ਲੁੱਟੀ ਹੀਰ ਵੇ ਗ਼ਮਾ ਨੇ' ਗਾਉਂਦੀ ਹਾਂ ਤਾਂ ਮੇਰੇ ਅੰਦਰ ਕੋਈ ਚੀਜ਼ ਟੁੱਟਦੀ ਹੈ। ਹਰ ਵਾਰ ਮੈਨੂੰ ਇਕੱਲ ਮੈਨੂੰ ਇਕੱਲ ਤੇ ਤੜਫ ਦਾ ਅਹਿਸਾਸ ਹੁੰਦਾ ਹੈ ਜੋ ਮੇਰੀ ਆਵਾਜ਼ ਵਿਚ ਆ ਜਾਂਦਾ ਹੈ...ਆਵਾਜ਼ ਮੇਰੇ ਢਿੱਡ ਵਿਚੋਂ, ਮੇਰੇ ਲਹੂ ਵਿਚੋਂ ਨਿਕਲਦੀ ਹੈ...ਮੈਨੂੰ ਪਤਾ ਨਹੀਂ ਲਗਦਾ ਕਿ ਮੇਰੀ ਆਵਾਜ਼ ਦੀ ਤਾਸੀਰ ਕਿਵੇਂ ਬਦਲ ਜਾਂਦੀ ਹੈ, ਕਿਉਂਕਿ ਮੈਂ ਇਸ ਨੂੰ ਸੁਣ ਨਹੀਂ ਸਕਦੀ। ਮੇਰਾ ਪੂਰਾ ਵਜੂਦ ਇਸ ਵਿਚ ਭਿੱਜਿਆ ਹੁੰਦਾ ਹੈ।"

ਲਾਹੌਰ ਵਿਚ ਮਸ਼ਹੂਰ ਗਾਇਕਾ ਸ਼ਮਸ਼ਾਦ ਬੇਗਮ ਨੇ ਉਸ ਨੂੰ ਸਲਾਹ ਦਿੱਤੀ, "ਰੋਜ਼ ਇਕ ਸੇਰ ਦੁੱਧ ਮੁੱਲ ਲਿਆ ਕਰ...ਬਦਾਮ ਪਾ ਕੇ ਚੰਗੀ ਤਰ੍ਹਾਂ ਕਾੜ੍ਹ ਕੇ ਉਹ ਪੀਵਿਆ ਕਰ। ਆਪਣੀ ਸਿਹਤ ਬਣਾ ਤੇ ਫਿਰ ਹੋਰ ਵੀ ਚੰਗਾ ਗਾਏਂਗੀ। ਗਾਉਣ ਪਹਿਲਵਾਨੀ ਕਰਨ ਵਾਂਗ ਏ। ਇੰਨਾ ਥੋੜ੍ਹਾ ਖਾ ਕੇ ਤੂੰ ਕਿਵੇਂ ਗਾ ਸਕਦੀ ਏਂ?" ਸੁਰਿੰਦਰ ਕੌਰ ਮੁਸਕਰਾਈ, "ਸੰਗੀਤ ਮੇਰੇ ਲਈ ਪੂਜਾ ਹੈ...।"

"ਬਾਣੀ ਮੈਨੂੰ ਬਹੁਤ ਚੰਗੀ ਲਗਦੀ ਹੈ", ਉਹ ਆਖਦੀ ਹੈ, "ਬਾਣੀ ਦੀਆਂ ਧੁਨਾਂ ਕਲਾਸਕੀ ਰਾਗਾਂ ਵਿਚ ਹਨ, ਸ਼ੁਧ ਤੇ ਉਤੇਜਕ। ਮੇਰੀ ਮਨ ਪਸੰਦ ਬਾਣੀ ਹੈ, 'ਪ੍ਰਭ ਜੀ ਤੂ ਮੇਰੇ ਪ੍ਰਾਣ ਅਧਾਰੇ', ਗੁਰੂ ਅਰਜਨ ਦੇਵ ਦੀ ਰਚਨਾ ਰਾਗ ਯਮਨ ਵਿਚ...ਬਾਣੀ ਦੇ ਗਾਇਕਾਂ ਵਿਚੋਂ ਸਮੁੰਦ ਸਿੰਘ ਰਾਗੀ ਉਸਤਾਦ ਸੀ। ਉਸ ਨੇ ਬਾਣੀ ਨੂੰ ਮੁਸ਼ਕਿਲ ਬੰਦਸ਼ਾਂ ਅਤੇ ਗਤਾਂ ਵਿਚ ਬੰਨ੍ਹਿਆ। ਓਂਜ-ਕੱਲ੍ਹ ਉਹ ਦੇ ਵਰਗਾ ਕੋਈ ਨਹੀਂ ਗਾ ਸਕਦਾ...ਤਬਲੇ ਦੇ ਬੋਲ ਤੇ ਮੁਸ਼ਕਿਲ ਤਾਲਾਂ। ਉਹ ਵੱਡਾ ਸੰਗੀਤਕਾਰ ਸੀ। ਮੈਂ ਹਲਕੀਆਂ ਧੁਨਾਂ ਵਿਚ ਗੁਰਬਾਣੀ ਗਾਉਂਦੀ ਹਾਂ ਤੇ ਲਫ਼ਜ਼ਾਂ ਨੂੰ ਸਪੱਸ਼ਟ ਕਰਦੀ ਹਾਂ। ਲਫ਼ਜ਼ਾਂ ਦਾ ਤਾਂ ਮੈਨੂੰ ਖ਼ਬਤ ਹੈ... ਮੈਂ ਜੋ ਗਾ ਰਹੀ ਹਾਂ ਉਹ ਮੈਂ ਆਪਣੇ ਸਰੋਤਿਆਂ ਨੂੰ ਸਮਝਾਉਣਾ ਚਾਹੁੰਦੀ ਹਾਂ। ਮੈਨੂੰ ਖ਼ੁਦ ਲਫ਼ਜ਼ਾਂ ਦਾ ਅਰਥ ਸਮਝਣਾ ਚਾਹੀਦਾ ਹੈ, ਤਦੇ ਮੈਂ ਸੁਣਨ ਵਾਲਿਆਂ ਨੂੰ ਸਮਝਾ ਸਕਾਂਗੀ।"

ਉਸ ਨੇ ਉਰਦੂ, ਫਾਰਸੀ ਤੇ ਪੰਜਾਬੀ ਗਜ਼ਲਾਂ ਗਾਈਆਂ ਹਨ। ਫਾਰਸੀ ਗਜ਼ਲਾਂ ਨੂੰ ਸਿੱਖਿਆ ਅਤੇ ਉਨ੍ਹਾਂ ਦੇ ਅਰਥਾਂ ਨੂੰ ਸਮਝਿਆ। ਜਦੋਂ ਉਹ ਕਾਬੁਲ ਗਈ ਤਾਂ ਉਹਨੇ ਉਥੇ ਪਸ਼ਤੋ ਲੋਕ ਗੀਤ ਸਿੱਖੇ, ਉਨ੍ਹਾਂ ਨੂੰ ਗਾਇਆ ਤੇ ਲੋਕਾਂ ਦੇ ਦਿਲ ਜਿੱਤ ਲਏ। ਇਥੋਂ ਤੱਕ ਕਿ ਉਸ ਨੇ ਬੰਗਾਲੀ ਗੀਤ ਵੀ ਗਾਏ ਹਨ। ਉਸ ਦਾ ਮਨ-ਪਸੰਦ ਗੀਤ ਰਾਬਿੰਦਰ ਨਾਥ ਟੈਗੋਰ ਦੀ ਰਚਨਾ 'ਪਗਲਾ ਹਾਵਾਇ ਬਾਦਲ ਦੇਨੇ' ਹੈ। ਉਸ ਨੇ ਇਹ ਗੀਤ ਇਪਟਾ ਕਾਨਫਰੰਸ 'ਤੇ ਬੰਗਾਲ ਵਿਚ ਗਾਇਆ ਸੀ। ਚੀਨੀ, ਪੋਲਿਸ਼ ਤੇ ਉਜ਼ਬੇਕ ਗੀਤ ਵੀ ਸਿੱਖੇ ਤੇ ਗਾਏ। ਵਿਦੇਸ਼ੀ ਭਾਸ਼ਾਵਾਂ ਨੂੰ ਸੰਗੀਤ ਰਾਹੀਂ ਸਿਖਿਆ।

ਉਸ ਦੇ ਮਸ਼ਹੂਰ ਗੀਤ 'ਦਿਉਰ ਦੇ ਵਿਆਹ ਵਿਚ ਨੱਚ ਲੈਣ ਦੇ' ਅਤੇ 'ਕੈਨੇ ਵਾਲਾ ਆ ਗਿਆ ਪ੍ਰਾਹੁਣਾ, ਨੀ ਮਾਏ ਤੇਰੇ ਕੰਮ ਨਾ ਮੁੱਕੇ' ਨੰਦ ਲਾਲ ਨੂਰਪੁਰੀ ਦੇ ਲਿਖੇ ਹੋਏ ਹਨ। ਸੁਰਿੰਦਰ ਕੌਰ ਨੇ ਬਹੁਤ ਚਾਅ ਨਾਲ ਇਨ੍ਹਾਂ ਗੀਤਾਂ ਨੂੰ ਗਾਇਆ ਹੈ ਤੇ ਇਨ੍ਹਾਂ ਦੇ ਲਫ਼ਜ਼ਾਂ ਵਿਚ ਚਿੱਤਰ ਭਰ ਦਿੱਤੇ ਹਨ।

ਉਹ ਆਪਣੀ ਆਵਾਜ਼ ਨੂੰ ਸੰਭਾਲਣ ਲਈ ਕੋਈ ਪ੍ਰਹੇਜ਼ ਨਹੀਂ ਵਰਤਦੀ। ਮਿਰਚਾਂ, ਮਸਾਲੇ, ਕੱਚੇ ਪਿਆਜ਼, ਆਚਾਰ, ਚਟਣੀਆਂ ਸਭ ਕੁਝ ਖਾਂਦੀ ਹੈ। ਉਹ ਆਖਦੀ ਹੈ, "ਸਿਰਫ਼ ਰਿਆਜ਼ ਨੇ ਮੇਰੀ ਆਵਾਜ਼ ਬਚਾ ਕੇ ਰੱਖੀ ਹੈ...ਜੇ ਮੈਂ ਰਿਆਜ਼ ਛੱਡ ਦੇਵਾਂ ਤਾਂ ਮੇਰੇ ਅੰਦਰੋਂ ਸੰਗੀਤ ਮਰ ਜਾਵੇਗਾ। ਸੰਗੀਤ ਤਾਂ ਸਾਹ ਲੈਣ ਵਾਂਗ ਹੈ...।"

ਉਸ ਨੇ ਸ਼ੀਲਾ ਭਾਟੀਆ ਦੇ ਗੀਤ ਨਾਟ "ਵਾਦੀ ਦੀ ਗੂੰਜ" ਵਿਚ ਪਾਰਟ ਕੀਤਾ ਜੋ ਕਸ਼ਮੀਰੀ ਲੋਕਾਂ ਦੇ ਸੰਘਰਸ਼ ਨੂੰ ਪੇਸ਼ ਕਰਦਾ ਸੀ। ਇਸ ਵਿਚ ਕਸ਼ਮੀਰੀ ਔਰਤ ਦੀਆਂ ਸੱਧਰਾਂ ਸਨ। ਇਹ ਔਰਤ 'ਵਾਦੀ' ਦੀ ਪ੍ਰਤੀਕ ਸੀ। ਪੰਜਾਬੀ ਵਿਚ ਵੱਖਰੇ-ਵੱਖਰੇ ਥਾਵਾਂ ਅਤੇ ਕਿਸਾਨਾਂ ਮੇਲਿਆਂ 'ਤੇ, ਅਤੇ 'ਇਪਟਾ' ਸਮਾਰੋਹਾਂ 'ਤੇ ਕਈ ਗੀਤ-ਨਾਟਾਂ ਵਿਚ ਉਸ ਨੇ ਪਾਰਟ ਕੀਤਾ।

ਉਹ ਆਖਦੀ ਹੈ, "ਜਦੋਂ ਮੈਂ ਪਹਿਲੀ ਵਾਰ ਉਨੀ ਸੌ ਚੌਹਠ ਵਿਚ ਕਲਚਰਲ ਡੈਲੀਗੇਸ਼ਨ ਨਾਲ ਇੰਗਲੈਂਡ ਗਈ, ਮੈਂ ਐਲਬਰਟ ਹਾਲ ਵਿਚ ਗਾਇਆ। ਪੰਜਾਬੀਆਂ ਨੇ ਮੈਨੂੰ ਬਹੁਤ ਮਾਣ ਤੇ ਪਿਆਰ ਦਿੱਤਾ। ਆਪਣੇ ਘਰੀਂ ਬੁਲਾਇਆ। ਜਦ ਮੈਂ 'ਹੀਰ' ਗਾਈ ਤਾਂ ਅੱਖਾਂ ਵਿਚ ਹੰਝੂ ਆ ਗਏ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਇਹ ਜ਼ੁਬਾਨ ਉਨ੍ਹਾਂ ਦੀ ਸੀ। ਮੈਂ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਪਿੰਡਾਂ ਦੀਆਂ ਯਾਦਾਂ ਤਾਜ਼ਾ ਕਰ ਦਿੱਤੀਆਂ। ਮੈਂ ਜਿੱਥੇ ਵੀ ਗਈ ਹਾਂ, ਪੰਜਾਬੀਆਂ ਨੇ ਮੈਨੂੰ ਬੜਾ ਮਾਣ ਤੇ ਆਦਰ ਦਿੱਤਾ ਹੈ।"

ਸੋਢੀ ਜੋਗਿੰਦਰ ਸਿੰਘ ਬਹੁਤ ਮੋਟਾ ਹੋ ਗਿਆ ਤੇ ਉਸ ਦਾ ਵਜ਼ਨ ਵੱਧ ਗਿਆ। ਉਸ ਨੂੰ ਖ਼ੂਨ ਦਾ ਦਬਾਉ ਤੇ ਛਾਤੀ ਵਿਚ ਦਰਦ ਰਹਿਣ ਲੱਗਾ। ਉਹ ਦਰਿਆਗੰਜ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖ਼ਲ ਹੋ ਗਿਆ, ਜਿੱਥੇ ਉਸ ਦੀ ਛਾਤੀ ਦੇ ਪਿੱਠ ਦਾ ਅਪਰੇਸ਼ਨ ਹੋਇਆ।

ਮੈਂ ਉਸ ਨੂੰ ਹਸਪਤਾਲ ਵਿਚ ਮਿਲਣ ਗਿਆ। ਸੁਰਿੰਦਰ ਕੌਰ ਉਸ ਦੀ ਸੇਵਾ ਵਿਚ ਲੱਗੀ ਹੋਈ ਸੀ। ਉਸ ਨੇ ਹਜ਼ਾਰਾਂ ਰੁਪਏ ਪਤੀ ਦੀ ਬੀਮਾਰੀ 'ਤੇ ਰੋੜ੍ਹ ਦਿੱਤੇ। ਕਰਜ਼ਾ ਚੁੱਕਿਆ, ਕਾਰ ਵੇਚਣੀ ਪਈ। ਆਪਣੇ ਕਾਰੋਬਾਰ ਦੇ ਸਿਲਸਿਲੇ ਵਿਚ ਨਾ ਰੇਡੀਓ ਸਟੇਸ਼ਨ ਜਾ ਸਕੀ ਅਤੇ ਨਾ ਹੀ ਕਿਧਰੇ ਹੋਰ ਕੋਈ ਪ੍ਰੋਗਰਾਮ ਦੇ ਸਕੀ। ਪਤੀ ਦੇ ਸਿਰਹਾਣੇ ਬੈਠੀ, ਮੈਨੂੰ ਦੇਖ ਕੇ ਸਿਸਕੀਆਂ ਭਰਨ ਲੱਗੀ, "ਮੈਂ ਅਰਦਾਸ ਕਰਦੀ ਹਾਂ ਮੇਰਾ ਆਦਮੀ ਜਿਉਂਦਾ ਰਹੇ...ਹਮੇਸ਼ਾ ਮੇਰੇ ਨਾਲ ਰਹੇ। ਪਰਮਾਤਮਾ ਸਦਾ ਇਨ੍ਹਾਂ ਦਾ ਹੱਥ ਮੇਰੇ ਸਿਰ 'ਤੇ ਰੱਖੇ... ਇਨ੍ਹਾਂ ਤੋਂ ਬਿਨਾਂ ਮੈਂ ਜੀਅ ਨਹੀਂ ਸਕਦੀ।"

ਸੁਰਿੰਦਰ ਕੌਰ ਦੀ ਸਾਧਨਾ ਨੇ ਸੋਢੀ ਦੀ ਜਾਨ ਬਚਾ ਲਈ। ਉਹ ਹੌਲੀ-ਹੌਲੀ ਰਾਜ਼ੀ ਹੋ ਗਿਆ ਤੇ ਸੋਟੀ ਦੇ ਆਸਰੇ ਚੱਲਣ ਲੱਗਾ। ਬੀਮਾਰੀ ਦੇ ਬਾਵਜੂਦ ਉਸ ਦਾ ਜ਼ਿਹਨ ਸੂਈ ਵਰਗਾ ਬਾਰੀਕ ਸੀ। ਉਸ ਵਿਚਲੀ ਖ਼ੁਸ਼ਮਿਜ਼ਾਜੀ ਤੇ ਸਿਰਜਣਾਤਮਕ ਦਿਲਚਸਪੀ ਕਦੇ ਨਾ ਘਟੀ।

ਕੁਝ ਸਾਲਾਂ ਪਿੱਛੋਂ ਸੋਢੀ ਨੂੰ ਬੀਮਾਰੀ ਦਾ ਖ਼ਤਰਨਾਕ ਦੌਰਾ ਪਿਆ ਤੇ ਕੋਈ ਡਾਕਟਰ ਵੀ ਉਸ ਦਾ ਇਲਾਜ ਨਾ ਕਰ ਸਕਿਆ। ਸੁਰਿੰਦਰ ਕੌਰ ਬੇਵੱਸ ਹੋ ਗਈ। ਸੋਢੀ ਨੇ ਉਸ ਦੀ ਗੋਦੀ ਵਿਚ ਪ੍ਰਾਣ ਤਿਆਗ ਦਿੱਤੇ। ਸੁਰਿੰਦਰ ਕੌਰ ਕਈ ਮਹੀਨੇ ਘਰੋਂ ਬਾਹਰ ਨਾ ਨਿਕਲੀ।

ਪਰ ਜ਼ਿੰਦਗੀ ਦੀ ਚਾਲ ਨੂੰ ਕੌਣ ਰੋਕ ਸਕਦਾ ਸੀ? ਸੁਰਿੰਦਰ ਕੌਰ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ। ਉਹ ਆਖਦੀ ਹੈ, "ਜ਼ਿੰਦਗੀ ਵਿਚ ਗਾਉਣ ਤੋਂ ਬਿਨਾਂ ਮੈਨੂੰ ਹੋਰ ਕੋਈ ਸ਼ੌਕ ਨਹੀਂ। ਬੱਸ, ਇਕੋ ਲਗਨ ਹੈ-ਸੰਗੀਤ ਨਾਲ ਜਿਊਣਾ। ਸੰਗੀਤ ਆਪਣੇ-ਆਪ ਵਿਚ ਰੱਬ ਦੀ ਪੂਜਾ ਹੈ... ਉਸੇ ਦਾ ਪ੍ਰਕਾਸ਼।"

ਸੁਰਿੰਦਰ ਕੌਰ ਜੀਉਂਦੀ-ਜਾਗਦੀ ਮਿੱਥ ਹੈ। ਉਸ ਦੀ ਨਿਮਰਤਾ, ਹਸਮੁੱਖਤਾ ਤੇ ਫਿਰਾਖ਼ਦਿਲੀ ਦੇਖ ਕੇ ਆਦਮੀ ਅਸ਼-ਅਸ਼ ਕਰ ਉਠਦਾ ਹੈ। ਉਹ ਅਜੇ ਵੀ ਕੁੜੀਆਂ ਵਾਂਗ ਉਚਾ ਹਾਸਾ ਹੱਸਦੀ ਹੈ, ਭਾਵੇਂ ਕਈ ਵਾਰ ਇਹ ਹਾਸਾ ਸੋਢੀ ਦੀ ਯਾਦ ਵਿਚ ਹੰਝੂਆਂ ਵਿਚ ਛਲਕ ਪੈਂਦਾ ਹੈ।

ਉਹ ਬੋਲੀ, "ਮੈਂ ਹਮੇਸ਼ਾ ਸਿੱਖਦੀ ਹੀ ਰਹੀ ਹਾਂ... ਤੇ ਅਜੇ ਵੀ ਸਿਖ ਰਹੀ ਹਾਂ। ਇਕ ਵਾਰੀ ਲਾਹੌਰ ਵਿਚ ਬੜੇ ਗੁਲਾਮ ਅਲੀ ਖਾਂ ਨੇ ਮੈਨੂੰ ਆਖਿਆ ਕਿ ਉਹ ਮੈਨੂੰ ਸੰਗੀਤ ਸਿਖਾਉਣ ਲਈ ਤਿਆਰ ਹਨ ਪਰ ਮੈਂ ਇਸ ਦਾ ਫਾਇਦਾ ਨਾ ਉਠਾ ਸਕੀ। ਪੁਰਾਣੇ ਸਿੱਖ ਪਰਿਵਾਰ ਦੀ ਕੁੜੀ ਲਈ ਕਿਸੇ ਉਸਤਾਦ ਕੋਲੋਂ ਸਿਖਿਆ ਲੈਣੀ ਮੁਸ਼ਕਿਲ ਸੀ। ਮੈਂ ਹਮੇਸ਼ਾ ਉਸ ਦੀ ਪ੍ਰਸ਼ੰਸਕ ਰਹੀ ਹਾਂ। ਜਦੋਂ ਵੀ ਉਸ ਦੀ ਆਵਾਜ਼ ਸੁਣਦੀ ਹਾਂ, ਮੇਰਾ ਸਿਰ ਸਤਿਕਾਰ ਨਾਲ ਝੁਕ ਜਾਂਦਾ ਹੈ...ਹੁਣ ਮੇਰੇ ਗਾਉਣ ਵਿਚ ਸੁਧਾਰ ਹੋਇਆ ਹੈ। ਸਿਰਫ਼ ਰਿਆਜ਼ ਨੇ ਮੇਰੀ ਆਵਾਜ਼ ਨੂੰ ਸਾਂਭੀ ਰਖਿਆ ਹੈ।"

ਸੁਰਿੰਦਰ ਕੌਰ ਦੀ ਆਵਾਜ਼ ਉਸ ਬੰਸਰੀ ਵਾਂਗ ਹੈ ਜੋ ਸਾਲਾਂ ਬੱਧੀ ਤੇਲ ਵਿਚ ਰਸੀ ਰਹੀ ਹੋਵੇ। ਉਹ ਪੰਜਾਬ ਦੇ ਲੋਕ ਸੰਗੀਤਕ ਵਿਰਸੇ ਦਾ ਪ੍ਰਗਟਾਵਾ ਹੈ। ਉਸ ਨੇ ਪੰਜਾਬੀਆਂ ਦੇ ਗੁੱਝੇ ਸੁਪਨਿਆਂ ਅਤੇ ਉਮੰਗਾਂ ਨੂੰ ਆਪਣੇ ਗੀਤਾਂ ਦੁਆਰਾ ਮੂਰਤੀਮਾਨ ਕੀਤਾ ਹੈ ਤੇ ਉਨ੍ਹਾਂ ਦੀਆਂ ਸੱਧਰਾਂ ਨੂੰ ਹੁਸਨ ਬਖ਼ਸ਼ਿਆ ਹੈ।

ਉਸ ਦੀ ਆਵਾਜ਼ ਕੈਨੇਡਾ, ਅਮਰੀਕਾ, ਇੰਗਲੈਂਡ, ਰੂਸ, ਕੀਨੀਆ, ਚੀਨ, ਮਲਾਇਆ ਤੇ ਮੱਧ ਏਸ਼ਿਆਈ ਦੇਸ਼ਾਂ ਵਿਚ ਪਹੁੰਚੀ ਹੈ। ਇਨ੍ਹਾਂ ਮੁਲਕਾਂ ਦੇ ਪੰਜਾਬੀਆਂ ਦੇ ਘਰਾਂ ਵਿਚ ਸੁਰਿੰਦਰ ਕੌਰ ਦੀ ਆਵਾਜ਼ ਗੂੰਜਦੀ ਹੈ। ਉਸ ਦੀ ਆਵਾਜ਼ ਵਿਚ ਸਾਡੇ ਪੁਰਖਿਆਂ ਦਾ ਖ਼ਜ਼ਾਨਾ ਹੈ, ਸਾਡੀ ਸੰਗੀਤਕ ਵਿਰਾਸਤ ਦੀ ਸਿਖ਼ਰ। ਇਹ ਗੀਤ ਕੌਮ ਜਾਂ ਧਰਤੀ ਦੇ ਬੰਧਨਾਂ ਤੋਂ ਮੁਕਤ ਹਨ। ਜਦੋਂ ਭਾਰਤ ਤੇ ਪਾਕਿਸਤਾਨ ਇਕ-ਦੂਜੇ ਲਈ ਨਫ਼ਰਤ ਨਾਲ ਉਬਲ ਰਹੇ ਸਨ, ਦੋਹਾਂ ਹੀ ਪੰਜਾਬਾਂ ਦੇ ਲੋਕ ਸੁਰਿੰਦਰ ਕੌਰ ਦੀ ਆਵਾਜ਼ ਦਾ ਰਸ ਮਾਣ ਰਹੇ ਹੋਣਗੇ।

# ਪੰਜਾਬੀ ਪੱਤਰਕਾਰੀ ਅਤੇ ਪੈਸਾ

**ਪ੍ਰਭਜੀਤ ਸਿੰਘ**

ਸੌ ਤੋਂ ਇਕ ਸਾਲ ਉੱਪਰ ਉਮਰ ਦਾ ਬਜ਼ੁਰਗ ਹਾਲੇ ਵੀ ਸਿੱਧਾ ਤੁਰਦਾ ਹੋਇਆ ਮੇਰੇ ਕੋਲ ਆਇਆ, ਤੇ ਸੌ-ਸੌ ਦੇ ਨੋਟਾਂ ਦੀ ਗੱਥੀ ਕੱਢਦੇ ਹੋਏ ਬੋਲਿਆ, "ਸੇਵਾ?"

ਮੈਂ ਹਿੱਲ ਗਿਆ, ਤੇ ਰੋਣ ਵਰਗਾ ਹੋ ਗਿਆ। ਇਹ ਘਟਨਾ ਮੇਰੇ ਆਪਣੇ ਘਰ ਹੋਈ। ਉਹ ਆਪਣੇ ਪੋਤੇ ਨਾਲ ਆਪਣੀ ਕਹਾਣੀ ਲੈ ਕੇ ਆਇਆ ਸੀ ਕਿ ਵਕੀਲਾਂ ਨੇ ਸੂਚਨਾ ਅਧਿਕਾਰ ਕਾਨੂੰਨ ਤਹਿਤ ਜਾਣਕਾਰੀ ਲੈਣ ਸਬੰਧੀ ਉਸਨੂੰ ਲੁੱਟ ਖਾਧਾ ਸੀ।

"ਨਹੀਂ ਬਾਬਾ ਜੀ, ਮੈਨੂੰ ਇਸ ਤਰ੍ਹਾਂ ਦੇ ਮੁੱਦੇ ਆਪਣੀ ਅਖ਼ਬਾਰ ਵਿਚ ਨਸ਼ਰ ਕਰਨ ਦੀ ਪੂਰੀ ਤਨਖਾਹ ਮਿਲਦੀ ਹੈ। ਇਹ ਤਾਂ ਮੇਰਾ ਕੰਮ ਹੈ।" ਮੈਂ ਉਸ ਦੇ ਮੀਡੀਆ ਬਾਰੇ ਪ੍ਰਭਾਵ ਨੂੰ ਦੇਖ ਕੇ ਥੋੜ੍ਹਾ ਗੁੱਸੇ ਵਿਚ ਆਖਿਆ।

ਉਸ ਦੇ ਇੰਜਨੀਅਰ ਪੋਤੇ ਨੇ ਉਸ ਨੂੰ ਦੱਸਿਆ ਕਿ ਇਥੇ ਚੰਡੀਗੜ੍ਹ ਵਿਚ ਮਾਹੌਲ ਉਸਦੇ ਪਿੰਡ ਜਾਂ ਛੋਟੇ ਕਸਬਿਆਂ ਵਾਲਾ ਨਹੀਂ ਹੈ।

ਬਾਬੇ ਨੂੰ ਸੁਣ-ਜਾਣ ਕੇ ਬੜੀ ਹੈਰਾਨੀ ਹੋਈ ਕਿ ਪੱਤਰਕਾਰਾਂ ਨੂੰ ਤਨਖ਼ਾਹ ਵੀ ਦਿੱਤੀ ਜਾਂਦੀ ਹੈ।

"ਮੈਨੂੰ ਲੱਗਿਆ, ਤੁਸੀਂ ਕਮਿਸ਼ਨ 'ਤੇ ਕੰਮ ਕਰਦੇ ਓ।" ਬਾਬੇ ਨੇ ਉਸੇ ਤਰ੍ਹਾਂ ਹੱਥ ਵਿਚ ਪੈਸੇ ਫੜੇ ਹੋਏ ਸਨ। ਉਸ ਦਾ ਚਿਹਰਾ ਸਵਾਲਾਂ ਨਾਲ ਭਰਿਆ ਪਿਆ ਲੱਗਿਆ।

ਜਿਸ ਆਦਮੀ ਨੇ ਅਜ਼ਾਦੀ ਦੇ ਸੰਘਰਸ਼ ਵੇਲੇ ਜੇਲ੍ਹਾਂ ਕੱਟੀਆਂ, ਉਸ ਦੀ ਅਰਜ਼ੀ ਸੂਚਨਾ ਲਈ ਠੁਕਰਾ ਦਿੱਤੀ ਗਈ, ਤੇ ਉਹ ਪੰਜਾਬ ਸੂਚਨਾ ਕਮਿਸ਼ਨ ਤੱਕ ਪਹੁੰਚ ਕਰਨ ਲਈ ਵਕੀਲ ਵੱਲੋਂ ਲੁੱਟਿਆ ਗਿਆ ਸੀ। ਮੈਂ ਉਸ ਨੂੰ ਭਰੋਸਾ ਦਿਵਾਇਆ ਕਿ ਸਭ ਠੀਕ ਹੋ ਜਾਵੇਗਾ।

ਮੇਰੀ ਚਾਰ ਸਾਲ ਦੀ ਬੱਚੀ ਨੂੰ ਆਸ਼ੀਰਵਾਦ ਦਿੰਦੇ ਹੋਏ ਅਤੇ ਮੇਰੇ ਮਨ ਵਿਚ ਪਛਤਾਵੇ ਵਾਲੀ ਸੋਚ ਛੱਡਦੇ ਹੋਏ ਉਹ ਦੋਵੇਂ ਚਲੇ ਗਏ।

'ਇਹ ਨਰਮ ਜਿਹਾ ਬੁੱਢਾ ਆਦਮੀ ਰਿਸ਼ਵਤ ਨਹੀਂ ਸੀ ਦੇ ਰਿਹਾ, ਅਸਲ ਵਿਚ ਪੱਤਰਕਾਰ ਨੂੰ ਮਿਹਨਤਾਨਾ ਦੇ ਰਿਹਾ ਸੀ; ਜਿਵੇਂ ਉਸ ਨੇ ਉਸ ਵਕੀਲ ਨੂੰ ਦਿੱਤਾ ਸੀ ਜੋ ਉਸ ਨਾਲ ਧੋਖਾ ਕਰ ਗਿਆ ਸੀ।' ਮੇਰੇ ਜ਼ਿਹਨ 'ਚੋਂ ਇਕ ਸੋਚ ਲੰਘਦੀ ਹੈ।

ਉਸ ਦੀ ਆਮਦ ਥੋੜ੍ਹੀ ਦੁਖਦਾਈ ਸੀ ਜਿਸ ਵਿਚ ਉਸਦਾ ਕੋਈ ਕਸੂਰ ਨਹੀਂ ਸੀ। ਇਹ ਸਭ ਮੇਰੀ ਸੋਚ ਨੂੰ ਮੁਕਤਸਰ ਲੈ ਗਿਆ। ਇਕ ਛੋਟਾ ਜਿਹਾ ਕਸਬਾ ਜਿੱਥੇ ਅਖ਼ਬਾਰਾਂ ਦੇ ਪ੍ਰਤੀਨਿਧ ਜਾਂ ਤਾਂ ਸੁਨਿਆਰ ਸਨ, ਜਾਂ ਉਹ ਮੁਨਸ਼ੀ ਜੋ ਜ਼ਿਲ੍ਹਾ ਅਦਾਲਤਾਂ ਵਿਚ ਹਲਫ਼ੀਆ ਬਿਆਨ ਤਿਆਰ ਕਰ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਸੀ। ਦੋਨੋਂ ਸੂਝਵਾਨ ਸਨ, ਪਰ ਜੋ ਚੰਗੀਆਂ ਸਟੋਰੀਆਂ ਉਹ ਆਪਣੇ ਜਲੰਧਰੋਂ ਛਪਦੇ ਅਖ਼ਬਾਰਾਂ ਨੂੰ ਭੇਜਦੇ ਸਨ, ਉਸ ਲਈ ਉਨ੍ਹਾਂ ਨੂੰ ਕੋਈ ਮਿਹਨਤਾਨਾ ਨਹੀਂ ਸੀ ਦਿੱਤਾ ਜਾਂਦਾ।

ਉਨ੍ਹਾਂ ਨੂੰ ਆਪਣੇ ਅਖ਼ਬਾਰਾਂ ਦੇ ਦਫ਼ਤਰਾਂ ਤੋਂ ਇਸ਼ਤਿਹਾਰ ਇਕੱਠੇ ਕਰਨ ਜੋ ਖ਼ਬਰਾਂ ਭੇਜਣ ਦੇ ਨਾਲ-ਨਾਲ ਜ਼ਰੂਰੀ ਕੰਮ ਹੈ, ਲਈ ਪ੍ਰਤੀ ਸੈਂਟੀਮੀਟਰ ਦੇ ਹਿਸਾਬ ਕਮਿਸ਼ਨ ਦਿੱਤਾ ਜਾਂਦਾ ਸੀ। ਤਨਖ਼ਾਹ ਕੋਈ ਨਹੀਂ।

ਉਹ ਦੋਨੋਂ ਮੈਨੂੰ ਉਨ੍ਹਾਂ ਸਟੋਰੀਆਂ ਲਈ ਚੰਗੀ ਸੂਹ ਅਤੇ ਤਰਕੀਬਾਂ ਦੱਸਦੇ ਹੁੰਦੇ ਸੀ ਜੋ ਉਨ੍ਹਾਂ ਨੇ ਕਦੇ ਨਹੀਂ ਸੀ ਕੀਤੀਆਂ। ਛੇ ਮਹੀਨੇ ਲੰਘਣ ਬਾਅਦ ਮੈਨੂੰ ਉਨ੍ਹਾਂ ਦੀ ਉਦਾਸੀਨਤਾ ਦਾ ਕਾਰਣ ਪਤਾ ਲੱਗਿਆ। ਉਹ ਉਸ ਸਿਸਟਮ ਦਾ ਹਿੱਸਾ ਸਨ, ਜਿੱਥੇ ਉਹ ਉਸ ਕਲੱਬ ਦੇ ਮੈਂਬਰ ਸਨ ਜੋ ਕਦੇ ਸਰਕਾਰੀ ਚੁੰਗੀ ਅਦਾ ਨਹੀਂ ਕਰਦਾ, ਉਨ੍ਹਾਂ ਦੇ ਬੱਚੇ ਉਸ ਆਦਮੀ ਦੇ ਸਕੂਲ ਵਿੱਚ ਪੜ੍ਹਦੇ ਸਨ ਜੋ ਲਗਾਤਾਰ ਉਸ ਛੋਟੇ ਜਿਹੇ ਕਸਬੇ ਵਿਚ ਮਿੱਲ ਮਾਲਕ, ਸਕੂਲ ਪ੍ਰਬੰਧਕ ਕਮੇਟੀ ਅਤੇ ਵੱਡੀਆਂ ਰਾਜਨੀਤਿਕ ਪਾਰਟੀਆਂ ਦੇ ਲੋਕਲ ਲੀਡਰ, ਲੋਕਲ ਪੱਤਰਕਾਰਾਂ ਦੀ ਕਮਾਈ ਦਾ ਸੋਮਾ ਸਨ। ਉਨ੍ਹਾਂ ਦੀ ਕਮਾਈ ਪੇਪਰ ਮਿੱਲ, ਸਕੂਲ, ਅਤੇ ਲੋਕਲ ਲੀਡਰਾਂ ਦੇ ਇਸ਼ਤਿਹਾਰਨੁਮਾ ਬਿਆਨ ਆਦਿ ਇਸ਼ਤਿਹਾਰਾਂ ਦੇ ਕਮਿਸ਼ਨ ਤੋਂ ਹੁੰਦੀ ਸੀ; ਪਰ ਅਖ਼ਬਾਰਾਂ ਦੇ ਦਫ਼ਤਰਾਂ ਤੋਂ ਕੋਈ ਤਨਖ਼ਾਹ ਨਹੀਂ ਸੀ ਮਿਲਦੀ। ਸਾਰੇ ਪੰਜਾਬ ਵਿਚ ਇਹੀ ਹਾਲ ਹੈ।

ਇਕ ਵਾਰ ਮੇਰੀ ਇਕ ਸਾਥਣ ਨੇ ਮੈਨੂੰ ਚੰਡੀਗੜ੍ਹ ਪੰਜਾਬ ਪੱਤਰਕਾਰ ਯੂਨੀਅਨ ਦਾ ਮੈਂਬਰ ਬਣਨ ਲਈ ਪ੍ਰੇਰਿਆ।

"ਪਹਿਲਾਂ ਅਖ਼ਬਾਰਾਂ ਦੇ ਮਾਲਕਾਂ ਲਈ ਅਜਿਹਾ ਮੈਮੋਰੈਂਡਮ ਬਣਾਓ ਜਿਸ ਵਿਚ ਸੂਬੇ ਦੇ ਹਰ ਜ਼ਿਲ੍ਹੇ ਦੇ ਘੱਟੋ-ਘੱਟ ਇਕ ਪੱਤਰਕਾਰ ਨੂੰ ਤਨਖ਼ਾਹ, ਵੇਜ ਬੋਰਡ ਦੇ ਅਧਾਰ 'ਤੇ ਦੇਣ ਦਾ ਹੁਕਮ ਸ਼ਾਮਿਲ ਹੋਵੇ। ਤਦ ਮੈਂ ਥੋਡੀ ਜਥੇਬੰਦੀ ਦਾ ਮੈਂਬਰ ਬਣਾਂਗਾ।" ਮੈਂ ਉਸ ਨੂੰ ਆਪਣੀ ਸ਼ਰਤ ਦੱਸੀ।

ਉਹ ਚੁੱਪ ਸੀ। ਅਸਲ ਵਿਚ ਅਸੀਂ ਸਾਰੇ ਚੁੱਪ ਹਾਂ, ਅਤੇ ਸਿਸਟਮ ਉਸ ਪੇਪਰ ਮਿੱਲ ਦੇ ਪ੍ਰਦੂਸ਼ਣ ਫੈਲਾਉਣ ਲਈ ਕੰਮ ਕਰਦਾ ਹੈ ਤੇ ਪੱਤਰਕਾਰ ਇਸ ਦੇ ਇਸ਼ਤਿਹਾਰਾਂ ਲਈ ਸੰਘਰਸ਼ ਕਰਦੇ ਹਨ।

## ਕਹਾਣੀ

# ਸੁਫਨਾ ਅਤੇ ਸੱਚ

*'ਨਰੰਜਣ ਮਸ਼ਾਲਚੀ' ਅਤੇ 'ਖੇੜੇ ਸੁੱਖ ਵਿਹੜੇ ਸੁੱਖ' ਵਰਗੇ ਜਾਨਦਾਰ ਨਾਵਲ ਲਿਖਣ ਵਾਲੇ ਅਵਤਾਰ ਸਿੰਘ ਬਿਲਿੰਗ ਨੇ ਕਹਾਣੀਆਂ ਵੀ ਲਿਖੀਆਂ ਹਨ। ਕਹਾਣੀ 'ਸੁਫ਼ਨਾ ਅਤੇ ਸੱਚ' ਵਿਚ ਉਸ ਨੇ ਪਿੰਡ ਦੇ ਇਕ ਪਾਤਰ ਦੀ ਮਨੋ-ਅਵਸਥਾ ਨੂੰ ਜਿਸ ਬਾਰੀਕੀ ਨਾਲ ਪੇਸ਼ ਕੀਤਾ ਹੈ, ਉਸ ਦਾ ਕੋਈ ਮੇਲ ਨਹੀਂ। ਪਿੰਡ ਦੀ ਰੂਹ ਇਸ ਰਚਨਾ ਦੇ ਨਾਲ ਰਲ ਗਈ ਜਾਪਦੀ ਹੈ। ਲੇਖਕ ਨੇ ਮੁੱਖ ਪਾਤਰ ਨੂੰ ਬਿਨਾ ਕਿਸੇ ਰਲਾ ਦੇ, ਕੁਦਰਤੀ ਰੂਪ ਵਿਚ ਚਿਤਰਿਆ ਹੈ। ਬਿਲਿੰਗ ਨੇ ਆਪਣੀਆਂ ਰਚਨਾਵਾਂ ਵਿਚ ਇਕ ਖਾਸ ਇਲਾਕੇ ਦੇ ਸਭਿਆਚਾਰ ਅਤੇ ਰਹਿਤਲ ਦਾ ਪ੍ਰਗਟਾਵਾ ਕੀਤਾ ਹੈ। ਇਸੇ ਕਰਕੇ ਰਚਨਾ ਪੜ੍ਹਦਿਆਂ ਕਈ ਵਾਰ ਕਈ ਸ਼ਬਦ 'ਓਪਰੇ' ਜਿਹੇ ਵੀ ਲਗਦੇ ਹਨ ਪਰ ਉਸ ਦੀ ਰਚਨਾ ਦਾ ਰੰਗ ਇਸ 'ਖਾਮੀ' ਨੂੰ ਵੀ ਆਖ਼ਰਕਾਰ 'ਹਾਸਲ' ਵਜੋਂ ਦਰਸਾਉਣ ਵਿਚ ਕਾਮਯਾਬ ਰਹਿੰਦਾ ਹੈ। ਇਹ ਕਹਾਣੀ ਤੁਹਾਡੇ ਅੱਗੇ ਮਨੁੱਖੀ ਮਨ ਦੀਆਂ ਬਹੁਤ ਸਾਰੀਆਂ ਪਰਤਾਂ ਅਛੋਪਲੇ ਜਿਹੇ ਖੋਲ੍ਹ ਜਾਂਦੀ ਹੈ। -ਸੰਪਾਦਕ*

### ਅਵਤਾਰ ਸਿੰਘ ਬਿਲਿੰਗ

ਅੱਜ ਨਾਨਾ ਵੀ ਤੁਰ ਗਿਐ। ਦਾਗ਼ ਦਿਵਾ ਕੇ ਹਨ੍ਹੇਰੇ ਹੋਏ ਪਿੰਡ ਵੜੇ ਹਾਂ। ਘਰਵਾਲੀ ਆਉਂਦਿਆਂ ਹੀ ਰੋਟੀ-ਟੁੱਕ ਦੇ ਆਹਰ ਲੱਗ ਗਈ ਹੈ। ਨਹਾ-ਧੋ ਕੇ ਅਜੇ ਬਿਸਤਰੇ ਵਿਚ ਬੈਠਿਆ ਹੀ ਹਾਂ ਕਿ ਮੇਰਾ ਨੌਂ ਵਰ੍ਹਿਆਂ ਦਾ ਲੜਕਾ ਕੋਈ ਕਹਾਣੀ ਸੁਣਨ ਲਈ ਕਾਹਲਾ ਪੈ ਰਿਹਾ ਹੈ। ਨਾਨੇ ਕੋਲੋਂ ਸੁਣ ਕੇ ਕੰਠ ਕੀਤੀਆਂ ਕਈ ਬਾਤਾਂ ਮੈਂ ਅਕਸਰ ਉਸ ਨੂੰ ਸੁਣਾਉਂਦਾ ਰਹਿੰਦਾ ਹਾਂ।

"ਅੱਛਾ, ਹੱਡ ਬੀਤੀ ਸੁਣਾਵਾਂ...ਕਿ ਜੱਗ ਬੀਤੀ?" ਅੱਜ ਮੈਂ 'ਹੈਪੀ' ਨੂੰ ਟਾਲਣ ਦੀ ਨੀਅਤ ਨਾਲ ਪੁੱਛਦਾ ਹਾਂ। ਅੱਗੇ ਵੀ ਜਦੋਂ ਕਦੇ ਮੇਰਾ 'ਮੂਡ' ਨਹੀਂ ਹੁੰਦਾ ਤਾਂ ਕਈ ਟੋਟਕਿਆਂ ਨਾਲ ਹੀ ਪਰਚਾਅ ਦਿੰਦਾ ਹਾਂ, ਜਾਂ ਫਿਰ ਗਿੱਚੀ ਖੁਰਚ ਕੇ ਬਾਤ ਨੂੰ ਆਪਣੇ ਚੇਤੇ ਵਿਚੋਂ ਘਰੋੜਨ ਦਾ ਦਿਖਾਵਾ ਕਰਦਾ ਹਾਂ:

'ਬਾਤ ਨਿਕਾਲੂੰ ਬਾਤ ਸੇ, ਬਾਤ ਬਾਤ ਸੇ ਬਾਤ।
ਜਿਉਂ ਗੰਢੇ ਕੇ ਪਾਤ ਮੇਂ, ਪਾਤ ਪਾਤ ਮੇਂ ਪਾਤ।'

ਕਈ ਵਾਰੀ ਤਾਂ ਉਹ ਖਿਝ ਕੇ ਆਪਣੀ ਮੰਮੀ ਕੋਲ ਨੱਠ ਜਾਂਦਾ ਹੈ ਅਤੇ ਸਭ ਕੁਝ ਭੁੱਲ ਜਾਂਦਾ ਹੈ, ਪਰ ਅੱਜ ਤਾਂ ਹਾਲੇ ਉਹ ਅੜਿਆ ਬੈਠਾ ਹੈ, "ਹੱਡ-ਬੀਤੀ ਸੁਣਾਓ, ਪਾਪਾ।" ਉਸ ਨੂੰ ਹੱਡ-ਬੀਤੀ ਜਾਂ ਜੱਗ-ਬੀਤੀ ਦੀ ਭਾਵੇਂ ਕੋਈ ਸੋਝੀ ਨਹੀਂ ਹੈ। ਬੇਵੱਸ, ਮੈਂ ਆਪਣੇ ਮਨ ਦਾ ਪਰੀ-ਕਥਾਵਾਂ ਵਾਲਾ ਕੋਈ ਖੂੰਜਾ ਫੋਲਦਾ ਹਾਂ ਪਰ ਘਟਨਾਵਾਂ ਦਾ ਹੋਰ ਕੋਈ ਸਿਲਸਿਲਾ ਆਪ-ਮੁਹਾਰੇ ਹੀ ਛਿੜ ਪੈਂਦਾ ਹੈ। ਉਦਰੇਵਾਂ ਬਹੁਤ ਜ਼ਿਆਦਾ ਹੈ। ਨਾਨਾ ਜਿਵੇਂ ਅੱਜ ਜਿਊਂਦੀ-ਜਾਗਦੀ ਕਹਾਣੀ ਬਣ ਕੇ ਸਾਹਮਣੇ ਆ ਖੜ੍ਹਾ ਹੋਵੇ।

ਬੁੱਧਵਾਰ ਦਾ ਦਿਨ ਹੈ। ਫਿੰਡ ਵਾਂਗੂ ਰੁੜ੍ਹਦੀ, ਮੇਰੀ ਸਾਂਵਲੀ ਜਿਹੀ ਨਾਨੀ ਨੇ ਸੱਤਾਂ ਦਿਨਾਂ ਦੀ ਮੱਖਣੀ ਤੱਤੀ ਕੀਤੀ ਹੈ। ਜਿੱਦਣ ਵੀ ਉਹ ਅਜਿਹਾ ਕਰਦੀ ਹੈ ਤਾਂ ਉਹ ਰੱਜਵਾਂ ਘਿਉ-ਸ਼ੱਕਰ ਰਲਾ ਕੇ ਦਿੰਦੀ ਹੈ। ਕੱਚੇ-ਪੱਕੇ ਦੁੱਧ ਦਾ ਨੱਕੋ-ਨੱਕ ਭਰਿਆ, ਕੰਗਣੀ ਵਾਲਾ ਗਲਾਸ ਤਾਂ ਹਰ ਰੋਜ਼ ਆਥਣੇ ਮਿਲਦਾ ਹੈ ਅਤੇ ਸਬਾਤ ਅੰਦਰਲੀ ਕੋਠੀ ਉਤੇ ਰੱਖੇ, ਮੱਖਣ ਦੇ ਨੂੰਲ੍ਹੇ ਅਤੇ ਤਾਅਏ ਹੋਏ ਘਿਉ ਦੀ ਪੀਪੀ ਤੱਕ ਵੀ ਮੇਰੀ ਪਹੁੰਚ ਹੈ। ਉਸ ਨੇ ਕਦੇ ਵੀ ਕੋਠੀਆਂ ਨੂੰ ਜਿੰਦਰਾ ਨਹੀਂ ਲਾਇਆ। ਦਿਨ ਵਿਚ ਜਦੋਂ ਰੂਹ ਕਰੇ, ਹਾਰੇ ਵਿਚ ਕਾੜ੍ਹਨੇ ਪਈ ਦੁਧਾਉੜ੍ਹੀ (ਕਾੜ੍ਹਨੀ) ਵਿਚੋਂ ਬਾਦਾਮੀ ਦੁੱਧ ਦਾ ਛੰਨਾ ਭਰ ਕੇ ਪੀ ਸਕਦਾ ਹਾਂ।

"ਘਰ ਦੇ ਜੀਆਂ ਤੋਂ ਦੁੱਧ-ਬਾਧ ਲੁਕੋ ਕੇ ਨਹੀਂ ਰੱਖੀਦਾ, ਹਰ ਕੁਰੇ!" ਨਾਨਾ ਵੀ ਆਮ ਨਸੀਹਤ ਦਿੰਦਾ ਹੈ।

ਸਾਉਣ ਦੇ ਮਹੀਨੇ, ਹਰ ਦੂਜੇ-ਚੌਥੇ ਰੋਜ਼ ਉਹ ਆਪ ਵੀ ਬਹਿਲੋਲਪੁਰ ਦੇ ਬਾਗ਼ਾਂ ਵਿਚੋਂ ਤਾਜ਼ੇ ਟਪਕੇ ਅੰਬਾਂ ਦੀ ਬਾਲਟੀ ਭਰ ਲਿਆਉਂਦਾ ਹੈ।

ਜਦੋਂ ਕਾਫ਼ੀ ਦਿਨ ਚੜ੍ਹੇ ਉਹ ਵੱਡੀ ਨਹਿਰ ਵੱਲ ਡੰਗਰ ਛੇੜਦਾ ਹੈ ਤਾਂ ਮੱਝਾਂ-ਗਊਆਂ ਦੇ ਗੇੜੇ ਲਾਉਣ ਵਾਸਤੇ ਮੈਨੂੰ ਵੀ ਨਾਲ ਲੈ ਜਾਂਦਾ ਹੈ। ਮੈਂ ਥੱਕ ਜਾਂਦਾ ਹਾਂ। 'ਫਲੂਣ' (ਅਲਕ) ਵਹਿੜੀਆਂ ਅਤੇ 'ਔਸਰ' ਝੋਟੀਆਂ ਮਗਰ ਭੱਜਦਾ ਅੱਕ ਜਾਂਦਾ ਹਾਂ।

"ਦੇਖ ਪੁੱਤ! ਮੈਂ ਤੈਨੂੰ ਅੱਜ ਸੰਧੂਰੀ ਅੰਬੀਆਂ ਚੁਪਾਊਂਗਾ।"

ਮੇਰੀ ਰੂਹ ਨਸ਼ਿਆ ਜਾਂਦੀ ਹੈ, ਪਰ ਮੈਂ ਹੋਰ 'ਬੰਨ੍ਹਣ' ਨਹੀਂ ਸਹਾਰ ਸਕਦਾ। ਥੋੜ੍ਹੇ ਚਿਰ ਪਿੱਛੋਂ ਫੇਰ 'ਰੀਂਅ-ਰੀਂਅ' ਕਰਦਾ ਪੁੱਛਦਾ ਹਾਂ: "ਆਪਾਂ ਚਮਕੌਰ ਕਿੱਦਣ ਜਾਵਾਂਗੇ, ਨਾਨਾ ਜੀ?"

ਕਿਲੇ ਵਾਲੇ ਜਗੀਰਦਾਰਾਂ ਦੀ ਰੀਸੇ, ਨਾਨੇ ਨੇ ਮੈਨੂੰ ਹਰ ਇਕ ਨੂੰ 'ਜੀ' ਕਹਿਣਾ ਸਿਖਾਇਆ ਹੈ। ਕਿਲੇ ਵਾਲੇ ਸਿੱਖ ਭਾਵੇਂ ਕਿਸੇ ਨਾਲ ਲੜਦੇ-ਝਗੜਦੇ, ਗਾਲ੍ਹ-ਦੁੱਪੜ ਜਾਂ ਘਸੁੰਨ-ਮੁੱਕੀ ਉਤੇ ਵੀ ਉਤਰ ਆਉਣ ਪਰ 'ਜੀ' ਆਖਣਾ ਨਹੀਂ ਭੁੱਲਦੇ। ਇਹ 'ਮਖ਼ੌਲ' ਜੱਟਾਂ ਦੀ ਪੱਤੀ ਵਿਚ ਆਮ ਚੱਲਦਾ ਹੈ, ਪਰ ਅਸੀਂ ਜੱਟ-ਬੂਟ 'ਹੋ...ਆਹੋ' ਹੀ ਬੋਲਦੇ ਹਾਂ। ਪਹਾੜੀ ਕਾਂ ਵਰਗੀ ਬੋਲੀ ਹੈ ਸਾਡੀ, ਤੇ ਕੁਹਾੜੇ ਪਾਟਿਆ ਮੂੰਹ!" ਨਾਨਾ ਗਿਲਾ ਕਰਦਾ ਹੈ।

ਤੇ ਇਸੇ ਲਈ ਕਹਿੰਦਾ ਹੈ, "ਚਮਕੌਰ ਨਹੀਂ, ਚਮਕੌਰ ਸਾਹਿਬ ਕਹੀਦੈ, ਮੱਲਾ।"

ਜਦੋਂ ਕਦੇ ਉਹ ਚਮਕੌਰ ਜਾਂਦਾ ਹੈ ਤਾਂ ਸਾਨੂੰ ਸਾਰੇ ਗੁਰ-ਅਸਥਾਨਾਂ ਉਤੇ ਮੱਥਾ ਟਿਕਾ ਕੇ ਲਿਆਉਂਦਾ ਹੈ, ਕਤਲਗੜ੍ਹ, ਗੜ੍ਹੀ ਸਾਹਿਬ, ਦਮਦਮਾ ਅਤੇ ਰਣਜੀਤਗੜ੍ਹ। ਅਸੀਂ ਸਾਰੇ ਘੁੰਮ ਆਉਂਦੇ ਹਾਂ ਪਰ ਸੰਗਰਾਂਦ ਵਾਲੇ ਦਿਨ ਉਹ ਇਕੱਲਾ ਹੀ ਤੜਕੇ-ਤੜਕੇ ਪਤਾ ਨਹੀਂ ਕਿਸ ਵੇਲੇ ਨਿਕਲ ਜਾਂਦਾ ਹੈ। ਸਾਡੇ ਉਠਦਿਆਂ ਨੂੰ ਤਾਂ ਦੇਗ ਵਾਲੇ ਡੋਲੂ ਵਿਚੋਂ ਨਾਨੀ ਭੋਗ ਵਰਤਾ ਰਹੀ ਹੁੰਦੀ ਹੈ। "ਜਿੱਦਣ ਵੀ ਵਿਹਲ ਮਿਲਿਆ, ਆਪਾਂ 'ਬਾਜ਼ਾਰ' ਜ਼ਰੂਰ ਚੱਲਾਂਗੇ। ਪੁੱਤਰਾ, ਉਥੋਂ ਮੈਂ ਤੈਨੂੰ ਲਸੂੜੀ ਪੱਗ ਲੈ ਕੇ ਦੇਊਂਗਾ। ਉਹੀ ਜੇਹੀਉ ਕੁੜੀ ਤੇਰੇ ਖ਼ਾਤਰ ਲੱਭਣੀ ਐ ਆਪਾਂ ਨੇ, ਜਿਹੜੀ ਹੱਥ ਲਾਇਆਂ ਮੈਲੀ ਹੋਊ।"


ਕਦੇ-ਕਦਾਈਂ ਅਸੀਂ ਸ਼ਹਿਰ ਜਾਂਦੇ ਹਾਂ। ਕਦੇ ਆਟਾ ਪਿਹਾਉਣ ਲਈ ਅਤੇ ਛੇਈਂ ਮਹੀਨੇ, ਸੰਧਾਰੇ ਦੇ ਲੱਡੂ ਕਰਾਉਣ ਵਾਸਤੇ!

...ਲਉ ਹੁਣ ਉਹ ਪੀਪੇ ਵਿਚ ਖੰਡ-ਘਿਉ ਅਤੇ ਘਰ ਪੀਸੀ ਹੋਈ 'ਕਰਿਆਟੀ' ਸੰਭਾਲੀ ਚਮਕੌਰ ਸਾਹਿਬ ਵਾਲੀ ਨਹਿਰ ਦੀ ਪਟੜੀਓ-ਪਟੜੀ ਤੁਰਿਆ ਜਾ ਰਿਹਾ ਹੈ। ਮੈਨੂੰ ਨਾਲ ਜਾਣ ਦਾ ਹੀ ਚਾਉ ਹੈ। ਮੈਂ ਭਾਵੇਂ ਜਾਣਦਾ ਹਾਂ ਕਿ ਬਾਜ਼ਾਰ ਵਿਚੋਂ ਕੋਈ ਵੀ 'ਅਲਵੀ ਸਲਵੀ' ਚੀਜ਼ ਖ਼ਰੀਦ ਕੇ ਨਹੀਂ ਦੇਣੀ ਉਸ ਨੇ। (ਜਦ ਕਦੇ ਉਹ ਪਿਹੋਵਾ ਜਾਂਦਾ ਹੈ ਜਾਂ ਹੋਲੇ, ਤਾਂ ਆਪ ਉਥੇ ਜਾ ਕੇ ਹੋਟਲ ਦਾ ਪਾਣੀ ਵੀ ਨਹੀਂ ਪੀਂਦਾ। ਘਰ ਬਣਾਈ ਪੰਜੀਰੀ ਅਤੇ ਪਿੱਤਲ ਦਾ ਗਲਾਸ ਪਰਨੇ ਨਾਲ ਬੰਨ੍ਹ ਕੇ ਲਿਜਾਂਦਾ ਹੈ)...ਏਥੇ ਚਮਕੌਰੀਏ ਰਲ਼ਾ ਰਾਮ ਹਲਵਾਈ ਦੀ ਨਿਕ-ਸੁਕ ਪਾ ਕੇ ਬਣਾਈ ਚਾਹ ਉਹ ਜ਼ਰੂਰ ਪੀ ਲੈਂਦਾ ਹੈ ਪਰ ਮੱਥਾ ਟੇਕੇ ਬਗ਼ੈਰ ਲੱਡੂ ਕੋਈ ਨਹੀਂ ਮਿਲਣੇ! ਘਰ ਗਿਆਂ ਤੋਂ ਨਾਨੀ ਪਹਿਲਾਂ 'ਬਿਲਾਂ ਵਾਲੇ ਸ਼ਹੀਦਾਂ' ਦੇ ਨਾਉਂ ਦੇ ਲੱਡੂ ਚੁੱਕ ਕੇ ਰੱਖ ਦੇਵੇਗੀ। ਜੂਠੇ-ਸੁੱਚੇ ਹੱਥ ਲੱਗਣ ਤੋਂ ਪਹਿਲਾਂ...।

...ਝਾੜਵੇਂ ਲੱਡੂਆਂ ਨੂੰ ਦੋ ਪੀਪਿਆਂ ਵਿਚ ਪਾ ਕੇ, ਨਾਨਾ ਚਾਦਰ ਵਿਚ ਬੰਨ੍ਹ ਲੈਂਦਾ ਹੈ ਅਤੇ 'ਮਗਰੀ' ਲਾਈ ਵਾਪਸ ਮੁੜ ਪੈਂਦਾ ਹੈ।

ਗੁਰਦੁਆਰਾ ਗੜ੍ਹੀ ਸਾਹਿਬ ਕੋਲੋਂ ਲੰਘਦਿਆਂ ਹਨ੍ਹੇਰਾ ਉਤਰ ਆਉਂਦਾ ਹੈ। ਉਹ ਆਪ-ਮੁਹਾਰੇ ਬੋਲਦਾ ਹੈ, "ਜੰਗ ਜਿੱਤਣ ਮਗਰੋਂ ਗੜ੍ਹੀ ਵਿਚੋਂ ਨਿਕਲੇ ਦਸਵੇਂ ਪਾਤਸ਼ਾਹ ਨੇ ਇਥੇ ਆ ਕੇ ਦੁਸ਼ਮਣਾਂ ਨੂੰ ਲਲਕਾਰਿਆ ਤਾਂ (ਤਾੜੀ ਮਾਰ ਕੇ) ਫੇਰ ਨਾ ਕਿਹੋ, ਬਈ 'ਹਿੰਦ ਦਾ ਪੀਰ' ਚੁਪ-ਚੁਪੀਤਾ ਹੀ ਖਿਸਕ ਗਿਆ। ਅਜੇ ਵੀ ਜੇ ਕਿਸੇ ਬੁੜ੍ਹੀ ਦੇ ਪੁੱਤ ਦੇ ਦਿਲ ਵਿਚ ਦੋ-ਦੋ ਹੱਥ ਕਰ ਕੇ ਦੇਖਣ ਦਾ ਅੰਦੇਸ਼ਾ ਹੈ ਤਾਂ ਆਓ, ਨਿੱਤਰੋ ਐਧਰ...!"

ਹੁਣ ਲੋਹੀ ਮਿਸ ਰਹੀ ਹੈ। ਰਵਾਂ-ਰਵੀਂ ਤੁਰਦੇ, ਅਸੀਂ ਨਹਿਰ ਦੀ ਪਟੜੀ ਪੈ ਜਾਂਦੇ ਹਾਂ। ਨਹਿਰ ਦੇ ਡੌਲੇ 'ਤੇ ਖੜ੍ਹੀਆਂ ਖਜੂਰਾਂ ਦੇ ਹੇਠਾਂ ਕਾਬਲ ਕੰਧਾਰ ਤੋਂ ਮੰਗਵਾਈ ਖੱਜੀ ਜਾਂਦੇ ਮੁਗ਼ਲ ਫ਼ੌਜੀ, ਮੈਨੂੰ ਅੱਜ ਵੀ ਢਕੋ-ਢਕੀ ਬੈਠੇ ਦੀਂਹਦੇ ਨੇ। ਸਰਕੜੇ ਅਤੇ ਝਾੜ-ਛਿੱਛਰੇ ਵਿਚ ਗਿੱਦੜ ਹੁਆਂਕ ਰਹੇ ਨੇ...।



"ਪਾਪਾ ਇਹ ਨਹੀਂ! ਉਹ ਦੂਜੀ ਸੁਣਾਓ। ਖ਼ੁਦਾ ਦੇ ਬੰਦੇ ਵਾਲੀ।" -ਤੇ ਅੱਜ ਮੇਰਾ 'ਹੈਪੀ' ਸੁਣਾਈ ਜਾ ਰਹੀ ਇਸ ਕਹਾਣੀ ਨੂੰ 'ਬਾਤ' ਸਮਝਣ ਤੋਂ ਮੁਨਕਰ ਹੈ। ਉਹ ਮੈਨੂੰ ਫੜ ਕੇ ਹਲੂਣਦਾ ਹੈ।

"ਕਿਹੜੇ ਖ਼ੁਦਾ ਦੇ ਬੰਦੇ ਵਾਲੀ, ਬੇਟਾ?" ਮੈਂ ਮਚਲਾ ਹੋ ਜਾਂਦਾ ਹਾਂ।

"ਉਹ ਹੈ ਨਹੀਂ! ਜੀਹਦੇ ਵਿਚ ਰਾਜੇ ਤੇ ਵਜ਼ੀਰ ਦੇ ਮੁੰਡੇ, ਖੱਟਣ-ਕਮਾਉਣ ਜਾਂਦੇ ਨੇ। ਬਾਂਦੀਆਂ ਦਾ ਭੇਸ ਧਾਰ ਕੇ। ਕਿਸੇ ਹੋਰ ਨਗਰ ਦੇ ਬਾਦਸ਼ਾਹ ਦੀ ਰਾਜਕੁਮਾਰੀ ਦੇ ਨੌਕਰ ਲੱਗ ਜਾਂਦੇ ਨੇ। ਗੁਆਂਢ ਵਿਚੋਂ ਕੋਈ ਧੁੱਪ-ਰੰਗੀ ਕੁੜੀ, ਕਦੇ-ਕਦਾਈਂ ਕਿਸੇ ਰਾਤ ਨੂੰ ਝਮ-ਝਮ ਕਰਦੀ ਘਰੋਂ ਨਿਕਲ ਕੇ, ਬਾਹਰ ਬੀਆਬਾਨ ਵਿਚ ਖੜ੍ਹੇ ਪਿੱਪਲ 'ਤੇ ਚੜ੍ਹ ਕੇ ਕਹਿੰਦੀ ਐ-ਖ਼ੁਦਾ ਦਿਆ ਬੰਦਿਆ, ਚੱਲ। ਗੋਲੀ ਬਣਿਆ ਮੁੰਡਾ ਵੀ, ਦਾਅ ਤਕਾ ਕੇ ਪਿੱਪਲ ਦੀਆਂ ਜੜ੍ਹਾਂ 'ਤੇ ਜਾ ਬਹਿੰਦੈ। ਮੁਟਿਆਰ ਨੂੰ ਉਹ ਦੀਂਹਦਾ ਵੀ ਹੈ ਨਹੀਂ, ਮੁੰਡੇ ਨੇ ਜਾਦੂ ਦੀ ਟੋਪੀ ਜੋ ਪਹਿਨ ਰੱਖੀ ਹੈ। ਫਿਰ ਉਹ ਕੰਨਿਆ ਝਾਕਦੀ ਵੀ ਆਸਮਾਨ ਵੱਲ ਹੈ? ਪਿੱਪਲ ਉਡਿਆ ਜਾ ਰਿਹੈ। ਇੰਦਰ ਦੇ ਅਖਾੜੇ ਦੀ ਤਰਫ਼, ਜਿਥੇ ਹੂਰ ਪਰੀਆਂ ਦਾ ਨਾਚ ਹੋ ਰਿਹੈ। ਘੁੰਗਰੂ ਤਾਂ ਛਣਕਦੇ ਦੂਰੋਂ ਸੁਣਦੇ ਨੇ।...ਢੋਲੀ ਨੂੰ ਅਚਾਨਕ ਨੀਂਦ ਘੇਰ ਲੈਂਦੀ ਐ।...ਤਾਂ ਵਜ਼ੀਰ ਦਾ ਮੁੰਡਾ ਢੋਲਕ ਨੂੰ ਆਪਣੇ ਗੋਡੇ ਵਿਚ ਫਸਾ ਲੈਂਦੈ। ਉਹ ਇੰਨੀ ਸੋਹਣੀ ਥਾਪ ਦਿੰਦੈ, ਬਈ ਪਰੀਆਂ ਦੰਗ ਰਹਿ ਜਾਂਦੀਆਂ ਨੇ। ਨੌ ਲੱਖਾ ਮੁੰਦੜਾ ਲਾਹ ਕੇ ਉਹਨੂੰ ਇਨਾਮ ਦਿੰਦੀਆਂ ਨੇ। ਫੇਰ ਦੂਜੇ ਦਿਨ ਕੁੜੀਆਂ-ਚਿੜੀਆਂ ਨਿੱਤ ਵਾਂਗੂ ਬੀਹੀ ਵਿਚ ਜੁੜਦੀਆਂ ਨੇ ਤਾਂ ਬਾਂਦੀ ਬਣਿਆ ਮੁੰਡਾ ਇਹੀ ਕਥਾ ਸੁਣਾਉਂਦਾ ਆਖਦੈ, ਅੜੀਓ, ਤੁਸੀਂ ਸੱਚ ਨਾ ਜਾਣਿਓ। ਗੱਲ ਇਹ ਸੁਫ਼ਨੇ ਦੀ ਐ!...ਫੇਰ ਅਗਲੀ ਰਾਤ ਨੂੰ ਭਲਾ ਕੀ ਹੁੰਦੈ, ਪਾਪਾ?" ਹੈਪੀ ਨੇ ਲਗਪਗ ਸਾਰੀ ਬਾਤ ਸੁਣਾ ਦਿੱਤੀ ਹੈ, ਪਰ ਦੁਬਾਰਾ ਇਹੀ ਮੇਰੇ ਮੂੰਹੋਂ ਸੁਣਨ ਲਈ ਖਹਿੜੇ ਪੈ ਜਾਂਦਾ ਹੈ। ਮੈਂ ਵੀ ਤਾਂ ਇਹੀ ਕਥਾ ਵਾਰ-ਵਾਰ ਨਾਨੇ ਕੋਲੋਂ ਸੁਣਦਾ ਰਿਹਾ ਹਾਂ...

ਲਓ, ਨਾਨਾ ਫੇਰ ਸਾਹਮਣੇ ਆ ਗਿਐ, "ਮੈਥੋਂ ਨ੍ਹੀਂ ਧੁੱਪ ਵਿਚ ਗੇੜੇ ਲਾ ਹੁੰਦੇ, ਸਾਰਾ ਸਾਰਾ ਦਿਨ।"

"ਉਇ ਵਾਹ ਓਏ! ਬੁੜ੍ਹੀ ਦਿਆ ਪੁੱਤਾ," ਮੇਰੇ ਬਾਲ-ਹੱਠ ਨੂੰ ਭਾਂਪ ਕੇ, ਉਹ ਖੁੱਲ੍ਹ ਕੇ ਹੱਸਦਾ ਹੈ, "ਮੱਲੀਏ, ਤੈਨੂੰ ਪਤਾ ਨਹੀਂ? ਅੱਜ ਵੀਰਵਾਰ ਐ?"

ਨਹਿਰ ਤੋਂ ਉਰਲੇ ਪਾਸੇ ਪਈ ਜੰਗਲਾਤੀ ਜ਼ਮੀਨ ਵਿਚਲੇ ਸਦੀਆਂ ਪੁਰਾਣੇ ਪੰਜਾਂ ਪੀਰਾਂ ਦੇ ਅਸਥਾਨ ਵਾਲੀ ਰੌਣਕ ਇਕਲਖ਼ਤ ਮੇਰੀਆਂ ਅੱਖਾਂ ਅੱਗੇ ਸਾਕਾਰ ਹੋ ਜਾਂਦੀ ਹੈ ਅਤੇ ਘਿਉ-ਚੋਂਦੇ ਚੂਰਮੇ ਦੀ ਮਹਿਕ ਵਿਚ ਮੈਂ ਡੂੰਘੇ, ਭਰਵੇਂ ਸਾਹ ਲੈਣ ਲੱਗਦਾ ਹਾਂ। ਉਸ ਦਿਨ ਹੋਰ ਹਾਲੀ-ਪਾਲੀ ਵੀ ਇਹੋ ਝਾਕ ਰੱਖਦੇ ਨੇ। ਮੇਰਾ ਨਾਨਾ ਤਾਂ ਨਿੱਤ ਹੀ ਸਵੇਰੇ-ਸਵੇਰੇ, 'ਮਾਲ' ਦੇ ਮਗਰ ਤੁਰਿਆ ਆਉਂਦਾ ਇਥੇ ਪਹੁੰਚ ਕੇ ਆਪਣੀ ਧੌੜੀ ਦੀ ਜੁੱਤੀ ਖੋਲ੍ਹਦਾ ਹੈ ਅਤੇ ਦੋਵੇਂ ਹੱਥ ਜੋੜ ਕੇ ਕਬਰ ਨੂੰ ਸਜਦਾ ਕਰਦਾ ਹੈ।

"ਏਹ ਤਾਂ ਬਾਹਲੀਓ ਪੱਕੀ ਜਗ੍ਹਾ ਹੈਗੀ ਐ, ਅਮਰ ਸਿਆਂ!"

ਪਾਣੀ ਨਾਲ ਪਈ ਡੂੰਘੀ ਘੱਗ (ਖਾਰ) ਦੀ ਨਿਵਾਣ ਉਤਰਦਾ, ਉਹ ਕਹਿੰਦਾ ਜਾਂਦਾ ਹੈ, "ਬੜੀ ਕਰਨੀ ਆਲੇ ਪੀਰ ਨੇ ਇਹ! ਨਾਲੇ, ਨਮਸਕਾਰ ਕਰਨ ਨਾਲ ਆਪਣਾ ਕੁਸ਼ ਘਟ ਥੋੜ੍ਹੇ ਗਿਐ।"

'ਕਿਲੇ ਵਾਲੇ ਸਿੱਖਾਂ' ਦੀ ਰੀਸ, ਉਹ ਸਦਾ ਹੀ ਪੂਰਾ ਨਾਉਂ ਲੈ ਕੇ ਬੁਲਾਉਂਦਾ ਹੈ। ਰਾਹੋ-ਰਾਹ ਲੰਘੇ ਜਾਂਦੇ, ਆਮ ਰਾਹੀ ਮੁਸਾਫ਼ਰ ਨੂੰ ਵੀ 'ਮਾਅਰਾਜ ਜੀ' ਕਹਿਣ ਤੋਂ ਨਹੀਂ ਖੁੰਝਦਾ। ਉਹ ਭਾਵੇਂ ਪਿੰਡ ਵਿਚੋਂ, ਉਸ ਦਾ ਕੋਈ 'ਚਾਚਾ-ਤਾਇਆ' ਲੱਗਦਾ ਹੋਵੇ ਜਾਂ ਉਸ ਦੇ ਆਪਣੇ ਬਗਲ ਵਿਚੋਂ ਕੋਈ ਭਾਈਬੰਦ। ਫ਼ਰਕ ਸਿਰਫ਼ ਇੰਨਾ ਹੁੰਦੈ, ਜਦੋਂ ਜਗੀਰਦਾਰ ਪਿੱਠ ਮੋੜਦਾ, ਕਿਸ਼ਤੀ ਘਾਟ ਵੱਲ ਨੂੰ ਤੁਰ ਜਾਂਦੈ, ਤਾਂ ਨਾਨਾ ਆਪ-ਮੁਹਾਰੇ ਉਧੜਨ ਲੱਗਦਾ ਹੈ ਪਰ ਇਨ੍ਹਾਂ ਵਿਚਾਰਿਆਂ ਦਾ ਕੀ ਦੋਸ਼? 'ਬੰਦੋਬਸਤ' ਮਗਰੋਂ ਚਿੱਟੇ ਕੱਪੜੇ ਹੀ ਇਨ੍ਹਾਂ ਦੇ ਪੱਲੇ ਰਹਿ ਗਏ। ਰਹਿੰਦੀ-ਖੂੰਹਦੀ ਕਸਰ 'ਮੁਰੱਬੇਬੰਦੀ' ਨੇ ਕੱਢ ਦਿੱਤੀ। ਉਪਰਲੀ ਥੱਲੇ ਹੋਣ ਵਿਚ ਕਿਹੜੀ ਦੇਰ ਲੱਗਦੀ ਐ? ਇਨ੍ਹਾਂ ਦੇ ਬੁੜ੍ਹਿਆਂ ਨੇ ਸਾਡੇ ਵਡਾਰੂਆਂ ਉਤੇ ਬਥੇਰੇ ਸਿਤਮ ਢਾਹੇ ਨੇ। ਕਿਸੇ ਮੁਜਾਰੇ ਨੇ ਵਟਾਈ ਵਾਲੀ ਫ਼ਸਲ ਵਿਚੋਂ ਛੱਲੀਆਂ ਤੋੜ ਲੈਣੀਆਂ ਜਾਂ ਫੱਗਣ-ਚੇਤ ਦੇ ਮਹੀਨੇ ਕਿਸੇ ਜੱਟ ਦਾ ਛੋਲਿਆਂ ਦੀਆਂ ਗੱਦਰ ਟਾਂਟਾਂ ਨੂੰ ਦੇਖ ਕੇ 'ਹੋਲਾਂ' ਕਰਨ ਨੂੰ ਜੀਅ ਕਰਨਾ; ਪਰ ਧੂੰਆਂ ਉਠਦਾ, ਜੇ ਕਿਤੇ ਕਿਲੇ 'ਤੇ ਤਣੇ ਬੈਠੇ ਸੰਤਰੀ ਦੀ ਨਿਗ੍ਹਾ ਪੈ ਜਾਂਦਾ ਤਾਂ ਘੋੜੀ ਨੂੰ ਅੱਡੀ ਦੇ ਕੇ, ਉਹ 'ਨੂਹ' ਦੇ ਕੇ ਆ ਧਮਕਦਾ। ਜੇ ਜੱਟ ਨੇ ਪੈੜ ਮਿਟਾ ਵੀ ਦਿੱਤੀ ਹੁੰਦੀ ਤਾਂ ਉਹ 'ਹੇਲੀਆਂ' ਦਿੰਦਾ ਫਿਰਦਾ। ਦੂਜੀ ਸਵੇਰ 'ਗੰਦਾ' ਫੋਲਣ ਤਕ ਜਾਂਦੇ। ਮਾੜੀ ਜਿਹੀ ਸ਼ੱਕ ਪੈ ਜਾਂਦੀ ਤਾਂ ਕਾਠ ਵਿਚ ਲੱਤ ਫਸਾ ਦਿੰਦੇ। ਉਹ ਕਾਠ ਦੀ ਕੁੜਿੱਕੀ ਤਾਂ ਨਾਨੇ ਨੇ ਆਪਣੀ ਸੋਝੀ ਵੇਲੇ ਵੀ ਕਿਲੇ ਮੂਹਰੇ ਰੁਲ਼ਦੀ ਦੇਖੀ ਸੀ।

ਪੈਦਲ ਤੁਰਿਆ ਜਾਂਦਾ ਕੋਈ ਰਾਹਗੀਰ ਜਾਂ ਕੋਈ-ਕੋਈ ਸਾਈਕਲ ਸਵਾਰ ਤਾਂ 'ਦੋ ਪੱਟੀ' ਦੀ ਝੂਮੀ ਮਾਰੀ, ਸੋਟੀ 'ਤੇ ਝੁਕੇ ਖੜ੍ਹੇ ਨਾਨੇ ਕੋਲ ਬਿੰਦ-ਝੱਟ ਵਾਸਤੇ ਆਰਾਮ ਕਰਨ ਲਈ ਵੀ ਰੁਕ ਜਾਂਦਾ।

"ਅੱਛਾ ਫੇਰ! ਦੌਲਤਖ਼ਾਨੇ ਕਿੱਥੇ ਨੇ, ਬਾਈ ਦੇ?" ਰਾਹੀ ਨੂੰ ਨਾਲ ਖੜ੍ਹੇ ਕਿਸੇ ਬਿਰਛ ਦੀ ਛਾਂ ਵਿਚ ਬਿਠਾਉਂਦਾ ਨਾਨਾ ਬੜੀ ਅਪਣੱਤ ਨਾਲ ਪੁੱਛਦਾ ਹੈ। ਦੂਰੋਂ-ਨੇੜਿਓਂ ਕਈ ਸਕੀਰੀਆਂ ਨਿਕਲ ਆਉਂਦੀ ਹਨ। ਜੇ ਹੋਰ ਨਹੀਂ ਤਾਂ ਨਾਨਕਿਆਂ-ਦਾਦਕਿਆਂ ਦੀ ਕਿਸੇ ਜੱਦ ਵਿਚੋਂ ਗੋਤ ਦੀ ਸਾਂਝ ਤਾਂ ਮਿਲ ਹੀ ਜਾਂਦੀ ਹੈ।

ਨਾਨੇ ਨੂੰ ਹਲ ਵਾਹੁੰਦਾ ਜਾਂ ਖੂਹ ਹੱਕਦਾ ਮੈਂ ਬਹੁਤ ਘੱਟ ਦੇਖਿਆ ਹੈ। ਮਾਮੇ ਉਸ ਨੂੰ ਝੱਲਦੇ ਨਹੀਂ। ਜੇ ਕਦੇ ਉਹ ਨੱਕਾ ਛੱਡਣ ਜਾਂ ਖਾਲ ਵਿਚ ਪੈਂਦੀ ਕੀੜਿਆਂ ਦੀ ਕੋਈ 'ਰੋਣ' ਮੁੰਦਣ ਲੱਗ ਵੀ ਜਾਵੇ ਤਾਂ 'ਨਿਹੰਗ ਮਾਮੇ' ਨਾਲ ਖਹਿਬੜ ਪੈਂਦਾ ਹੈ, "ਬੱਲੇ ਉਇ, ਬੁੜ੍ਹੀ ਦੇ ਪੁੱਤੋ! ਖਾਲ ਖੁਰਚਣਾ ਕੋਈ ਥੇਤੋਂ ਸਿੱਖੇ। ਓਏ ਵੱਡੇ ਕਿਰਸਾਣੋ! ਖੱਬਲ ਦੀ ਇਕ ਤਿੜ ਪੂਰੀ ਦਿਹਾੜੀ ਵਿਚ ਸਵਾ ਮਣ ਪਾਣੀ ਪੀ ਜਾਂਦੀ ਐ। ਅਰ, ਕੀੜੀਆਂ ਦੀਆਂ ਖੁੱਡਾਂ ਵੀ ਅਣ-ਮਾਂਜੇ ਖਾਲ ਵਿਚ ਹੀ ਪੈਂਦੀਆਂ ਨੇ। ਓਏ ਨਿਰਧਲੋ! ਕੱਚੀਆਂ ਖਾਲੀਆਂ ਨੂੰ ਚਾੜ੍ਹੀ ਤਾਂ ਚੱਜ ਨਾਲ ਦੇ ਦਿਆ ਕਰੋ।"

ਇਸੇ ਗੱਲ ਤੋਂ ਮਾਮਾ ਹਰਖ਼ ਜਾਂਦਾ ਹੈ, "ਸਾਰੀ ਉਮਰ ਤੈਂ ਹੱਟੀ-ਭੱਠੀ 'ਤੇ ਬਹਿ ਕੇ ਮਹਾਜਨਾਂ ਦੀਆਂ ਛਟਾਂਕੀ-ਮਾਰ ਜੱਕੜਾਂ ਸੁਣਨ ਵਿਚ ਗਾਲ'ਤੀ ਬਜ਼ੁਰਗਾ! ਹੁਣ ਤੂੰ ਬਾਹਲਾ ਆ ਗਿਆ, ਕਿਰਸਾਣੀ ਘੋਟਣ ਆਲਾ।"

ਕਈ ਵਾਰੀ ਤਾਂ ਉਨ੍ਹਾਂ ਦੋਹਾਂ ਦਾ ਜੱਫ਼ਾ ਵੀ ਲੱਗ ਜਾਂਦਾ ਹੈ। ਨਾਨੇ ਕੋਈ ਐਬ ਨਹੀਂ ਪਾਲਿਆ। ਜਿੰਨੀ ਕੁ ਜ਼ਮੀਨ ਸੀ, ਘਰ-ਗ੍ਰਿਹਸਥੀ ਦੇ ਝੰਜਟਾਂ ਕਰਕੇ 'ਗਹਿਣੇ' ਧਰੀ ਗਈ। ਨਿਹੰਗ ਮਾਮਾ ਛੜਾ ਰਹਿ ਗਿਆ ਸੀ। ਛੜਾ ਰਹਿ ਕੇ ਹੀ ਨਿਹੰਗ ਬਣਿਆ ਸੀ। ਫ਼ਸਲ ਵੀ ਚੱਜ ਦੀ ਨਹੀਂ ਹੁੰਦੀ ਰਹੀ। ਵਟਾਈ ਉਤੇ ਲਏ ਖੇਤਾਂ ਵਿਚ ਸਾਲ ਵਿਚ 'ਕੇਰਾਂ ਕਣਕ ਹੁੰਦੀ। ਛਿੱਦੀ-ਛਾਉੜੀ ਫ਼ਸਲ ਵੱਢਣ ਵੇਲੇ ਕੰਡਿਆਈ ਹੱਥ ਛਿਲ ਦਿੰਦੀ। ਨ੍ਹੇਰੀ ਆਉਂਦੀ ਤਾਂ ਕੁਸੰਭੀ ਦੇ ਸੁੱਕੇ ਬੂਝੇ, ਬੇਰੀ ਦੇ ਝਾੜਿਆਂ ਵਾਂਗ ਨੰਗੀਆਂ ਲੱਤਾਂ ਉਪਰ ਵੱਜਦੇ।

ਹੈਪੀ ਪਤਾ ਨਹੀਂ ਕਿਧਰ ਖਿਸਕ ਗਿਆ ਹੈ?

ਮੇਰੀ ਬਿਰਤੀ ਫੇਰ ਉਥੇ ਹੀ ਜੁੜ ਜਾਂਦੀ ਹੈ।

...ਤੇ ਹੁਣ ਨਾਨਾ, ਲਹੂ-ਲੁਹਾਣ ਹੈ। ਸ਼ਰੀਕਾਂ ਦੇ ਮੁੰਡਿਆਂ ਨੇ ਉਸ ਦੇ ਨਵੇਂ ਲਾਏ ਅੰਬਾਂ ਦੇ ਬੂਟੇ ਪੁੱਟ ਦਿੱਤੇ ਨੇ। ਉਪਰੋਂ ਉਸ ਨੂੰ ਮੱਘੇ ਕੱਢਦੇ ਊਠ ਨੇ ਢਾਹ ਲਿਆ ਹੈ। ਮਸਤੇ ਹੋਏ ਬੋਤੇ ਨੇ ਪਾਥੀ ਹੇਠ ਲੈ ਕੇ ਮਸਲ ਦਿੱਤਾ ਹੈ। ਭਮੱਤਰੀ ਹੋਈ ਨਾਨੀ, ਕੋਸੇ ਦੁੱਧ ਦੇ ਛੰਨੇ ਵਿਚ ਘਿਉ ਪਾ ਕੇ ਲਿਆਈ ਹੈ। ਨਾਨੇ ਦੇ ਡੌਲੇ ਵਿਚ ਧੱਸੀਆਂ 'ਨੇਛਾਂ' (ਦੰਦਾਂ) ਦੇ ਨੀਲੇ ਜ਼ਖ਼ਮਾਂ ਵਿਚੋਂ ਲਹੂ ਸਿੰਮ ਆਇਆ ਹੈ। "ਇਹਨੂੰ ਲੱਕੜ-ਧੂਣੇ ਬੁੜ੍ਹੇ ਨੂੰ ਕੌੜ-ਬਤ੍ਹਾਰੂ ਦੇ ਲੇਡੇ ਹੂੰਝ ਕੇ ਹੀ 'ਰਾਮ ਆਉਂਦੈ! ਕਿੰਨੀ ਬਾਰ ਕਿਹੈ, ਬਈ... ਏਸ 'ਮਲੇਛ' ਦਾ ਫਾਹਾ ਵੱਢ ਕੇ ਬੰਬਾ ਲਾ ਲੈਨੇ ਆਂ!"

ਹਾਉਲੀ (ਹੌਲ) ਹੋਈ ਨਾਨੀ ਦੇ ਹੱਥ ਬੰਨ੍ਹਣ ਦੇ ਬਾਵਜੂਦ 'ਵੱਡਾ ਮਾਮਾ' ਕੋਲ ਆ ਕੇ, ਖ਼ਬਰ-ਸਾਰ ਪੁੱਛਣ ਦੀ ਥਾਂ ਆਪਣੇ ਸੁਭਾਅ ਮੁਤਾਬਕ ਟੋਰਾ ਲਾ ਜਾਂਦਾ ਹੈ, "ਮੇਰੀਆਂ ਅੱਖਾਂ ਤੋਂ ਲਾਂਭੇ ਹੋ ਜਾ ਓਏ ਦੁਸ਼ਟਾ!"

ਤਿੱਖੀ ਚੀਸ ਵੱਟਦਾ ਨਾਨਾ ਕੂਕ ਮਾਰਦਾ ਹੈ। ਉਸ ਦੇ 'ਘਾਓ' ਹਲਦੀ ਅਤੇ ਘਿਓ ਕਾੜ੍ਹ ਕੇ ਬੰਨ੍ਹਣ ਨਾਲ ਹੀ ਰਾਜ਼ੀ ਹੋ ਗਏ ਨੇ।

...ਹੁਣ ਇਕ ਜੋਤਸ਼ੀ ਵਿਹੜੇ ਵੜਿਆ ਹੈ। ਉਸ ਤੋਂ ਪੱਤਰੀ ਖੁਲ੍ਹਾਉਂਦਾ ਨਾਨਾ, ਸੱਜਾ ਹੱਥ ਮੂਹਰੇ ਕਰ ਦਿੰਦਾ ਹੈ।

"ਪਹਿਲੀ ਅਵਸਥਾ ਵਿਚ ਹੀ ਕਾਲ ਲਿਖਿਆ ਥਾ, ਜਜਮਾਨ! ਜੇ ਬਚ ਗਏ ਹੋ ਤਾਂ ਪਿਛਲੀ ਉਮਰ ਵਿਚ ਬੇਹਤਰੀ," ਪਾਂਧਾ, ਚੁੰਨ੍ਹੀਆਂ ਅੱਖਾਂ ਮਟਕਾਉਂਦਾ ਆਖਦਾ ਹੈ।

ਨਾਨਾ ਪਹਿਲਾਂ ਇਕ ਵਾਰੀ ਬਰਨਾਲੇ ਵੀ ਜਾ ਆਇਆ ਹੈ ਅਤੇ ਹੁਸ਼ਿਆਰਪੁਰੀਏ, ਭਿਰਗੂ-ਸੰਘਤੇ ਵਾਲਿਆਂ ਕੋਲ ਵੀ!

ਹੁਸ਼ਿਆਰਪੁਰੀਏ ਪੰਡਤ ਕੋਲ ਉਹ ਸੁਬ੍ਹਾ-ਸਾਝਰੇ ਸੁੱਚੇ ਮੂੰਹ ਹੀ ਜਾ ਬੈਠਿਆ ਸੀ। ਸਬੱਬ ਨਾਲ ਉਹਦਾ ਪੱਤਰਾ ਵੀ ਝੱਟ-ਪੱਟ ਲੱਭ ਗਿਆ ਜਿਸ ਅਨੁਸਾਰ ਉਹ ਪਿਛਲੇ ਜਨਮ ਵਿਚ ਵੀ 'ਜੱਟ' ਸੀ। 'ਕੇਸਰ' ਨਾਂ ਸੀ ਉਸ ਦਾ। ਹੁਣ ਨਾਲੋਂ ਕਿਤੇ ਜ਼ਿਆਦਾ ਤਕੜਾ ਜੱਟ। ਇਹ ਤਾਂ ਕੋਈ 'ਕਰਨੀ' ਵਿਚ ਭੰਗਣਾ ਪੈ ਗਈ। ਅਗਲੇ ਜਨਮ ਵਿਚ ਵੀ ਉਹ ਬਹੁਤ ਵੱਡਾ ਜ਼ਿਮੀਂਦਾਰ ਹੋਵੇਗਾ। 'ਇਲਾਕੇ ਦਾ ਚੌਧਰੀ' ਜਮਨਾ ਕੰਢੇ, ਆਗਰਾ ਦੇ ਏਰੀਏ ਵਿਚ ਪਈ ਬੇਓੜਕ ਭੋਇੰ ਦਾ ਮਾਲਕ! ਉਸ ਦੀ ਇਹ 'ਆਯੂ' ਸਤੱਤਰ ਜਾਂ ਸਤਾਸੀ ਵਰ੍ਹਿਆਂ ਦੀ ਹੋਵੇਗੀ...।

ਉਸ ਦਿਨ ਤੋਂ ਹੀ ਨਾਨੇ ਨੇ ਇਹ 'ਲੱਖ-ਲੱਖ ਰੁਪਏ' ਦੀਆਂ ਗੱਲਾਂ ਲੜ ਬੰਨ੍ਹ ਲਈਆਂ ਨੇ।

"ਨਾਨਾ ਜੀ! ਏਹ ਸਭ ਪੰਡਤਾਂ ਦੇ ਢਕੌਂਸਲੇ ਹੁੰਦੇ ਨੇ," ਮੇਰਾ ਮਸੇਰ ਅਤੇ ਮੈਂ ਆਪਣੀ ਪੜ੍ਹਾਈ-ਲਿਖਾਈ ਦੀ ਘੁਮੇਰ ਵਿਚ ਆ ਕੇ ਜਿੰਨਾ ਮਰਜ਼ੀ ਉਸ ਨੂੰ ਸਮਝਾਉਣ ਦਾ ਜਤਨ ਕਰਦੇ ਪਰ ਉਸ ਦਾ ਭਰੋਸਾ ਅਡੋਲ ਸੀ। ਉਹ ਟੱਸ ਤੋਂ ਮੱਸ ਨਾ ਹੁੰਦਾ।

"ਪੈਂਤੀ ਸਾਲ ਦੀ ਉਮਰ ਵਿਚ ਫੌਤ ਹੋ ਜਾਣਾ ਚਾਹੀਦਾ ਸੀ। ਜੇ ਬਚ ਗਏ ਹੋ ਤਾਂ ਮਗਰਲੇ ਜੀਵਨ ਵਿਚ ਵਾਰੇ-ਨਿਆਰੇ," ਸੇਰ ਕੁ ਦਾਣਿਆਂ ਵੱਟੇ ਇੰਨੀ ਪਤੇ ਦੀ 'ਪੁੱਛਿਆ' ਦੇਣ ਵਾਲੇ ਢੋਂਗੀ ਦੀ 'ਭਾਖਿਆ' ਨੂੰ ਉਹ ਸਬੂਤ ਵਜੋਂ ਵਰਤਦਾ ਆਇਆ ਹੈ।

ਖ਼ੈਰ! ਪਿਛਲੀ ਉਮਰ ਵਿਚ ਸੱਚਮੁਚ ਹੀ ਬੜੀ ਤਰੱਕੀ ਕੀਤੀ ਹੈ। ਟਿਊਬਵੈਲ 'ਬੱਘ-ਬੱਘ' ਪਾਣੀ ਕੱਢਦਾ ਹੈ। ਬਥੇਰੇ ਰੰਗ-ਭਾਗ ਲੱਗੇ ਨੇ।

"ਕਾਲਾ ਬੌਲਦ ਬਣ ਕੇ ਮੈਂ ਤੇਰਾ ਲੇਖਾ ਦਿੱਤੈ, ਸਿਆਣਿਆਂ! ਜੇ ਤੇਰੇ ਵਾਂਗੂੰ ਹੀ ਸਾਰੀ ਉਮਰ ਦਰਵਾਜ਼ੇ-ਧਰਮਸ਼ਾਲਾ ਦੇ ਚੌਂਤਰਿਆਂ 'ਤੇ ਬਹਿ ਕੇ ਤੋਤਕੜੇ ਛੱਡੀ ਜਾਂਦਾ ਤਾਂ ਤੇਰੇ ਪੁੱਟੇ ਹੋਏ

ਟੋਇਆਂ ਨੂੰ ਕਿਵੇਂ ਪੂਰਦਾ?'' ਆਪਦੇ ਭਾਈਆਂ-ਭਤੀਜਿਆਂ ਨਾਲ ਰਲ ਕੇ ਮਾਰੀਆਂ ਮੱਲਾਂ ਬਾਰੇ, ਇਕ ਦਿਨ ਕੁੰਟਿਆ ਹੋਇਆ ਨਿਹੰਗ-ਮਾਮਾ, ਹੁੱਬ-ਹੁੱਬ ਗੱਲਾਂ ਕਰਦਾ ਹੈ।

''ਅੱਛਾ, ਫੇਰ ਮੈਂ ਤਾਂ ਥੋੜੇ ਨਗੌਰਿਆਂ ਖ਼ਾਤਰ ਖ਼ਾਤੇ ਹੀ ਪੱਟਦਾ ਰਿਹੈਂ, ਸਾਰੀ ਉਮਰ? ਓਏ ਨਿਮਾਣਿਆ, ਜੇ ਤੂੰ ਪਹਿਲੇ ਦਿਨੋਂ ਹੀ ਬਦਫੈਲੀਆਂ ਛੱਡ ਕੇ ਐਕਣ ਸਿੱਧੀ ਰੂਹ ਨਾਲ ਧੰਦੇ ਲੱਗਿਆ ਰਹਿੰਦਾ, ਤੈਂ ਵੀ ਕਿਸੇ ਕੰਢੇ-ਵੱਟੇ ਲੱਗ ਜਾਣਾ ਸੀ। ਹੁਣ ਐਵੇਂ ਝਰਾਟੇ ਵੱਡੀ ਜਾਨੈਂ!'' ਨਾਨਾ ਵੱਟ ਖਾ ਜਾਂਦਾ ਹੈ।

ਇਹੋ ਜਿਹੇ ਮੌਕੇ ਉਸ ਦਾ ਮਨ ਕਾਹਲਾ ਪੈ ਜਾਂਦਾ ਹੈ। ਇਕੋ-ਇਕ ਸੁਫ਼ਨਾ ਬਾਕੀ ਹੈ। ਕਦੋਂ ਸਤੱਤਰ ਸਾਲ ਪੂਰੇ ਹੋਣ ਅਤੇ ਉਹ ਚੋਲਾ ਬਦਲ ਕੇ ਆਗਰੇ ਦੀ ਧਰਤੀ ਉਤੇ ਜਾ ਬਿਰਾਜੇ।

''ਮਾਮੂਲੀ ਖਾਂਸੀ ਔਰ ਬੁਖ਼ਾਰ ਆਊਗਾ, ਜਜਮਾਨ! ਉਸੀ ਵਖ਼ਤ ਰਾਮ ਬੋਲ ਜਾਣੈ,'' ਸੁਖਾਵੀਂ ਮੌਤ ਨੂੰ ਉਡੀਕਣ ਵਿਚ ਵੀ ਕਿੰਨਾ ਆਨੰਦ ਹੈ।

''ਡੈਡੀ ਅੱਜ ਥੋਨੂੰ ਕੀ ਹੋ ਗਿਐ, ਭਲਾ? ਚੁੱਪਚਾਪ ਸੋਚੀ ਜਾਨੇ ਓਂ?'' ਹੈਪੀ ਆਪਣੀ ਮਾਂ ਕੋਲ ਘੁੰਮ-ਫਿਰ ਕੇ ਅਤੇ ਵੱਡੇ ਭਰਾ ਨਾਲ ਲੜ-ਭਿੜ ਕੇ ਹੁਣੇ ਫੇਰ ਆ ਬੈਠਿਆ ਹੈ।

ਉਹ ਮੈਨੂੰ ਪੂਰੇ ਜ਼ੋਰ ਨਾਲ ਝੰਜੋੜਦਾ ਹੈ, ''ਜੇ ਪਿੱਪਲ ਵਾਲੀ ਬਾਤ ਨਹੀਂ ਯਾਦ ਆਉਂਦੀ ਤਾਂ ਫੇਰ 'ਕਰਮ-ਧਰਮ' ਵਾਲੀ ਸੁਣਾ ਦਿਓ।''

''ਉਹ ਕਿਹੜੀ ਬੇਟੇ?'' ਅਤੀਤ ਵਿਚ ਖੁੱਭਿਆ ਮੈਂ ਸੁਭਾਵਕ ਕਹਿ ਜਾਂਦਾ ਹਾਂ।

''ਉਹੀ? ਕਰਮ ਕਹਿੰਦੈ, ਮੈਂ ਵੱਡਾ ਹਾਂ। ਹੋਣੀ ਕਹਿੰਦੀ, ਮੈਂ ਬਲਵਾਨ ਹਾਂ। ਧਰਮ ਬੋਲਦੈ, ਮੈਂ ਸਾਰਿਆਂ ਤੋਂ ਬਲੀ ਹਾਂ। ਮਾਇਆ ਗੱਜ-ਵੱਜ ਕੇ ਆਖਦੀ ਹੈ, ਮੇਰੀ ਰੀਸ ਥੋਡੇ ਸਾਰਿਆਂ ਵਿਚੋਂ ਕੌਣ ਕਰ ਲਊ?...ਉਹੀ ਬਾਤ, ਜੀਹਦੇ ਵਿਚ ਨਿਆਂ ਅੜ ਜਾਂਦੈ? ਫੇਰ ਹੋਣੀ ਦਾ ਝੰਭਿਆ ਬੀਰ ਬਿਕਰਮਾਜੀਤ, ਇਨਸਾਫ਼ ਕਰਦੈ-ਆਪੋ ਆਪਣੀ ਜਗ੍ਹਾ ਤੁਸੀਂ ਸਾਰੇ ਹੀ ਸਹੀ ਹੋ, ਭਾਈ।''

ਨੌਂ ਸਾਲਾਂ ਦਾ ਹੈਪੀ ਆਪਣੀ ਉਮਰ ਨਾਲੋਂ ਹੁਸ਼ਿਆਰ ਹੈ। ਇਕ ਵਾਰ ਫੇਰ ਪੂਰੀ ਕਥਾ ਹੀ ਸੁਣਾ ਜਾਂਦਾ ਹੈ, ਜਿਵੇਂ ਮੈਂ ਵੀ ਇਨ੍ਹਾਂ ਬਾਤਾਂ ਨੂੰ ਨਵੀਆਂ ਸਮਝ ਕੇ ਨਿੱਤ ਹੀ ਨਾਨੇ ਕੋਲੋਂ ਸੁਣਦਾ ਰਿਹਾ ਹਾਂ।

ਨਾਨੇ ਨੇ ਗੜ੍ਹਕਾ ਨਹੀਂ ਸੀ ਛੱਡਿਆ। ਜਿੰਨੀ ਦੇਰ ਨਾਨੀ ਜਿਉਂਦੀ ਰਹੀ, ਅਣ-ਘਾਲਿਆ, ਅੱਧ ਸੇਰ ਪੱਕਾ ਦੁੱਧ, ਨਿੱਤ ਨੇਮ ਹੀ ਉਸ ਨੂੰ ਦਿੰਦੀ ਰਹੀ। ਘਰ ਬਣਾਈ, ਕੱਪੜ-ਛਾਣ ਕੀਤੀ, ਤ੍ਰਿਫ਼ਲੇ ਦੀ ਫੱਕੀ ਹੀ ਉਸ ਦੀ ਦਵਾ-ਦਾਰੂ ਸੀ।

ਇਸ ਤਰ੍ਹਾਂ ਹਰ ਸਾਲ ਨਾਨਕੀਂ ਜਾ ਕੇ ਛੁੱਟੀਆਂ ਕੱਟਦੇ ਅਤੇ ਉਸ ਦੀਆਂ ਉਹੀ ਕਥਾ-ਕਹਾਣੀਆਂ ਸੁਣਦੇ ਅਸੀਂ ਪਤਾ ਨਹੀਂ ਕਦੋਂ ਜਵਾਨ ਹੋ ਗਏ। ਨੌਕਰੀਆਂ ਉਤੇ ਵੀ ਲੱਗ ਗਏ, ਪਰ ਨਾਨਾ ਸਦਾ ਉਹੋ ਜਿਹਾ ਹੀ ਲੱਗਦਾ।

ਇਕ ਵਾਰੀ ਮੈਂ ਕਿਸੇ ਟੂਰ ਨਾਲ ਦਿੱਲੀ-ਆਗਰਾ ਵੱਲ ਗਿਆ ਤਾਂ ਉਸ ਨੂੰ ਇਸ ਦੀ ਭਿਣਕ ਪਤਾ ਨਹੀਂ ਕਿਧਰੋਂ ਪੈ ਗਈ। ਉਚੇਚਾ ਸੁਨੇਹਾ ਭੇਜ ਕੇ ਮੈਨੂੰ ਮਿਲਣ-ਗਿਲਣ ਲਈ ਸੱਦਿਆ, ''ਸੁਣਿਐ...ਅਮਰ ਸਿਆਂ! ਤੂੰ ਦਿੱਲੀ-ਦੱਖਣ ਘੁੰਮ ਕੇ ਆਇਐਂ? ਭਲਾ ਕੀ ਕੁਝ ਦੇਖਿਆ ਤੂੰ ਉਧਰ?''

ਮੈਂ ਦਿੱਲੀ-ਆਗਰਾ ਅਤੇ ਫ਼ਤਿਹਪੁਰ ਸੀਕਰੀ ਦੀਆਂ ਯਾਦਗਾਰੀ ਇਮਾਰਤਾਂ ਬਾਰੇ ਦੱਸਦਾ ਹਾਂ। ਮਥੁਰਾ ਦੇ ਪੇੜਿਆਂ ਅਤੇ ਪੁਜਾਰੀਆਂ ਦੇ ਪਾਖੰਡ ਦੀ ਵਾਰਤਾ ਸੁਣਾਉਂਦਾ ਹਾਂ। ਬਾਂਦਰਾਂ ਤੇ ਮੰਦਰਾਂ ਦਾ ਬਿਰਤਾਂਤ ਛੇੜਦਾ ਹਾਂ ਪਰ ਉਹ ਜਿਵੇਂ ਸੁਣਦਾ ਹੀ ਨਾ ਹੋਵੇ, ''ਓਏ, ਪੇੜੇ ਭਲਾ ਮੈਂ ਸਿਰ ਵਿਚ ਮਾਰਨੇ ਨੇ...?''

'ਹੂੰਅ-ਹੂੰਅ' ਕਰਦਾ, ਉਹ ਅਚਾਨਕ ਕਾਹਲਾ ਪੈ ਜਾਂਦਾ ਹੈ, ''ਤੂੰ ਚੱਜ ਦੀ ਗੱਲ ਸੁਣਾ...ਜੇ ਹੈਗ੍ਹੀ ਐ ਸੁਣਾਉਣ ਖ਼ਾਤਰ।''

ਉਸ ਦੀ ਗੁੱਝੀ ਰਮਜ਼ ਸਮਝ ਕੇ, ਮੈਂ ਪੂਰਬ ਦੇਸ਼ ਦੀ ਮਾਰੂ ਜਿਹੀ ਭੂਮੀ ਬਾਰੇ ਵੇਰਵੇ ਦਿੰਦਾ ਹਾਂ, ''ਮਖਿਆ, ਜੰਮਦੀ ਤਾਂ ਹੋਣੀ ਐਂ? ਕਿ ਸਾਰੀ ਧਰਤੀ ਬੰਜਰ ਹੀ ਪਈ ਐ?'' ਉਹ ਵਿਚਾਲਿਓਂ ਟੋਕ ਕੇ ਪੁੱਛਦਾ ਹੈ।

ਉਸ ਦੇ ਸਤੱਤਰ ਅਤੇ ਸਤਾਸੀ ਸਾਲ ਵੀ ਉਹਦੀਆਂ ਬਾਤਾਂ ਵਾਂਗ ਹੀ ਮੇਰੇ ਵੱਲੋਂ ਹਰ ਸਾਲ ਦੁਹਰਾਈ ਜਾਂਦੀ ਇਸ ਵਾਰਤਾ ਸੁਣਾਉਣ ਵਿਚ ਹੀ ਲੰਘ ਗਏ ਨੇ। ਹੁਣ ਉਹ ਚੁਰਾਨਵੇਂ ਵਰ੍ਹਿਆਂ ਦਾ ਹੋ ਕੇ ਵੀ ਹਰ ਵਾਰੀ ਇਹੀ ਪੁੱਛਦਾ ਹੈ, ''ਤੂੰ 'ਕੇਰਾਂ ਫੇਰ ਉਧਰ ਗੇੜਾ ਮਾਰ ਕੇ ਆਵੀਂ। ਕਿਰਾਇਆ-ਭਾੜਾ ਵੀ ਬੇਸ਼ੱਕ ਦੀ ਆਪਣੇ ਮਾਮਿਆਂ ਤੋਂ ਹੀ ਲੈ ਜਾਈਂ।''

ਖ਼ੈਰ! ਸਬੱਬ ਬਣਿਆ ਤਾਂ ਮੈਂ ਆਪਣੇ ਮਹਿਕਮੇ ਵੱਲੋਂ ਪਰਿਵਾਰ ਸਮੇਤ ਉਸ ਇਲਾਕੇ ਵਿਚ ਦੁਬਾਰਾ ਘੁੰਮ-ਫਿਰ ਆਇਆ।

''ਓਏ ਦੀਪੀ! ਪੁੱਤ ਬਣ ਕੇ ਤੂੰ ਮੈਨੂੰ ਸਾਰੇ ਸੈਲ-ਸਪਾਟੇ ਦੀ ਖ਼ਬਰ ਸੁਣਾ 'ਕੇਰਾਂ,'' ਐਤਕੀਂ ਨਾਨੇ ਨੇ ਮੇਰੇ ਦਸ-ਗਿਆਰਾਂ ਸਾਲਾਂ ਦੇ ਵੱਡੇ ਲੜਕੇ ਨੂੰ ਆਪਣੀ ਬੁੱਕਲ ਵਿਚ ਲੈ ਕੇ ਪੁੱਛਿਆ, ਜਿਵੇਂ ਮੇਰੇ ਉਤੇ ਉਸ ਨੂੰ ਪੂਰਾ ਇਤਬਾਰ ਨਾ ਰਿਹਾ ਹੋਵੇ। ''ਡੱਡੀਏ! ਭਲਾ ਕਿਹੋ ਜਿਹੇ ਲੋਕ ਨੇ ਓਧਰ? ਮਾਣ-ਮਰਯਾਦਾ ਕਿਹੋ ਜਿਹੀ ਐ? ਫ਼ਸਲ ਕਿਹੜੀ ਕਿਹੜੀ ਹੁੰਦੀ ਐ!''

ਦੀਪੀ ਘੱਗਰੀਆਂ ਵਾਲੀਆਂ ਤੀਵੀਆਂ ਅਤੇ ਲਾਂਗੜਾਂ ਵਾਲੇ 'ਪੂਰਬੀਆਂ' ਦੀ ਗੱਲ ਸੁਣਾਉਂਦਾ ਹੈ। ਨਾਨੇ ਦੇ ਮੂੰਹ ਉਤੇ ਚਮਕ ਆ ਜਾਂਦੀ ਹੈ, ''ਚਲੋ, ਉਹ ਜਾਣੇ! ਆਪਣੇ ਇਧਰ ਵੀ ਪਹਿਲਾਂ ਘੱਗਰੀਆਂ ਧੋਤੀਆਂ ਦਾ ਹੀ ਰਿਵਾਜ ਹੁੰਦਾ ਤਾ।''

ਫੇਰ ਮੇਰਾ ਲੜਕਾ ਦੂਰ ਤਕ ਫੈਲੇ ਹੋਏ ਸਰ੍ਹੋਂ, ਤਾਰੇਮੀਰੇ ਦੇ ਖੇਤਾਂ ਦਾ ਜ਼ਿਕਰ ਛੇੜਦਾ ਹੈ। ਟਾਵੀਂ-ਟਾਵੀਂ ਕਣਕ ਦੀ ਗੱਲ ਕਰਦਾ ਹੈ।

''ਹਈ ਸ਼ਾਬਾਸ਼ੇ! ਬੁੜ੍ਹੀ ਦੇ ਪੁੱਤ ਦੇ!'' ਨਾਨਾ ਮੰਜੇ ਉਤੇ ਪਿਆ, ਉਠ ਕੇ ਬੈਠ ਜਾਂਦਾ ਹੈ, ''ਆਹ ਤਾਂ ਰੂਹ ਖ਼ੁਸ਼ ਕਰ'ਤੀ, ਬਈ!''

ਮਨੋ-ਮਨੀ ਹੀ ਟਹਿ-ਟਹਿ ਕਰਦੀਆਂ ਫ਼ਸਲਾਂ ਦੇਖ ਕੇ ਜਿਵੇਂ ਉਹ ਨਿਹਾਲ ਹੋ ਗਿਆ ਹੋਵੇ। ਆਪਣੀ ਮੌਜ ਵਿਚ ਹੀ ਬੋਲਣ ਲੱਗ ਜਾਂਦਾ ਹੈ, ''ਫੇਰ ਤਾਂ ਆਹਲਾ ਭੋਇੰ ਐ ਭਾਈ ਉਹੋ। ਜੱਟ ਕੋਲ ਬੰਬੇ ਸਿਆੜ ਹੋਣ, ਵਾਹੁਣ-ਬੀਜਣ ਵਾਸਤੇ। ਫੇਰ ਨਹੀਂ ਉਹ ਕਿਸੇ ਦੇ ਲੈਣ ਦਾ।''

ਉਹ ਉਭੜ ਕੇ ਆਖਦਾ ਹੈ, ''ਦੇਖ ਦੀਪੀ ਪੁੱਤ! ਜੰਮਦੀ ਤਾਂ ਹੈਗੀ ਐ ਨਾ? ਤੂੰ ਤਾਂ ਸਰ੍ਹੋਂ ਤਾਰੇਮੀਰੇ ਦੀ ਗੱਲ ਕਰਦੈਂ, ਜੇ ਖੱਬਲ, ਕਾਹੀ, ਅਰ ਸਰਵਾੜ੍ਹ ਵੀ ਜੰਮਦਾ ਹੋਵੇ ਤਾਂ ਵੀ ਜ਼ਮੀਨ 'ਵਧ ਕੇ' ਹੁੰਦੀ ਐ।...ਆਪਣੇ ਵੀ ਪਹਿਲਾਂ ਏਧਰ ਸਰ੍ਹੋਂ, ਤਾਰਾਮੀਰਾ, ਅਲਸੀ, ਅਰ 'ਬੇਰੜਾ' ਹੀ ਹੁੰਦਾ ਤਾ। ਸੌਣੀ ਵਿਚ ਮਾਂਹ-ਮੂੰਗੀ, ਮੋਠ-ਬਾਜਰਾ ਤੇ ਚਰ੍ਹੀ ਗੁਆਰਾ ਬੀਜ ਦਿੰਦੇ। ਹੁਣ ਦੇਖ ਲੈ ਤੂੰ, ਕਿੱਕਣ ਛਹਿਬਰਾਂ ਲੱਗੀਆਂ। ਮਾਰਕੇ ਦੂਹਰੀ-ਤੀਹਰੀ ਫ਼ਸਲ ਕੱਢਦੇ ਆਂ ਆਪਾਂ!''

...ਤੇ ਫੇਰ 'ਗੜਬੜ' ਦੇ ਸਮਿਆਂ ਵਿਚ ਵੱਡਾ ਮਾਮਾ ਇਕ ਦਿਨ ਇਸੇ ਤਰ੍ਹਾਂ ਅਨੰਦ-ਪ੍ਰਸੰਨ ਹੋਏ ਬੈਠੇ ਨਾਨੇ ਨੂੰ ਛੇੜਦਾ ਹੈ, ''ਬਾਪੂ ਇਕ ਗੱਲ ਯਾਦ ਰੱਖ ਲਵੀਂ ਸਾਡੀ। ਤੈਨੂੰ ਵੀ ਉਧਰ ਧੋਤੀ-ਟੋਪੀ ਹੀ ਪਹਿਨਣੀ ਪਊਗੀ।''

''ਕੋਈ ਨਹੀਂ! ਧੋਤੀ ਨੂੰ ਮੈਂ ਭੁੱਲਿਆ ਨਹੀਂ ਹੋਇਆ। ਐਹ ਬੋਕੀਆਂ ਵਰਗੀਆਂ ਪਜਾਮੀਆਂ ਤਾਂ ਅਜੇ ਕੱਲ੍ਹ ਆਈਆਂ ਨੇ।''

ਹੁਣ ਮਾਮੇ ਵੱਲ ਉਹ ਪਹਿਲਾਂ ਵਾਂਗੂ ਕੌੜ ਕੇ ਨਹੀਂ ਝਾਕਦਾ। ਪਤਾ ਨਹੀਂ, ਉਸ ਵਿਚੋਂ ਪੁਰਾਣਾ ਕਰੰਟ ਜਿਹਾ ਹੀ ਮੁੱਕ ਗਿਆ ਹੈ!

''ਲਾਂਗੜ ਵਾਲੀ ਧੋਤੀ ਬੰਨ੍ਹੀਂ, ਭਲਾ ਬਾਪੂ ਆਪਣਾ ਕਿਹੋ ਜਿਹਾ ਲੱਗੂ ਬਈ ਭੁਜੰਗੀਓ?'' ਨਾਨੇ ਵਰਗਾ ਹੀ ਪੂਰਾ ਬਜ਼ੁਰਗ ਲੱਗਦਾ ਨਿਹੰਗ ਮਾਮਾ, ਨੇੜੇ ਖੜ੍ਹੇ ਆਪਣੇ ਭਤੀਜੇ-ਭਤੀਜੀਆਂ ਸਮੇਤ ਮੇਰੇ ਜੁਆਕਾਂ ਨੂੰ ਵੀ ਮਸ਼ਗੂਲੇ ਨਾਲ ਪੁੱਛਦਾ ਹੈ।

''ਓਏ ਤੈਨੂੰ ਕਿਹੈ, ਮੇਰੇ ਮੱਥੇ ਨਾ ਲੱਗਿਆ ਕਰ ਤੂੰ। ਲੱਗਦਾ ਧੋਤੀ, ਟੋਪੀ ਅਰ ਪਜਾਮੀ ਦਾ! ਬਿੱਜੂ ਨੂੰ ਇੰਨੀ ਵੀ ਅਕਲ ਨਹੀਂ; ਬਈ ਏਹ ਤਾਂ ਸਭ ਨੰਗ ਢਕਣ ਦੇ ਪੜਦੇ ਨੇ।''

ਆਪਣਾ ਹਾਸਾ ਰੋਕਦਾ, ਛੜਾ ਮਾਮਾ ਓਹਲੇ ਹੋ ਜਾਂਦਾ ਹੈ।

ਤੇ ਫੇਰ ਇਕ ਹੋਰ ਗੱਲ। ਨਾਨਾ ਹਮੇਸ਼ਾ ਗੱਜ-ਵੱਜ ਕੇ ਆਖਦਾ ਰਿਹਾ ਹੈ ਕਿ ਉਹਦੇ ਫੁੱਲ ਜ਼ਰੂਰ ਹੀ ਗੰਗਾ ਦੇ ਸਪੁਰਦ ਕਰਨੇ ਨੇ।

ਮੇਰਾ ਇਹ ਵਡਾਰੂ ਸੁੱਕ ਕੇ ਭਾਵੇਂ ਤੀਲਾ ਹੋ ਗਿਆ ਹੈ ਪਰ ਦਿਮਾਗ਼ੀ ਤਵਾਜ਼ਨ ਹਾਲੇ ਕਾਇਮ ਹੈ। ਵਰ੍ਹੇ, ਛਿਮਾਹੀ ਪਿੱਛੋਂ ਮਿਲਣ ਆਇਆ ਮੈਂ ਕਦੇ ਉਸ ਵਾਸਤੇ ਕੂਜੇ ਦੀ ਮਿਸਰੀ, ਕਦੇ ਸੌਗੀ, ਕਦੇ ਲੈਚੀਦਾਨਾ ਜਾਂ ਪਤਾਸੇ ਲੈ ਆਉਂਦਾ ਹਾਂ। ਉਹ ਬੱਚਿਆਂ ਵਾਂਗੂੰ ਜਿਵੇਂ 'ਵਾਤੀ' ਉਡੀਕਦਾ ਰਹਿੰਦਾ ਹੈ। ਕਾਹਲੀ ਨਾਲ ਕੂਜਾ ਭੋਰ ਕੇ ਆਪ ਮੁਹਾਰੇ ਹਿੱਲਦੇ ਬੋੜੇ-ਮੂੰਹ ਵਿਚ ਪਾਉਂਦਾ ਹੈ।

''ਬਾਪੂ! ਤੇਰੇ ਫੁੱਲ ਫੇਰ ਕਿੱਥੇ ਪਾਈਏ?'' ਮਖ਼ੌਲੀਆ ਮਾਮਾ ਫੇਰ ਟਿੱਚਰ ਨਾਲ ਸਵਾਲ ਕਰਦਾ ਹੈ।

''ਓਏ, ਕਾਹਨੂੰ ਬਾਹਲੀ ਖੇਚਲ ਦੇਣੀ ਐਂ, ਥੋਨੂੰ ਸਿੱਖਾ...'' ਨਾਨਾ ਜਿਵੇਂ ਤਿਲ-ਤਿਲ ਦੁਖੀ ਹੈ, ਪਰ ਫੇਰ ਹਲਕੇ ਰੌਂਅ ਨੂੰ ਸਮਝਦਾ ਵਿਅੰਗ ਨਾਲ ਮੁਸਕਰਾਉਂਦਾ ਹੈ। ''ਐਥੇ ਹੀ ਆਪਣੇ ਚੁਬੱਚੇ ਵਿਚ ਸਿੱਟ ਦਿਓ ਪਰ੍ਹੇ। ਜਾਂ ਫੇਰ 'ਗਾਹਾਂ' ਦਾ ਖੂਹ ਲੰਘ ਕੇ ਨਹਿਰ ਵਿਚ ਜਲ ਪ੍ਰਵਾਹ ਕਰ ਆਇਓ। ਆਹ ਮੀਲ ਭਰ ਵਾਟ ਐ ਸਾਰੀ, ਪਰ ਪੰਜਾਂ-ਪੀਰਾਂ 'ਤੇ ਮੱਥਾ ਟੇਕਣਾ ਨਾ ਭੁੱਲਿਓ।''

ਹੁਣ ਸ਼ਾਇਦ ਉਹ 'ਗੰਗਾ ਗਿਆਂ ਤੋਂ ਬਾਝ ਨਾ ਗਤੀ ਹੋਵੇ' ਵਾਲੀ ਤਾਕੀਦ ਕਰਨੀ ਭੁੱਲ ਗਿਆ ਹੈ। ਚੇਤਾ ਕਮਜ਼ੋਰ ਹੋ ਗਿਆ ਲੱਗਦੈ।

''ਕਨਖਲ (ਜਿੱਥੇ ਫੁੱਲ ਪਾਏ ਜਾਂਦੇ ਹਨ) ਜਾਣ ਦੀ ਸਲਾਹ ਫੇਰ ਕੈਂਸਲ ਕਰ'ਤੀ, ਨਾਨਾ ਜੀ?'' ਮੂੰਹ ਵਿਚ ਦਾਖ ਚਬੋਲਦੇ ਨਾਨੇ ਨੂੰ ਮੈਂ ਉਚੀ ਪੁੱਛਦਾ ਹਾਂ।

''ਓਏ ਹੋਰ ਕੀ? ਇਨ੍ਹਾਂ ਵਿਚੋਂ ਕੋਈ ਕੰਨ੍ਹਾਂ ਤਾਂ ਲਾਉਂਦਾ ਹੈ ਨਹੀਂ,'' ਉਹ ਡੂੰਘੇ ਦਰਦ ਨਾਲ ਕਹਿੰਦਾ ਹੈ, ''ਜਾਂ ਤਾਂ ਫੇਰ ਤੂੰ ਹੀ ਪੱਕੀ ਜ਼ੁੰਮੇਵਾਰੀ ਓਟ ਲੈ ਅਮਰ ਸਿਆਂ, ਮੈਨੂੰ ਗੰਗਾ ਲਿਜਾਣ ਦੀ। ਇਸ ਵੱਡੇ ਨੇ ਤਾਂ ਸਾਰੀ ਉਮਰ ਚਹੇਡਾਂ ਦੀ ਕਰਨੀਆਂ ਸਿੱਖੀਆਂ ਨੇ। ਫੇਰ ਦੁਨੀਆਂ ਕਹਿੰਦੀ ਐ, ਦੋਹਤੇ ਵੀ ਹਰਾਮਖ਼ੋਰ ਹੁੰਦੇ ਨੇ।''

ਉਹ ਮੈਨੂੰ ਚੋਭ ਮਾਰ ਕੇ ਹੱਸਦਾ ਹੈ।

ਮੈਂ ਉਸ ਦੀਆਂ ਅਸਥੀਆਂ, ਹਰਿਦੁਆਰ ਜਾ ਕੇ ਜਲ ਪ੍ਰਵਾਹ ਕਰਨ ਦੀ ਪੱਕੀ ਹਾਮੀ ਭਰਦਾ ਹਾਂ ਤਾਂ ਉਹਦੀ ਨੁਹਾਰ ਛਿਪਦੇ ਸੂਰਜ ਦੀਆਂ ਕਿਰਨਾਂ ਨਾਲ ਇਕਦਮ ਲਿਸ਼ਕ ਉਠਦੀ ਹੈ। ਉਹ ਮੈਨੂੰ ਹੋਰ ਨੇੜੇ ਨੂੰ ਹੋ ਕੇ ਬੈਠਣ ਲਈ ਆਖਦਾ, ਮੇਰੀ ਪਿੱਠ ਉਤੇ ਹੱਥ ਫੇਰਦਾ ਹੈ।

''ਹੁਣ ਤਾਂ ਉਧਰ ਵੀ ਸੇਂਜੀ ਦਾ ਕੋਈ ਜੁਗਾੜ ਬਣ ਗਿਆ ਹੋਊ, ਅਮਰਿਆ?'' ਉਹ ਮੇਰੇ ਵੱਲ ਅੱਖਾਂ ਟਿਮਕਾਉਂਦਾ ਹੈ, ਜਿਵੇਂ ਕਿਸੇ ਗੂੜ੍ਹੇ ਸਾਕ-ਨਾਤੇ ਦੀ ਸੁਖ-ਸਾਂਦ ਪੁੱਛ ਰਿਹਾ ਹੋਵੇ।

''ਹਾਂ ਹਾਂ! ਹੁਣ ਤਾਂ ਟਾਵੀਂ-ਟਾਵੀਂ ਮੋਟਰ ਵੀ ਦਿਖਦੀ ਐ ਲੱਗੀ ਹੋਈ। ਪਾਣੀ ਦੇ ਖਾਲ ਨੇ ਜਿਵੇਂ ਹਲ ਨਾਲ ਕੱਢੇ ਹੋਏ 'ਡੰਡੇ' ਹੋਣ ਪਤਲੀਆਂ-ਪਤਲੀਆਂ ਓਰੀਆਂ!'' ਮੈਂ ਬੜੇ ਉਤਸ਼ਾਹ ਨਾਲ ਦੱਸਦਾ ਹਾਂ।

ਨਾਨਾ ਪੂਰੇ ਗੜ੍ਹਕੇ ਨਾਲ ਖੰਘੂਰਾ ਮਾਰਦਾ ਹੈ, ''ਪਹਿਲਾਂ ਆਪਣੇ ਐਧਰ ਵੀ ਏਕਣੇਂ ਹੁੰਦੇ ਸੀ। ਇਕ ਵਿੱਢ ਚਲਦਾ ਹੋਣਾ ਤਾਂ ਪਾਣੀ ਦੀ ਪਤਲੀ ਕੂਲ੍ਹ ਜਿਹੀ ਹੀ ਦੀਂਹਦੀ। ਫੇਰ ਵੀ ਪੈਰਾਂ ਨਾਲ ਘਰੋੜੀਆਂ ਹਿਲਾ ਕੇ ਅਸੀਂ ਦਿਨ ਛਿਪਦੇ ਨੂੰ ਇਕ ਜੋੜੀ ਨਾਲ ਹੀ ਪੂਰਾ 'ਅੱਧਵਾੜਾ' ਗਿੱਲਾ ਕਰ ਦਿੰਦੇ ਸੀ।''

ਨਾਨਾ ਨਿਹਾਲ ਹੋ ਕੇ ਜਿਵੇਂ ਜਾਮੇ ਵਿਚ ਨਾ ਸਮਾਉਂਦਾ ਹੋਵੇ, ''ਚਲੋ... ਖ਼ੈਰ, ਉਧਰ ਵੀ ਸਾਧਨ ਤਾਂ ਹੋਇਆ। ਜ਼ਮੀਨ ਵੀ, ਫੇਰ ਤੂੰ ਕਹਿੰਦੈਂ, ਵਧੀਆ ਜੰਮਦੀ ਹੈ। ਮਿਹਨਤ-ਮੁਸ਼ੱਕਤ ਕਰਨ ਨੂੰ ਮੈਂ ਬਥੇਰਾ ਤਕੜਾ ਆਂ।''

ਨਾਨਾ ਪੂਰੀ ਤਰ੍ਹਾਂ ਸੰਤੁਸ਼ਟ ਲਗਦਾ ਹੈ। ਆਪਣੇ ਹੀ ਭਾਰ ਨਾਲ ਲਗਾਤਾਰ ਡਗਮਗਾਉਂਦੇ ਉਸ ਦੇ ਸਿਰ ਵੱਲ ਦੇਖਦਾ, ਮਖ਼ੌਲੀਆ ਮਾਮਾ ਮੁਸਕੜੀਏਂ ਹੱਸਦਾ ਹੈ।

''ਹਾਏ ਮੈਂ ਸਦਕੇ! ਦੇਖੋ ਤਾਂ ਸਹੀ, ਜੁਆਕ ਵਿਚਾਰਾ 'ਬਾਤ' ਸੁਣਨ ਦੇ ਤਰਲੇ ਲੈਂਦਾ-ਲੈਂਦਾ ਹੀ ਕਿਵੇਂ ਥੱਕ-ਹਾਰ ਕੇ ਸੌਂ ਗਿਐ? ਤੁਸੀਂ ਵੀ ਬੱਸ ਗਾਹਾਂ ਦੀ ਲੰਘੇ ਹੋਏ ਓ!''

ਰਸੋਈ ਦੇ ਧੰਦਾਲ ਤੋਂ ਵਿਹਲੀ ਹੋ ਕੇ ਆਈ ਮੇਰੀ ਪਤਨੀ ਦੀ ਨਿਹੋਰਿਆਂ ਭਰੀ, ਤਿੱਖੀ ਚਿਲ੍ਹਕਵੀਂ ਆਵਾਜ਼ ਹੈ।

ਪੋਲਾ ਜਿਹਾ ਹੁੰਗਾਰਾ ਭਰਦਾ, ਮੈਂ ਅਜੇ ਵੀ ਜਿਵੇਂ ਪੂਰੀ ਤਰ੍ਹਾਂ ਸੁਰਤ ਸਿਰ ਨਹੀਂ ਹੋਇਆ ਹਾਂ। ਅਚਾਨਕ ਨਾਨੇ ਦੀ ਸੁਣਾਈ ਪਰੀ-ਕਹਾਣੀ ਦਾ ਝਲਕਾਰਾ ਜਿਹਾ ਫੇਰ ਪੈਂਦਾ ਹੈ। ਸੁਨਿਆਰਿਆਂ ਦੀ ਭਰਿੰਡ ਰੰਗੀ ਕੁੜੀ ਅਤੇ ਵਜ਼ੀਰ ਦਾ ਬਾਂਦੀ ਬਣਿਆ ਗੱਭਰੂ ਜਵਾਨ ਮੁੰਡਾ! ਰੋਹੀ-ਬੀਆਬਾਨ ਵਿਚ ਖੜ੍ਹਾ ਵਿਰਾਟ ਪਿੱਪਲ! 'ਖ਼ੁਦਾ ਦਿਆ ਬੰਦਿਆ, ਉਡ ਚੱਲ!'-ਮੁਟਿਆਰ ਆਖਦੀ ਹੈ ਤਾਂ ਪਿੱਪਲ ਉਡਣ ਲੱਗਦਾ ਹੈ-ਇੰਦਰ ਦੇ ਅਖਾੜੇ ਦੀ ਤਰਫ਼।

ਤੇ ਇਕਦਮ ਮੈਨੂੰ ਨਾਨਾ ਆਪ ਦਿਸਦਾ ਹੈ-ਸਾਖ਼ਸ਼ਾਤ! ਖੁੱਲ੍ਹੀ ਚਿੱਟੀ ਲਹਿਰਾਉਂਦੀ ਦਾੜ੍ਹੀ ਵਾਲਾ ਨਾਨਾ! ਜਿਵੇਂ ਆਕਾਸ਼ ਵਿਚ ਉਡਿਆ ਜਾ ਰਿਹਾ ਹੋਵੇ!!

# ਉਛਾੜ

ਤੌਕੀਰ ਚੁਗ਼ਤਾਈ

ਲੋਕਾਂ ਦੇ ਸਿਰਾਂ ਹੇਠ ਸਿਰਹਾਣਾ ਨਾ ਹੋਵੇ ਤਾਂ ਉਨ੍ਹਾਂ ਨੂੰ ਨੀਂਦਰ ਨਹੀਂ ਪੈਂਦੀ, ਤੇ ਮੇਰੀਆਂ ਬਾਹਵਾਂ ਵਿਚ ਸਿਰਹਾਣਾ ਨਾ ਹੋਵੇ ਤਾਂ ਮੈਨੂੰ ਨੀਂਦਰ ਨਹੀਂ ਪੈਂਦੀ। ਨੀਂਦਰ ਕੀ ਹੁੰਦੀ ਏ, ਸਾਰੇ ਦਿਨ ਦੇ ਥਕੇਵੇਂ ਤੋਂ ਭੱਜ ਕੇ, ਰਾਤ ਦੀ ਝੋਲੀ ਵਿਚ ਪਨਾਹ। ਤੇ ਸਾਰਿਆਂ ਝੇੜਿਆਂ ਨੂੰ ਵਿਸਾਰ ਕੇ ਹਨ੍ਹੇਰੇ ਦੀਆਂ ਬਾਹਵਾਂ ਵਿਚ ਲੁਕ ਜਾਣ ਦਾ ਨਾਂ ਪਰ ਕਦੀ ਕਦੀ ਇੰਜ ਵੀ ਹੁੰਦਾ ਏ, ਪਈ ਰਾਤ ਤੇ ਹਨ੍ਹੇਰੇ ਦੋਵੇਂ ਰਲ ਕੇ ਵੀ ਨੀਂਦਰ ਨੂੰ ਠੱਗ ਨਹੀਂ ਸਕਦੇ।

ਬਾਰਾਂ ਵਰ੍ਹਿਆਂ ਤੋਂ ਬਾਅਦ ਮਾਂ ਦੀ ਛਾਤੀ ਅਤੇ ਪਿਉ ਦੀ ਗਲਵੱਕੜੀ ਵੀ ਆਪਣੀ ਨਹੀਂ ਰਹਿੰਦੀ। ਗ਼ਲਤੀ ਤਾਂ ਮੇਰੀ ਆਪਣੀ ਸੀ ਜੋ ਮਾਂ ਦੀ ਛਾਤੀ ਅਤੇ ਪਿਉ ਦੀ ਗਲਵੱਕੜੀ ਖੁੱਸ ਜਾਣ ਮਗਰੋਂ ਇਕ ਰਾਤ ਉਹ ਦੇ ਕੋਲ ਸੌਂ ਗਈ। ਸ਼ਾਦੀ ਵਾਲੇ ਘਰ ਐਨੇ ਬਿਸਤਰੇ ਤਾਂ ਨਹੀਂ ਹੁੰਦੇ ਕਿ ਹਰ ਜੀਅ ਆਪਣੇ ਸਿਰ ਹੇਠਾਂ ਵੱਖਰਾ ਸਿਰਹਾਣਾ ਰੱਖ ਸਕੇ। ਢੇਰ ਸਾਰੇ ਕੁੜੀਆਂ ਤੇ ਮੁੰਡਿਆਂ ਨਾਲ ਵਿਆਹ ਦੇ ਗੌਣ ਗਾਉਂਦਿਆਂ ਤੇ ਢੋਲਕ ਵਜਾਉਂਦਿਆਂ ਮੈਂ ਵੀ ਉਸ ਵੱਡੇ ਕਮਰੇ ਵਿਚ ਸੌਂ ਗਈ ਸਾਂ ਜਿਥੇ ਹੋਰ ਸਾਰੇ ਜਣੇ ਵੀ ਥੱਕ ਥੱਕ ਕੇ ਸੌਂਦੇ ਗਏ ਸਨ।

ਰਾਤ ਦਾ ਖ਼ੌਰੇ ਕਿਹੜਾ ਪਹਿਰ ਸੀ ਜਦ ਮੈਨੂੰ ਤ੍ਰੇਹ ਲੱਗੀ ਤੇ ਮੇਰੀ ਅੱਖ ਖੁੱਲ੍ਹ ਗਈ। ਮੈਨੂੰ ਇੰਜ ਜਾਪਿਆ ਜਿਵੇਂ ਮੇਰੇ ਸਿਰ ਹੇਠਾਂ ਸਿਰਹਾਣੇ ਵਰਗੀ ਕੋਈ ਸ਼ੈਅ ਹੋਵੇ। ਉਹ ਸਿਰਹਾਣਾ ਤਾਂ ਨਹੀਂ ਸੀ ਪਰ ਇੰਜ ਲਗਦਾ ਸੀ ਜਿਵੇਂ ਇੰਜ ਦੇ ਸਿਰਹਾਣੇ ਨਾਲ ਵਰ੍ਹਿਆਂ ਤੋਂ ਮੇਰੇ ਸਿਰ ਦਾ ਵਾਹ ਰਹਿ ਚੁੱਕਾ ਹੋਵੇ। ਮੈਂ ਹੌਲੀ-ਹੌਲੀ ਉਠ ਕੇ ਘੜੇ ਵੱਲ ਤੁਰ ਪਈ। ਉਹ ਕਿਹਾ ਬੇਖ਼ਬਰਾ ਹੋ ਕੇ ਸੁੱਤਾ ਪਿਆ। ਮੈਂ ਇਕ ਵਾਰੀ ਪਾਣੀ ਪੀਤਾ ਪਰ ਮੇਰੀ ਤ੍ਰੇਹ ਨਾ ਲੱਥੀ। ਤੇ ਦੂਜਾ ਗਲਾਸ ਵੀ ਮੈਂ ਭਰ ਕੇ ਪੀ ਲਿਆ। ਪਰਤ ਕੇ ਆਈ ਤਾਂ ਉਹ ਬੇਖ਼ਬਰਾ ਉਂਜ ਹੀ ਸੁੱਤਾ ਪਿਆ ਸੀ ਤੇ ਆਲੇ-ਦੁਆਲੇ ਹੋਰ ਵੀ ਸਾਰੇ। ਮੈਂ ਆ ਕੇ ਉਹਦੇ ਕੋਲ ਲੇਟ ਗਈ ਪਰ ਨੀਂਦਰ ਨਹੀਂ ਪੈ ਰਹੀ ਸੀ। ਹੌਲੀ ਹੌਲੀ ਮੇਰਾ ਸਿਰ ਉਹਦੀ ਬਾਂਹ ਵੱਲ ਖਿਸਕਣ ਲੱਗ ਪਿਆ, ਤੇ ਕੁਝ ਚਿਰ ਮਗਰੋਂ ਉਹਦੀ ਬਾਂਹ ਮੇਰੇ ਸਿਰ ਹੇਠਾਂ ਸੀ। ਮੈਂ ਪਾਸਾ ਪਰਤਾ ਕੇ ਉਹ ਦੇ ਹੋਰ ਵੀ ਨੇੜੇ ਹੋ ਗਈ। ਇੰਜ ਲੱਗਿਆ, ਜਿਵੇਂ ਮੇਰੇ ਨੱਕ ਦੇ ਲਾਗੇ ਭਿੱਜੀ ਹੋਈ ਮਹਿੰਦੀ ਦੀ ਕੁਨਾਲੀ ਧਰੀ ਹੋਵੇ ਤੇ ਉਹਦੀ ਸੁਗੰਧੀ ਮੇਰੇ ਸਰੀਰ ਨੂੰ ਕੀਲਦੀ ਪਈ ਹੋਵੇ।

ਦੂਜੀ ਵਾਰ ਜਦੋਂ ਮੇਰੀ ਅੱਖ ਖੁੱਲ੍ਹੀ ਤਾਂ ਮੇਰਾ ਸਿਰ ਉਹਦੀ ਬਾਂਹ ਤੋਂ ਵਧ ਕੇ ਮੋਢੇ 'ਤੇ ਅੱਪੜ ਗਿਆ ਸੀ। ਮੈਂ ਅਚਨਚੇਤ ਉਠ ਖੜੋਤੀ ਸਾਂ। ਏਸ ਫੇਰੇ ਤਾਂ ਉਹ ਵੀ ਉਠ ਕੇ ਬਹਿ ਗਿਆ। ਮੈਂ ਫੇਰ ਜਾ ਕੇ ਪਾਣੀ ਪੀਤਾ, ਤੇ ਜਦੋਂ ਪਰਤ ਕੇ ਆਈ, ਉਹ ਡੌਰ ਭੌਰ ਬੈਠਾ ਹੋਇਆ ਸੀ।

''ਕੀ ਹੋਇਆ ਏ?'' ਮੈਂ ਪੁੱਛਿਆ।

''ਤ੍ਰੇਹ ਲੱਗੀ ਏ...।''

''ਮੈਂ ਲਿਆਉਨੀ ਆਂ ਪਾਣੀ ਤੇਰੇ ਲਈ...।''

ਪਾਣੀ ਪੀਣ ਮਗਰੋਂ ਉਹ ਲੇਟ ਗਿਆ। ਮੈਂ ਗਲਾਸ ਰੱਖ ਕੇ ਆਈ ਤੇ ਮੈਂ ਵੀ ਲੇਟ ਗਈ। ਅਸੀਂ ਇੱਕ ਦੂਜੇ ਨਾਲ ਗੱਲਾਂ ਕਰਨਾ ਚਾਹੁੰਦੇ ਸਾਂ ਪਰ ਸਮਝ ਨਹੀਂ ਸੀ ਆਉਂਦੀ ਕਿ ਕੀ ਗੱਲਾਂ ਕਰੀਏ। ਕਿੰਨਾ ਚਿਰ ਇੱਕ ਦੂਜੇ ਨੂੰ ਅੱਖੀਆਂ ਨਾਲ ਟੋਂਹਦੇ ਰਹੇ। ਛੇਕੜ ਉਹਨੇ ਆਪਣੀ ਬਾਂਹ ਲੰਮੀ ਕਰ ਦਿੱਤੀ ਤੇ ਮੇਰਾ ਸਿਰ ਵੀ ਜਿਵੇਂ ਉਹਦੀ ਬਾਂਹ ਨੂੰ ਉਡੀਕ ਰਿਹਾ ਸੀ।

''ਤੂੰ ਕਿੱਥੋਂ ਆਇਆ ਏਂ?'' ਮੈਂ ਉਹਦੇ ਕੋਲੋਂ ਪੁੱਛਿਆ।

''ਪਿੰਡੀਉਂ।''

''ਪਿੰਡੀ ਤਾਂ ਬਹੁੰ ਦੂਰ ਏ।''

''ਚਕਵਾਲ ਵੀ ਤਾਂ ਦੂਰ ਹੀ ਏ ਨਾ।''

''ਹਾਂ ਦੂਰ ਤਾਂ ਹੈ ਪਰ ਹੁਣ ਕਿੱਥੇ ਰਹਿ ਗਿਆ।'' ਮੈਂ ਹੌਲੀ ਜਿਹੀ ਆਖਿਆ। ਮੈਨੂੰ ਫਿਰ ਨੀਂਦਰ ਆਉਣ ਲੱਗ ਪਈ ਸੀ। ਅੱਬੇ ਨੂੰ ਮਰਿਆਂ ਦੋ ਵਰ੍ਹੇ ਹੋ ਚਲੇ ਸਨ ਤੇ ਉਹਦੀ ਗਲਵੱਕੜੀ ਨੂੰ ਖੁੱਸਿਆਂ ਕਿੰਨੇ ਹੀ ਵਰ੍ਹੇ ਹੋ ਗਏ ਸਨ ਪਰ ਲਗਦਾ ਸੀ ਜਿਵੇਂ ਅੱਜ ਅੱਬਾ ਫੇਰ ਜਿਊਂਦਾ ਹੋ ਗਿਆ ਹੋਵੇ।

ਹਰ ਮੁੰਡੇ ਦੇ ਅੰਦਰ ਕੋਈ ਕੁੜੀ ਹੋਵੇ ਜਾਂ ਨਾ ਹੋਵੇ ਪਰ ਕੁੜੀ ਅੰਦਰ ਇਕ ਮੁੰਡਾ ਲੁਕਿਆ ਹੁੰਦਾ ਏ। ਉਹ ਕਦੀ ਪਿਉ ਅਤੇ ਕਦੀ ਯਾਰ ਬਣ ਜਾਂਦਾ ਏ ਪਰ ਅਖੀਰ ਵਿਚ ਦੋਵੇਂ ਕਿਤੇ ਤੁਰ ਜਾਂਦੇ ਨੇ। ਦੂਜੇ ਦਿਨ ਉਹ ਵੀ ਤੁਰ ਗਿਆ ਸੀ ਤੇ ਮੇਰੀਆਂ ਨੀਂਦਰਾਂ ਨੂੰ ਵੀ ਜਿਵੇਂ ਉਧਾਲ ਕੇ ਲੈ ਗਿਆ ਸੀ।

ਵਿਆਹ ਮੁੱਕ ਗਿਆ ਸੀ ਤੇ ਦੂਜੀ ਰਾਤ ਜਿਵੇਂ ਕਾਲਿਆਂ ਬੱਦਲਾਂ ਵਾਂਗੂੰ ਚੜ੍ਹੀ ਆਉਂਦੀ ਸੀ। ਜਦੋਂ ਸੌਣ ਦਾ ਵੇਲਾ ਹੋਇਆ ਤਾਂ ਮੈਂ ਬੇਬੇ ਨੂੰ ਆਖਿਆ, ''ਬੇਬੇ ਅੱਜ ਮੈਂ ਤੇਰੇ ਕੋਲ ਸੌਣਾ ਏ।''

''ਕਿਉਂ? ਖ਼ੈਰ ਸੱਲਾ ਏ, ਤੂੰ ਕੋਈ ਕਾਕੀ ਤੇ ਨਹੀਂ ਏ ਨਾ। ਮੈਂ ਵਿਆਹ ਦੇ ਸਿਆਪੇ ਕਰ ਕਰ ਕੇ ਟੁੱਟੀ ਪਈ ਆਂ। ਤੇਰੇ ਮਾਮੇ ਦੇ ਪੁੱਤਰ ਦੀ ਸ਼ਾਦੀ ਨੇ ਤਾਂ ਮੇਰੇ ਪਿੰਡੇ ਨੂੰ ਜਿਵੇਂ ਭੋਰ ਛੱਡਿਆ ਹੋਵੇ।'' ਬੇਬੇ ਨੇ ਆਖਿਆ।

ਮੈਂ ਸਿਰਹਾਣਾ ਚੁੱਕਿਆ ਤੇ ਚੁੱਪਚਾਪ ਜ਼ਮੀਨ 'ਤੇ ਵਿਛੀ ਦਰੀ ਉਤੇ ਲੇਟ ਗਈ ਪਰ ਨੀਂਦਰ ਨਹੀਂ ਪੈ ਰਹੀ ਸੀ। ਮੇਰਾ ਸਿਰ ਕੋਈ ਸਿਰਹਾਣਾ ਅਤੇ ਨੱਕ ਕੋਈ ਸੁਗੰਧ ਪਿਆ ਲਭਦਾ ਸੀ। ਮੈਂ ਸਿਰਹਾਣੇ ਨੂੰ ਗਲਵੱਕੜੀ ਪਾ ਲਈ ਅਤੇ ਹੌਲੀ ਹੌਲੀ ਨੀਂਦਰ ਵਿਚ ਡੁੱਬਦੀ ਚਲੀ ਗਈ। ਸਵੇਰੇ ਜਦੋਂ ਅੰਮਾ ਨੇ ਮੈਨੂੰ ਉਠਾਇਆ ਤਾਂ ਸਿਰਹਾਣਾ ਮੇਰੀਆਂ ਬਾਹਵਾਂ ਵਿਚ ਦੱਬਿਆ ਹੋਇਆ ਸੀ ਅਤੇ ਸਿਰ ਜ਼ਮੀਨ 'ਤੇ। ਇਕਦਮ ਮੇਰੀਆਂ ਚੀਕਾਂ ਨਿਕਲ ਗਈਆਂ।

''ਬੇਬੇ ਮੇਰੀ ਧੌਣ...।''

''ਧੀਏ! ਸਿਰਹਾਣਾ ਸਿਰ ਹੇਠਾਂ ਰੱਖਣ ਲਈ ਹੁੰਦਾ ਏ। ਤੂੰ ਇਹਨੂੰ ਗਲਵੱਕੜੀ ਪਾ ਕੇ ਸੌਂ ਗਈ ਸੈਂ। ਧੌਣ ਨੇ ਤਾਂ ਆਕੜਨਾ ਹੀ ਸੀ। ਨਾਲੇ ਵੇਖ! ਤੂੰ ਸਿਰਹਾਣੇ ਦਾ ਉਛਾੜ ਵੀ ਪਾੜ ਛੱਡਿਆ ਏ।''

ਹੁਣ ਤੱਕ ਤਾਂ ਮੈਨੂੰ ਵੀ ਪਤਾ ਲੱਗ ਗਿਆ ਸੀ, ਪਈ ਕਿਹੜੀ ਸ਼ੈਅ ਨੂੰ ਸਿਰਹਾਣੇ ਥੱਲੇ ਰਖਦੇ ਨੇ ਅਤੇ ਕਿਹੜੀ ਸ਼ੈਅ ਨੂੰ ਗਲਵੱਕੜੀ ਪਾਂਦੇ ਨੇ ਪਰ ਪੀੜ ਮਾਰੇ ਮੈਂ ਚੁੱਪ ਕਰ ਗਈ। ਦਿਲ ਵਿਚ ਸੋਚਿਆ, ਜੇ ਉਹ ਨਾ ਮਿਲਦਾ ਤਾਂ ਚੰਗਾ ਸੀ। ਹਾਲੀ ਹੋਰ ਖ਼ੌਰੇ ਕੀ ਕੀ ਹੋਵੇਗਾ। ਉਹ ਦੂਰੋਂ ਪਾਰੋਂ ਸਾਡਾ ਸਾਕ ਲਗਦਾ ਸੀ ਪਰ ਏਸ ਤੋਂ ਪਹਿਲਾਂ ਕਦੀ ਨਹੀਂ ਸੀ ਆਇਆ। ਖ਼ਾਲਦਾ ਮਮੇਰੀ ਦੱਸ ਰਹੀ ਸੀ, ਪਈ ਉਹਦੇ ਮਾਪੇ ਮਰ ਗਏ ਹੋਏ ਸਨ। ਬਸ ਇਕ ਵੱਡੀ ਭੈਣ ਸੀ ਤੇ ਇਕ ਉਹ ਆਪ। ਉਹ ਪਿੰਡੀ ਦੇ ਰਾਜਾ ਬਾਜ਼ਾਰ ਵਿਚ ਆਟੇ ਦੀ ਮਸ਼ੀਨ 'ਤੇ ਕੰਮ ਕਰਦਾ ਸੀ।

ਦੋ ਤਿੰਨ ਦਿਨ ਇੰਜ ਹੀ ਲੰਘ ਗਏ। ਇਕ ਦਿਨ ਮਾਮੀ ਦਾ ਸੁਨੇਹਾ ਆਇਆ, ਪਈ ਸਾਰੀਆਂ ਕੁੜੀਆਂ ਰਲ ਕੇ ਵਿਆਹ ਦੀ ਸੰਭਾਲ ਕਰੋ। ਮੈਲੇ ਲੀੜੇ ਅਤੇ ਭਾਂਡੇ ਧੋਤੇ ਜਾ ਰਹੇ ਸਨ। ਘਰ ਦੀਆਂ ਦੂਜੀਆਂ ਚੀਜ਼ਾਂ ਵਸਤਾਂ ਨੂੰ ਆਪਣੇ ਆਪਣੇ ਟਿਕਾਣੇ ਕੀਤਾ ਜਾ ਰਿਹਾ ਸੀ। ਮੈਂ ਹੱਥ ਧੋਣ ਵਾਸਤੇ ਗੁਸਲਖ਼ਾਨੇ ਵਿਚ ਚਲੀ ਗਈ ਤਾਂ ਇੰਜ ਜਾਪਿਆ, ਜਿਵੇਂ ਕੋਈ ਜਾਣੀ-ਪਛਾਣੀ ਸੁਗੰਧ ਅੰਦਰ ਘੁੰਮਦੀ ਪਈ ਹੋਵੇ। ਮੈਂ ਛੇਤੀ ਨਾਲ ਬੂਹਾ ਬੰਦ ਕਰਕੇ ਕੁੰਡੀ ਲਾ ਲਈ ਅਤੇ ਉਸ ਸੁਗੰਧ ਨੂੰ ਲੱਭਣਾ ਸ਼ੁਰੂ ਕਰ ਦਿੱਤਾ। ਵੱਡੇ ਸਾਰੇ ਗੁਸਲਖ਼ਾਨੇ ਵਿਚ ਕੰਧ 'ਤੇ ਟੰਗੇ ਹੈਂਗਰ ਨਾਲ ਚੋਖੇ ਸਾਰੇ ਮੈਲੇ ਲੀੜੇ ਟੰਗੇ ਹੋਏ ਸਨ।

ਮੈਂ ਇਕ-ਇਕ ਲੀੜੇ ਨੂੰ ਸੁੰਘਦੀ ਫਿਰੀ। ਝੱਗੇ, ਸੁੱਥਣਾਂ, ਧੋਤੀਆਂ, ਬਨੈਣਾਂ ਅਤੇ ਖ਼ੌਰੇ ਕੀ ਕੀ! ਅਚਨਚੇਤ ਇਕ ਜੋੜੇ ਦੀ ਸੁਗੰਧ ਨੇ ਮੈਨੂੰ ਇੰਜ ਕੀਲਿਆ ਕਿ ਮੈਂ ਅੱਗੇ ਵਧ ਕੇ ਉਹਨੂੰ ਗਲਵੱਕੜੀ ਪਾ ਲਈ ਅਤੇ ਖ਼ੌਰੇ ਕਿੰਨਾ ਚਿਰ ਤਕ ਇੰਜ ਹੀ ਖਲੋਤੀ ਰਹੀ। ਮੈਨੂੰ ਤਦ ਹੋਸ਼ ਆਇਆ, ਜਦ ਬੂਹੇ 'ਤੇ ਠੱਕ-ਠੱਕ ਹੋਈ।

''ਨੀ ਹੁਣ ਬਾਹਰ ਵੀ ਆ ਜਾ। ਮਰ ਤੇ ਨਹੀਂ ਗਈ ਏਂ?'' ਇਹ ਖ਼ਾਲਦਾ ਦੀ ਆਵਾਜ਼ ਸੀ। ਮੈਂ ਬੂਹਾ ਖੋਲ੍ਹ ਕੇ ਬਾਹਰ ਆ ਗਈ। ਫੇਰ ਖ਼ੌਰੇ ਕਿੰਨੀ ਵਾਰ ਪੱਜ ਬਣਾ ਕੇ ਅੰਦਰ ਗਈ ਤੇ ਆਈ।

ਚੋਖੇ ਸਾਰੇ ਲੀੜੇ ਧੋਣ ਮਗਰੋਂ ਮਾਮੀ ਨੇ ਖ਼ਾਲਦਾ ਨੂੰ ਆਖਿਆ, ''ਗੁਸਲਖ਼ਾਨੇ ਵਿਚੋਂ ਬਾਕੀ ਦੇ ਮੈਲੇ ਲੀੜੇ ਵੀ ਕੱਢ ਲਿਆ। ਉਹ ਵੀ ਧੋ ਲਈਏ। ਖ਼ਾਲਦਾ ਸਾਰੇ ਲੀੜੇ ਚੁੱਕ ਕੇ ਬਾਹਰ ਲੈ ਆਈ ਤੇ ਕਹਿਣ ਲੱਗੀ, ''ਹਾਏ ਹਾਏ! ਬੇਬੇ, ਸਲਮਾਨ ਭਾਈ ਆਪਣੀ ਕਮੀਜ਼ ਤੇ ਸਲਵਾਰ ਏਥੇ ਹੀ ਭੁੱਲ ਗਿਆ ਏ। ਹੁਣ ਖ਼ੌਰੇ ਕਦੋਂ ਆਏਗਾ।''

''ਉਸ ਵਿਚਾਰੇ ਨੇ ਹੁਣ ਕੀ ਆਉਣਾ ਏਂ। ਮਜ਼ੂਰੀਆਂ ਕਰੇ ਜਾਂ ਲੋਕਾਂ ਨੂੰ ਮਿਲਦਾ ਫਿਰੇ। ਉਸ ਦੇ ਲੀੜੇ ਇਕ ਪਾਸੇ ਧਰ ਦੇ। ਹੋਰਨਾਂ ਪੁਰਾਣਿਆਂ ਲੀੜਿਆਂ ਨਾਲ ਜੋੜ ਕੇ ਰਿੱਲੀ ਬਣਾ ਲਵਾਂਗੇ, ਜਾਂ ਕਿਸੇ ਨਿੱਕੇ ਮੁੰਡੇ ਦੇ ਲੀੜੇ ਬਣ ਜਾਣਗੇ।''

ਮੈਨੂੰ ਖ਼ੌਰੇ ਕੀ ਹੋਇਆ। ਛੇਤੀ ਨਾਲ ਉਠੀ, ਸਲਮਾਨ ਦੇ ਲੀੜੇ ਇੰਜ ਫੜੇ ਜਿਵੇਂ ਮੇਰੇ ਕੋਲੋਂ ਕੋਈ ਖੋਹ ਲਵੇਗਾ ਅਤੇ ਮਾਮੀ ਨੂੰ ਆਖਿਆ, ''ਇਹ ਲੀੜੇ ਮੈਂ ਲੈ ਕੇ ਜਾਵਾਂਗੀ।''

''ਤੂੰ ਕੀ ਕਰੇਂਗੀ ਇਨ੍ਹਾਂ ਦਾ?'' ਮਾਮੀ ਨੇ ਹੈਰਾਨ ਹੋ ਕੇ ਪੁੱਛਿਆ।

''ਮੇਰੇ ਸਿਰਹਾਣੇ ਦਾ ਉਛਾੜ ਫਟ ਗਿਆ ਏ। ਇਨ੍ਹਾਂ ਦਾ ਉਛਾੜ ਬਣਾਵਾਂਗੀ।'' ਤੇ ਲੀੜਿਆਂ ਨੂੰ ਕੱਛੇ ਮਾਰ ਕੇ ਮੈਂ ਆਪਣੇ ਘਰ ਵੱਲ ਟੁਰ ਪਈ।

# ਬਹੁਤ ਫ਼ਰਕ ਏ ਉਦੋਂ ਤੇ ਅੱਜ ਦੀ ਗਾਇਕੀ 'ਚ



ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਦੁੱਖ ਹੁੰਦੈ ਜਦੋਂ ਨਵੀਂ ਤਕਨੀਕ ਦੇ ਹੱਥੇ ਚੜ੍ਹੀ ਪੰਜਾਬੀ ਗਾਇਕੀ ਵਿਚਲੀ ਮਰੀ ਰੂਹ ਦੇ ਦਰਸ਼ਨ ਹੁੰਦੇ ਨੇ। ਥੱਕਿਆਂ-ਟੁੱਟਿਆਂ ਦਾ ਥਕੇਵਾਂ ਲਾਹੁਣ ਦੀ ਗਾਇਕੀ ਅੱਜ ਜਦੋਂ ਠਰੇ ਹਿਰਦਿਆਂ ਨੂੰ ਤਪਾਉਂਦੀ ਹੈ ਤਾਂ ਆਪੋ-ਆਪਣੇ ਢੰਗ ਨਾਲ ਫ਼ਿਕਰ ਭਾਵੇਂ ਕਈਆਂ ਵੱਲੋਂ ਕੀਤੇ ਜਾਂਦੇ ਨੇ ਪਰ ਗ਼ਲਤ ਨੂੰ ਗ਼ਲਤ ਕਹਿਣਾ ਕਿਸੇ ਹਿੱਸੇ ਨਹੀਂ ਆ ਰਿਹਾ। ਚਾਂਦੀ ਰਾਮ ਚਾਂਦੀ ਦੀ ਗੱਲ ਛਿੜਦਿਆਂ ਜਿੱਥੇ ਉਸ ਦੀ 'ਦੋਅਰਥੀ ਗਾਇਕੀ' ਦਾ ਜ਼ਿਕਰ ਆਪ ਮੁਹਾਰੇ ਛਿੜ ਪੈਂਦੈ, ਉਥੇ ਉਸਦੇ ਕਈ ਅਜਿਹੇ ਗੀਤ ਵੀ ਜ਼ਿਹਨ ਵਿਚ ਆ ਜਾਂਦੇ ਨੇ, ਜਿਹੜੇ ਉਸਦੇ ਭਾਸ਼ਾਈ ਗਿਆਨ 'ਤੇ ਚਾਨਣ ਪਾ ਜਾਂਦੇ ਨੇ। ਉਸਦੀ ਵਡਿੱਤਣ ਨੂੰ ਸੱਟ ਮਾਰਨ ਲਈ ਇਹ ਵੀ ਆਖਿਆ ਜਾਂਦੈ ਕਿ ਉਹ ਇੱਕੋ ਇੱਕ ਅਜਿਹਾ ਗਾਇਕ ਹੋਇਆ, ਜੀਹਨੇ ਸੌ ਦੇ ਨੋਟ ਦੀ ਸਿਗਰਟ ਵੀ ਬਣਾ ਕੇ ਪੀਤੀ ਤੇ ਆਖਰੀ ਵੇ.ਲੇ ਰੁਪਈਆ-ਰੁਪਈਆ ਵੀ ਮੰਗਿਆ। ਲਾਲ ਚੰਦ ਯਮਲੇ ਜੱਟ ਦੇ ਅੱਜ ਤੱਕ ਲੱਗਦੇ ਮੇਲੇ ਇਸ ਗੱਲ ਦਾ ਸਬੂਤ ਨੇ ਕਿ ਉਸਦੀ ਗਾਇਕੀ ਲੋਕ ਹਿਰਦਿਆਂ ਨੂੰ ਠਾਰਨ ਵਾਲੀ ਸੀ। ਇੱਕ ਪਾਸੇ ਜਿੱਥੇ ਉਸ ਨੇ ਆਪਣੀ ਰੋਮਾਂਟਿਕ ਗਾਇਕੀ ਨਾਲ ਮਨ ਦੇ ਮੋਰ ਨੂੰ ਪੈਲਾਂ ਪਾਉਣ ਲਾਇਆ, ਉਥੇ 'ਸਤਿਗੁਰ ਨਾਨਕ' ਦੀ ਮਹਿਮਾ ਵੀ ਏਨੇ ਲਾਜਵਾਬ ਢੰਗ ਨਾਲ ਕੀਤੀ ਕਿ ਮਨ ਗਦ-ਗਦ ਹੋ ਉਠਦੈ। ਉਸਦੀ ਮਹਿਮਾ ਨੂੰ ਸੱਟ ਮਾਰਨ ਲਈ ਭਾਵੇਂ ਆਖਿਆ ਜਾਂਦੈ ਕਿ ਉਹਨੇ 'ਵਿਸਕੀ ਦੀ ਬੋਤਲ ਵਰਗੀ ਮੈਂ ਇੱਕ ਕੁੜੀ ਫਸਾ ਲਈ ਓਏ' ਵਰਗੇ ਗੀਤ ਗਾਏ, ਪਰ ਜਦੋਂ 'ਚੰਗਿਆਂ' ਦੀ ਗਿਣਤੀ ਵੱਧ ਹੋਵੇ ਤਾਂ ਥਾਂ ਥਾਂ ਮੇਲੇ ਲਾਉਣੇ ਆਪਣੀ ਜ਼ਿੰਮੇਵਾਰੀ ਸਮਝੀ ਜਾਣ ਲੱਗਦੀ ਹੈ।

ਇਹ ਸੱਚ ਹੈ ਕਿ ਲਾਲ ਚੰਦ ਯਮਲਾ ਜੱਟ, ਚਾਂਦੀ ਰਾਮ ਚਾਂਦੀ, ਹਰਚਰਨ ਗਰੇਵਾਲ, ਸੁਰਿੰਦਰ ਸੋਨੀਆ, ਜਗਮੋਹਣ ਕੌਰ, ਸੁਰਿੰਦਰ ਕੌਰ ਤੇ ਇਸ ਬੈਚ ਦੇ ਹੋਰ ਗਾਇਕਾਂ ਨੇ ਆਪਣੇ ਵੇ.ਲੇ ਕਈ ਗੀਤ 'ਤੱਤੇ' ਵੀ ਗਾਏ ਪਰ ਜੇ ਅਜਿਹੇ ਗੀਤਾਂ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਕਾਰਨ ਸਪੱਸ਼ਟ ਹੋ ਜਾਂਦੈ। ਉਨ੍ਹਾਂ ਵੇਲਿਆਂ ਵਿਚ ਇੱਕੋ-ਇੱਕ ਸੰਗੀਤ ਕੰਪਨੀ ਸਰਗਰਮ ਹੁੰਦੀ ਸੀ, 'ਐਚ.ਐਮ.ਵੀ', ਤੇ ਜਿਹੜੇ ਕਲਾਕਾਰਾਂ 'ਤੇ ਕੰਪਨੀ ਦੀ ਮਿਹਰ ਹੁੰਦੀ ਸੀ, ਉਨ੍ਹਾਂ ਦੇ ਹੀ ਐਲ.ਪੀ. ਰਿਕਾਰਡ ਮਾਰਕੀਟ ਤੱਕ ਅੱਪੜਦੇ ਸਨ। ਸੋ ਜਦੋਂ ਕਿਸੇ ਤੋਂ ਕੰਮ ਲੈਣਾ ਹੋਵੇ ਤਾਂ ਉਸ ਦੀਆਂ ਸ਼ਰਤਾਂ ਵੀ ਮੰਨਣੀਆਂ ਪੈਂਦੀਆਂ ਨੇ। ਸੋ ਅਤੀਤ ਦੀ ਜਿਹੜੀ ਦੋ ਅਰਥੀ ਗਾਇਕੀ ਸਾਡੇ ਕੰਨੀਂ ਪੈਂਦੀ ਹੈ, ਉਹ ਚਸਕੇ ਦੀ ਥਾਂ ਮਜਬੂਰੀ ਦੀ ਕੁੱਖ 'ਚੋਂ ਨਿਕਲੀ ਸੀ।

ਉਨ੍ਹਾਂ ਵੇਲਿਆਂ ਵਿਚ ਕੁੱਝ ਕਲਾਕਾਰਾਂ ਨੇ ਬਦਲਵੇਂ ਨਾਂਵਾਂ 'ਤੇ ਲੀਹੋਂ ਲੱਥੇ ਗੀਤ ਵੀ ਗਾਏ ਪਰ ਉਨ੍ਹਾਂ ਦੇ ਨਾਂ ਦੀ ਮਹਿਮਾ ਬਹੁਤਾ ਚਿਰ ਨਾ ਬਣੀ ਰਹਿ ਸਕੀ। ਜਦੋਂ ਬੰਦਾ ਇਹ ਨਾ ਕਹਿ ਸਕਦਾ ਹੋਵੇ ਕਿ ਫ਼ਲਾਣਾ ਗੀਤ ਮੇਰਾ ਹੀ ਹੈ, ਮੈਂ ਹੀ ਗਾਇਐ, ਉਦੋਂ ਉਸ ਦਾ ਗਾਉਣਾ, ਨਾ ਗਾਉਣਾ ਇਕਸਮਾਨ ਹੀ ਤਾਂ ਹੁੰਦੈ।

ਲੰਘੇ ਵੇ.ਲੇ ਦੀ ਗਾਇਕੀ ਦੀ ਖਾਸ ਵਿਸ਼ੇਸ਼ਤਾ ਸਾਦਗੀ ਤੇ ਸਰਲਤਾ ਸੀ। ਮੋਹਣ ਸਿੰਘ ਚਰਖਾ ਦਾ ਦੋਗਾਣਾ ਹੈ, 'ਬੋਲ ਵੇ ਟਾਂਗੇ ਵਾਲਿਆ ਕੀ ਨਵੇਂ ਸ਼ਹਿਰ ਦਾ ਲੈਣਾ' ਤੇ ਜਵਾਬੀ ਰੂਪ 'ਚ 'ਚਰਖਾ' ਆਖਦਾ ਹੈ, 'ਬਹਿਜਾ ਨੀਂ ਨਥਲੀ ਵਾਲੀਏ ਨਹੀਂ ਤੈਥੋਂ ਵੱਧ ਮੈਂ ਲੈਣਾ...।' 'ਟਾਂਗਾ ਮਿੱਤਰਾਂ ਦਾ ਚੱਲਿਆ ਏ ਸ਼ਹਿਰ ਗੋਰੀਏ, ਅੱਗੇ ਬੈਠ ਜਾ ਜੇ ਕਰਨੀ ਤਾਂ ਸੈਰ ਗੋਰੀਏ' ਜਾਂ 'ਟਾਂਗਾ ਚੱਲਿਆ ਈ ਸ਼ਹਿਰ ਕੁਰਾਲੀ' ਗੀਤ ਵਿਚੋਂ ਵੀ ਇਹੀ ਝਲਕ ਪੇਸ਼ ਹੁੰਦੀ ਹੈ।

ਉਨ੍ਹਾਂ ਵੇਲਿਆਂ ਦੀ ਗਾਇਕੀ ਕਿਉਂਕਿ ਦੇਖਣਯੋਗ ਨਹੀਂ, ਸਗੋਂ ਸੁਣਨਯੋਗ ਸੀ, ਇਸ ਲਈ ਸਿਰਫ਼ ਸੁਣਾਉਣ 'ਤੇ ਹੀ ਜ਼ੋਰ ਦਿੱਤਾ ਜਾਂਦਾ ਸੀ। ਮੁਹੰਮਦ ਸਦੀਕ ਦੇ ਕਹਿਣ ਮੁਤਾਬਕ, 'ਲੰਮਾ ਸਮਾਂ ਤਾਂ ਗਾਇਕਾਂ ਨੂੰ ਪਛਾਣ ਬਣਾਉਣ ਲਈ ਕੋਈ ਮੰਚ ਹੀ ਨਾ ਮਿਲਿਆ, ਕਿਉਂਕਿ ਰਿਕਾਰਡ 'ਤੇ ਕਲਾਕਾਰ ਦੀ ਫੋਟੋ ਲਾਉਣ ਦੀ ਥਾਂ ਕੰਪਨੀ ਦੇ 'ਲੋਗੋ' ਵਾਲੀ ਕੁੱਤੇ ਦੀ ਫੋਟੋ ਵੱਡੀ ਕਰਕੇ ਲਾਈ ਜਾਂਦੀ...ਬਸ ਕਲਾਕਾਰ ਦੀ ਆਵਾਜ਼ ਉਸਦੀ ਪਛਾਣ ਹੁੰਦੀ, ਜਿਹੜਾ ਜਿੰਨੀ ਵਧੀਆ ਗੱਲ ਕਰਦਾ, ਚੰਗਾ ਅੰਦਾਜ਼ ਪੇਸ਼ ਕਰਦਾ, ਉਸਦੀ ਪਛਾਣ ਲੋਕ ਮਨਾਂ ਵਿਚ ਓਨੀ ਜ਼ਿਆਦਾ ਉਘੜਵੀਂ ਹੁੰਦੀ।'

ਨਾ ਅੱਜ ਵਾਂਗ ਵੀਡੀਓ ਵਾਲਾ ਦੌਰ ਸੀ, ਨਾ ਸੀ.ਡੀ. ਵਾਲਾ, ਨਾ ਪਾਇਰੇਸੀ ਵਾਲਾ ਤੇ ਨਾ ਹੀ ਚੈਨਲਾਂ ਵਾਲਾ। ਏਸੇ ਕਰਕੇ ਜਿਹੜੇ ਕਲਾਕਾਰਾਂ ਦੀ ਪਛਾਣ ਉਦੋਂ ਲੋਕ ਮਨਾਂ ਵਿਚ ਉਘੜ ਗਈ, ਉਹ ਅੱਜ ਤੱਕ ਚੇਤੇ ਕੀਤੇ ਜਾਂਦੇ ਨੇ। ਅੱਜ ਚੈਨਲਾਂ ਵਾਲੇ ਦੌਰ ਵਿਚ ਭਾਵੇਂ ਮਿੰਟ-ਮਿੰਟ ਬਾਅਦ ਪ੍ਰੋਮੋ ਆਉਂਦੇ ਹੋਣ ਪਰ ਕਲਾਕਾਰਾਂ ਦੀ ਪਛਾਣ ਵੀ ਮਿੰਟ-ਮਿੰਟ ਤੱਕ ਸੀਮਤ ਹੋ ਕੇ ਰਹਿ ਗਈ ਹੈ। ਚੈਨਲਾਂ ਨੇ ਮਨੁੱਖੀ ਦਿਮਾਗ਼ 'ਤੇ ਏਨਾ ਖਤਰਨਾਕ ਅਸਰ ਕੀਤਾ ਹੈ ਕਿ 'ਚੇਤੇ' ਨਾਂ ਦੀ ਚੀਜ਼ ਉਡ-ਪੁੱਡ ਗਈ, ਇਹੀ ਕਾਰਨ ਹੈ ਕਿ ਅਜੋਕੇ ਕਲਾਕਾਰ ਅਤੀਤ ਨੂੰ ਚੇਤੇ ਕਰਦੇ ਕਹਿੰਦੇ ਨੇ, 'ਜੇ ਚਾਲੀ ਸਾਲ ਪਹਿਲਾਂ ਜੰਮੇ ਹੁੰਦੇ ਤਾਂ ਗੱਲਾਂ ਹੋਰ ਹੁੰਦੀਆਂ...।'

ਲੰਘੇ ਵੇ.ਲੇ ਦੇ ਕਲਾਕਾਰਾਂ ਨੇ ਚਿੱਟੇ ਕੁੜਤੇ-ਚਾਦਰੇ ਵਾਂਗ ਆਪਣਾ ਅੰਦਰਲਾ ਵੀ ਸਾਫ਼ ਸੁਥਰਾ ਰੱਖਿਆ। ਇਹ ਪੱਖ ਵੀ ਕਿਸੇ ਤੋਂ ਲੁਕਿਆ ਨਹੀਂ ਕਿ 'ਪ੍ਰਬੰਧਕ ਯੋਗਤਾ' ਦੀ ਘਾਟ ਕਾਰਨ ਉਨ੍ਹਾਂ ਨੂੰ ਚੜ੍ਹਤ ਤੋਂ ਅਗਲੇ ਪੰਜਾਂ-ਸੱਤਾਂ ਸਾਲਾਂ ਵਿਚ ਮੰਦੀ ਦੇ ਦਿਨ ਵੀ ਦੇਖਣੇ ਪਏ। ਕਿਸੇ ਵੇ.ਲੇ ਚੋਟੀ ਦਾ ਗਵੱਈਆ ਰਿਹਾ ਜੋਗਿੰਦਰ ਸਿੰਘ ਮਤਵਾਲਾ ਬਾਅਦ 'ਚ ਕੋਟਕਪੂਰਾ ਵਿਚ ਰਿਕਸ਼ਾ ਚਲਾਉਣ ਲਈ ਮਜਬੂਰ ਹੋਇਆ। ਲੱਖੀ ਵਣਜਾਰਾ ਜਿਹੜਾ ਕਿਸੇ ਵੇ.ਲੇ 'ਵੇ ਨਾਈਆਂ ਦਿਆ ਮੁੰਡਿਆ ਸੀਟੀ ਵੱਜੇ ਚੁਬਾਰੇ' ਗੀਤ ਨਾਲ ਹਰ ਦਿਲ ਅਜ਼ੀਜ਼ ਬਣਿਆ, ਆਪਣੇ ਹੀ ਪਿੰਡ ਵਿਚ ਚੌਕੀਦਾਰਾ ਕਰਨ ਲਈ ਮਜਬੂਰ ਹੋਇਆ, ਆਪਣੇ ਵੇ.ਲੇ ਦਾ ਸਿਰਕੱਢ ਗਵੱਈਆ ਪ੍ਰਗਣ ਤੇਜੀ, ਇੱਕ ਸਕੂਲ 'ਚ ਸਕਿਊਰਟੀ ਗਾਰਡ ਦੀ ਨੌਕਰੀ ਲਈ ਮਜਬੂਰ ਹੋਇਆ, ਸੁਰਿੰਦਰ ਸੋਨੀਆ, ਜਿਹੜੀ ਅਮਰ ਸਿੰਘ ਚਮਕੀਲਾ ਨੂੰ ਇਸ ਖੇਤਰ ਵਿਚ ਲੈ ਕੇ ਆਈ ਸੀ, ਨੂੰ ਮੁਸੀਬਤਾਂ ਨਾਲ ਦੋ-ਚਾਰ ਹੋਣਾ ਪਿਆ। ਇੱਕ ਗੱਲ ਸੱਚ ਹੈ ਕਿ ਜੇ ਉਹ ਲੀਹ ਤੋਂ ਨਹੀਂ ਉਤਰੇ ਤਾਂ ਗਾਹੇ-ਬਗਾਹੇ ਅੱਜ ਵੀ ਉਨ੍ਹਾਂ ਦਾ ਜ਼ਿਕਰ ਛਿੜ ਪੈਂਦੈ।

ਅਮਰ ਸਿੰਘ ਚਮਕੀਲਾ ਵਾਲੇ ਦੌਰ ਨੂੰ ਪੰਜਾਬੀ ਗਾਇਕੀ ਦਾ ਲੀਹੋਂ ਲੱਥਿਆ ਦੌਰ ਵੀ ਕਿਹਾ ਜਾਂਦੈ, ਪਰ ਨਾਲ-ਨਾਲ ਦੋਗਾਣਿਆਂ ਨੂੰ ਸ਼ਿੱਦਤ ਨਾਲ ਸੁਣਨ ਲਾਇਕ ਬਣਾਉਣ ਵਾਲਾ ਵੀ ਮੰਨਿਆ ਜਾਂਦੈ। ਇੱਕ ਵੇ.ਲਾ ਅਜਿਹਾ ਆਇਆ ਜਦੋਂ ਚਮਕੀਲੇ ਤੇ ਅਮਰਜੋਤ ਦੇ ਰਿਕਾਰਡ ਖਰੀਦਣ ਲਈ ਪਾ.ਲਾਂ ਲੱਗਦੀਆਂ ਸਨ ਪਰ ਸੂਝ ਦੀ ਘਾਟ ਕਾਰਨ ਉਸ ਨੇ ਅਜਿਹੇ ਗੀਤ ਵੀ ਗਾ ਮਾਰੇ, ਜਿਹੜੇ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਕਰਨੇ ਸੌਖੇ ਨਹੀਂ ਸਨ। ਵੱਖਰੀ ਗੱਲ ਹੈ ਕਿ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਤੇ 'ਤਲਵਾਰ ਮੈਂ ਕਲਗੀਧਰ ਦੀ ਹਾਂ' ਨੇ ਵੀ ਪ੍ਰਸਿੱਧੀ ਦੀਆਂ ਸਿਖਰਾਂ ਛੋਹੀਆਂ ਪਰ ਪਹਿਲਾਂ ਗਾਏ ਆਟੇ ਵਾਂਗ ਗੁੰਨਣ ਅਤੇ ਭੈਣ ਦੀ ਨਣਾਨ ਦਾ ਕੰਡਾ ਕੱਢਣ ਵਾਲੇ ਗੀਤ ਉਸ ਦੀ ਝੋਲੀ ਬਦਨਾਮੀ ਨਾਲ ਭਰ ਗਏ। ਇਸੇ ਕਾਰਨ ਉਹ ਮਹਿਸਮਪੁਰ ਵਿਚ ਗੋਲੀਆਂ ਦਾ ਸ਼ਿਕਾਰ ਹੋ ਗਿਆ। ਉਸਦੀ ਮੌਤ ਦਾ ਪ੍ਰਤੀਕਰਮ ਇਹ ਹੋਇਆ ਕਿ ਜਿਹੜੇ ਛੋਟੇ-ਮੋਟੇ ਗਾਇਕ ਉਸ ਵਾਂਗ ਤੱਤਾ ਗਾਉਣ ਦੀਆਂ ਜੁਗਤਾਂ ਬਣਾਉਂਦੇ ਸਨ, ਉਹ ਇਕਦਮ ਸ਼ਾਂਤ ਹੋ ਗਏ। ਚਮਕੀਲੇ ਦੀ ਮੌਤ ਨੇ ਜਿੱਥੇ ਸੰਗੀਤ ਉਦਯੋਗ ਵਿਚ ਹੋਰ ਕਈ ਪੱਖਾਂ ਤੋਂ ਠਹਿਰਾਅ ਲਿਆਂਦਾ, ਉਥੇ ਕਈ ਸਾਲਾਂ ਵਾਸਤੇ ਕਲਾਕਾਰਾਂ ਦੇ ਪੈਰਾਂ ਹੇਠੋਂ ਜ਼ਮੀਨ ਵੀ ਖਿਸਕਾ ਦਿੱਤੀ। ਕਈਆਂ ਉਸਦੇ ਜਾਣ ਪਿੱਛੋਂ ਜਸ਼ਨ ਮਨਾਏ ਤੇ ਕਈਆਂ ਦੁਹੱਥੜੇ ਮਾਰੇ ਪਰ ਮਸਲਾ ਅੱਜ ਵੀ ਉਥੇ ਦਾ ਉਥੇ ਹੀ ਖੜ੍ਹੈ। ਉਸ ਨੂੰ ਜਿਹੜੇ ਜੁਰਮ ਦੀ ਸਜ਼ਾ ਦਿੱਤੀ ਗਈ, ਉਹ ਜੁਰਮ ਘਟਣ ਦੀ ਥਾਂ ਕੈਂਸਰ ਵਾਂਗ ਵਧਣਾ ਸ਼ੁਰੂ ਹੋ ਗਿਆ ਤੇ ਮੌਜੂਦਾ ਦੌਰ ਦੇ ਗੀਤ-ਸੰਗੀਤ ਵੱਲ ਦੇਖਦਿਆਂ ਇੰਜ ਜਾਪਦੈ ਜਿਵੇਂ ਇਸ ਮਸਲੇ ਦਾ ਹੱਲ ਸਾਡੇ ਹੱਥਾਂ 'ਚੋਂ ਨਿਕਲ ਚੁੱਕਾ ਹੋਵੇ।

ਸਮਾਂ ਬੀਤਦਾ ਗਿਆ ਤੇ ਨਾਲ-ਨਾਲ ਵਰਤਮਾਨ ਦੀਆਂ ਗੱਲਾਂ ਅਤੀਤ ਬਣਨ ਲੱਗੀਆਂ। ਗਾਇਕਾਂ ਦੀ ਨਵੀਂ ਪਨੀਰੀ ਨਵੇਂ ਸਿਰਿਓਂ ਗਾਇਕੀ ਦੇ ਆਗਾਜ਼ ਲਈ ਲੈਸ ਹੋਣ ਲੱਗੀ। ਬਠਿੰਡਾ ਤੇ ਲੁਧਿਆਣਾ ਪੰਜਾਬੀ ਗਾਇਕੀ ਦੇ ਸਿਰਕੱਢ ਜ਼ਿਲ੍ਹੇ ਬਣ ਗਏ। ਦੋਹਾਂ ਜ਼ਿਲ੍ਹਿਆਂ ਦੇ ਬੱਸ ਅੱਡਿਆਂ ਕੋਲ ਬਣੇ ਕਲਾਕਾਰਾਂ ਦੇ ਦਫ਼ਤਰਾਂ ਦੇ ਬੋਰਡ ਪੜ੍ਹਨੇ ਮੁਸ਼ਕਲ ਹੋਣ ਲੱਗੇ। ਕਲਾਕਾਰ ਖੁਸ਼ ਸਨ ਕਿਉਂਕਿ ਅਤਿਵਾਦ ਦੇ ਝੰਬੇ ਲੋਕਾਂ ਘਰ ਮੁੜ ਖੁਸ਼ੀਆਂ ਪਰਤਣ ਲੱਗੀਆਂ ਤੇ ਉਹ ਮੁੜ ਕਲਾਕਾਰਾਂ ਨੂੰ ਸੱਦਣ ਲੱਗੇ ਸਨ। ਉਨ੍ਹਾਂ ਨੂੰ ਉਹ ਪਿਆਰ ਮੁੜ ਨਸੀਬ ਹੋਣ ਲੱਗਾ ਸੀ, ਜਿਹੜਾ ਕਿਸੇ ਵੇ.ਲੇ ਬੀਤੇ ਦੀ ਬਾਤ ਬਣ ਕੇ ਰਹਿ ਗਿਆ ਸੀ। ਬਠਿੰਡੇ ਵਿਚ ਬੀਟ ਦੇ ਨਾਲ-ਨਾਲ ਕੀਰਨਿਆਂ ਵਾਲਾ ਸਿਲਸਿਲਾ ਵੀ ਸ਼ੁਰੂ ਹੋ ਗਿਆ। ਕਦੇ ਮੁੰਡੇ ਵੱਲੋਂ ਮੁੰਡੇ ਨਾਲ ਗਾਇਆ ਜਾਂਦਾ ਤੇ ਕਦੇ ਕੁੜੀ ਵੱਲੋਂ ਕੁੜੀ ਨਾਲ। ਜਸਵਿੰਦਰ ਬਰਾੜ ਨੇ ਹਰਮਨਦੀਪ ਨਾਲ ਗਾਇਆ ਤੇ ਧਰਮਪ੍ਰੀਤ ਨੇ ਕੁਲਦੀਪ ਰਸੀਲਾ ਨਾਲ, ਠੀਕ ਇਸੇ ਤਰ੍ਹਾਂ ਸੰਦੀਪ ਅਖ਼ਤਰ ਨਾਲ ਯੁੱਧਵੀਰ ਕੋਲੋਂ ਗਵਾਇਆ ਗਿਆ ਤੇ ਸਿੱਟਾ ਇਹ ਨਿਕਲਿਆ ਕਿ ਗਾਉਣ, ਗਵਾਉਣ ਤੇ ਰਿਲੀਜ਼ ਕਰਨ ਵਾਲੇ ਤਿੰਨੇ ਪੂਰੇ ਖੁਸ਼ ਹੋ ਗਏ।

ਵਕਤ ਦੇ ਬਦਲਾਅ ਦੀ ਕਦਰ ਕੀਤੇ ਬਿਨਾ ਕਈ ਹਾਸਲ ਹੋਈ ਪ੍ਰਸਿੱਧੀ ਤੋਂ ਏਨੇ ਖੁਸ਼ ਹੋਏ ਕਿ ਉਨ੍ਹਾਂ ਆਪਣੇ ਗਾਉਣ ਦਾ ਮਕਸਦ ਏਸੇ ਕਿਸਮ ਦੀ ਗਾਇਕੀ ਬਣਾ ਲਈ ਤੇ ਇਹੀ ਕਾਰਨ ਹੈ ਕਿ ਅੱਜ ਉਨ੍ਹਾਂ ਦੀ ਪਛਾਣ ਵੀ ਦਲੀਪ ਸਿੰਘ ਦੀਪ, ਉਤਮ ਸਿੰਘ ਭੋਲਾ ਨਾਥ ਤੇ ਸਵਰਨ ਚੰਦ ਲਹਿਰੀ ਵਰਗੀ ਬਣ ਗਈ ਹੈ।

ਅੱਜ ਪੰਜਾਬੀ ਗਾਇਕੀ ਉਥੇ ਪਹੁੰਚ ਗਈ ਹੈ, ਜਿੱਥੇ ਸੁਰ, ਸਾਜ਼, ਲੈਅ, ਤਾਲ ਦੀ ਕੋਈ ਕਦਰ ਨਹੀਂ। ਗੱਡੀ ਤੇ ਬੈਂਕ ਬੈਲੇਂਸ ਖਾਤਰ ਹੁੰਦੀ ਗਾਇਕੀ ਵਿਚੋਂ ਪਾਕੀਜ਼ਗੀ ਮਰ ਗਈ ਹੈ। ਗਾਇਕੀ ਬਾਰੇ ਚੁਟਕਲੇ ਬਣ ਚੱਲੇ ਨੇ ਕਿ ਇੱਕ ਗਾਇਕ ਨੂੰ ਉਸਦੀ ਪ੍ਰੇਮਿਕਾ ਨੇ ਸਵਾਲ ਕੀਤਾ।

'ਤੇਰੀ ਕੈਸਿਟ ਆਈ ਸੀ...ਕੀ ਵਿਕਿਆ...?'

ਕਲਾਕਾਰ ਦਾ ਕੜ ਪਾਟ ਗਿਆ, 'ਕੈਸਿਟ ਦੀ ਵਿਕਰੀ ਦੱਸਣ ਦੀ ਥਾਂ ਬੋਲਿਆ, ਕਾਰ...ਮੋਟਰ ਸਾਈਕਲ...ਫਰਿੱਜ਼...ਟੀ.ਵੀ. ਸਭ ਕੁੱਝ ਵਿਕ ਗਿਆ...।'

ਕਈ ਕਲਾਕਾਰਾਂ ਮਹਿੰਗੀ ਗਾਇਕੀ ਵਿਚ ਦਾ.ਲ ਗ.ਲਦੀ ਨਾ ਦੇਖ ਹੋਰ ਪੁੱਠੇ-ਸਿੱਧੇ ਕਿੱਤੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਕਰਕੇ ਉਨ੍ਹਾਂ ਦੀ ਝੋਲੀ ਇੱਜ਼ਤ ਦੀ ਥਾਂ ਬਦਨਾਮੀ ਨਾਲ ਭਰ ਗਈ। ਕਈਆਂ ਕਰਜ਼ਾਈ ਕਿਸਾਨਾਂ ਵਾਂਗ ਮੌਤ ਨੂੰ ਗ.ਲ ਨਾਲ ਲਾ ਲਿਆ ਤੇ ਕਈਆਂ ਬਾਪ-ਦਾਦੇ ਦੀਆਂ ਜ਼ਮੀਨਾਂ ਸੁਨਹਿਰੀ ਸੁਪਨਿਆਂ ਦੀ ਭਾ.ਲ ਵਿਚ ਵੇਚ ਛੱਡੀਆਂ। ਉਹ ਆਮ ਲੋਕਾਈ ਵਾਂਗ ਪੰਜ-ਸੱਤ ਹਜ਼ਾਰ ਵਾਲੀ ਨੌਕਰੀ ਕਰਨੋਂ ਵੀ ਗਏ ਕਿਉਂਕਿ ਪ੍ਰੋਗਰਾਮ ਭਾਵੇਂ ਉਨ੍ਹਾਂ ਨੂੰ ਕੋਈ ਨਾ ਮਿਲਿਆ ਪਰ ਜੇ ਉਹ ਰੇਹੜੀ ਲਾਉਂਦੇ ਹੋਣਗੇ ਤਾਂ ਲੋਕ ਫੱਟ ਪਛਾਣ ਜਾਣਗੇ, 'ਇਹ ਤਾਂ ਫ਼ਲਾਣਾ ਕਲਾਕਾਰ ਐ ਓਏ...ਇਹਦਾ ਤਾਂ ਮੈਂ ਫ਼ਲਾਣਾ ਗੀਤ ਸੁਣਿਆ ਸੀ...।'

ਤੁੱਕੇ ਦੇ ਚੱਕਰ ਵਿਚ ਪੰਜਾਬੀ ਗਾਇਕੀ ਦਾ ਭੱਠਾ ਏਨਾ ਬੈਠ ਚੁੱਕੈ ਕਿ ਜੀਹਦਾ ਇੱਕ ਗੀਤ ਹਿੱਟ ਹੋ ਜਾਂਦੈ, ਅੱਧਿਓਂ ਵੱਧ ਕਲਾਕਾਰ ਉਸੇ ਵਰਗਾ ਗਾਉਣਾ ਅਰੰਭ ਦਿੰਦੇ ਨੇ। ਮਿਸ ਪੂਜਾ ਨਾਲ ਗਾ ਕੇ ਕਾਮਯਾਬ ਹੋਣ ਦੀਆਂ ਕੋਸ਼ਿਸ਼ਾਂ ਵਿਚ ਜੁਟੇ ਕਲਾਕਾਰ ਖੁਦ ਕੰਗਾਲ ਹੋ ਗਏ ਪਰ ਪੂਜਾ ਮਾਲਾਮਾਲ ਹੋ ਗਈ। ਹੁਣ ਬਹੁਤੇ ਕਲਾਕਾਰਾਂ 'ਤੇ ਹਨੀ ਸਿੰਘ ਦੇ ਸੰਗੀਤ ਅਤੇ ਰੈਪ ਦਾ ਭੂਤ ਚਿੰਬੜਿਆ ਹੋਇਐ। ਰੈਪ ਤੇ ਪੌਪ ਦੇ ਦੌਰ ਵਿਚ ਭਾਵੇਂ ਮੁੜ ਸੂਫ਼ੀ ਗਾਇਕੀ ਦੀ ਗੱਲ ਛਿੜਨ ਲੱਗੀ ਹੈ ਪਰ ਜਿੰਨਾ ਚਿਰ ਇਹ ਸੂਫ਼ੀ ਪ੍ਰਭਾਵ ਮਾਇਆ ਦੇ ਜਾਲ 'ਚੋਂ ਬਾਹਰ ਨਹੀਂ ਨਿਕਲੇਗਾ, ਓਨਾ ਚਿਰ ਪੰਜਾਬੀ ਗਾਇਕੀ ਦਾ ਮੰਦੜਾ ਹਾਲ ਘਟਣ ਦੀ ਉਮੀਦ ਕਰਨੀ ਗ਼ਲਤ ਹੋਵੇਗੀ।

# ਭੁੱਲਰ ਕੇਸ:ਮੌਤ ਦੀ ਸਜ਼ਾ ਬੰਦ ਕਰਵਾਉਣ ਲਈ ਜ਼ੋਰ ਦੇਣਾ ਚਾਹੀਦਾ

## ਭਖਦੀ ਗੱਲ

ਪਿਛਲੇ ਹਫ਼ਤੇ 'ਪੰਜਾਬ ਟਾਈਮਜ਼' ਵਿਚ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਨੂੰ ਕਾਫ਼ੀ ਕਵਰੇਜ ਦਿੱਤੀ ਗਈ। ਇਕ ਖ਼ਬਰ 'ਚ ਲਿਖਿਆ ਗਿਆ ਕਿ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਉਹ ਦਰਅਸਲ, ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦਾ ਵਿਦਿਆਰਥੀ ਸੀ। ਉਥੇ ਹੀ ਪ੍ਰੋਫੈਸਰ ਲੱਗਾ ਬਾਅਦ 'ਚ। ਉਹ ਬਹੁਤ ਜਜ਼ਬਾਤੀ ਬੰਦਾ ਹੈ। ਕਈ ਵਾਰ ਜਜ਼ਬਾਤੀ ਹੋ ਕੇ ਇਨਸਾਨ ਯਥਾਰਥ ਤੋਂ ਦੂਰ ਚਲਾ ਜਾਂਦਾ ਹੈ।

ਪ੍ਰੋ. ਭੁੱਲਰ ਦੇ ਪਰਿਵਾਰ ਨੇ ਹਮੇਸ਼ਾ ਨਿਰਦੋਸ਼ਿਆਂ ਨੂੰ ਮਾਰਨ ਅਤੇ ਅਤਿਵਾਦ ਦੀ ਨਿਖੇਧੀ ਕੀਤੀ ਹੈ। ਸੋਚਣ ਵਾਲੀ ਗੱਲ ਹੈ ਕਿ ਜੇਕਰ ਕੋਈ ਬੰਦਾ ਗ਼ਲਤ ਕੰਮ ਕਰਦਾ ਤਾਂ ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਮਿਲੇ, ਪਰ ਉਸ ਦਾ ਸਮੁੱਚਾ ਪਰਿਵਾਰ ਉਸ ਦੀ ਸਜ਼ਾ ਕਿਉਂ ਭੁਗਤੇ? ਭੁੱਲਰ ਦੇ ਪਿਤਾ ਨੂੰ ਪੁਲਿਸ ਘਰੋਂ ਲੈ ਗਈ ਜੋ ਕਦੇ ਨਹੀਂ ਮੁੜਿਆ। ਸਮਝਿਆ ਜਾਂਦਾ ਹੈ ਕਿ ਉਸ ਨੂੰ ਮਾਰ ਦਿੱਤਾ ਗਿਆ ਪਰ ਮੌਤ ਦਾ ਕੋਈ ਸਬੂਤ ਨਾ ਹੋਣ ਕਰਕੇ ਭੁੱਲਰ ਦਾ ਪਰਿਵਾਰ ਗੁਆਚੇ ਬਾਪ ਦੀ ਪੈਨਸ਼ਨ ਵਗੈਰਾ ਵੀ ਨਹੀਂ ਲੈ ਸਕਦਾ। ਭੁੱਲਰ ਦੀ ਅਧਿਆਪਕ ਮਾਤਾ ਉਤੇ ਪੁਲਿਸ ਨੇ ਬੇਹੱਦ ਤਸ਼ਦਦ ਕੀਤਾ।

ਪ੍ਰੋ. ਭੁੱਲਰ ਦੇ ਭਰਾ ਨੂੰ ਪੁਲਿਸ ਤਸ਼ੱਦਦ ਸਹਿਣਾ ਪਿਆ। ਉਹ ਕਿਵੇਂ ਨਾ ਕਿਵੇਂ ਬਚ ਕੇ ਅਮਰੀਕਾ ਆ ਗਿਆ। ਭੁੱਲਰ ਦੀ ਪਤਨੀ ਕੈਨੇਡਾ ਵਸਦੀ ਹੈ। ਹੁਣ ਸਵਾਲ ਇਹ ਹੈ ਕਿ ਕੀ ਕੋਈ ਕਦੇ ਉਸ ਦੇ ਬਾਪ ਅਤੇ ਮਾਸੜ ਦੇ ਕਾਤਲਾਂ ਨੂੰ ਕੋਈ ਸਜ਼ਾ ਦੇਵੇਗਾ? ਭੁੱਲਰ ਦੀ ਬਦੌਲਤ ਪਰਿਵਾਰ ਨੇ ਭਾਵੇਂ ਬਹੁਤ ਦੁੱਖ ਦੇਖੇ ਪਰ ਪਰਿਵਾਰ ਨੇ ਹਮੇਸ਼ਾ ਇਹੋ ਕਿਹਾ ਕਿ ਜੇਕਰ ਭੁੱਲਰ ਨੇ ਜੇ ਕੋਈ ਗਲਤ ਕੰਮ ਕੀਤਾ ਹੈ ਤਾਂ ਉਹ ਉਸ ਦੇ ਨਾਲ ਨਹੀਂ, ਤੇ ਉਨ੍ਹਾਂ ਆਪਣੇ-ਆਪ ਨੂੰ ਕਿਸੇ ਕਿਸਮ ਦੀ ਸਿਆਸਤ ਤੋਂ ਵੀ ਦੂਰ ਰੱਖਿਆ। ਬਾਵਜੂਦ ਇਸ ਦੇ, ਪੰਜਾਬ ਦੀ ਗੰਦੀ ਸਿਆਸਤ ਨੇ ਇਕ ਪੜ੍ਹਿਆ-ਲਿਖਿਆ ਪਰਿਵਾਰ ਖੇਰੂੰ-ਖੇਰੂੰ ਕਰ ਦਿੱਤਾ।

ਖ਼ੈਰ, ਪੰਜਾਬ ਟਾਈਮਜ਼ ਨੇ ਵਧੀਆ ਗੱਲ ਕੀਤੀ; ਵਧੀਆ ਮੁੱਦੇ ਉਠਾਏ। ਪਰਚਾ ਦੇਖ ਕੇ ਸੁਆਲ ਖੜ੍ਹਾ ਹੁੰਦਾ ਹੈ ਕਿ ਜਿਹੜੇ ਅਖ਼ਬਾਰ ਜਾਂ ਬੰਦੇ ਆਪਣੇ-ਆਪ ਨੂੰ 'ਸ਼ਹੀਦਾਂ ਦੇ ਵਾਰਿਸ' ਅਖਵਾਉਂਦੇ ਹਨ, ਉਨ੍ਹਾਂ ਨੇ ਉਹ ਮੁੱਦੇ ਕਿਉਂ ਨਹੀਂ ਉਠਾਏ, ਜਿਹੜੇ ਭੁੱਲਰ ਦੇ ਬਚਾਅ ਲਈ ਉਠਾਏ ਜਾਣੇ ਚਾਹੀਦੇ ਸਨ? ਭੁੱਲਰ ਦੇ ਮਾਮਲੇ 'ਚ ਲਗਦਾ ਹੈ ਕਿ ਕੁਝ ਲੋਕਾਂ ਦਾ ਮੁਫ਼ਾਦ ਹੀ ਇਸ ਵਿਚ ਹੈ ਕਿ ਕਾਲੇ ਦਿਨਾਂ ਦੇ ਪ੍ਰਛਾਵਿਆਂ ਨੂੰ ਦੇਰ ਤੱਕ ਕਾਇਮ ਰੱਖਿਆ ਜਾਵੇ ਤਾਂ ਕਿ ਉਨ੍ਹਾਂ ਦੀਆਂ ਦੁਕਾਨਦਾਰੀਆਂ ਚਲਦੀਆਂ ਰਹਿਣ। ਕੀ ਫ਼ਰਕ ਪੈਂਦੈ ਇਨ੍ਹਾਂ ਅਖੌਤੀ ਖਾੜਕੂ ਲੀਡਰਾਂ ਨੂੰ, ਜੇਕਰ ਇਕ ਹੋਰ ਗੱਭਰੂ ਫਾਂਸੀ ਲੱਗ ਜਾਵੇ। ਇਸ ਨਾਲ ਤਾਂ ਇਨ੍ਹਾਂ ਦੀ ਦੁਕਾਨਦਾਰੀ ਹੋਰ ਚਮਕਣੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭੁੱਲਰ ਦਾ ਕੇਸ ਵੱਖ-ਵੱਖ ਜਥੇਬੰਦੀਆਂ ਨੇ ਆਪਣੀ ਲੀਡਰੀ ਚਮਕਾਉਣ ਅਤੇ ਉਸ ਦੇ ਨਾਂ ਉਤੇ ਪੈਸਾ ਕਮਾਉਣ ਦੇ ਚੱਕਰ 'ਚ ਖ਼ਰਾਬ ਕੀਤਾ।



ਭੁੱਲਰ ਦੇ ਖ਼ਿਲਾਫ਼ ਕੋਈ ਗਵਾਹ ਨਹੀਂ। ਜਿਹੜਾ ਹਲਫੀਆ ਬਿਆਨ ਪੁਲਿਸ ਨੇ ਜੱਜ ਸਾਹਮਣੇ ਪੇਸ਼ ਕੀਤਾ, ਉਸ ਦੇ ਆਧਾਰ 'ਤੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ। ਕਿਉਂ ਨਹੀਂ ਇਹ ਮੰਗ ਕੀਤੀ ਗਈ ਕਿ ਭੁੱਲਰ ਦੇ ਮਾਨਸਿਕ ਟੈਸਟ ਕਰਵਾਏ ਜਾਣ? ਤਿਹਾੜ ਜੇਲ੍ਹ 'ਚ ਬੰਦ ਕੁਝ ਕੈਦੀਆਂ ਦਾ ਕਹਿਣਾ ਹੈ ਕਿ ਭੁੱਲਰ ਦਾ ਮਾਨਸਿਕ ਤਵਾਜ਼ਨ ਠੀਕ ਨਹੀਂ, ਜੇਕਰ ਇਹ ਸੱਚ ਹੈ ਤਾਂ ਜੱਜ ਸਾਹਮਣੇ ਦਿੱਤੇ ਉਸ ਦੇ ਬਿਆਨ ਸਹੀ ਨਹੀਂ ਮੰਨੇ ਜਾ ਸਕਦੇ। ਪਹਿਲਾਂ ਉਸ ਦੀ ਮਾਨਸਿਕ ਰੋਗੀ ਦੇ ਤੌਰ 'ਤੇ ਜਾਂਚ ਹੋਣੀ ਚਾਹੀਦੀ ਹੈ। ਦੂਜਾ, ਉਸ ਨੂੰ ਜਰਮਨੀ ਤੋਂ ਫੜ ਕੇ ਕੇਸ ਵਿਚ ਏਅਰਪੋਰਟ ਤੋਂ ਦਿਖਾਉਣ ਵਾਲਾ ਮੁੱਦਾ ਵੀ ਚੁੱਕਣਾ ਚਾਹੀਦਾ ਹੈ।

ਮੈਂ ਖੁਦ ਭੁੱਲਰ ਨੂੰ ਦੇਰ ਤੋਂ ਜਾਣਦਾ ਹਾਂ। ਮੈਂ ਉਸ ਦੇ ਬਹੁਤ ਸਾਰੇ ਵਿਚਾਰਾਂ ਨਾਲ ਸਹਿਮਤ ਨਹੀਂ। ਇੱਥੋਂ ਤੱਕ ਕਿ ਉਸ ਦੇ ਪਰਿਵਾਰ ਦੇ ਕਈ ਮੈਂਬਰ ਵੀ ਉਸ ਦੇ ਕਈ ਵਿਚਾਰਾਂ ਨਾਲ ਸਹਿਮਤ ਨਹੀਂ। ਜੇਕਰ ਭੁੱਲਰ ਸੱਚਮੁੱਚ ਕਤਲਾਂ 'ਚ ਸ਼ਾਮਲ ਹੈ ਤਾਂ ਬਹੁਤ ਹੀ ਨਿੰਦਣਯੋਗ ਹੈ ਪਰ ਇਹ ਸਭ ਕੁਝ ਉਸ ਸਮੇਂ ਹੋਇਆ ਜਦੋਂ ਪੰਜਾਬ ਵਿਚ ਇਕ ਵਖਰੀ ਤਰ੍ਹਾਂ ਦੀ ਹਨੇਰੀ ਚਲੀ ਹੋਈ ਸੀ ਜਿਸ ਵਿਚ ਸਰਕਾਰੀ ਧਿਰ ਵੀ ਬਰਾਬਰ ਦੀ ਜ਼ਿੰਮੇਵਾਰ ਸੀ।

ਮੌਤ ਦੀ ਸਜ਼ਾ ਕਿਸੇ ਮਸਲੇ ਦਾ ਹੱਲ ਨਹੀਂ, ਕਿਉਂਕਿ ਦੁਨੀਆ ਭਰ 'ਚ ਬਹੁਤ ਸਾਰੇ ਬੇਦੋਸ਼ੇ, ਅਦਾਲਤੀ ਹੁਕਮਾਂ ਨਾਲ ਮਾਰ ਦਿੱਤੇ ਜਾਂਦੇ ਹਨ। ਅਜੇ ਪਿਛਲੇ ਹਫ਼ਤੇ ਹੀ ਅਮਰੀਕਾ ਦੇ ਟੈਕਸਸ ਸੂਬੇ 'ਚ ਇਕ ਬੰਦੇ ਨੂੰ ਡੀ.ਐਨ.ਏ. ਟੈਸਟ ਕਰਵਾ ਕੇ ਬਚਾਇਆ ਗਿਆ ਜਿਸ ਨੂੰ ਹੋਰ ਚਾਰ ਹਫ਼ਤਿਆਂ ਤੱਕ ਮਾਰਨ ਲਈ ਜ਼ਹਿਰ ਦਾ ਟੀਕਾ ਲਾਇਆ ਜਾਣਾ ਸੀ। ਅਦਾਲਤ ਨੇ ਜਦੋਂ ਉਸ ਨੂੰ ਸਜ਼ਾ ਸੁਣਾਈ ਸੀ ਤਾਂ ਉਸ ਦਾ ਡੀ.ਐਨ.ਏ. ਟੈਸਟ ਨਹੀਂ ਕਰਵਾਇਆ ਗਿਆ ਸੀ, ਪਰ ਇਹ ਟੈਸਟ ਕਰਵਾਉਣ ਉਪਰੰਤ ਉਹ ਨਿਰਦੋਸ਼ ਸਾਬਿਤ ਹੋਇਆ। ਸੋ, ਹੁਣ ਭਾਰਤ ਵਿਚ ਕੇਵਲ ਭੁੱਲਰ ਦੀ ਫਾਂਸੀ ਦੀ ਮੁਆਫ਼ੀ ਦੀ ਨਹੀਂ, ਸਗੋਂ ਮੌਤ ਦੀ ਸਜ਼ਾ ਬੰਦ ਕਰਵਾਉਣ ਲਈ ਜ਼ੋਰ ਦੇਣਾ ਚਾਹੀਦਾ ਹੈ। ਸਜ਼ਾ, ਅਪਰਾਧ ਨਹੀਂ ਘਟਾ ਸਕਦੀ ਕਿਉਂਕਿ ਅਪਰਾਧੀ ਬਣਨ ਪਿੱਛੇ ਬਹੁਤ ਸਾਰੇ ਮਾਨਸਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਕਾਰਨ ਹੁੰਦੇ ਹਨ।

ਮੈਂ ਤਾਂ ਇਹੋ ਕਹਾਂਗਾ ਕਿ ਭੁੱਲਰ ਦੇ ਕੇਸ ਨੂੰ ਭੁੱਲਰ ਦੇ ਨਾਂ 'ਤੇ ਦੁਕਾਨਾਂ ਕਰਨ ਵਾਲੇ ਅਖੌਤੀ ਖਾੜਕੂ ਨੇਤਾਵਾਂ ਤੋਂ ਬਚਾਉਣ ਦੀ ਲੋੜ ਹੈ। ਭੁੱਲਰ ਪਰਿਵਾਰ ਬਹੁਤ ਵਾਰ ਕਹਿ ਚੁੱਕਾ ਹੈ ਕਿ ਉਨ੍ਹਾਂ ਦੇ ਨਾਂ 'ਤੇ ਕਿਸੇ ਨੂੰ ਪੈਸਾ ਨਾ ਦਿਓ। ਇਸ ਦੇ ਬਾਵਜੂਦ ਕੈਨੇਫੋਰਨੀਆ ਦੇ ਇਕ ਗੁਰੂ ਘਰ 'ਚ ਭੁੱਲਰ ਦੀ ਚੜ੍ਹਦੀ ਕਲਾ ਲਈ ਅਖੰਡ ਪਾਠ ਕਰਵਾਇਆ ਗਿਆ। ਗੁਰੂ ਘਰ ਦੇ ਬਾਹਰ ਪੈਸੇ ਇਕੱਠੇ ਕਰਨ ਲਈ ਕਾਰਸੇਵਾ ਵਾਲੇ ਬਾਬਿਆਂ ਵਾਂਗ ਪੈਸਿਆਂ ਲਈ ਟੋਕਰਾ ਰੱਖਿਆ ਹੋਇਆ ਸੀ। ਉਹ ਪੈਸੇ ਕਿੱਥੇ ਗਏ, ਇਹ ਤਾਂ ਟੋਕਰਾ ਰੱਖਣ ਵਾਲੇ ਹੀ ਜਾਣਦੇ ਹੋਣਗੇ ਪਰ ਉਦੋਂ ਕਹਿੰਦੇ ਸਨ ਕਿ ਵਕੀਲ ਜੇਠਮਲਾਨੀ ਨੂੰ ਦੇਣੇ ਹਨ। ਪੈਸੇ ਜੇਠਮਲਾਨੀ ਕੋਲ ਗਏ ਜਾਂ ਨਹੀਂ, ਇਹ ਵੀ ਉਹੀ ਜਾਣਦਾ ਹੋਵੇਗਾ, ਪਰ ਇਹ ਸਭ ਨੂੰ ਪਤਾ ਹੈ ਕਿ ਜਨਾਬ ਜੇਠਮਲਾਨੀ ਅਜਿਹੇ ਵਿਵਾਦਗ੍ਰਸਤ ਉਚ-ਪੱਧਰੀ ਸਿਆਸੀ ਕੇਸਾਂ 'ਚ ਵਕਾਲਤ ਘੱਟ ਕਰਦੇ ਹਨ ਅਤੇ ਆਪਣੀ ਸਿਆਸਤ ਜ਼ਿਆਦਾ ਚਮਕਾਉਂਦੇ ਹਨ।

ਭੁੱਲਰ ਦੇ ਤਮਾਮ ਪੁਰਾਣੇ ਸੰਗੀ-ਸਾਥੀ ਅਤੇ ਸਕੇ ਸਬੰਧੀ ਇਹੋ ਕਹਿੰਦੇ ਹਨ ਕਿ ਜੇਕਰ ਭੁੱਲਰ ਨੇ ਕੁਝ ਗ਼ਲਤ ਕੀਤਾ ਹੈ ਤਾਂ ਸਜ਼ਾ ਦਾ ਹੱਕਦਾਰ ਹੈ ਪਰ ਉਸ 'ਤੇ ਅਦਾਲਤੀ ਕੇਸ ਉਸੇ ਤਰ੍ਹਾਂ ਚੱਲਣਾ ਚਾਹੀਦਾ ਜਿਸ ਦਾ ਭਾਰਤੀ ਸੰਵਿਧਾਨ ਅਨੁਸਾਰ ਹੱਕਦਾਰ ਹੈ। ਉਸ ਦਾ ਕੇਸ ਜਰਮਨ-ਭਾਰਤ ਮੁਜਰਮ ਤਬਾਦਲਾ ਸੰਧੀ ਤਹਿਤ ਚੱਲੇ, ਉਸ ਦੀ ਮਾਨਸਿਕ ਜਾਂਚ ਹੋਵੇ ਅਤੇ ਉਸ ਦੇ ਬਾਪ ਦੇ ਕਾਤਲਾਂ 'ਤੇ ਵੀ ਮੁਕੱਦਮਾ ਚੱਲੇ। ਜਿੰਨਾ ਗਲਤ ਗੈਰ-ਸਰਕਾਰੀ ਅਤਿਵਾਦ ਹੈ, ਉਸ ਤੋਂ ਜ਼ਿਆਦਾ ਗਲਤ ਅਤੇ ਖ਼ਤਰਨਾਕ ਸਰਕਾਰੀ ਅਤਿਵਾਦ ਹੈ। ਜਿਹੜੇ ਲੋਕ ਭੁੱਲਰ ਦੇ ਨਾਂ 'ਤੇ ਸਿਆਸੀ ਅਤੇ ਮੁਫ਼ਾਦੀ ਰੋਟੀਆਂ ਸੇਕਦੇ ਹਨ, ਉਹ ਵੀ ਬੰਦ ਹੋ ਜਾਣੀਆਂ ਚਾਹੀਦੀਆਂ ਹਨ। ਭੁੱਲਰ ਦੀ ਪਤਨੀ ਕੈਨੇਡੀਅਨ ਸ਼ਹਿਰੀ ਹੋਣ ਕਰਕੇ ਕੈਨੇਡਾ ਦੀ ਪਾਰਲੀਮੈਂਟ 'ਚ ਇੱਕ ਵਾਰ ਗੱਲ ਚੱਲੀ ਸੀ, ਪਰ ਉਹ ਵੀ ਲਗਦਾ ਹੈ, ਭਾਰਤੀ ਮੂਲ ਦੇ ਕੈਨੇਡੀਅਨ ਸਿਆਸਤਦਾਨਾਂ ਦੀ ਰਾਜਸੀ ਲੋੜ ਹੀ ਸੀ। ਹੁਣ ਸਭ ਚੁੱਪ ਹਨ।

*ਸ਼ੁਭਚਿੰਤਕ*
*-ਹਰਜੀਤ ਸਿੰਘ*

# ਕਮਿਊਨਿਜ਼ਮ ਦੇ ਆਰ ਪਾਰ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਪਿਛਲੀ ਸਦੀ ਦੇ 90ਵਿਆਂ ਵਿਚ ਸੋਵੀਅਤ ਸੰਘ ਅਤੇ ਹੋਰ ਪੂਰਬੀ ਯੂਰਪੀ ਦੇਸ਼ਾਂ ਵਿਚ ਪੌਣੀ ਸਦੀ ਕਾਇਮ ਰਹਿ ਚੁੱਕੇ ਕਮਿਊਨਿਸਟ ਪ੍ਰਬੰਧ ਦੇ ਢਹਿ-ਢੇਰੀ ਹੋ ਜਾਣ ਨਾਲ ਦੱਬੀ ਕੁਚਲੀ ਲੋਕਾਈ ਦਾ ਸੁਪਨਾ ਚਕਨਾਚੂਰ ਹੋ ਗਿਆ। ਕਈ ਦਾਨਸ਼ਵਰ ਕਮਿਊਨਿਸਟ ਵਿਚਾਰਧਾਰਾ ਦੇ ਅੰਤ ਦੀਆਂ ਗੱਲਾਂ ਕਰਨ ਲੱਗ ਪਏ। ਹੁਣੇ ਹੁਣੇ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ 34 ਸਾਲ ਸੱਤਾ ਭੋਗ ਕੇ ਬੁਰੀ ਤਰ੍ਹਾਂ ਹਾਰੇ ਖੱਬੇ ਮੋਰਚੇ ਨੇ ਰਹਿੰਦੀ-ਖੂੰਹਦੀ ਕਸਰ ਪੂਰੀ ਕਰ ਦਿੱਤੀ। ਬਹੁਤੇ ਚਿੰਤਕ ਤਾਂ ਪਹਿਲਾਂ ਹੀ ਸਾਮਵਾਦ ਨੂੰ ਇਕ ਯੂਟੋਪੀਆ ਆਖਦੇ ਸਨ। ਹੁਣ ਤਾਂ ਸਮਾਂ ਹੀ ਦੱਸ ਸਕਦਾ ਹੈ ਕਿ ਕਮਿਊਨਿਜ਼ਮ ਅੰਤਮ ਤੌਰ "ਤੇ ਹਾਰ ਗਿਆ ਹੈ ਜਾਂ ਹੰਭਲਾ ਮਾਰ ਕੇ ਫਿਰ ਚੜ੍ਹਤ ਵਿਚ ਆ ਜਾਵੇਗਾ। ਚਿੱਤ ਹੋ ਜਾਣ ਪਿਛੋਂ ਕਮਿਊਨਿਸਟ ਆਪਣੀ ਹਾਰ ਦਾ ਵਿਸ਼ਲੇਸ਼ਣ ਕਰਨ ਵਿਚ ਬੜੇ ਮਾਹਰ ਹੁੰਦੇ ਹਨ; ਅੱਜ ਆਪਾਂ ਇਸ ਬਹਾਨੇ ਕਮਿਊਨਿਜ਼ਮ ਸ਼ਬਦ ਦਾ ਹੀ ਵਿਸ਼ਲੇਸ਼ਣ ਕਰ ਲੈਂਦੇ ਹਾਂ।

ਇਕ ਨਿਆਂਪੂਰਨ ਸਮਾਜਕ ਜੀਵਨ ਸੰਗਠਨ ਵਜੋਂ ਕਮਿਊਨਿਜ਼ਮ ਇਕ ਬਹੁਤ ਪ੍ਰਾਚੀਨ ਧਾਰਨਾ ਹੈ। ਪਲੈਟੋ ਦੀ "ਰਿਪਬਲਿਕ" ਤੋਂ ਅਜਿਹੇ ਸ੍ਰੇਣੀ ਰਹਿਤ ਸਮਾਜ ਦੀ ਧਾਰਨਾ ਮਿਲ ਜਾਂਦੀ ਹੈ ਜਿਸ ਵਿਚ ਉਸ ਦੇ ਕਲਪਿਤ ਆਦਰਸ਼ਕ ਗਣਰਾਜ ਵਿਚ ਜਾਇਦਾਦ, ਪਤਨੀਆਂ ਤੇ ਬੱਚੇ ਸਭ ਦੇ ਸਾਂਝੇ ਹੋਣ ਦੀ ਗੱਲ ਕੀਤੀ ਗਈ ਹੈ। ਜਾਇਦਾਦ ਦੀ ਸਾਂਝੀ ਮਲਕੀਅਤ ਦੀ ਸੋਚ ਸਭਨਾਂ ਸਮਾਜਾਂ ਵਿਚ ਬਹੁਤ ਪ੍ਰਾਚੀਨ ਸਮੇਂ ਤੋਂ ਹੀ ਪ੍ਰਫੁਲਤ ਹੁੰਦੀ ਰਹੀ ਹੈ। ਅਸਲ ਵਿਚ ਕਾਰਲ ਮਾਰਕਸ ਨੇ ਤਾਂ ਖੇਟਕ-ਸੰਗ੍ਰਿਹਕ ਸਮਾਜ ਦੀ ਜੀਵਨ ਵਿਧੀ ਨੂੰ ਆਦਮ ਸਾਮਵਾਦ ਕਿਹਾ ਸੀ ਕਿਉਂਕਿ ਉਸ ਸਮੇਂ ਮਨੁੱਖ ਕੋਲ ਜ਼ਰੂਰਤ ਤੋਂ ਵਧ ਅਰਥਾਤ ਵਾਫਰ ਪੈਦਾਵਾਰ ਹੈ ਹੀ ਨਹੀਂ ਸੀ। ਇਤਿਹਾਸ ਵਿਚ ਕਈ ਸਮਾਜਕ ਤੇ ਧਾਰਮਿਕ ਲਹਿਰਾਂ ਚਲਦੀਆਂ ਰਹੀਆਂ ਜਿਨ੍ਹਾਂ ਵਿਚ ਸਮਾਜਕ ਬਰਾਬਰੀ ਤੇ ਸਾਂਝੀ ਜਾਇਦਾਦ 'ਤੇ ਆਧਾਰਤ ਸਮਾਜ ਉਸਾਰਨ ਦੀਆਂ ਗੱਲਾਂ ਹੁੰਦੀਆਂ ਰਹੀਆਂ। ਅਠਾਰਵੀਂ ਸਦੀ ਵਿਚ ਯੂਰਪ ਵਿਚ ਆਈ ਉਦਯੋਗਕ ਕ੍ਰਾਂਤੀ ਦੌਰਾਨ ਮਜ਼ਦੂਰ ਵਰਗ ਦੀ ਬੇਹੱਦ ਲੁੱਟ-ਖਸੁੱਟ ਹੋਣ ਲੱਗੀ ਤਾਂ ਤਰਕ ਅਧਾਰਤ ਕਮਿਊਨਿਸਟ ਪ੍ਰਣਾਲੀ ਉਸਾਰਨ ਦੇ ਵਿਚਾਰ ਪਲਰਨ ਲੱਗੇ।

ਫਰਾਂਸੀਸੀ ਇਨਕਲਾਬ ਪਿਛੋਂ ਤਾਂ ਇਹ ਵਿਚਾਰਧਾਰਾ ਇਕ ਰਾਜਸੀ ਸਿਧਾਂਤ ਵਜੋਂ ਸੰਸਾਰ ਭਰ ਵਿਚ ਉਭਰ ਕੇ ਆ ਗਈ। ਅੱਜ ਅਸੀਂ ਜਿਸ ਕਮਿਊਨਿਜ਼ਮ ਦੀ ਗੱਲ ਕਰਦੇ ਹਾਂ ਇਸ ਦੀ ਸਥਾਪਨਾ ਕਾਰਲ ਮਾਰਕਸ ਨੇ ਕੀਤੀ ਜਿਸ ਨੂੰ ਉਹ ਤੇ ਉਸ ਦੇ ਅਨੁਯਾਈ ਵਿਗਿਆਨਕ ਆਖਦੇ ਹਨ। ਕਾਰਲ ਮਾਰਕਸ ਨੇ ਪੂੰਜੀਵਾਦੀ ਪ੍ਰਬੰਧ ਦੀ ਕਾਰਜ ਪ੍ਰਣਾਲੀ ਦਾ ਡੂੰਘਾਈ ਨਾਲ ਅਧਿਐਨ ਕੀਤਾ ਅਤੇ ਇਸ ਸਿੱਟੇ ਤੇ ਪੁਜਿਆ ਕਿ ਇਹ ਪ੍ਰਬੰਧ ਵਾਫਰ ਉਪਜ ਪੈਦਾ ਕਰਦਾ ਹੈ ਜੋ ਮਜ਼ਦੂਰ ਦੀ ਲੁੱਟ ਤੇ ਅਧਾਰਤ ਹੋਣ ਕਾਰਨ ਸਰਮਾਏਦਾਰ ਦੇ ਅਸਾਧਾਰਣ ਮੁਨਾਫੇ ਦਾ ਕਾਰਨ ਬਣਦਾ ਹੈ। ਮਾਰਕਸ ਤੇ ਐਂਗਲਜ਼ ਵਲੋਂ ਵਿਕਸਿਤ ਕੀਤੇ ਪਦਾਰਥਵਾਦੀ ਤੇ ਇਤਿਹਾਸਿਕ ਦਵੰਦਵਾਦੀ ਦਰਸ਼ਨ ਅਨੁਸਾਰ ਇਹ ਸਿੱਟਾ ਕਢਿਆ ਗਿਆ ਕਿ ਪੂੰਜੀਵਾਦੀ ਪ੍ਰਬੰਧ ਦਾ ਢਹਿ-ਢੇਰੀ ਹੋਣਾ ਇਤਿਹਾਸਕ ਤੌਰ 'ਤੇ ਨਿਸਚਿਤ ਹੈ। ਵੀਹਵੀਂ ਸਦੀ ਵਿਚ ਰੂਸ, ਚੀਨ ਤੇ ਹੋਰ ਦੇਸ਼ਾਂ ਵਿਚ ਇਸ ਫਲਸਫੇ ਨਾਲ ਪ੍ਰਣਾਈਆਂ ਲਹਿਰਾਂ ਨੇ ਕਮਿਊਨਿਸਟ ਇਨਕਲਾਬ ਲਿਆਂਦੇ। ਪਰ ਇਕ ਜ਼ਬਰਦਸਤ ਉਲਟ-ਇਨਕਲਾਬ ਦੀ ਲਹਿਰ ਨੇ ਇਤਿਹਾਸ ਨੂੰ ਪੁਠਾ ਗੇੜਾ ਦੇ ਦਿੱਤਾ।

ਅੰਗਰੇਜ਼ੀ ਦੇ ਇਸ ਸ਼ਬਦ ਲਈ ਸਾਡੀਆਂ ਭਾਸ਼ਾਵਾਂ ਵਿਚ ਸਾਮਵਾਦ ਸ਼ਬਦ ਘੜਿਆ ਗਿਆ ਸੀ ਪਰ ਇਹ ਆਮ ਬੋਲਚਾਲ ਵਿਚ ਆਉਣ ਦੀ ਥਾਂ ਸਾਹਿਤਿਕ ਜਿਹਾ ਸ਼ਬਦ ਬਣ ਕੇ ਰਹਿ ਗਿਆ। ਨਿਸਚੇ ਹੀ ਕਮਿਊਨਿਜ਼ਮ ਦੀ ਚਰਚਾ ਕਰਨ ਲੱਗਿਆਂ ਢੇਰ ਸਾਰੇ ਅੰਗਰੇਜ਼ੀ ਸ਼ਬਦਾਂ ਦਾ ਜ਼ਿਕਰ ਹੋਵੇਗਾ ਪਰ ਉਨ੍ਹਾਂ ਵਿਚੋਂ ਬਹੁਤ ਸਾਰੇ ਪਾਠਕਾਂ ਦੇ ਜਾਣੇ ਪਛਾਣੇ ਹਨ। ਨਾ ਵੀ ਹੋਣ, ਨਵੇਂ ਸ਼ਬਦ ਜਾਨਣ ਵਿਚ ਹਰਜਾ ਕੀ ਹੈ।



ਜਾਣਕਾਰੀ ਅਨੁਸਾਰ ਅੰਗਰੇਜ਼ੀ ਦਾ ਕਮਿਊਨਿਜ਼ਮ (commuism) ਸ਼ਬਦ 1843 ਵਿਚ ਫਰਾਂਸੀਸੀ ਦੇ commuinisme ਦਾ ਰੂਪ ਬਦਲ ਕੇ ਆਇਆ। ਇਹ ਸ਼ਬਦ ਮਾਰਕਸ ਦੀ ਜਰਮਨ ਰਚਨਾ "ਕਮਿਊਨਿਸਟ ਮੈਨੀਫੈਸਟੋ" ਦੇ ਅਨੁਵਾਦ ਵਜੋਂ ਫਰਾਂਸੀਸੀ ਵਿਚ ਸਾਹਮਣੇ ਆਇਆ। ਜਰਮਨ ਵਿਚ ਇਸ ਸ਼ਬਦ ਦਾ ਰੂਪ ਸੀ Kommunismus. ਇਹ ਸ਼ਬਦ ਮੂਲ ਰੂਪ ਵਿਚ common ਸ਼ਬਦ ਤੋਂ ਬਣਿਆ ਹੈ ਜੋ ਪੁਰਾਣੀ ਫਰਾਂਸੀਸੀ ਰਾਹੀਂ ਲਾਤੀਨੀ communis ਤੋਂ ਵਿਉਤਪਤ ਹੋਇਆ। ਲਾਤੀਨੀ ਵਿਚ ਇਸ ਦਾ ਅਰਥ ਸੀ, "ਸਾਂਝਾ, ਸਰਵਜਨਿਕ, ਸਮੂਹਕ." ਇਹ ਲਾਤੀਨੀ ਸ਼ਬਦ ਭਾਰੋਪੀ ਮੂਲ ਕੋ-ਮੋਇਨ-ਈ (ko+moin-i) ਤੋਂ ਬਣਿਆ ਹੈ ਜਿਸ ਦਾ ਅਰਥ ਹੈ ਸਾਰਿਆਂ ਦਾ ਸਾਂਝਾ। ਇਸ ਵਿਸ਼ੇਸ਼ਣ ਵਿਚ co ਦਾ ਅਰਥ ਹੈ ਇਕੱਠੇ, ਸੰਗ ਆਦਿ ਅਤੇ moin ਦਾ ਅਰਥ ਹੈ ਵਟਾਂਦਰਾ ਕਰਨਾ, ਵਟਾਉਣਾ ਆਦਿ। ਸੋ ਸ਼ਬਦ ਦਾ ਸਮੁੱਚਾ ਅਰਥ ਬਣਿਆ "ਜਿਸ ਦਾ ਸਾਰੇ ਵਟਾਂਦਰਾ ਕਰਦੇ ਹਨ" ਅਰਥਾਤ ਸਾਂਝੇ ਤੌਰ ਤੇ ਵਰਤਦੇ ਹਨ। moin ਤੋਂ ਹੀ ਲਾਤੀਨੀ ਦਾ ਇਕ ਹੋਰ ਸ਼ਬਦ ਬਣਿਆ munia ਜਿਸ ਦਾ ਮਤਲਬ ਹੈ, ਸਰਵਜਨਿਕ ਕੰਮ, ਸਾਂਝੇ ਕੰਮ, ਕਰਤਵ। munia ਦਾ ਅਰਥ ਦਫਤਰ ਵੀ ਹੈ ਅਰਥਾਤ ਜਿਥੇ ਇਹ ਕੰਮ ਜਾਂ ਕਰਤਵ ਨਿਭਾਏ ਜਾਂਦੇ ਹਨ। ਲਾਤੀਨੀ ਰਾਹੀਂ ਅੰਗਰੇਜ਼ੀ ਸ਼ਬਦ ਮਿਊਂਸੀਪਲ ਵੀ ਇਸੇ ਤੋਂ ਵਿਕਸਿਤ ਹੋਇਆ। ਸਾਂਝੇ ਕੰਮ ਦੀ ਇਕਾਈ ਦੇ ਅਰਥਾਂ ਵਾਲਾ commune ਸ਼ਬਦ ਇਸੇ ਤੋਂ ਬਣਿਆ। ਫਰਾਂਸੀਸੀ ਇਨਕਲਾਬ ਤੋਂ ਬਾਅਦ ਫਰਾਂਸ ਦੀ ਇਕ ਪ੍ਰਸ਼ਾਸਨਿਕ ਇਕਾਈ ਨੂੰ ਵੀ ਕਮਿਊਨ ਕਿਹਾ ਜਾਣ ਲੱਗਾ। ਅੰਗਰੇਜ਼ੀ ਸ਼ਬਦ community ਵੀ ਲਾਤੀਨੀ ਰਾਹੀਂ ਇਸੇ ਮੂਲ ਤੋਂ ਅੰਗਰੇਜ਼ੀ ਵਿਚ ਪ੍ਰਗਟ ਹੋਇਆ। ਪਹਿਲਾਂ ਇਸ ਦਾ ਅਰਥ ਸਾਂਝ, ਭਰਾਤਰੀ ਭਾਵਨਾ, ਮਿਲਵਰਤਣ ਹੀ ਸੀ ਪਰ ਇਸਾਈ ਮਤ ਦੇ ਪ੍ਰਭਾਵ ਕਾਰਨ ਇਸ ਨੇ ਸਮੁਦਾਏ, ਸੰਪਰਦਾਇ ਦੇ ਅਰਥ ਗ੍ਰਹਿਣ ਕਰ ਲਏ। ਆਪਸੀ ਗੱਲਬਾਤ ਜਾਂ ਸੰਚਾਰ ਦੇ ਅਰਥਾਂ ਵਾਲਾ ਸ਼ਬਦ communication ਇਸੇ ਮੂਲ ਤੋਂ ਵਿਉਤਪਤ ਹੋਇਆ। ਇਸ ਮੂਲ ਦੇ ਬਦਲਣ ਵਾਲੇ ਅਰਥਾਂ ਕਾਰਨ ਸਭ ਤੋਂ ਦਿਲਚਸਪ ਸ਼ਬਦ ਸਾਹਮਣੇ ਆਉਂਦਾ ਹੈ ਅਮੀਬਾ amoeba. ਵਿਗਿਆਨੀਆਂ ਨੇ ਇਸ ਜੀਵ ਦਾ ਇਹ ਨਾਂ ਇਸ ਲਈ ਰੱਖਿਆ ਕਿਉਂਕਿ ਇਹ ਲਗਾਤਾਰ ਆਪਣਾ ਰੂਪ ਬਦਲਦਾ ਰਹਿੰਦਾ ਹੈ। ਪਰਿਵਰਤਨ ਦੇ ਅਰਥਾਂ ਵਾਲਾ mutate ਸ਼ਬਦ ਦਾ ਮੁਢ ਵੀ ਇਸੇ ਅਸਲੇ ਨਾਲ ਜਾ ਰਲਦਾ ਹੈ। "ਪਰਸਪਰ, ਦੁਵੱਲਾ, ਇਕ ਦੂਜੇ ਨਾਲ" ਦੇ ਅਰਥਾਂ ਵਾਲਾ ਅੰਗਰੇਜ਼ੀ ਸ਼ਬਦ mutual ਵੀ ਇਸੇ ਮੂਲ ਦੀ ਦੇਣ ਹੈ। immunity ਜਿਸ ਦਾ ਮੁਖ ਅਰਥ ਕਿਸੇ ਰੋਗ ਤੋਂ ਮੁਕਤੀ ਹੈ, ਵੀ ਏਥੋਂ ਹੀ ਬਣਿਆ। ਇਸ ਦੇ ਪਰਾਚੀਨ ਅਰਥ ਸਨ "ਜ਼ਿੰਮੇਵਾਰੀਆਂ ਤੋਂ ਛੋਟ।" ਸਲਾਵਿਕ ਵਿਚ ਜਾ ਕੇ ਇਸ ਮੂਲ ਤੋਂ ਰੂਸੀ ਸ਼ਬਦ ਬਣਿਆ "ਮੀਰ" ਜਿਸ ਦੇ ਮੁਖ ਅਰਥ "ਸ਼ਾਂਤੀ" ਤੋਂ ਬਿਨਾ "ਸੰਸਾਰ" ਅਤੇ "ਪਿੰਡ" ਵੀ ਹਨ। ਸਮੁਦਾਇ ਜਾਂ ਪਿੰਡ ਪ੍ਰਾਚੀਨ ਸਲਾਵਿਕ ਸਮਾਜ ਵਿਚ ਸ਼ਾਂਤੀ ਦੇ ਸਰੋਤ ਸਨ। ਕਮਿਊਨਿਸਟਾਂ ਦੇ ਦੌਰ ਵਿਚ ਸੋਵੀਅਤ ਰੂਸ ਤੇ ਭਾਰਤ ਦੇ ਗੂੜ੍ਹੇ ਸਬੰਧ ਸਨ। ਪ੍ਰੋ. ਮੋਹਨ ਸਿੰਘ ਨੇ ਸੰਸਾਰ ਸ਼ਾਂਤੀ ਅਤੇ ਨਿੱਜੀ ਇਨਾਮ ਦੀ ਕਾਮਨਾ ਕਰਦਿਆਂ ਕਾਵਿ ਪੁਸਤਕ "ਜੈ ਮੀਰ" ਰਚੀ ਤਾਂ ਸੋਵੀਅਤ ਰੂਸ ਵਲੋਂ ਇਸ ਨੂੰ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਨਾਲ ਨਿਵਾਜਿਆ ਗਿਆ। ਸੋਵੀਅਤ ਸਪੇਸ ਸਟੇਸ਼ਨ ਦਾ ਨਾਂ ਵੀ ਮੀਰ ਹੈ। ਜਿਵੇਂ ਸਾਡੇ ਕਈ ਔਰਤਾਂ ਦਾ ਨਾਂ ਸ਼ਾਂਤੀ ਹੁੰਦਾ ਹੈ, ਇਵੇਂ ਸਲਾਵਿਕ ਵਿਚ ਔਰਤਾਂ ਦਾ ਮੀਰੋ ਨਾਂ ਹੁੰਦਾ ਹੈ। ਰੂਸੀ ਨਾਂ ਵਲਾਦੀਮੀਰ ਦਾ ਮਤਲਬ ਜਗਤ ਸਵਾਮੀ ਹੁੰਦਾ ਹੈ।

ਉਪਰ ਵਰਣਿਤ ਭਾਰੋਪੀ ਮੂਲ moin-i ਦਾ ਆਧਾਰ ਹੈ mei ਜਿਸ ਦਾ ਅਰਥ ਵਟਾਂਦਰਾ ਕਰਨਾ, ਬਦਲਨਾ ਆਦਿ ਹੈ। ਇਸ ਮੂਲ ਦਾ ਜਰਮੈਨਿਕ ਰੂਪ ਅੰਗਰੇਜ਼ੀ ਵਿਚ ਗਿਆ ਤਾਂ common ਦੇ ਹੀ ਅਰਥਾਂ ਵਾਲਾ ਸ਼ਬਦ ਬਣਿਆ gamainiz ਜਿਸ ਤੋਂ ਇਕ ਹੋਰ ਸ਼ਬਦ ਹੋਂਦ ਵਿਚ ਆਇਆ mean ਜਿਸ ਦੇ ਪੁਰਾਣੇ ਅਰਥ ਸਾਂਝਾ, ਸਰਵਜਨਿਕ, ਆਮ ਸਨ। ਇਸ ਤਰ੍ਹਾਂ common ਅਤੇ mean ਦੇ ਅਰਥ ਕਈ ਪੱਖਾਂ ਤੋਂ ਇਕੋ ਜਿਹੇ ਹੀ ਸਨ ਪਰ ਹੁਣ ਵਖਰੇਵਾਂ ਆ ਗਿਆ ਹੈ। common ਸ਼ਬਦ ਸ਼ੁਰੂ ਤੋਂ ਹੀ ਔਰਤਾਂ ਅਤੇ ਮੁਜਰਿਮਾਂ ਲਈ ਸ਼ੁਭ ਸ਼ੂਭ ਨਹੀਂ ਸੀ। mean ਸ਼ਬਦ ਅਧੋਗਤੀ ਦੇ ਰਾਹ ਤੇ ਤੁਰਦਾ ਤੁਰਦਾ ਪਹਿਲਾਂ ਘਟੀਆ, ਕਮੀਨਾ ਦੇ ਅਰਥਾਂ ਦਾ ਧਾਰਨੀ ਬਣਿਆ ਪਰ ਸਤਾਰ੍ਹਵੀਂ ਸਦੀ ਦੇ ਅੱਧ ਤੋਂ ਏਨਾ ਨਿਘਰ ਗਿਆ ਕਿ ਇਹ ਕੰਜੂਸ, ਸੂਮ, ਲੀਚੜ, ਕੋਝਾ ਆਦਿ ਦਾ ਅਰਾਥਾਵਾਂ ਬਣ ਕੇ ਰਹਿ ਗਿਆ।

ਕਮਲਿਆਂ ਵਾਂਗ ਨਵੇਂ ਤੋਂ ਨਵਾਂ ਰੂਪ ਤੇ ਅਰਥ ਧਾਰਨ ਵਾਲੇ ਇਸ ਮੂਲ ਨੇ ਇਕ ਕਮਲ ਇਹ ਕੀਤਾ ਕਿ mad ਹੀ ਬਣ ਗਿਆ। ਦਿਲਚਸਪ ਗੱਲ ਹੈ ਕਿ ਇਸ ਮੂਲ ਤੋਂ ਨਕਾਰਾਤਮਕ ਅਰਥਾਂ ਵਾਲੇ ਢੇਰ ਸਾਰੇ ਸ਼ਬਦ ਬਣ ਗਏ। ਹੋਰ ਤਾਂ ਹੋਰ ਅੰਗਰੇਜ਼ੀ ਅਗੇਤਰ mis- ਅਤੇ ਪੂਰਾ ਸ਼ਬਦ miss (ਖੁੰਝਣਾ) ਬਣਾਉਣ ਤੋਂ ਵੀ ਨਾ ਖੁੰਝਿਆ। ਇਸ ਵਰਤਾਰੇ ਦੀ ਕੀ ਵਿਆਖਿਆ ਹੈ? ਅਸੀਂ ਦੇਖਿਆ ਹੈ ਕਿ ਇਸ ਪਿਛੇ ਕਾਰਜਸ਼ੀਲ ਮੂਲ ਦਾ ਭਾਵ ਵਟਾਉਣਾ, ਬਦਲਨਾ ਹੈ। ਇਹ ਬਦਲਾਵ ਚੰਗੇ ਪਾਸੇ ਵੱਲ ਵੀ ਹੋ ਸਕਦਾ ਹੈ ਤੇ ਮੰਦੇ ਪਾਸੇ ਵੱਲ ਵੀ। mad (ਪਾਗਲ) ਸ਼ਬਦ ਮੰਦੇ ਅਰਥਾਂ ਦੀ ਮਿਸਾਲ ਹੈ ਅਰਥਾਤ ਆਦਮੀ ਦਾ ਦਿਮਾਗ ਉਲਟਪੁਲਟ ਹੋ ਗਿਆ, ਗਲਤ ਪਾਸੇ ਬਦਲ ਗਿਆ। miss (ਖੁੰਝਣਾ) ਦੇ ਨਾਕਾਰਾਤਮਕ ਅਰਥਾਂ ਵਿਚ ਵੀ ਏਹੀ ਭਾਣਾ ਵਰਤਿਆ। miss ਦਾ ਅਰਥ ਕਿਸੇ ਚੀਜ਼ ਦਾ ਅਭਾਵ ਵੀ ਹੁੰਦਾ ਹੈ ਤੇ ਕਿਸੇ ਦੀ ਅਣਹੋਂਦ ਨੂੰ ਮਹਿਸੂਸ ਕਰਨਾ (ਚੇਤੇ ਕਰਨਾ) ਵੀ। ਇਹ ਅਰਥ ਵੀ ਕਿਸੇ ਚੀਜ਼ ਦਾ ਗਲਤ ਪਾਸੇ ਚਲੇ ਜਾਣ ਵੱਲ ਸੰਕੇਤ ਕਰਦਾ ਹੈ, ਨਿਸ਼ਾਨਾ ਮਿੱਸ ਕਰ ਗਿਆ ਮਤਲਬ ਨਿਸ਼ਾਨਾ ਹੋਰ ਪਾਸੇ ਬਦਲ ਗਿਆ।

ਇਹ ਚਰਚਾ ਅਧੂਰੀ ਰਹੇਗੀ ਜੇ ਇਸ ਸਿਲਸਿਲੇ ਵਿਚ ਇਸੇ ਮੂਲ ਤੋਂ ਬਣੇ ਰੋਮਨ ਦੇਵਤੇ ਮਿਥਰਸ (Mithras) ਦਾ ਜ਼ਿਕਰ ਨਾ ਕਰੀਏ। ਰੋਮਨ ਸਾਮਰਾਜ ਵਿਚ ਈਸਵੀ ਸੰਮਤ ਦੀਆਂ ਚੰਦ ਇਕ ਪਹਿਲੀਆਂ ਸਦੀਆਂ ਦੌਰਾਨ ਇਸ ਦੇਵਤੇ ਦੀ ਪੂਜਾ ਹੋਣ ਲੱਗ ਪਈ ਸੀ। ਇਸ ਨਵੇਂ ਧਰਮ ਨੂੰ ਮਿਥਰੂੰਵਾਦ ਜਾਂ ਮਿਥਰੂੰ ਦੇ ਰਹੱਸ ਕਿਹਾ ਜਾਣ ਲੱਗਾ। ਇਸ ਧਰਮ ਦੇ ਕਰਮ-ਕਾਂਡ ਬੜੇ ਗੁੰਝਲਦਾਰ ਸਨ। ਇਸ ਦੇ ਅਨੁਆਈ ਆਪਸ ਵਿਚ ਜ਼ਮੀਨਦੋਜ਼ ਮੰਦਰਾਂ ਵਿਚ ਸਮਾਗਮ ਕਰਦੇ ਸਨ। ਦਰਅਸਲ ਇਹ ਧਰਮ ਪਾਰਸੀ ਸਰੋਤਾਂ ਤੋਂ ਅਪਣਾਇਆ ਗਿਆ ਸੀ। ਮਿਥਰਸ ਦੇਵਤੇ ਦਾ ਨਾਂ ਵੀ ਫਾਰਸ ਦੇ ਦੇਵਤਾ "ਮਿਥਰੂੰ" ਤੋਂ ਹੀ ਚੁੱਕਿਆ ਗਿਆ ਸੀ। ਸ਼ੁਰੂ ਵਿਚ ਇਸ ਦਾ ਸਬੰਧ ਰੋਸ਼ਨੀ ਨਾਲ ਸੀ ਤੇ ਇਸ ਦਾ ਰੂਪ ਸੀ ਮਿਤਰਮ। ਪਾਰਸੀ "ਮਿਥਰੂੰ" ਨਿਆਂ, ਇਕਰਾਰ ਅਤੇ ਸਹੁੰਆਂ ਦਾ ਦੇਵਤਾ ਸੀ। ਉਹ ਪਸ਼ੂਆਂ, ਫਸਲਾਂ ਅਤੇ ਪਾਣੀਆਂ ਦਾ ਰਖਵਾਲਾ ਵੀ ਸੀ। ਅਵੇਸਤਾ ਯੁੱਗ ਦੇ ਇਸ ਦੇਵਤੇ ਮਿਥਰੂੰ ਦਾ ਨਾਂ ਮੋਇਨ ਮੂਲ ਤੋਂ ਹੀ ਉਪਜਿਆ ਹੈ। ਇਹ ਲਕਬ ਮਧਯੁਗੀ ਫਾਰਸੀ ਵਿਚ ਬਦਲਦਾ ਬਦਲਦਾ ਆਖਰ "ਮਿਹਰ" ਬਣ ਗਿਆ। ਕਿਰਪਾ ਦੇ ਅਰਥਾਂ ਵਾਲਾ ਪੰਜਾਬੀ ਮਿਹਰ ਏਹੀ ਹੈ। ਇਸ ਦੇਵਤੇ ਬਾਰੇ ਅਤੇ ਮੋਇਨ ਮੂਲ ਤੋਂ ਉਪਜੇ ਹੋਰ ਕਈ ਪੰਜਾਬੀ ਸ਼ਬਦਾਂ ਬਾਰੇ ਅਜੇ ਬਹੁਤ ਰੌਚਿਕ ਗੱਲਾਂ ਕਰਨੀਆਂ ਬਾਕੀ ਹਨ ਪਰ ਥਾਂ ਕਿਥੇ ਬਚੀ ਹੈ। ਹੋਰ ਚਰਚਾ ਅਗਲੀ ਕੜੀ ਲਈ ਛੱਡ ਦਿੰਦੇ ਹਾਂ।

# ਫੁੱਲਾਂ ਦੇ ਨਸੀਬ

ਨਿੰਮਾ ਡੱਲੇਵਾਲਾ

ਫੁੱਲ ਕਿੰਨੇ ਰੰਗਾਂ ਅਤੇ ਕਿੰਨੀਆਂ ਕਿਸਮਾਂ ਦੇ ਹੁੰਦੇ ਹਨ, ਅਸੀਂ ਗਿਣਤੀ ਵੀ ਨਹੀਂ ਕਰ ਸਕਦੇ। ਇਨਸਾਨ ਵਾਂਗ ਫੁੱਲਾਂ ਦੇ ਵੀ ਚੰਗੇ-ਮਾੜੇ ਨਸੀਬ ਹੁੰਦੇ ਹਨ। ਗੁਲਾਬ ਦੇ ਫੁੱਲ ਨੂੰ ਫੁੱਲਾਂ ਦਾ ਰਾਜਾ ਆਖਿਆ ਜਾਂਦਾ ਹੈ। ਫੁੱਲ ਤਾਂ ਉਸ ਤੋਂ ਸੋਹਣੇ ਅਤੇ ਪਿਆਰੇ ਕਈ ਹਨ; ਫਰਕ ਹੈ ਸਿਰਫ਼ ਖੁਸ਼ਬੋ ਦਾ, ਜਿਹੜੀ ਹੋਰ ਕਿਸੇ ਵੀ ਫੁੱਲ ਨੂੰ ਨਸੀਬ ਨਹੀਂ। ਇਹ ਵੀ ਗੁਲਾਬ ਦੇ ਚੰਗੇ ਨਸੀਬਾਂ ਦੀ ਗੱਲ ਹੈ। ਫੁੱਲ ਸਾਡੀ ਜ਼ਿੰਦਗੀ ਦਾ ਹਿੱਸਾ ਹਨ। ਜੇ ਕਿਸੇ ਨੇ ਕਿਸੇ ਨੂੰ ਕੋਈ ਦੁਆ ਦੇਣੀ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਤੇਰੀ ਜ਼ਿੰਦਗੀ ਵਿਚ ਖੁਸ਼ੀਆਂ ਦੇ ਫੁੱਲ ਖਿੜੇ ਰਹਿਣ। ਜੇ ਥਕਾਵਟ ਤੋਂ ਬਾਅਦ ਸਾਨੂੰ ਆਰਾਮ ਮਿਲਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਸਰੀਰ ਫੁੱਲ ਵਾਂਗੂੰ ਹੌਲਾ ਹੋ ਗਿਆ। ਜਦੋਂ ਮੈਂ ਅਮਰੀਕਾ ਆ ਕੇ ਉਦਾਸ ਹੋਇਆ ਤਾਂ ਫੁੱਲ ਦਾ ਨਾਂ ਹੀ ਮੇਰੀ ਮਾਂ ਨੇ ਵਰਤਿਆ ਕਿ ਪੁੱਤ ਦਿਲ ਨਾ ਛੱਡ, ਤੂੰ ਤਾਂ ਫੁੱਲ ਵਾਂਗੂੰ ਅਮਰੀਕਾ ਪਹੁੰਚ ਗਿਆ।



ਜਦੋਂ ਕਿਸੇ ਵੀ ਫੁੱਲ ਦਾ ਜਨਮ ਹੁੰਦਾ ਹੈ ਤਾਂ ਉਸ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਸ ਦੇ ਨਸੀਬ ਕੀ ਹਨ? ਉਸ ਦਾ ਭਵਿੱਖ ਕੀ ਹੈ? ਉਸ ਨੂੰ ਨਹੀਂ ਪਤਾ ਹੁੰਦਾ ਕਿ ਉਸ ਨੂੰ ਤੋੜ ਕੇ ਕਿਸੇ ਕਬਰ 'ਤੇ ਚੜ੍ਹਾਇਆ ਜਾਣਾ ਜਾਂ ਕਿਸੇ ਪਹਿਲੇ ਪਿਆਰ ਦਾ ਇਜ਼ਹਾਰ ਕਰਨ ਵਾਸਤੇ ਕਿਸੇ ਮਹਿਬੂਬ ਨੂੰ ਦਿੱਤਾ ਜਾਣਾ ਜਾਂ ਟਾਹਣੀ ਨਾਲ ਹੀ ਲੱਗੇ ਦੀ 'ਕੱਲੀ-'ਕੱਲੀ ਪੱਤੀ ਬਿਖ਼ਰ ਕੇ ਉਮਰ ਗੁਜ਼ਰ ਜਾਣੀ ਹੈ?

ਸਭ ਤੋਂ ਮਾੜੇ ਨਸੀਬ ਉਸ ਫੁੱਲ ਦੇ ਹੁੰਦੇ ਹਨ ਜੋ ਭਰੀ ਜਵਾਨੀ ਵਿਚ ਟਾਹਣੀਓਂ ਟੁੱਟ ਕੇ ਪੈਰਾਂ ਵਿਚ ਲਤਾੜੇ ਜਾਂਦੇ ਹਨ। ਸਭ ਤੋਂ ਚੰਗੇ ਨਸੀਬ ਮੈਂ ਉਸ ਫੁੱਲ ਦੇ ਸਮਝਦਾ ਹਾਂ, ਜਿਸ ਨੂੰ ਤੋੜ ਕੇ ਕਿਸੇ ਮੰਦਿਰ, ਮਸਜਿਦ ਜਾਂ ਗੁਰੂ ਘਰ ਵਿਚ ਭੇਟ ਕਰਕੇ ਮੱਥਾ ਟੇਕਿਆ ਜਾਂਦਾ ਹੈ। ਉਨ੍ਹਾਂ ਫੁੱਲਾਂ ਨੇ ਜ਼ਰੂਰ ਕੋਈ ਚੰਗੇ ਕਰਮ ਕੀਤੇ ਹੋਣਗੇ ਜਿਨ੍ਹਾਂ ਦੇ ਹਾਰ ਲੈ ਕੇ ਦੇਵੀ-ਦੇਵਤਿਆਂ ਅਤੇ ਗੁਰੂਆਂ ਦੀਆਂ ਤਸਵੀਰਾਂ 'ਤੇ ਪਾਏ ਜਾਂਦੇ ਹਨ।

ਇਨ੍ਹਾਂ ਹੀ ਫੁੱਲਾਂ ਦਾ ਹਾਰ ਜਦੋਂ ਕਿਸੇ ਆਮ ਇਨਸਾਨ ਦੀ ਤਸਵੀਰ 'ਤੇ ਪਾਇਆ ਜਾਂਦਾ ਹੈ ਤਾਂ ਬਿਨਾ ਪੁੱਛਿਆਂ, ਬਿਨਾ ਬੋਲਿਆਂ ਹੀ ਸਾਨੂੰ ਦੱਸ ਦਿੰਦੇ ਹਨ ਕਿ ਇਹ ਇਨਸਾਨ ਹੁਣ ਦੁਨੀਆਂ 'ਤੇ ਨਹੀਂ। ਜਦੋਂ ਕੋਈ ਗੁਲਾਬੀ ਪੱਗ 'ਤੇ ਸਿਹਰਾ ਬੰਨ੍ਹ ਕੇ ਘੋੜੀ ਚੜ੍ਹਦਾ ਹੈ ਤਾਂ ਇਨ੍ਹਾਂ ਫੁੱਲਾਂ ਦਾ ਪਰੋਅ ਕੇ ਬਣਾਇਆ ਹਾਰ ਗਲ ਵਿਚ ਪਾਏ ਨੋਟਾਂ ਦੇ ਹਾਰ ਨੂੰ ਵੀ ਫਿੱਕਾ ਕਰ ਦਿੰਦਾ ਹੈ। ਵਿਆਹ ਵੇਲੇ ਡੋਲੀ ਵਾਲੀ ਕਾਰ 'ਤੇ ਚਿਪਕੇ ਇਹ ਫੁੱਲ ਬਰਾਤੀ ਬਣ ਕੇ ਖੁਸ਼ੀਆਂ ਵਿਚ ਸ਼ਰੀਕ ਹੁੰਦੇ ਹਨ। ਇਨ੍ਹਾਂ ਫੁੱਲਾਂ ਦੀ ਵਰਮਾਲਾ ਦੋ ਜਿੰਦਾਂ ਨੂੰ ਇਕ ਕਰਨ ਵਿਚ ਸਹਾਈ ਹੁੰਦੀ ਹੈ।

ਅਫ਼ਸੋਸ ਕਿ ਇਨ੍ਹਾਂ ਫੁੱਲਾਂ ਦੇ ਹਾਰ ਵੀ ਰਾਜਨੀਤੀ ਦਾ ਸ਼ਿਕਾਰ ਹਨ ਜੋ ਕਿਸੇ ਨੇਤਾ ਦੇ ਗਲ ਵਿਚ ਸਤਿਕਾਰ ਨਾਲ ਪਾਏ ਤਾਂ ਜਾਂਦੇ ਹਨ ਪਰ ਉਹ ਨੇਤਾ ਕੁੱਝ ਪਲਾਂ ਦੀ ਖੇਡ ਸਮਝ ਕੇ ਲਾਹ ਸੁੱਟਦਾ ਹੈ। ਉਸ ਵੇਲੇ ਜੋ ਨਿਰਾਦਰੀ ਫੁੱਲ ਮਹਿਸੂਸ ਕਰਦੇ ਹਨ, ਉਹ ਸਿਰਫ਼ ਫੁੱਲ ਹੀ ਜਾਣਦੇ ਹਨ। ਜੇ ਫੁੱਲ ਬੋਲਦੇ ਹੁੰਦੇ ਤਾਂ ਇਹੀ ਕਹਿੰਦੇ ਕਿ ਇਸ ਨਾਲੋਂ ਤਾਂ ਚੰਗਾ ਸੀ ਕਿ ਟਾਹਣੀ ਨਾਲੋਂ ਟੁੱਟ ਕੇ ਕਿਸੇ ਨੇਕ ਇਨਸਾਨ ਦੇ ਪੈਰਾਂ ਵਿਚ ਰੁਲ ਜਾਂਦੇ। ਜੇ ਫੁੱਲ ਬੋਲਦੇ ਹੁੰਦੇ ਤਾਂ ਉਨ੍ਹਾਂ ਨੇ ਵੀ ਆਪਣੀ ਪਸੰਦ ਦੱਸਣੀ ਸੀ। ਉਨ੍ਹਾਂ ਵੀ ਆਪਣੇ ਹੱਕ ਲਈ ਲੜਨਾ ਸੀ। ਉਂਜ, ਲੜ ਵੀ ਲੈਂਦੇ ਤਾਂ ਕੀ ਹੋਣਾ ਸੀ? ਜਿਸ ਨਗਰੀ ਵਿਚ ਇਨਸਾਨਾਂ ਨੂੰ ਹੱਕ-ਇਨਸਾਫ਼ ਨਹੀਂ ਮਿਲਦਾ, ਉਥੇ ਫੁੱਲਾਂ ਵਿਚਾਰਿਆਂ ਦੀ ਕਿਸ ਨੇ ਸੁਣਨੀ ਸੀ?

ਫੁੱਲਾਂ ਦੀਆਂ ਆਂਦਰਾਂ ਦੇ ਆਰ-ਪਾਰ ਸੂਈ ਲੰਘਾ ਕੇ ਤਾਂ ਹਰ ਕੋਈ ਪ੍ਰੋਈ ਜਾਂਦਾ ਹੈ ਪਰ ਨਿੰਮਾ ਡੱਲੇ ਵਾਲਾ ਗੁਸਤਾਖ਼ੀ (ਕੋਸ਼ਿਸ਼) ਕਰ ਰਿਹਾ ਹੈ, ਉਨ੍ਹਾਂ ਫੁੱਲਾਂ ਨੂੰ ਅੱਖਰਾਂ ਵਿਚ ਪ੍ਰੋਣ ਦੀ,

ਸੋਹਣੇ-ਸੋਹਣੇ ਫੁੱਲ ਤਾਂ ਵਿਚਾਰੇ ਬਣ ਕੇ ਰਹਿ ਗਏ।
ਤੱਤੀਆਂ ਤੇ ਠੰਢੀਆਂ ਹਵਾਵਾਂ ਸਭ ਸਹਿ ਗਏ।
ਜੱਗ 'ਚ ਵਸੇਂਦੇ ਅਸੀਂ ਲੋਕਾਂ ਤੋਂ ਵੀ ਸੋਹਣੇ
ਬਿਨ ਬੋਲੇ ਕੌੜੇ ਤੋਂ ਵੀ ਕੌੜਾ ਸੱਚ ਕਹਿ ਗਏ।

## ਗੀਤ

ਕਦ ਮਿਲਾਂਗਾ ਜਾ ਕੇ ਮੈਂ ਬਚਪਨ ਦੇ ਹਾਣੀ ਨੂੰ।
ਤਰਸ ਗਿਆ ਦਿਲ ਯਾਰੋ ਵੇ ਨਲਕੇ ਦੇ ਪਾਣੀ ਨੂੰ।
ਚੱਬਣੀਆਂ ਛੱਲੀਆਂ, ਚੂਪਣੇ ਗੰਨੇ,
ਲੱਭਦੇ ਨਾ ਉਹ ਦੁੱਧ ਦੇ ਛੰਨੇ।
ਜ਼ਿੱਦ ਕਰ ਮਾਂ ਤੋਂ ਮਖਣੀ ਲੈਣੀ ਰੋਕ ਮਧਾਣੀ ਨੂੰ।
ਤਰਸ ਗਿਆ ਦਿਲ ਯਾਰੋ ਵੇ ਨਲਕੇ ਦੇ ਪਾਣੀ ਨੂੰ।

ਜਾਂਦੇ ਸੀ ਕਦੇ ਪੱਠੇ ਵੱਢਣ, ਕਦੇ ਕੁੱਪ 'ਚੋਂ ਤੂੜੀ ਕੱਢਣ।
ਗੋਰਾ ਨਾਰਾ ਬਲਦ ਜੋੜ ਹੱਥ ਫੜ ਪਰਾਣੀ ਨੂੰ।
ਤਰਸ ਗਿਆ ਦਿਲ ਯਾਰੋ ਵੇ ਨਲਕੇ ਦੇ ਪਾਣੀ ਨੂੰ।

ਭੁੱਲਦੀ ਨਾ ਇਕ ਉਹ ਮਰਜਾਣੀ,
ਵਿਛੜ ਗਈ ਜੋ ਦਿਲ ਦੀ ਰਾਣੀ।
ਸੀਨੇ ਦੇ ਨਾਲ ਲਾਵਾਂਗਾ ਕਦੋਂ ਉਸ ਨਿਮਾਣੀ ਨੂੰ।
ਤਰਸ ਗਿਆ ਦਿਲ ਯਾਰੋ ਵੇ ਨਲਕੇ ਦੇ ਪਾਣੀ ਨੂੰ।

ਡੱਲੇ ਪਿੰਡੋਂ ਪੈਰ ਕੀ ਪੁੱਟਿਆ,
ਨਿੰਮਾ ਸਭ ਦੇ ਨਾਲੋਂ ਟੁੱਟਿਆ।
ਵਿਚ ਪਰਦੇਸਾਂ ਕੌਣ ਸੁਣੇ ਉਹਦੀ ਦਰਦ ਕਹਾਣੀ ਨੂੰ।
ਤਰਸ ਗਿਆ ਦਿਲ ਯਾਰੋ ਵੇ ਨਲਕੇ ਦੇ ਪਾਣੀ ਨੂੰ।

-ਨਿੰਮਾ ਡੱਲੇਵਾਲਾ

# ਲਾਜਵਾਬ ਰਜਨੀਕਾਂਤ

ਸੁਪਰਸਟਾਰ ਰਜਨੀਕਾਂਤ ਨੇ ਆਪਣੇ ਜੀਵਨ 'ਚ ਗਰੀਬੀ ਤੋਂ ਬੁਲੰਦੀ ਦਾ ਸਫਰ ਤੈਅ ਕੀਤਾ ਹੈ। ਕਿਸੇ ਸਮੇਂ ਬੱਸਾਂ 'ਚ ਮੁਸਾਫਿਰਾਂ ਦੀ ਟਿਕਟ ਕੱਟਣ ਵਾਲੇ ਬੱਸ ਕੰਡਕਟਰ ਤੇ ਅੱਜ ਦੇ ਇਸ ਸਟਾਈਲਿਸ਼ ਅਦਾਕਾਰ ਨੂੰ ਦੱਖਣ ਭਾਰਤ 'ਚ ਭਗਵਾਨ ਦੇ ਬਰਾਬਰ ਦਰਜਾ ਹਾਸਲ ਹੈ। ਬੰਗਲੌਰ 'ਚ ਰਹਿਣ ਵਾਲੇ ਇਕ ਮਰਾਠੀ ਪਰਿਵਾਰ 'ਚ ਪੈਦਾ ਹੋਏ ਰਜਨੀਕਾਂਤ ਦਾ ਬਚਪਨ ਬੇਹੱਦ ਗਰੀਬੀ 'ਚ ਬੀਤਿਆ। ਪੰਜ ਸਾਲ ਦੀ ਉਮਰ 'ਚ ਉਨ੍ਹਾਂ ਦੀ ਮਾਂ ਦੀ ਮੌਤ ਹੋ ਗਈ। ਬਚਪਨ ਤੋਂ ਹੀ ਉਹ ਨਿੱਕੇ-ਮੋਟੇ ਕੰਮ ਕਰਨ ਲੱਗੇ ਜਿਸ 'ਚ ਕੁਲੀ ਦਾ ਕੰਮ ਵੀ ਸ਼ਾਮਲ ਰਿਹਾ। ਉਨ੍ਹਾਂ ਨੇ ਬੰਗਲੌਰ ਦੇ ਆਚਾਰੀਆ ਸਕੂਲ ਤੋਂ ਸਕੂਲੀ ਸਿੱਖਿਆ ਤੇ ਰਾਮਕ੍ਰਿਸ਼ਨ ਮਿਸ਼ਨ ਤੋਂ ਉੱਚ ਸਿੱਖਿਆ ਪ੍ਰਾਪਤ ਕੀਤੀ। 1966 ਤੋਂ 1973 ਵਿਚਾਲੇ ਚੇਨਈ ਤੇ ਬੰਗਲੌਰ 'ਚ ਹੋਰ ਸਥਾਨਾਂ 'ਤੇ ਕੰਮ ਕਰਨ ਪਿੱਛੋਂ ਉਹ ਬੰਗਲੌਰ ਟਰਾਂਸਪੋਰਟ ਸਰਵਿਸ 'ਚ ਬੱਸ ਕੰਡਕਟਰ ਬਣ ਗਏ। ਇਸੇ ਦੌਰਾਨ ਉਨ੍ਹਾਂ ਨੂੰ ਥਿਏਟਰ 'ਚ ਨਾਟਕ ਕਰਨ ਦਾ ਮੌਕਾ ਮਿਲਿਆ। ਫਿਰ ਆਪਣੇ ਇਕ ਦੋਸਤ ਦੀ ਸਲਾਹ 'ਤੇ ਉਨ੍ਹਾਂ ਨੇ ਮਦਰਾਸ ਫਿਲਮ ਇੰਸਟੀਚਿਊਟ 'ਚ ਦਾਖਲਾ ਲੈ ਲਿਆ ਤੇ ਤਾਮਿਲ ਭਾਸ਼ਾ ਵੀ ਸਿੱਖ ਲਈ। ਰਜਨੀਕਾਂਤ ਦੀ ਡੈਬਿਊ ਫਿਲਮ ਕਮਲ ਹਸਨ ਦੇ ਲੀਡ ਰੋਲ ਵਾਲੀ 'ਅਪੂਰਵ ਰਾਗੰਗਲ' (ਤਾਮਿਲ) ਸੀ। 1975 ਦੀ ਇਸ ਰਾਸ਼ਟਰੀ ਫਿਲਮ ਐਵਾਰਡ ਜੇਤੂ ਫਿਲਮ 'ਚ ਰਜਨੀਕਾਂਤ ਨੇ ਬੁਰੇ ਪਤੀ ਦੀ ਛੋਟੀ ਜਿਹੀ ਭੂਮਿਕਾ ਨਿਭਾਈ ਸੀ। ਆਪਣੀਆਂ ਸ਼ੁਰੂਆਤੀ ਫਿਲਮਾਂ 'ਚ ਉਨ੍ਹਾਂ ਨੂੰ ਛੋਟੇ-ਮੋਟੇ ਤੇ ਨੈਗੇਟਿਵ ਕਿਰਦਾਰ ਹੀ ਮਿਲੇ। 1977 'ਚ ਉਨ੍ਹਾਂ ਦੇ ਲੀਡ ਰੋਲ ਵਾਲੀ ਪਹਿਲੀ ਫਿਲਮ 'ਚਿਲਾਕੰਮਾ ਚੇਪਿੰਦੀ' (ਤੇਲਗੂ) ਸੀ ਪਰ ਲੀਡ ਹੀਰੋ ਦੇ ਰੂਪ 'ਚ ਉਨ੍ਹਾਂ ਦੀ ਪਹਿਲੀ ਫਿਲਮ 1978 'ਚ ਬਣੀ ਫਿਲਮ 'ਬੈਰਵੀ' (ਤਾਮਿਲ) ਸੀ। ਇਸ ਪਿੱਛੋਂ ਜਿਵੇਂ ਉਨ੍ਹਾਂ ਦੀ ਸਫਲਤਾ ਦਾ ਰਸਤਾ ਹਮੇਸ਼ਾ ਲਈ ਖੁੱਲ੍ਹ ਗਿਆ ਤੇ 1970 ਦੇ ਦਹਾਕੇ ਦੇ ਅੰਤ 'ਚ ਉਹ ਦੱਖਣੀ ਫਿਲਮ ਨਗਰੀ ਦੇ ਮਸ਼ਹੂਰ ਅਦਾਕਾਰ ਬਣ ਚੁੱਕੇ ਸਨ। ਰਜਨੀਕਾਂਤ ਦੀ ਪਹਿਲੀ ਬਾਲੀਵੁੱਡ ਫਿਲਮ 'ਅੰਧਾ ਕਾਨੂੰਨ' (1983) ਸੀ ਜਿਸ 'ਚ ਉਨ੍ਹਾਂ ਨੇ ਅਮਿਤਾਭ ਬੱਚਨ ਤੇ ਹੇਮਾ ਮਾਲਿਨੀ ਨਾਲ ਅਦਾਕਾਰੀ ਕੀਤੀ। ਇਹ ਉਸ ਦੌਰ ਦੀਆਂ ਸਭ ਤੋਂ ਸਫਲ ਫਿਲਮਾਂ 'ਚੋਂ ਇਕ ਸਿੱਧ ਹੋਈ। ਉਨ੍ਹਾਂ ਦੀਆਂ ਮੁੱਖ ਹਿੰਦੀ ਫਿਲਮਾਂ 'ਚ 'ਜੀਤ ਹਮਾਰੀ' (1983), 'ਮੇਰੀ ਅਦਾਲਤ', 'ਜਾਨ ਜਾਨੀ ਜਨਾਰਦਨ' (1984), 'ਗ੍ਰਿਫਤਾਰ' (1985) 'ਡਾਕੂ ਹਸੀਨਾ' (1987), 'ਚਾਲਬਾਜ਼' (1989), 'ਹਮ', 'ਫਰਿਸ਼ਤੇ', 'ਖ਼ੂਨ ਕਾ ਕਰਜ਼', 'ਫੂਲ ਬਨੇ ਅੰਗਾਰੇ' (1991), 'ਇਨਸਾਨੀਅਤ ਕਾ ਦੇਵਤਾ' (1993), 'ਆਤੰਕ ਹੀ ਆਤੰਕ' (1995), 'ਬੁਲੰਦੀ' (2000) ਸ਼ਾਮਲ ਹੈ।



ਪਿਛਲੇ ਸਾਲ ਐਸ਼ਵਰਿਆ ਰਾਏ ਬੱਚਨ ਨਾਲ ਉਨ੍ਹਾਂ ਦੀ ਫ਼ਿਲਮ 'ਰੋਬੋਟ' ਹੁਣ ਤਕ ਦੀ ਸਭ ਤੋਂ ਮਹਿੰਗੀ ਫ਼ਿਲਮ ਦੱਸੀ ਜਾ ਰਹੀ ਹੈ ਜਿਸ ਦੇ ਲਈ ਉਨ੍ਹਾਂ ਨੂੰ 45 ਕਰੋੜ ਰੁਪਏ ਦਾ ਮਿਹਨਤਾਨਾ ਮਿਲਿਆ। ਇਸ ਤੋਂ ਪਹਿਲਾਂ ਫ਼ਿਲਮ 'ਸ਼ਿਵਾਜੀ' (2007) ਲਈ 26 ਕਰੋੜ ਰੁਪਏ ਦੇ ਮਿਹਨਤਾਨੇ ਨਾਲ ਉਹ ਜੈਕੀ ਚੇਨ ਤੋਂ ਬਾਅਦ ਏਸ਼ੀਆ ਦੇ ਸਭ ਤੋਂ ਵੱਧ ਮਿਹਨਤਾਨਾ ਪ੍ਰਾਪਤ ਕਰਨ ਵਾਲੇ ਅਦਾਕਾਰ ਬਣ ਗਏ ਸਨ।

# ਵਿਦਿਆ ਬਾਲਨ

## ਅਦਾ ਅਤੇ ਅਦਾਕਾਰੀ



ਵਿਦਿਆ ਬਾਲਨ ਅਜਿਹੀ ਅਦਾਕਾਰਾ ਹੈ ਜਿਸ ਨੇ ਬਹੁਤ ਘੱਟ ਸਮੇਂ ਵਿਚ ਆਪਣਾ ਨਾਂ-ਥਾਂ ਬਣਾਇਆ ਹੈ। ਆਪਣੀ ਸਾਦਗੀ, ਸੁਹੱਪਣ, ਸੂਹਜ ਦੇ ਨਾਲ-ਨਾਲ ਉਹ 'ਪਰਨੀਤਾ' ਅਤੇ 'ਇਸ਼ਕੀਆ' ਵਰਗੀਆਂ ਫਿਲਮਾਂ ਵਿਚ ਆਪਣੀ ਅਦਾਕਾਰੀ ਦੀ ਧਾਂਕ ਜਮਾ ਚੁੱਕੀ ਹੈ। ਪਹਿਲੀ ਜਨਵਰੀ, 1978 ਨੂੰ ਕੇਰਲ ਦੇ ਪਿੰਡ ਓਟਾਪਲਮ ਵਿਚ ਜੰਮੀ ਵਿਦਿਆ ਬਾਲਨ ਦੀ ਸਭ ਤੋਂ ਪਹਿਲੀ ਫਿਲਮ 'ਭਾਲੋ ਤੇਕੋ' (2003, ਬੰਗਾਲੀ) ਸੀ। ਪਹਿਲੀ ਹਿੰਦੀ ਫਿਲਮ 'ਪਰਨੀਤਾ' ਨਾਲ ਉਹਨੇ ਫਿਲਮਫੇਅਰ ਪੁਰਸਕਾਰ ਜਿੱਤ ਲਿਆ। ਇਸ ਤੋਂ ਬਾਅਦ 'ਲਗੇ ਰਹੋ ਮੁੰਨਾ ਭਾਈ' (2006), 'ਗੁਰੂ' (2008), ਅਤੇ 'ਭੂਲ ਭੁਲੱਈਆ' ਨਾਲ ਫਿਲਮੀ ਪਰਦੇ 'ਤੇ ਧੁੰਮਾਂ ਪਾਈਆਂ। 2009 ਵਿਚ 'ਪਾ' ਨਾਲ ਉਹਨੇ ਇਕ ਵਾਰ ਫਿਰ ਜਾਨਦਾਰ ਅਦਾਕਾਰੀ ਦੇ ਝੰਡੇ ਗੱਡੇ। ਇਸ ਫਿਲਮ ਵਿਚ ਉਸ ਨੇ ਅਮਿਤਾਭ ਬੱਚਨ ਦੀ ਮਾਂ ਦਾ ਰੋਲ ਨਿਭਾਇਆ। ਇਹ ਫਿਲਮ ਦੇਖ ਕੇ ਸਭ ਨੇ ਉਂਗਲਾਂ ਦੰਦਾਂ ਹੇਠ ਦੇ ਲਈਆਂ। ਇਸ ਫਿਲਮ ਲਈ ਉਸ ਨੂੰ ਸਰਵੋਤਮ ਪੁਰਸਕਾਰ ਵੀ ਦਿੱਤਾ ਗਿਆ। ਫਿਰ 2010 ਵਿਚ ਨਸੀਰੂਦੀਨ ਸ਼ਾਹ ਨਾਲ ਆਈ ਫਿਲਮ 'ਇਸ਼ਕੀਆ' ਨਾਲ ਉਸ ਨੇ ਸਭ ਨੂੰ ਹੈਰਾਨ ਕੀਤਾ। 2011 ਵਿਚ 'ਨੋ ਵੰਨ ਕਿਲਡ ਜੈਸਿਕਾ' ਵਿਚ ਵਿਦਿਆ ਨੇ ਦਰਦ ਅਤੇ ਗੁੱਸੇ ਨੂੰ ਜਿਸ ਢੰਗ ਨਾਲ ਮੇਲਿਆ, ਉਸ ਦੀ ਰੱਜ ਕੇ ਪ੍ਰਸੰਸਾ ਹੋਈ।



ਸਿਲਕ ਸਮਿਤਾ

ਹੁਣ ਉਸ ਦੀਆਂ ਦੋ ਫਿਲਮਾਂ ਬਣ ਰਹੀਆਂ ਹਨ। ਪਹਿਲੀ 'ਚਨਾਬ ਗਾਂਧੀ' ਹੈ ਜਿਸ ਵਿਚ ਫਰੰਟੀਅਰ ਗਾਂਧੀ ਵਜੋਂ ਮਸ਼ਹੂਰ ਖਾਨ ਅਬਦੁੱਲ ਗੁਫ਼ਾਰ ਖਾਨ ਦੇ ਜੀਵਨ ਅਤੇ ਸਿਆਸਤ 'ਤੇ ਆਧਾਰਿਤ ਹੈ। ਦੂਜੀ ਫਿਲਮ ਹੈ 'ਦ ਡਰਟੀ ਪਿਕਚਰ' ਜਿਸ ਦੀ ਬਹੁਤ ਚਰਚਾ ਹੋ ਰਹੀ ਹੈ। ਇਹ ਫਿਲਮ ਦੱਖਣ ਦੀ ਚਰਚਿਤ ਅਦਾਕਾਰਾ ਸਿਲਕ ਸਮਿਤਾ ਦੇ ਜੀਵਨ 'ਤੇ ਆਧਾਰਿਤ ਹੈ। ਸਿਲਕ ਸਮਿਤਾ ਉਹ ਅਦਾਕਾਰਾ ਸੀ ਜਿਸ ਨੇ ਸਿਨੇ ਪ੍ਰੇਮੀਆਂ ਦੀ ਰਾਤਾਂ ਦੀ ਨੀਂਦ ਉੜਾ ਦਿੱਤੀ ਸੀ। ਸਿਲਕ ਸਮਿਤਾ (2 ਦਸੰਬਰ 1960-23 ਸਤੰਬਰ 1996) ਉਹਦਾ ਅਸਲੀ ਨਾਂ ਨਹੀਂ ਸੀ। ਉਸ ਦੇ ਮਾਪਿਆਂ ਨੇ ਤਾਂ ਉਸ ਦਾ ਨਾਂ ਵਿਜੈ ਲਕਸ਼ਮੀ ਰੱਖਿਆ ਸੀ ਪਰ ਫਿਲਮਸਾਜ਼ ਵੀਨੂ ਚੱਕਰਵਰਤੀ ਨੇ ਉਸ ਦਾ ਨਾਂ ਸਮਿਤਾ ਰੱਖ ਦਿੱਤਾ। 1979 ਵਿਚ ਤਮਿਲ ਫਿਲਮ 'ਵੰਦੀ ਚਕਰਾਮ' ਵਿਚ ਉਸ ਦਾ ਰੋਲ ਬੜਾ ਅਹਿਮ ਸੀ। ਉਹ ਹਿੱਟ ਹੋ ਗਈ ਅਤੇ ਨਾਲ ਹੀ ਉਸ ਦਾ ਨਾਂ ਸਿਲਕ ਪੈ ਗਿਆ। ਇਉਂ ਉਹ ਵਿਜੈਲਕਸ਼ਮੀ ਤੋਂ ਸਿਲਕ ਸਮਿਤਾ ਬਣ ਗਈ।

ਸਿਲਕ ਸਮਿਤਾ ਦਾ ਅੰਤ ਬੜਾ ਭਿਆਨਕ ਸੀ। ਪਿਆਰ ਦੀ ਠੋਕਰ ਨਾਲ ਉਹ ਬੁਰੀ ਤਰ੍ਹਾਂ ਟੁੱਟ ਗਈ। ਮੀਨਾ ਕੁਮਾਰੀ ਵਾਂਗ ਹੌਲੀ-ਹੌਲੀ ਸ਼ਰਾਬ ਵਿਚ ਡੁੱਬ ਗਈ। ਫਿਰ ਇਕ ਦਿਨ ਚੇਨਈ ਦੇ ਇਕ ਫਲੈਟ ਵਿਚ ਉਸ ਦੀ ਲਾਸ਼ ਹੀ ਮਿਲੀ। ਕਹਿੰਦੇ ਹਨ ਕਿ ਉਸ ਨੇ ਖੁਦਕੁਸ਼ੀ ਕੀਤੀ। ਆਂਧਰਾ ਪ੍ਰਦੇਸ਼ ਦੇ ਸਾਧਾਰਨ ਜਿਹੇ ਪਿੰਡ ਈਲੂਰੂ ਵਿਚ ਜੰਮੀ ਸਾਧਾਰਨ ਜਿਹੀ ਕੁੜੀ ਵਿਜੈ ਲਕਸ਼ਮੀ ਇਸ ਕਰੂਰ ਦੁਨੀਆਂ ਅੱਗੇ ਹਾਰ ਗਈ। ਹੁਣ ਉਸ ਦੇ ਅਰਧ-ਨਗਨ ਡਾਂਸ ਬਾਰੇ ਹੀ ਗੱਲ ਹੁੰਦੀ ਹੈ। ਕੁਝ ਫਿਲਮ ਆਲੋਚਕਾਂ ਨੇ ਉਸ ਦੇ ਕੰਮ ਨੂੰ 'ਸੌਫਟ ਪੋਰਨ' ਸ਼੍ਰੇਣੀ ਵਿਚ ਰੱਖਣਾ ਸ਼ੁਰੂ ਕਰ ਦਿੱਤਾ ਸੀ। ਸਿਲਕ ਸਮਿਤਾ ਦੀ ਜ਼ਿੰਦਗੀ 'ਤੇ ਬਣ ਰਹੀ ਫਿਲਮ 'ਦ ਡਰਟੀ ਪਾਰਟੀ' ਦੀ ਹੁਣ ਤੱਕ ਜਿੰਨੀ ਚਰਚਾ ਹੋਈ ਹੈ, ਉਹ ਇਸ ਇਕੋ ਨੁਕਤੇ 'ਤੇ ਕੇਂਦਰਤ ਰਹੀ ਹੈ। ਇਹ ਸਾਡੇ ਸਮਿਆਂ ਦਾ ਵੱਡਾ ਦੁਖਾਂਤ ਹੈ। ਸਿਲਕ ਸਮਿਤਾ ਘਰੋਂ ਬਾਹਰ ਨਿਕਲੀ ਉਹ ਕੁੜੀ ਸੀ ਜਿਹੜੀ ਆਪਣਾ ਰਾਹ ਚੁਣਨ ਵਿਚ ਖਤਾ ਖਾ ਗਈ ਅਤੇ ਬਘਿਆੜਾਂ ਦੇ ਵੱਸ ਪੈ ਗਈ। ਉਸ ਨੂੰ 'ਲਿਆਨਮ' ਵਰਗੀਆਂ ਫਿਲਮਾਂ ਮਿਲੀਆਂ ਇਸ ਫਿਲਮ ਨੂੰ ਆਧਾਰ ਬਣਾ ਕੇ ਹਿੰਦੀ ਫਿਲਮ 'ਰੇਸ਼ਮਾ ਕੀ ਜਵਾਨੀ' ਬਣਾਈ ਗਈ ਸੀ। ਉਸ ਦੀ ਸਭ ਤੋਂ ਮਾਰਮਿਕ ਫਿਲਮ 'ਮੂੰਦਰਮ ਪਿਰਾਈ' ਸੀ। ਬਾਅਦ ਵਿਚ ਇਸ ਫਿਲਮ 'ਤੇ ਆਧਰਿਤ ਹਿੰਦੀ ਫਿਲਮ 'ਸਦਮਾ' ਬਣੀ। ਇਹ ਫਿਲਮ ਉਸ ਸ਼ਖ਼ਸ ਦੀ ਕਹਾਣੀ ਹੈ ਜੋ ਇਕ ਬੀਮਾਰ ਕੁੜੀ ਨੂੰ ਸਾਂਭਦਾ ਹੈ ਪਰ ਉਹ ਕੁੜੀ ਜਦੋਂ ਠੀਕ ਹੋ ਜਾਂਦੀ ਹੈ ਤਾਂ ਉਸ ਨੂੰ ਪਛਾਣਦੀ ਨਹੀਂ। ਇਹ ਸਦਮਾ ਸਿਲਕ ਸਮਿਤਾ ਦੇ ਵੀ ਅੰਗ-ਸੰਗ ਰਿਹਾ।

# ਬੱਚਿਆਂ ਦੇ ਪਾਲਣ ਪੋਸ਼ਣ 'ਚ ਰੁੱਝੀ ਰਵੀਨਾ ਟੰਡਨ



ਫ਼ਿਲਮ 'ਪੱਥਰ ਕੇ ਫੂਲ' 1991 ਤੋਂ ਆਪਣਾ ਕੈਰੀਅਰ ਸ਼ੁਰੂ ਕਰਨ ਵਾਲੀ 37 ਸਾਲਾ ਰਵੀਨਾ ਟੰਡਨ ਅੱਜਕਲ੍ਹ ਆਪਣੇ ਵਿਤਰਕ ਪਤੀ ਅਨਿਲ ਥਡਾਨੀ ਨਾਲ ਬਿਜ਼ਨੈਸ ਸੰਭਾਲ ਰਹੀ ਹੈ। ਰਵੀਨਾ ਨੇ ਜਿੰਨੀਆਂ ਵੀ ਫ਼ਿਲਮਾਂ ਕੀਤੀਆਂ ਹਨ, ਉਸ ਦੇ ਕੰਮ ਦੀ ਤਾਰੀਫ਼ ਹੋਈ ਤੇ ਬਹੁਤ ਸਾਰੇ ਐਵਾਰਡ ਵੀ ਵਧੀਆ ਅਭਿਨੈ ਕਰਕੇ ਪ੍ਰਾਪਤ ਕੀਤੇ। ਨਿਰਮਾਤਾ-ਨਿਰਦੇਸ਼ਕ ਰਵੀ ਟੰਡਨ ਤੇ ਵੀਨਾ ਟੰਡਨ ਦੀ ਲਾਡਲੀ ਧੀ ਰਵੀਨਾ ਟੰਡਨ ਕਈ ਸਟੇਜ ਸ਼ੋਆਂ ਲਈ ਤਿਆਰੀ ਕਰ ਚੁੱਕੀ ਹੈ। ਕਈ ਸ਼ੋਅ ਆ ਚੁੱਕੇ ਹਨ ਤੇ ਕੁਝ ਕੁ ਦੀ ਤਿਆਰੀ ਹੋ ਰਹੀ ਹੈ। ਮੋਹਰਾ, ਦਿਲਵਾਲੇ, ਲਾਡਲਾ, ਜ਼ਮਾਨਾ ਦੀਵਨਾ, ਖਿਲਾੜੀਓਂ ਕੇ ਖਿਲਾੜੀ, ਦਮਨ, ਸੱਤਾ, ਦੋਬਾਰਾ ਆਦਿ ਚਰਚਿਤ ਫ਼ਿਲਮਾਂ ਹਨ। ਪਹਿਲੀ ਫ਼ਿਲਮ 'ਪੱਥਰ ਕੇ ਫੂਲ' ਨੂੰ ਕਈ ਐਵਾਰਡ ਮਿਲੇ। 2003-2004 'ਚ ਰਵੀਨਾ ਟੰਡਨ 'ਚਿਲਡਰਨਜ਼ ਫ਼ਿਲਮ ਸੁਸਾਇਟੀ ਆਫ਼ ਇੰਡੀਆ' ਦੀ ਪ੍ਰਧਾਨ ਬਣੀ ਪਰ ਬੱਚੇ ਛੋਟੇ ਹੋਣ ਕਰਕੇ ਉਸ ਨੇ ਅਸਤੀਫ਼ਾ ਦੇ ਦਿੱਤਾ।

ਬੇਟੀ ਰਾਸ਼ਾ ਤੇ ਬੇਟੇ ਰਣਬੀਰ ਦੀ ਮੰਮੀ ਰਵੀਨਾ ਟੰਡਨ ਨੇ ਦੋ ਲੜਕੀਆਂ ਗੋਦ ਵੀ ਲਈਆਂ ਹਨ ਜਿਨ੍ਹਾਂ ਦੀ ਪੜ੍ਹਾਈ ਦਾ ਖਰਚਾ ਰਵੀਨਾ ਹੀ ਕਰਦੀ ਹੈ। ਧਾਰਮਿਕ ਤੇ ਸਮਾਜਿਕ ਕੰਮਾਂ 'ਚ ਉਹ ਬਰਾਬਰ ਹਿੱਸਾ ਲੈਂਦੀ ਹੈ ਪਰ ਦਿਖਾਵਾ ਨਹੀਂ ਕਰਦੀ। ਗੋਦ ਲਈਆਂ ਬੇਟੀਆਂ ਛਾਇਆ ਤੇ ਪੂਜਾ ਲਈ ਖਾਸ ਸਮਾਂ ਕੱਢ ਕੇ ਉਨ੍ਹਾਂ ਨੂੰ ਮਿਲਦੀ ਹੈ। ਇਹ ਉਹ ਬੱਚੀਆਂ ਹਨ ਜਿਨ੍ਹਾਂ ਨੂੰ ਸਮਾਜ ਨੇ ਦੁਰਕਾਰ ਦਿੱਤਾ ਸੀ। ਪੰਜਾਬਣ ਰਵੀਨਾ ਦਾ ਕਹਿਣਾ ਹੈ ਕਿ ਅਸਲ 'ਚ ਖੁਸ਼ੀ ਤਾਂ ਲੋੜਵੰਦਾਂ ਦੀ ਸਹਾਇਤਾ ਕਰਕੇ ਮਿਲਦੀ ਹੈ। ਸਮਾਜਿਕ ਕੰਮਾਂ ਦੇ ਨਾਲ-ਨਾਲ ਰਵੀਨਾ ਅੱਜ ਫ਼ਿਲਮ ਨਿਰਮਾਣ ਵੱਲ ਵੀ ਆ ਰਹੀ ਹੈ।

# ਕੈਟਰੀਨਾ ਨੇ ਸਭ ਨੂੰ ਪਛਾੜਿਆ

ਇਸ 'ਚ ਕੋਈ ਸ਼ੱਕ ਨਹੀਂ ਕਿ ਕੈਟਰੀਨਾ ਕੈਫ ਸਫਲ ਹੋਣ ਦੇ ਨਾਲ-ਨਾਲ ਬਾਲੀਵੁੱਡ ਦੀਆਂ ਸਭ ਤੋਂ ਖ਼ੂਬਸੂਰਤ ਅਭਿਨੇਤਰੀਆਂ 'ਚੋਂ ਇਕ ਹੈ। ਅੱਜ ਕੈਟ ਦੇ ਪ੍ਰਸ਼ੰਸਕਾਂ ਦੀ ਗਿਣਤੀ ਸਭ ਤੋਂ ਵਧੇਰੇ ਹੈ। ਖਾਸ ਕਰ 'ਤੀਸਮਾਰ ਖਾਂ' 'ਚ 'ਸ਼ੀਲਾ ਕੀ ਜਵਾਨੀ' ਵਾਲੇ ਆਈਟਮ ਗੀਤ ਪਿੱਛੋਂ ਤਾਂ ਉਸ ਦੇ ਪ੍ਰਸ਼ੰਸਕਾਂ 'ਚ ਹੈਰਾਨੀਜਨਕ ਵਾਧਾ ਹੋਇਆ ਹੈ।

ਨਿਰਮਾਤਾ ਅੱਜ ਕੈਟ ਨੂੰ ਆਪਣੀ ਫ਼ਿਲਮ ਲਈ ਉਸ ਦੀ ਮਨਚਾਹੀ ਕੀਮਤ 'ਤੇ ਸਾਈਨ ਕਰਨ ਲਈ ਤਿਆਰ ਹਨ। ਸਫਲਤਾ ਤੇ ਕੰਮ ਹਾਸਲ ਕਰਨ ਦੇ ਮਾਮਲੇ 'ਚ ਕੈਟਰੀਨਾ ਨੇ ਆਪਣੀਆਂ ਮੁੱਖ ਮੁਕਾਬਲੇਬਾਜ਼ਾਂ ਪ੍ਰਿਯੰਕਾ ਚੋਪੜਾ ਤੇ ਕਰੀਨਾ ਨੂੰ ਕਾਫੀ ਪਛਾੜ ਦਿੱਤਾ ਹੈ। ਉਸ ਦੀਆਂ ਫ਼ਿਲਮਾਂ ਦੀ ਬਾਕਸ ਆਫਿਸ 'ਤੇ ਸਫਲਤਾ ਦਾ ਗ੍ਰਾਫ ਵੀ ਸਭ ਤੋਂ ਬੇਹਤਰੀਨ ਰਿਹਾ। ਇੱਕਾ-ਦੁੱਕਾ ਫ਼ਿਲਮਾਂ ਨੂੰ ਜੇਕਰ ਬਦਲ ਵਜੋਂ ਛੱਡ ਦਿੱਤਾ ਜਾਏ ਤਾਂ ਉਸ ਦੀਆਂ ਬਹੁਤੀਆਂ ਫ਼ਿਲਮਾਂ ਬਾਕਸ ਆਫਿਸ ਲਈ ਕਰਾਮਾਤੀ ਸਿੱਧ ਹੋਈਆਂ। ਸਲਮਾਨ ਜਦੋਂ ਕੈਟ ਦੀ ਸੰਗਤ 'ਚ ਆਇਆ ਤਾਂ ਲੱਗਦਾ ਸੀ ਕਿ ਸਲਮਾਨ ਕੈਟ ਨਾਲ ਵਿਆਹ ਕਰ ਲਏਗਾ ਪਰ ਸਲਮਾਨ ਤੇ ਕੈਟ ਵਿਚਾਲੇ ਖਿੱਚੋਤਾਣ ਦੀਆਂ ਖ਼ਬਰਾਂ ਆਉਣ ਲੱਗੀਆਂ ਤੇ ਉਨ੍ਹਾਂ ਵਿਚਲਾ ਰਿਸ਼ਤਾ ਖਤਮ ਹੋਣ ਦੀ ਖ਼ਬਰ ਵੀ ਆ ਗਈ। ਰਣਬੀਰ ਨਾਲ ਕੰਮ ਕਰਨ ਵੇਲੇ ਕੈਟ ਉਸ ਪ੍ਰਤੀ ਇਕ ਅਜੀਬ ਜਿਹਾ ਆਕਰਸ਼ਣ ਮਹਿਸੂਸ ਕਰਨ ਲੱਗੀ ਸੀ। 'ਅਜਬ ਪ੍ਰੇਮ ਕੀ ਗਜ਼ਬ ਕਹਾਨੀ' ਤੇ 'ਰਾਜਨੀਤੀ' ਵਰਗੀਆਂ ਫ਼ਿਲਮਾਂ ਦੌਰਾਨ ਦੋਹਾਂ ਵਿਚਾਲੇ ਪਿਆਰ ਪ੍ਰਵਾਨ ਚੜ੍ਹਿਆ ਤੇ ਦੋਹਾਂ ਨੇ ਇਕ-ਦੂਜੇ ਨਾਲ ਹੀ ਜਿਊਣ-ਮਰਨ ਦਾ ਫੈਸਲਾ ਕਰ ਲਿਆ। ਕੈਟ ਦੇ ਚੱਕਰ 'ਚ ਰਣਬੀਰ ਨੇ ਦੀਪਿਕਾ ਵਰਗੀ ਖ਼ੂਬਸੂਰਤ ਕੁੜੀ ਨਾਲ ਰਿਸ਼ਤਾ ਤੋੜ ਲਿਆ ਸੀ।




Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV on your iPhone!
3G Mobile Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ, ਸੈਕਰਾਮੈਂਟੋ

# ਗਦਰ ਮੈਮੋਰੀਅਲ ਕਾਨਫਰੰਸ ਅਤੇ ਸਭਿਆਚਾਰਕ ਮੇਲਾ

## 2 ਜੁਲਾਈ 2011, ਸਨਿਚਰਵਾਰ

*(ਸਵੇਰੇ 11 ਵਜੇ ਤੋਂ ਸ਼ਾਮ 7 ਵਜੇ ਤੱਕ)*

**ਸਥਾਨ: Performing Art Center, Sheldon High School**
8333 Kingsbridge Dr., Sacramento, CA 95829
Directions: From Hwy 99, exit (289) Calvin Rd., left at Kingsbridge Rd., Performing Art Center on your right.

## ਸਭਨਾਂ ਨੂੰ ਪਰਿਵਾਰ ਸਮੇਤ ਇਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਨਿੱਘਾ ਸੱਦਾ

ਸਵੇਰੇ 11 ਵਜੇ ਤੋਂ 12:30 ਵਜੇ ਤੱਕ- ਦੇਸ਼ ਭਗਤ ਵਿਰਾਸਤ ਦੀ ਪੇਸ਼ਕਾਰੀ, ਕਵਿਤਾ, ਸੂਫੀ ਕਲਾਮ, ਸ਼ਿਵ, ਸੰਤ ਰਾਮ ਉਦਾਸੀ ਅਤੇ ਪਾਸ਼ ਦੇ ਗੀਤ
**ਕਲਾਕਾਰ:** ਸੁਲਤਾਨ ਅਖਤਰ, ਪੰਮੀ ਮਾਨ, ਪ੍ਰਿੰ. ਹਰਜਿੰਦਰ ਸਿੰਘ ਮੱਟੂ, ਰਾਜ ਬਰਾੜ, ਪ੍ਰੋ. ਜਿਓਤੀ ਸਿੰਘ, ਹਰਜਿੰਦਰ ਸਿੰਘ ਕੰਗ, ਹਰਜਿੰਦਰ ਪੰਧੇਰ, ਨੀਲਮ ਸੈਣੀ, ਤਾਰਾ ਸਾਗਰ, ਤ੍ਰਿਪਤ ਸਿੰਘ ਭੱਟੀ ਅਤੇ ਕੁਲਦੀਪ ਸਿੰਘ ਢੀਂਡਸਾ

### ਉਦਘਾਟਨ ਕਾਨਫਰੰਸ
ਡਾ. ਗੁਰੂਮੇਲ ਸਿੰਘ ਸਿੱਧੂ
ਫਰਿਜ਼ਨੋ ਸਟੇਟ ਯੂਨੀਵਰਸਿਟੀ-ਨਾਮੀ ਸਾਹਿਤਕਾਰ ਅਤੇ ਆਲੋਚਕ।

### ਮੁੱਖ ਮਹਿਮਾਨ ਅਤੇ ਪ੍ਰਧਾਨਗੀ ਭਾਸ਼ਣ
ਡਾ. ਜਸਵਿੰਦਰ ਸਿੰਘ
ਮੁਖੀ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।

### ਪਰਚਾ ਪੇਸ਼ ਕਰਨਗੇ
ਡਾ. ਰਘਬੀਰ ਸਿੰਘ ਸਿਰਜਣਾ
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

### ਬਹਿਸ ਸ਼ੁਰੂ ਕਰਨਗੇ
> ਡਾ. ਧਨਵੰਤ ਕੌਰ
ਮੁਖੀ ਵਿਉਂਤ ਵਿਕਾਸ ਵਿਭਾਗ।
> ਦੀਪਕ ਮਨਮੋਹਨ ਸਿੰਘ
ਡਾਇਰੈਕਟਰ ਵਰਲਡ ਪੰਜਾਬੀ ਸੈਂਟਰ, ਪਟਿਆਲਾ।
> ਡਾ. ਸਾਧੂ ਸਿੰਘ
ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ।
> ਡਾ. ਤੇਜਵੰਤ ਸਿੰਘ ਗਿੱਲ
ਸਾਬਕਾ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।
> ਡਾ. ਗੁਰਦੇਵ ਸਿੰਘ ਖੁਸ਼
ਡੇਵਿਸ ਯੂਨੀਵਰਸਿਟੀ, ਕੈਲੀਫੋਰਨੀਆ।
> ਹਰਪਾਲ ਸਿੰਘ ਗਿੱਲ, ਟਰਿੱਪਲ ਐਮ ਏ
> ਉਜਾਗਰ ਸਿੰਘ, ਡੀ ਈ ਓ (ਸੇਵਾ ਮੁਕਤ)
> ਡਾ. ਗੁਰਮੁਖ ਸਿੰਘ ਗਿੱਲ, ਪੀਏਯੂ, ਲੁਧਿਆਣਾ
> ਪ੍ਰਿੰ. ਵੀਰ ਸਿੰਘ ਰੰਧਾਵਾ

## ਕਾਨਫਰੰਸ ਦਾ ਵਿਸ਼ਾ: ਗਦਰ ਲਹਿਰ ਦੀ ਸਮਕਾਲੀ ਸਮੇਂ ਵਿਚ ਪ੍ਰਸੰਗਿਕਤਾ

### ਸਭਿਆਚਾਰਕ ਮੇਲਾ
ਨਾਟਕ 'ਪੱਤਣਾਂ 'ਤੇ ਰੋਣ ਖੜ੍ਹੀਆਂ' ਦਾ ਮੰਚਨ
ਡਾਇਰੈਕਟਰ ਸੁਰਿੰਦਰ ਧਨੋਆ।

### ਭਾਰਤ ਦੀ ਆਜ਼ਾਦੀ ਸਬੰਧੀ ਪੁਸਤਕ ਦੇ ਸਪਾਂਸਰ
ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਮੁਲਖ ਰਾਜ ਸ਼ਰਮਾ, ਕੰਵਰ ਕਸ਼ਮੀਰ ਸਿੰਘ, ਦਰਸ਼ਨ ਸਿੰਘ ਢੋਟ, ਬਲਵਿੰਦਰ ਸਿੰਘ ਲੈਥਰੂਪ, ਮੁਖਤਿਆਰ ਸਿੰਘ ਖਿੰਡਾ।

ਚਾਹ-ਪਾਣੀ, ਖਾਣਾ ਅਤੇ ਪਾਰਕਿੰਗ ਮੁਫਤ

### ਮੁੱਖ ਸਪਾਂਸਰ
ਗੁਰਇਕਬਾਲ ਸਿੰਘ ਕੰਗ, ਬਲਕਾਰ ਸਿੰਘ ਕੰਬੋਜ, ਬੁਲੀਨਾ ਬ੍ਰਦਰਜ਼, ਡਾ. ਦਿਲਜੀਤ ਸਿੰਘ, ਸੁਖਵਿੰਦਰ ਕੰਬੋਜ, ਸਰਬਜੀਤ ਸਿੰਘ ਕੇ ਟੀ ਐਕਸ, ਸੁਖਦੇਵ ਸਿੰਘ ਗਿੱਲ, ਕੁਲਵਿੰਦਰ ਸਿੰਘ ਸੰਨੀ, ਅਮਰੀਕ ਸਿੰਘ ਲੋਡਾਈ, ਅਵਤਾਰ ਸਿੰਘ ਡੋਡ, ਹਰਜਿੰਦਰ ਸਿੰਘ ਮੱਟੂ, ਇੰਦਰਜੀਤ ਸਿੰਘ ਗਿੱਲ, ਕਰਨੈਲ ਸਿੰਘ ਟਰਲਕ, ਮੋਹਨ ਸਿੰਘ ਖਿੰਡਾ, ਸੰਤੋਖ ਸਿੰਘ ਜੱਜ, ਸੁਰਜੀਤ ਸਿੰਘ ਜੱਜ, ਹਰਜਿੰਦਰ ਸਿੰਘ ਜੱਜ, ਤਰਲੋਚਨ ਸਿੰਘ ਫਰਿਜ਼ਨੋ, ਸੁੱਚਾ ਸਿੰਘ ਵਾਇਸੇਲੀਆ, ਮੁਖਤਿਆਰ ਸਿੰਘ ਢੋਟ, ਗੁਰਚਰਨ ਸਿੰਘ ਮੁੱਤੀ, ਤਰਲੋਚਨ ਸਿੰਘ ਨਾਗਰਾ, ਮਾਸਟਰ ਮਹਿੰਦਰ ਸਿੰਘ, ਬਲਹਾਰ ਦੁਸਾਂਝ, ਪਰਮਜੀਤ ਭੁੱਟਾ, ਗੁਰਬਖਸ਼ੀਸ਼ ਗਰੇਵਾਲ, ਸਵਰਨ ਸਿੰਘ ਟਰੇਸੀ, ਬਲਵਿੰਦਰ ਸਿੰਘ ਸਟਾਕਟਨ, ਕੁਲਬੀਰ ਸਿੰਘ ਮਨਟੀਕਾ, ਜਰਨੈਲ ਸਿੰਘ ਮਨਟੀਕਾ, ਸਰਪੰਚ ਮਹਿੰਗਾ ਸਿੰਘ, ਅਵਤਾਰ ਸਿੰਘ।

### ਲੰਗਰ ਕਮੇਟੀ
ਜਥੇਦਾਰ ਬਲਬੀਰ ਸਿੰਘ ਫੋਨ:916-753-0665
ਸਤਬੀਰ ਸਿੰਘ ਫੋਨ:916-616-7200
ਹਰਪਾਲ ਮਾਨ, ਯਾਦਵਿੰਦਰ ਸਿੰਘ ਗਿੱਲ, ਸਤਿੰਦਰਪਾਲ ਸਿੰਘ ਸਰਹੱਦੀ, ਰਮਨਦੀਪ ਸਿੰਘ ਸੰਧੂ

### ਪ੍ਰਬੰਧਕ ਕਮੇਟੀ ਦੇ ਮੈਂਬਰ
ਮੁੱਖ ਸਲਾਹਕਾਰ-ਡਾ. ਗੁਰੂਮੇਲ ਸਿੰਘ ਸਿੱਧੂ
ਪ੍ਰਧਾਨ-ਚਰਨ ਸਿੰਘ ਜੱਜ
ਮੀਤ ਪ੍ਰਧਾਨ-ਸੁਰਜੀਤ ਸਿੰਘ ਅਟਵਾਲ
ਚੇਅਰਮੈਨ-ਜਰਨੈਲ ਸਿੰਘ ਮੰਡੇਰ,ਫੋਨ:916-968-4245
ਵਾਈਸ ਚੇਅਰਮੈਨ-ਕੁਲਦੀਪ ਸਿੰਘ ਅਟਵਾਲ,ਫੋਨ:209-769-4784
ਸਕੱਤਰ-ਜਗਜੀਤ ਸਿੰਘ ਕੰਦੋਲਾ,ਫੋਨ:916-968-0901
ਡਾਇਰੈਕਟਰ-ਜਨਕ ਰਾਜ ਸਿੰਧਰਾ,ਫੋਨ:916-607-9287
ਖਜ਼ਾਨਚੀ-ਕੰਵਰ ਕਸ਼ਮੀਰ ਸਿੰਘ,ਫੋਨ:925-435-7329
ਮੀਡੀਆ ਇੰਚਾਰਜ-ਸੁਖਵਿੰਦਰ ਕੰਬੋਜ
ਕਮੇਟੀ ਮੈਂਬਰ-ਬਲਕਾਰ ਸਿੰਘ